Golden State Realty
JASSI GILL
Broker/Owner

Listing and Selling Homes
From San Jose to Sacramento
Ph:510-304-9292
Refinance Now
@ZERO COST
Call Sukhi Gill:510-207-9067
CA DRE Lic.#01180969
CA DRE# 00966763

Law Office of M Vivek Malik

M Vivek Malik
Toll free no 866-424-4000
www.usa.immigrationlaw.com
ACCOMPLISHED
IMMIGRATION Attorneys
Help FAMILIES REUNITE in the US
Our Global & Nationwide Services in the field of U.S. Immigration & Nationality law
Business immigration & worksite compliance
Family & general immigration
Naturalization & citizenship
Removal defense & waivers
ਪੰਜਾਬੀ, ਹਿੰਦੀ ਅਤੇ ਉਰਦੂ ਵਿੱਚ ਗੱਲ ਕਰੋ

COVERED CALIFORNIA
Certified Insurance Agent
Global Green INSURANCE AGENCY

Gurdawar Singh Mann
ਹੈਲਥ ਇੰਸ਼ੋਰੈਂਸ ਕਰਵਾਉਣ ਲਈ ਸੰਪਰਕ ਕਰੋ
ਫੋਨ:510-487-1000
MANN@GGIABA.COM

Gurcharan Singh Mann
Mann Insurance Brokers Inc.
4123 Dyer St., #230, Union City, CA 94587



Twenty-Second Year of Publication
ਕੈਲੀਫੋਰਨੀਆ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 23, Issue 07, February 12, 2022
20451 N. Plum Grove Rd., Palatine, IL 60074
Ph:847-359-0746, Fax:847-705-9388


# ਡੇਰਾ ਮੁਖੀ ਦੀ ਫਰਲੋ ਨੇ ਸਿਆਸਤ ਭਖਾਈ

## ਭਾਜਪਾ ਦੀ ਡੇਰਾ ਮੁਖੀ ’ਤੇ ਮਿਹਰਬਾਨੀ ਬਾਰੇ ਵੀ ਉਠੇ ਸਵਾਲ

**ਚੰਡੀਗੜ੍ਹ:** ਪੰਜਾਬ ਅਤੇ ਉਤਰ ਪ੍ਰਦੇਸ਼ ਸਣੇ ਪੰਜ ਸੂਬਿਆਂ ਦੀਆਂ ਵਿਧਾਨ ਸਭਾ ਚੋਣਾਂ ਲਈ ਭਖੇ ਮਾਹੌਲ ਵਿਚਾਲੇ ਜਬਰ ਜਨਾਹ ਦੇ ਦੋਸ਼ਾਂ ਹੇਠ ਹਰਿਆਣਾ ਦੇ ਰੋਹਤਕ ਸਥਿਤ ਸੁਨਾਰੀਆ ਜੇਲ੍ਹ ਵਿਚ ਸਜ਼ਾ ਕੱਟ ਰਹੇ ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਨੂੰ 21 ਦਿਨਾਂ ਦੀ ਫਰਲੋ ‘ਤੇ ਛੱਡਣ ਪਿੱਛੋਂ ਸਿਆਸੀ ਪਾਰਾ ਚੜ੍ਹ ਗਿਆ ਹੈ।

ਹਰਿਆਣਾ ਵਿਚ ਭਾਜਪਾ ਦੀ ਸਰਕਾਰ ਹੈ ਅਤੇ ਚਰਚਾ ਹੈ ਕਿ ਭਗਵਾ ਧਿਰ ਨੇ ਵੋਟਾਂ ਵਿਚ ਸਿਆਸੀ ਲਾਹਾ ਲੈਣ ਲਈ ਹੀ ਡੇਰਾ ਮੁਖੀ ਨੂੰ ‘ਆਜ਼ਾਦ’ ਕੀਤਾ ਹੈ। ਡੇਰਾ ਮੁਖੀ ਵੱਲੋਂ 23 ਜਨਵਰੀ ਨੂੰ ਜੇਲ੍ਹ ਵਿਚੋਂ ਭੇਜੀ ਚਿੱਠੀ ਵੀ ਇਸ਼ਾਰਾ ਕਰਦੀ ਹੈ ਕਿ ਰਾਮ ਰਹੀਮ ਨੂੰ ਫਰਲੋ ਦੇਣ ਬਾਰੇ ਫੈਸਲਾ ਕਾਫੀ ਪਹਿਲਾਂ ਕਰ ਲਿਆ ਸੀ ਅਤੇ ਡੇਰੇ ਨੂੰ ਇਸ ਬਾਰੇ ਪਤਾ ਸੀ। ਚਿੱਠੀ ਵਿਚ ਡੇਰੇ ਮੁਖੀ ਨੇ ਸਾਫ ਆਖਿਆ ਹੈ ਕਿ ਉਹ ਛੇਤੀ ਹੀ ਬਾਹਰ ਆਉਣਗੇ। ਯਾਦ ਰਹੇ ਕਿ ਡੇਰਾ ਮੁਖੀ ਨੇ ਪਹਿਲਾਂ ਵੀ ਛੇ ਵਾਰ ਪੈਰੋਲ ਲਈ ਹਰਿਆਣਾ ਜੇਲ੍ਹ ਪ੍ਰਸ਼ਾਸਨ ਨੂੰ ਦਰਖਾਸਤ ਕੀਤੀ ਸੀ ਪਰ ਹਰ ਵਾਰ ਵਿਰੋਧ ਪਿੱਛੋਂ ਹਰਿਆਣਾ ਸਰਕਾਰ ਨੂੰ ਪਿੱਛੇ ਹਟਣਾ ਪਿਆ। ਹੁਣ ਚੋਣ ਮਾਹੌਲ ਵਿਚ ਡੇਰਾ ਮੁਖੀ ਨੂੰ ਪੈਰੋਲ ਉਤੇ ਛੱਡਣ ਪਿੱਛੋਂ ਵੱਡੇ ਸਵਾਲ ਉਠ ਰਹੇ ਹਨ। ਡੇਰੇ ਬਾਰੇ ਹੁਣ ਤੱਕ ਇਹੀ ਚਰਚਾ ਰਹੀ ਹੈ ਕਿ ਉਹ ਭਾਰਤੀ ਜਨਤਾ ਪਾਰਟੀ ਜਾਂ ਇਸ ਦੀਆਂ ਭਾਈਵਾਲਾਂ ਦੇ ਹੱਕ ਵਿਚ ਭੁਗਤਦਾ ਆਇਆ ਹੈ।

ਡੇਰਾ ਮੁਖੀ ਨੂੰ ਪੈਰੋਲ ਪਿੱਛੋਂ ਜਿਥੇ ਭਾਜਪਾ ਵਾਲੇ ਇਸ ਨੂੰ ਕਾਨੂੰਨ ਮੁਤਾਬਕ ਮਿਲੀ ਰਾਹਤ ਦੱਸ ਰਹੇ ਹਨ, ਉਤੇ ਦੂਜੀਆਂ ਧਿਰਾਂ ਇਸ ਬਾਰੇ

*(ਬਾਕੀ ਸਫਾ 6 ‘ਤੇ)*



### ਸਿੱਖ ਜਥੇਬੰਦੀਆਂ ਨੂੰ ਸਖਤ ਇਤਰਾਜ਼

**ਅੰਮ੍ਰਿਤਸਰ:** ਡੇਰਾ ਮੁਖੀ ਨੂੰ ਪੈਰੋਲ ਉਤੇ ਸਿੱਖ ਜਥੇਬੰਦੀਆਂ ਨੇ ਖਾਸਾ ਇਤਰਾਜ਼ ਜਤਾਇਆ ਹੈ। ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਅਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਉਸ ਦੀ ਰਿਹਾਈ ਰੱਦ ਕਰਨ ਦੀ ਮੰਗ ਕੀਤੀ ਹੈ। ਉਨ੍ਹਾਂ ਆਖਿਆ ਕਿ ਇਹ ਫੈਸਲਾ ਪੰਜਾਬ ਦੀ ਭਾਈਚਾਰਕ ਸਾਂਝ ਨੂੰ ਨੁਕਸਾਨ ਪਹੁੰਚਾਉਣ ਵਾਲਾ ਹੈ। ਚੋਣਾਂ ਮੌਕੇ ਭਾਜਪਾ ਰਾਜਸੀ ਲਾਹਾ ਲੈਣ ਦੇ ਮੰਤਵ ਨਾਲ ਪੰਜਾਬ ਦੇ ਮਾਹੌਲ ਨੂੰ ਖਰਾਬ ਕਰਨ ਤੋਂ ਵੀ ਗੁਰੇਜ਼ ਨਹੀਂ ਕਰ ਰਹੀ ਹੈ। ਉਨ੍ਹਾਂ ਸਵਾਲ ਕੀਤਾ ਹੈ ਕਿ ਸਜ਼ਾਵਾਂ ਦੀ ਮਿਆਦ ਖਤਮ ਹੋਣ ਦੇ ਬਾਵਜੂਦ ਸਿੱਖ ਬੰਦੀ ਜੇਲ੍ਹਾਂ ਵਿਚ ਬੰਦ ਹਨ ਪਰ ਡੇਰਾ ਮੁਖੀ ਨੂੰ ਬਿਨਾਂ ਲੋੜ ‘ਤੇ ਹੀ ਫਰਲੋ ਦਿੱਤੀ ਜਾ ਰਹੀ ਹੈ ਜੋ ਸਿੱਖ ਭਾਈਚਾਰੇ ਨਾਲ ਵਿਤਕਰੇ ਵਾਲੇ ਵਤੀਰੇ ਦਾ ਪ੍ਰਮਾਣ ਹੈ।

# ਯੂ.ਪੀ. ’ਚ ਭਾਜਪਾ ਖਿਲਾਫ ‘ਵੋਟ ਦੀ ਚੋਟ’ ਦਾ ਸੱਦਾ

**ਨਵੀਂ ਦਿੱਲੀ:** ਸੰਯੁਕਤ ਕਿਸਾਨ ਮੋਰਚੇ ਨੇ ਬਕਾਇਆ ਕਿਸਾਨ ਮੰਗਾਂ ਨਾ ਮੰਨੇ ਜਾਣ ਦੇ ਰੋਸ ਵਜੋਂ ਉੱਤਰ ਪ੍ਰਦੇਸ਼ ਸਣੇ ਹੋਰ ਰਾਜਾਂ ਦੇ ਕਿਸਾਨਾਂ ਨੂੰ ਅਗਾਮੀ ਚੋਣਾਂ ਵਿਚ ਭਾਜਪਾ ਨੂੰ ਸਜ਼ਾ ਦੇਣ ਦਾ ਹੋਕਾ ਦਿੱਤਾ ਹੈ। ਮੋਰਚੇ ਨੇ ਉੱਤਰ ਪ੍ਰਦੇਸ਼ ਤੇ ਉੱਤਰਾਖੰਡ ਦੇ ਕਿਸਾਨ ਵੋਟਰਾਂ ਦੇ ਨਾਂ ਬੇਨਤੀ ਪੱਤਰ ਵੀ ਜਾਰੀ ਕੀਤਾ। ਇਸ ਪੱਤਰ ਨੂੰ ਲੱਖਾਂ ਦੀ ਗਿਣਤੀ ਵਿਚ ਪਰਚਿਆਂ ਦੀ ਸ਼ਕਲ ‘ਚ ਯੂ.ਪੀ. ਦੇ ਲੋਕਾਂ ਤੱਕ ਪਹੁੰਚਾਇਆ ਜਾਵੇਗਾ।

ਮੋਰਚੇ ਵੱਲੋਂ ਆਉਂਦੇ ਦਿਨਾਂ ਵਿਚ ਯੂ.ਪੀ. ਦੇ ਮੇਰਠ, ਝਾਂਸੀ, ਗੋਰਖਪੁਰ, ਕਾਨਪੁਰ, ਸਿਧਾਰਥਨਗਰ, ਲਖਨਊ, ਬਨਾਰਸ, ਮੁਰਾਦਾਬਾਦ ਤੇ ਅਲਾਹਾਬਾਦ ਵਿਚ ਪ੍ਰੈੱਸ ਕਾਨਫਰੰਸਾਂ ਕਰ ਕੇ ਮੋਦੀ ਸਰਕਾਰ ਦੀ ਕਿਸਾਨਾਂ ਨਾਲ ਵਾਅਦਾਖਿਲਾਫੀ ਦਾ ਭਾਂਡਾ ਭੰਨਦੇ ਹੋਏ ਪਰਚੇ ਵੰਡੇ ਜਾਣਗੇ। ਉੱਤਰ ਪ੍ਰਦੇਸ਼ ਦੀਆਂ 57 ਕਿਸਾਨ ਯੂਨੀਅਨਾਂ ਨੇ ਭਾਜਪਾ ਨੂੰ ਸਜ਼ਾ ਦੇਣ ਦੇ ਫੈਸਲੇ ਨੂੰ ਸਹਿਮਤੀ ਦਿੱਤੀ ਹੈ। ਦੋਸ਼ ਹਨ ਕਿ ਇਤਿਹਾਸਕ ਕਿਸਾਨ ਅੰਦੋਲਨ ਨੂੰ ਮੁਅੱਤਲ ਕਰਨ ਵੇਲੇ ਕੇਂਦਰ ਸਰਕਾਰ ਨੇ ਜੋ ਵਾਅਦੇ ਕੀਤੇ ਸਨ, ਉਹ ਪੂਰੇ ਨਹੀਂ ਕੀਤੇ। ਹੁਣ ਕਿਸਾਨਾਂ ਦੀਆਂ ਛੋਟੀਆਂ-ਛੋਟੀਆਂ ਮੀਟਿੰਗਾਂ ਕੀਤੀਆਂ ਜਾਣਗੀਆਂ। ਕਿਸਾਨਾਂ ਦਾ ਕਹਿਣਾ ਹੈ ਕਿ ਬਜਟ ਤੋਂ ਉਮੀਦ ਸੀ, ਪਰ ਐਮ.ਐਸ.ਪੀ. ਉਪਰ ਜਿਣਸਾਂ ਨਹੀਂ ਵਿਕਦੀਆਂ। ਸਾਰਿਆਂ ਤੋਂ ਇਹੀ ਸਵਾਲ ਪੁੱਛਿਆ ਜਾਵੇਗਾ ਕਿ ਉਨ੍ਹਾਂ (ਸਰਕਾਰ) ਕਿਸਾਨਾਂ ਲਈ ਕੀ ਕੀਤਾ ਹੈ।

ਪਰਚੇ ਵਾਲੇ ਸਵਾਲ ਵੋਟ ਮੰਗਣ ਵਾਲਿਆਂ ਤੋਂ ਪੁੱਛੇ ਜਾਣਗੇ। ਜਵਾਬਾਂ ਦੇ ਆਧਾਰ ‘ਤੇ ਵੋਟਰ ਫੈਸਲਾ ਕਰਨਗੇ ਕਿ ਕਿਸ ਨੂੰ ਵੋਟ ਪਾਉਣੀ ਹੈ। ਆਗੂਆਂ ਦਾ ਕਹਿਣਾ ਹੈ ਕਿ ਭਾਜਪਾ ਸਰਕਾਰ ਸੱਚ ਤੇ ਝੂਠ ਦੀ ਭਾਸ਼ਾ ਨਹੀਂ ਸਮਝਦੀ, ਚੰਗੇ-



ਮਾੜੇ ਦਾ ਫਰਕ ਨਹੀਂ ਸਮਝਦੀ, ਸੰਵਿਧਾਨਕ ਤੇ ਗੈਰ-ਸੰਵਿਧਾਨਕ ਦਾ ਫਰਕ ਨਹੀਂ ਜਾਣਦੀ। ਇਹ ਪਾਰਟੀ ਸਿਰਫ ਇਕੋ ਭਾਸ਼ਾ ਸਮਝਦੀ ਹੈ- ਵੋਟ, ਸੀਟ, ਸੱਤਾ। ਉੱਤਰ ਪ੍ਰਦੇਸ ਤੇ ਉਤਰਾਖੰਡ ਵਿਚ ਵੋਟਰਾਂ ਨੂੰ ਸਰਕਾਰ ਨੂੰ ਸਵਾਲ ਕਰਨੇ ਚਾਹੀਦੇ ਹਨ। ਇਸ ਲਈ ਸੰਯੁਕਤ ਕਿਸਾਨ ਮੋਰਚਾ ਨੇ ਪੈਂਫਲੈੱਟ ਰਾਹੀਂ ਅਪੀਲ ਕੀਤੀ ਹੈ ਕਿ ਜਨਤਾ ਨੂੰ ਇਸ ਅਪੀਲ ਵਿਚ ਸ਼ਾਮਲ ਮੁੱਦਿਆਂ ‘ਤੇ ਨੇਤਾਵਾਂ ਨੂੰ ਸਵਾਲ ਕਰਨੇ ਚਾਹੀਦੇ ਹਨ।

ਪੱਛਮੀ ਬੰਗਾਲ ਅਤੇ ਹੋਰ ਸੂਬਿਆਂ ਵਿਚ ਹੋਈਆਂ ਵਿਧਾਨ ਸਭਾਵਾਂ ਦੀਆਂ ਚੋਣਾਂ ਦੌਰਾਨ ਸੰਯੁਕਤ ਕਿਸਾਨ ਮੋਰਚੇ ਦੇ ਆਗੂਆਂ ਨੇ ਭਾਜਪਾ ਨੂੰ ਹਰਾਉਣ ਦਾ ਸੱਦਾ ਦਿੱਤਾ ਸੀ। ਇਨ੍ਹਾਂ ਵਿਧਾਨ ਸਭਾਵਾਂ ਚੋਣਾਂ ਵਿਚ ਮੋਰਚੇ ਨੇ ਉੱਤਰ ਪ੍ਰਦੇਸ਼ ਅਤੇ ਉਤਰਾਖੰਡ ਦੇ ਸੰਦਰਭ ਵਿਚ ਇਹ ਸੱਦਾ ਫਿਰ ਦੁਹਰਾਇਆ ਹੈ। ਪੱਛਮੀ ਉੱਤਰ ਪ੍ਰਦੇਸ਼ ਦੇ ਕਿਸਾਨਾਂ ਵਿਚ ਰਾਕੇਸ਼ ਟਿਕੈਤ ਦਾ ਕਾਫੀ ਪ੍ਰਭਾਵ

*(ਬਾਕੀ ਸਫਾ 6 ‘ਤੇ)*


Harmit Toor
Your Realtor® For Life!

Broker Associate
BRE Lic.# 01462579
NMLS ID 358820
Help you Buy or Sell:
- Residential Property
- Commercial property
- Business Opportunity
Financing:
- Residential Loans
- Commercial Loans
- SBA Loans
Commercial Leasing
2015-19 Awarded Grand Master Achievement Club Certificate
BEB BAY EAST BROKERS
EQUAL HOUSING OPPORTUNITY
Ph: 925-202-7027
HDtoor@gmail.com
WWW.BayEastBrokers.Com


Raja SWEETS & CATERING
AUTHORIZED CATERER FOR MAJOR 5-STAR HOTELS
Follow us on:
Toll Free 1-866-FOR-RAJA
www.rajasweets.com
msbains@rajasweets.com
Fresh Sweets, Snacks & Food
Catering with Portable Tandoor
for up to 10000 guests
Lunch - Dinner - Take Out - Banquets
ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Items Serving:
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi
Catering Services:
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que
Additional Services:
- Warmers
- Chaffing Dishes
- China & Silverware
- Linen Rental
- Waiters & Bartenders
Raja Sweets & Indian Cuisine
Raja Indian Cuisine & Bar
Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com

Ad Space Available

ਹਰਿ ਸੋ ਹੀਰਾ ਛਾਡਿ ਕੈ ਕਰਹਿ ਆਨ ਕੀ ਆਸ॥
ਤੇ ਨਰ ਦੋਜਕ ਜਾਹਿਗੇ ਸਤਿ ਭਾਖੈ ਰਵਿਦਾਸ॥

ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ॥ ਕਨਕ ਕਟਿਕ ਜਲ ਤਰੰਗ ਜੈਸਾ॥1॥
ਜਉ ਪੈ ਹਮ ਨ ਪਾਪ ਕਰੰਤਾ ਅਹੇ ਅਨੰਤਾ॥ ਪਤਿਤ ਪਾਵਨ ਨਾਮੁ ਕੈਸੇ ਹੁੰਤਾ॥1॥ਰਹਾਉ॥

‘ਏਕ ਪਿਤਾ ਏਕਸ ਕੇ ਹਮ ਬਾਰਿਕ’ ਦਾ ਸੁਨੇਹਾ ਦੇਣ ਵਾਲੇ

# ਸ੍ਰੀ ਗੁਰੂ ਰਵਿਦਾਸ ਜੀ ਦੇ

ਪ੍ਰਕਾਸ਼ ਪੁਰਬ ਦੀ ਸੰਗਤਾਂ ਨੂੰ




## ਲੱਖ ਲੱਖ ਵਧਾਈ ਹੋਵੇ

Toora Management Inc (IN)
Phone: 317-702-0481

# ਸਰੀ ਵਿਚ ਡਾ. ਗੁਰਬਖ਼ਸ਼ ਸਿੰਘ ਭੰਡਾਲ ਨਾਲ ਸਾਹਿਤਕ ਮਿਲਣੀ

**ਸਰੀ:** ਗੁਲਾਟੀ ਪਬਲਿਸ਼ਰਜ਼ ਲਿਮਟਿਡ ਸਰੀ ਨੇ ਵੈਨਕੂਵਰ ਵਿਚਾਰ ਮੰਚ ਦੇ ਸਹਿਯੋਗ ਨਾਲ ਸਾਹਿਤਕਾਰ ਡਾ. ਗੁਰਬਖ਼ਸ਼ ਸਿੰਘ ਭੰਡਾਲ ਨਾਲ ਸਰੀ ਵਿਖੇ ਵਿਸ਼ੇਸ਼ ਸਾਹਿਤਕ ਮਿਲਣੀ ਕਰਾਈ ਅਤੇ ਇਸ ਮੌਕੇ ਉਨ੍ਹਾਂ ਦੀ ਪੁਸਤਕ "ਕਾਇਆ ਤੇ ਕੈਨਵਸ" ਰਿਲੀਜ਼ ਕੀਤੀ ਗਈ।

ਮੀਟਿੰਗ ਦਾ ਸੰਚਾਲਨ ਕਰਦਿਆਂ ਸ਼ਾਇਰ ਮੋਹਨ ਗਿੱਲ ਨੇ ਡਾ. ਗੁਰਬਖ਼ਸ਼ ਸਿੰਘ ਭੰਡਾਲ ਦੇ ਅਧਿਆਪਨ ਅਤੇ ਸਾਹਿਤਕ ਕਾਰਜ ਬਾਰੇ ਚਾਨਣਾ ਪਾਇਆ। ਉਨ੍ਹਾਂ ਦੱਸਿਆ ਕਿ ਡਾ. ਭੰਡਾਲ ਨੇ ਲਗਾਤਾਰ 30 ਸਾਲ ਪੰਜਾਬ ਦੇ ਕਾਲਜਾਂ ਵਿਚ ਵਿਦਿਆਰਥੀਆਂ ਨੂੰ ਗਿਆਨ ਦਾ ਚਾਨਣ ਵੰਡਿਆ ਤੇ ਉਸ ਤੋਂ ਬਾਅਦ ਕੈਨੇਡਾ ਆ ਕੇ ਪੰਜਾਬੀ ਪੱਤਰਕਾਰੀ ਲਈ ਵਿਸ਼ੇਸ਼ ਕਾਰਜ ਕੀਤਾ। ਲਗਾਤਾਰ ਛੇ ਸਾਲ ਪੱਤਰਕਾਰੀ ਕਰਨ ਉਪਰੰਤ ਉਹ ਅਮਰੀਕਾ ਚਲੇ ਗਏ ਅਤੇ ਪਿਛਲੇ 5 ਸਾਲਾਂ ਤੋਂ ਅਮਰੀਕਾ ਦੀ ਯੂਨੀਵਰਸਿਟੀ ਵਿਚ ਵਿਦਿਆਰਥੀਆਂ ਨੂੰ ਗਿਆਨ ਪ੍ਰਦਾਨ ਕਰ ਰਹੇ ਹਨ।

ਡਾ. ਭੰਡਾਲ ਨੇ ਆਪਣੇ ਸਾਹਿਤਕ ਕਾਰਜ ਬਾਰੇ ਗੱਲਬਾਤ ਕਰਦਿਆਂ ਦੱਸਿਆ ਕਿ ਕੋਈ ਵੀ ਰਚਨਾ ਦੀ ਸਿਰਜਣ ਪ੍ਰਕਿਰਿਆ ਸਮੇਂ ਉਨ੍ਹਾਂ ਦਾ ਵਿਸ਼ੇਸ਼ ਫੋਕਸ ਹੁੰਦਾ ਹੈ ਕਿ ਕੁਝ ਨਿਵੇਕਲਾ ਲਿਖਿਆ ਜਾਵੇ। ਉਨ੍ਹਾਂ ਇਸ ਸਬੰਧੀ ਆਪਣੀਆਂ ਕੁਝ ਰਚਨਾਵਾਂ ਦੀਆਂ ਉਦਾਹਰਨਾਂ ਵੀ ਦਿੱਤੀਆਂ। ਉਨ੍ਹਾਂ ਭਾਰਤ, ਕੈਨੇਡਾ ਅਤੇ ਅਮਰੀਕਾ ਵਿਚਲੇ ਵਿਦਿਅਕ ਖੇਤਰਾਂ ਬਾਰੇ ਆਪਣੇ ਅਨੁਭਵ ਸਾਂਝੇ ਕੀਤੇ। ਉਨ੍ਹਾਂ ਕਿਹਾ ਕਿ ਭਾਵੇਂ ਅਸੀਂ ਵਿਕਸਿਤ ਮੁਲਕਾਂ ਵਿਚ ਆ ਗਏ ਹਾਂ ਪਰ ਸਾਡੇ ਭਾਈਚਾਰੇ ਦੇ ਲੋਕਾਂ ਵਿਚ ਉੱਚ ਵਿਦਿਆ ਹਾਸਲ ਕਰਨ ਦੀ ਅਜੇ ਵੀ ਬਹੁਤੀ ਰੁਚੀ ਨਹੀਂ ਹੈ। ਅਸੀਂ ਕੈਨੇਡਾ, ਅਮਰੀਕਾ ਆ ਕੇ ਕਾਰੋਬਾਰ ਸਥਾਪਿਤ ਕਰ ਲਏ, ਮਹਿਲ-ਨੁਮਾ ਘਰ ਉਸਾਰ ਲਏ, ਰਾਜਨੀਤੀ ਵਿਚ ਵੱਡੇ ਪੱਧਰ 'ਤੇ ਸ਼ਮੂਲੀਅਤ ਕਰ ਲਈ ਪਰ ਦੁੱਖ ਦੀ ਗੱਲ ਹੈ ਕਿ ਅੱਜ ਵੀ ਮੈਡੀਕਲ ਖੇਤਰ ਵਿਚ ਸਾਡਾ ਯੋਗਦਾਨ ਨਾਂਹ ਦੇ ਬਰਾਬਰ ਹੈ। ਅਸੀਂ ਡੈਂਟਲ ਸਰਜਨ, ਅੱਖਾਂ ਦੇ ਮਾਹਿਰ ਅਤੇ ਹੋਰ ਵੱਡੇ ਡਾਕਟਰ ਆਪਣੀ ਕਮਿਊਨਿਟੀ ਵਿਚੋਂ ਪੈਦਾ ਨਹੀਂ ਕਰ ਸਕੇ ਅਤੇ ਨਾ ਹੀ ਸਰਕਾਰੀ ਖੇਤਰ ਦੀਆਂ ਨੌਕਰੀਆਂ ਵਿਚ ਸਾਡੀ ਕੋਈ ਖਾਸ ਪ੍ਰਾਪਤੀ ਹੈ। ਉਨ੍ਹਾਂ ਕਿਹਾ ਕਿ ਹੁਣ ਸਾਨੂੰ ਇਨ੍ਹਾਂ ਖੇਤਰਾਂ ਵਿਚ ਆਪਣੀ ਭਾਈਵਾਲੀ ਬਣਾਉਣ ਲਈ ਕਾਰਜਸ਼ੀਲ ਹੋਣਾ ਚਾਹੀਦਾ ਹੈ।




ਇਸ ਮਿਲਣੀ ਸਮੇਂ ਉੱਘੇ ਵਿਦਵਾਨ ਡਾ. ਸਾਧੂ ਸਿੰਘ, ਨਾਵਲਕਾਰ ਜਰਨੈਲ ਸਿੰਘ ਸੇਖਾ, ਨਾਮਵਰ ਗ਼ਜ਼ਲਗੋ ਜਸਵਿੰਦਰ, ਜਰਨਲਿਸਟ ਸੁਰਿੰਦਰ ਚਾਹਲ, ਹਰਦਮ ਸਿੰਘ ਮਾਨ, ਸਤੀਸ਼ ਗੁਲਾਟੀ, ਨਵਰੂਪ ਸਿੰਘ ਐਬਟਸਫੋਰਡ ਵੀ ਹਾਜ਼ਰ ਸਨ।

# ਦਿੱਲੀ 'ਚ ਸਿੱਖ ਲੜਕੀ ਨਾਲ ਦਰਿੰਦਗੀ ਦੀ ਤਰਕਸ਼ੀਲਾਂ ਵਲੋਂ ਨਿਖੇਧੀ


**ਸਰੀ:** ਤਰਕਸ਼ੀਲ (ਰੈਸ਼ਨਲਿਸਟ) ਸੁਸਾਇਟੀ ਕੈਨੇਡਾ ਦੇ ਵੈਨਕੂਵਰ ਯੂਨਿਟ ਦੀ ਹੰਗਾਮੀ ਮੀਟਿੰਗ ਬਾਈ ਅਵਤਾਰ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਦੀ ਕਾਰਵਾਈ ਪ੍ਰੈਸ ਨੂੰ ਜਾਰੀ ਕਰਦਿਆਂ ਸੁਸਾਇਟੀ ਦੀ ਸਕੱਤਰ ਪਰਮਿੰਦਰ ਸਵੈਚ ਨੇ ਦੱਸਿਆ ਕਿ ਮੀਟਿੰਗ ਦੇ ਪਹਿਲੇ ਮਤੇ ਰਾਹੀਂ ਸੁਸਾਇਟੀ ਮੈਂਬਰ ਸੁਖਜੀਤ ਗਰਚਾ ਦੇ ਘਰ 'ਤੇ ਚੱਲੀਆਂ ਗੋਲੀਆਂ 'ਤੇ ਸਖਤ ਚਿੰਤਾ ਜ਼ਾਹਰ ਕੀਤੀ ਗਈ। ਇਸ ਘਟਨਾ ਵਿਚ ਭਾਵੇਂ ਜਾਨੀ ਨੁਕਸਾਨ ਹੋਣ ਤੋਂ ਬਚਾਅ ਹੋ ਗਿਆ ਹੈ ਪਰ ਘਰ ਦੇ ਨੁਕਸਾਨ ਤੋਂ ਇਲਾਵਾ ਪਰਿਵਾਰ ਖਾਸ ਕਰਕੇ ਬੱਚਿਆਂ 'ਤੇ ਬਹੁਤ ਬੁਰਾ ਪ੍ਰਭਾਵ ਪਿਆ ਹੈ, ਪਰਿਵਾਰ ਸਦਮੇ ਵਿਚ ਹੈ। ਇਸ ਸਬੰਧੀ ਸਥਾਨਕ ਪੁਲੀਸ ਪ੍ਰਸ਼ਾਸਨ ਤੋਂ ਮੰਗ ਕੀਤੀ ਗਈ ਕਿ ਅਜਿਹੀ ਗੁੰਡਾਗਰਦੀ ਨੂੰ ਰੋਕਣ ਲਈ ਯੋਗ ਉਪਰਾਲੇ ਕੀਤੇ ਜਾਣ।


ਦੂਸਰੇ ਮਤੇ ਰਾਹੀਂ ਭਾਰਤ ਦੀ ਰਾਜਧਾਨੀ ਦਿੱਲੀ ਵਿਚ 20 ਸਾਲਾ ਵਿਆਹੁਤਾ ਸਿੱਖ ਔਰਤ ਨਾਲ ਹੋਈ ਬਦਸਲੂਕੀ, ਉਸ ਦੇ ਵਾਲ ਕੱਟੇ ਜਾਣ, ਉਸ ਦਾ ਮੂੰਹ ਕਾਲਾ ਕਰ ਕੇ ਗਲੀਆਂ ਵਿਚ ਜਲੂਸ ਕੱਢਣ ਤੇ ਜਬਰ-ਜਨਾਹ ਦੀ ਸਖਤ ਨਿੰਦਿਆ ਕੀਤੀ ਗਈ ਅਤੇ ਦੋਸ਼ੀਆਂ ਨੂੰ ਸਖਤ ਸਜ਼ਾਵਾਂ ਦੇਣ ਦੀ ਮੰਗ ਕੀਤੀ ਗਈ।

ਤੀਸਰੇ ਮਤੇ ਰਾਹੀਂ ਐਬਟਸਫੋਰਡ ਦੇ ਫਾਰਮ ਹਾਊਸਾਂ ਦੇ ਪਾਣੀ ਵਿਚ ਡੁੱਬ ਜਾਣ ਕਾਰਨ ਫਸਲਾਂ, ਘਰਾਂ ਅਤੇ ਪਸ਼ੂ ਧਨ ਦੀ ਹੋਈ ਤਬਾਹੀ 'ਤੇ ਚਿੰਤਾ ਅਤੇ ਪੀੜਤ ਪਰਿਵਾਰਾਂ ਨਾਲ ਹਮਦਰਦੀ ਜ਼ਾਹਰ ਕੀਤੀ ਗਈ। ਸਰਕਾਰ ਪਾਸੋਂ ਮੰਗ ਕੀਤੀ ਗਈ ਕਿ ਤੁਰੰਤ ਪੀੜਤ ਕਿਸਾਨਾਂ ਦੀ ਮਾਲੀ ਮਦਦ ਦਾ ਐਲਾਨ ਕੀਤਾ ਜਾਵੇ ਤੇ ਕਿਸਾਨੀ ਦੀ ਬਾਂਹ ਫੜੀ ਜਾਵੇ। ਅਗਲੇ ਮਤੇ ਰਾਹੀਂ ਮੌਂਟਰੀਅਲ (ਕਿਊਬਿਕ) ਦੇ ਤਿੰਨ ਕਾਲਜਾਂ ਵਲੋਂ ਕਾਲਜ ਬੰਦ ਕਰਕੇ ਦੀਵਾਲੀਆਪਨ ਦਾਖਲ ਕਰਵਾਉਣ ਅਤੇ ਤਕਰੀਬਨ 2,000 ਵਿਦਿਆਰਥੀਆਂ ਦਾ ਭਵਿੱਖ ਖਤਰੇ ਵਿਚ ਪਾ ਦੇਣ ਬਾਰੇ ਡੂੰਘੀ ਚਰਚਾ ਕੀਤੀ ਗਈ। ਸੁਸਾਇਟੀ ਦਾ ਕਹਿਣਾ ਹੈ ਕਿ ਫੈਡਰਲ ਸਰਕਾਰ ਅਤੇ ਸੂਬਾ ਸਰਕਾਰਾਂ ਆਪਣਾ ਪੱਲਾ ਝਾੜਦੀਆਂ ਨਜ਼ਰ ਆ ਰਹੀਆਂ ਹਨ। ਸੁਸਾਇਟੀ ਨੇ ਸਰਕਾਰਾਂ ਦੀ ਆਲੋਚਨਾ ਕਰਦਿਆਂ ਕਿਹਾ ਹੈ ਕਿ ਇਨ੍ਹਾਂ ਬੱਚਿਆਂ ਦਾ ਭਵਿੱਖ ਤਬਾਹ ਕਰਨ ਲਈ ਸੂਬਾ ਅਤੇ ਫੈਡਰਲ ਦੋਵੇਂ ਸਰਕਾਰਾਂ ਬਰਾਬਰ ਜ਼ਿੰਮੇਵਾਰ ਹਨ। ਇਸ ਸਬੰਧੀ ਸੁਸਾਇਟੀ ਵਲੋਂ 13 ਫਰਵਰੀ, ਦਿਨ ਐਤਵਾਰ ਨੂੰ 2 ਵਜੇ ਬੀਅਰ ਕਰੀਕ ਪਾਰਕ ਦੀ 88 ਐਵੀਨਿਊ ਅਤੇ ਕਿੰਗ ਜਾਰਜ ਬੁਲੇਵਾਰਡ ਵਾਲੇ ਪਾਸੇ ਨੁੱਕਰ 'ਤੇ ਭਰਾਤਰੀ ਜਥੇਬੰਦੀਆਂ ਦੇ ਸਹਿਯੋਗ ਨਾਲ ਰੋਸ ਦਿਖਾਵਾ ਕੀਤਾ ਜਾਵੇਗਾ। ਸੁਸਾਇਟੀ ਵਲੋਂ ਸਭ ਨੂੰ ਅਪੀਲ ਕੀਤੀ ਗਈ ਹੈ ਕਿ ਇਸ ਰੋਸ ਵਿਖਾਵੇ ਦਾ ਹਿੱਸਾ ਬਣ ਕੇ ਇਨਸਾਫ ਦੀ ਮੰਗ ਕੀਤੀ ਜਾਵੇ। ਪ੍ਰਦਰਸ਼ਨ ਵਿਚ ਸ਼ਮੂਲੀਅਤ ਬਾਰੇ ਵਧੇਰੇ ਜਾਣਕਾਰੀ ਹਾਸਲ ਕਰਨ ਲਈ 604 728 7011 (ਬਾਈ ਅਵਤਾਰ, ਪ੍ਰਧਾਨ), 604 760 4794 (ਪਰਮਿੰਦਰ ਸਵੈਚ, ਸਕੱਤਰ) ਨਾਲ ਸੰਪਰਕ ਕੀਤਾ ਜਾ ਸਕਦਾ ਹੈ।

# ਮੁੰਡੇ ਨਾਲ ਅਸ਼ਲੀਲ ਵਿਹਾਰ ਕਰਨ ਦੇ ਮਾਮਲੇ ਵਿਚ ਭਾਰਤੀ ਨੂੰ 15 ਮਹੀਨੇ ਦੀ ਕੈਦ

**ਸੈਕਰਾਮੈਂਟੋ:** ਮਿਨੀਪੋਲਿਸ ਵਿਚ ਇਕ ਸੰਘੀ ਅਦਾਲਤ ਨੇ ਭਾਰਤੀ ਮੂਲ ਦੇ ਇਕ ਅਮਰੀਕੀ ਨੂੰ 16 ਸਾਲਾਂ ਦੇ ਮੁੰਡੇ ਨਾਲ ਅਸ਼ਲੀਲ ਵਿਹਾਰ ਕਰਨ ਦੇ ਮਾਮਲੇ ਵਿਚ 15 ਮਹੀਨੇ ਦੀ ਸਜ਼ਾ ਸੁਣਾਈ ਹੈ। ਨਿਆਂ ਵਿਭਾਗ ਅਨੁਸਾਰ ਜੱਜ ਨੈਨਸੀ ਈ ਬਰਾਸੇਲ ਨੇ 41 ਸਾਲਾ ਭਾਰਤੀ ਨੂੰ ਦੋਸ਼ੀ ਕਰਾਰ ਦਿੰਦਿਆਂ ਸਜ਼ਾ ਦੇਣ ਦਾ ਐਲਾਨ ਕੀਤਾ। ਇਹ ਘਟਨਾ ਜੁਲਾਈ 2019 ਵਿਚ ਬੋਸਟਨ ਤੋਂ ਮਿਨੀਪੋਲਿਸ ਜਾ ਰਹੇ ਜਹਾਜ਼ ਵਿਚ ਵਾਪਰੀ ਸੀ।



# ਇੰਸਪੈਕਟਰ ਸ਼ਮਿੰਦਰ ਸਿੰਘ 'ਰਾਸ਼ਟਰਪਤੀ ਪੁਲਿਸ ਮੈਡਲ ਫਾਰ ਮੈਰੀਟੋਰੀਅਸ ਸਰਵਿਸ' ਨਾਲ ਸਨਮਾਨਤ

ਇੰਸਪੈਕਟਰ ਸ਼ਮਿੰਦਰ ਸਿੰਘ ਨੰਬਰ 146/ਪੀ.ਆਰ, ਜੋ ਮੌਜੂਦਾ ਸੀ.ਆਈ.ਏ ਸਟਾਫ ਪਟਿਆਲਾ ਦੇ ਮੁਖੀ ਵਜੋਂ ਤਾਇਨਾਤ ਹਨ, ਨੂੰ ਇਸ ਵਾਰ 26 ਜਨਵਰੀ, 2022 ਦੇ ਗਣਤੰਤਰ ਦਿਵਸ ਸਮਾਰੋਹ 'ਤੇ ਰਾਸ਼ਟਰਪਤੀ ਪੁਲਿਸ ਮੈਡਲ ਨਾਲ ਸਨਮਾਨਤ ਕੀਤਾ ਗਿਆ ਹੈ। ਇਹ ਸਨਮਾਨ ਸ਼ਮਿੰਦਰ ਸਿੰਘ ਨੂੰ ਉਸ ਵੱਲੋਂ ਆਪਣੇ ਸਾਫ ਸੁਥਰੇ ਅਤੇ ਚੰਗੇ ਸਰਵਿਸ ਰਿਕਾਰਡ ਕਾਰਨ ਮਿਲਿਆ ਹੈ।

ਇੰਸਪੈਕਟਰ ਸ਼ਮਿੰਦਰ ਸਿੰਘ ਨੇ ਆਪਣੇ ਪੁਲਿਸ ਕਰਮਚਾਰੀ ਵਾਲੇ ਫ਼ਰਜ਼ਾਂ ਨੂੰ ਬਾਖੂਬੀ ਨਿਭਾਉਂਦਿਆਂ ਵੱਖ ਵੱਖ ਲੁੱਟਾਂ-ਖੋਹਾਂ ਦੇ ਮਾਮਲਿਆਂ ਨੂੰ ਸੁਲਝਾਇਆ ਹੈ ਅਤੇ ਅੰਨ੍ਹੇ ਕਤਲਾਂ ਦੇ ਕੇਸਾਂ ਦਾ ਖੁਰਾ ਖੋਜ ਲੱਭਿਆ ਹੈ। ਇਸ ਦੇ ਨਾਲ ਹੀ ਅਤਿਵਾਦੀਆਂ ਨਾਲ ਸਬੰਧਤ ਕੇਸਾਂ ਨੂੰ ਸੁਲਝਾਇਆ ਹੈ। ਸੀ.ਆਈ.ਏ ਸਟਾਫ ਦਾ ਇੰਸਪੈਕਟਰ ਹੁੰਦਿਆਂ ਸ਼ਮਿੰਦਰ ਸਿੰਘ ਨੇ ਕਈ ਨਾਮੀ ਗੈਂਗਸਟਰਾਂ ਨਾਲ ਸਬੰਧਤ ਕੇਸਾਂ ਵਿਚ ਸਰਗਰਮੀ ਨਾਲ ਕਾਰਜ ਕਰਦਿਆਂ ਰਾਜੀਵ ਰਾਜਾ, ਗੁਰਪ੍ਰੀਤ ਸੇਖੋਂ, ਮਨਕੀਰਤ ਅਤੇ ਸੁਖਚੈਨ ਆਦਿ ਨੂੰ ਗ੍ਰਿਫਤਾਰ ਕੀਤਾ। ਸ਼ਮਿੰਦਰ ਸਿੰਘ ਜ਼ਿਲ੍ਹਾ ਸੰਗਰੂਰ, ਮੋਹਾਲੀ ਅਤੇ ਪਟਿਆਲਾ ਦੇ ਵੱਖ ਵੱਖ ਥਾਣਿਆਂ ਵਿਚ ਬਤੌਰ ਮੁੱਖ ਅਫ਼ਸਰ ਅਤੇ



ਸੀ.ਆਈ.ਏ ਦੇ ਇੰਸਪੈਕਟਰ ਰਹਿ ਚੁੱਕੇ ਹਨ। ਇਸ ਤੋਂ ਪਹਿਲਾਂ ਵੀ ਉਨ੍ਹਾਂ ਨੂੰ ਵਧੀਆ ਕਾਰਗੁਜ਼ਾਰੀ ਕਾਰਨ 2017 ਵਿਚ ਮੁੱਖ ਮੰਤਰੀ ਮੈਡਲ ਅਤੇ 06 ਡੀ.ਜੀ.ਪੀ ਕਮਾਂਡੇਸ਼ਨ ਡਿਸਕਾਂ ਨਾਲ ਸਨਮਾਨਤ ਕੀਤਾ ਜਾ ਚੁੱਕਾ ਹੈ। ਇੰਸਪੈਕਟਰ ਸ਼ਮਿੰਦਰ ਸਿੰਘ ਨੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਪੋਸਟ ਗਰੈਜੂਏਸ਼ਨ ਦੀ ਡਿਗਰੀ ਅਤੇ ਫੋਰੈਂਸਿਕ ਸਾਇੰਸ ਵਿਚ ਡਿਪਲੋਮਾ ਕੀਤਾ ਹੈ। ਸਾਲ 1999 ਵਿਚ ਉਹ ਪੰਜਾਬ ਪੁਲਿਸ ਵਿਚ ਭਰਤੀ ਹੋਏ ਅਤੇ ਪਹਿਲੀ ਨਿਯੁਕਤੀ ਸੰਗਰੂਰ ਵਿਚ ਹੋਈ। ਪੰਜਾਬੀ ਯੂਨੀਵਰਸਿਟੀ ਲਈ ਵੀ ਇਹ ਮਾਣ ਵਾਲੀ ਗੱਲ ਹੈ ਕਿ ਇਸ ਦੇ ਇਕ ਸਾਬਕਾ ਵਿਦਿਆਰਥੀ ਨੇ ਕੁਸ਼ਲ ਪੁਲਿਸ ਕਰਮਚਾਰੀ ਦੀਆਂ ਸੇਵਾਵਾਂ ਨਿਭਾਉਂਦਿਆਂ ਹੋਇਆਂ ਰਾਸ਼ਟਰਪਤੀ ਪੁਲਿਸ ਮੈਡਲ ਜਿਹਾ ਸਨਮਾਨ ਪ੍ਰਾਪਤ ਕੀਤਾ ਹੈ।

## ਯੂਕਰੇਨ ਸਰਹੱਦ 'ਤੇ ਤਣਾਅ ਵਧਿਆ, ਅਮਰੀਕਾ ਨੇ ਸੈਨਿਕ ਪੋਲੈਂਡ ਭੇਜੇ

**ਪੋਲੈਂਡ:** ਯੂਕਰੇਨ ਦੇ ਨਾਲ ਲੱਗਦੀ ਸਰਹੱਦ ਨੇੜੇ ਦੱਖਣੀ-ਪੂਰਬੀ ਪੋਲੈਂਡ ਵਿਚ ਸੈਂਕੜੇ ਅਮਰੀਕੀ ਸੈਨਿਕ ਪਹੁੰਚੇ। ਰਾਸ਼ਟਰਪਤੀ ਜੋਅ ਬਾਇਡਨ ਨੇ ਯੂਕਰੇਨ 'ਤੇ ਰੂਸ ਦੇ ਹਮਲੇ ਦੀ ਸੰਭਾਵਨਾ ਵਿਚਾਲੇ ਉੱਥੇ 1700 ਸੈਨਿਕਾਂ ਨੂੰ ਤਾਇਨਾਤ ਕਰਨ ਦੇ ਹੁਕਮ ਦਿੱਤੇ ਹਨ।

ਅਮਰੀਕੀ ਸੈਨਾ ਦੇ ਜਹਾਜ਼ ਵਿਚ ਸੈਨਿਕ ਜੈਸਵੋ-ਜੈਸਿਓਂਕਾ ਹਵਾਈ ਅੱਡੇ 'ਤੇ ਪਹੁੰਚੇ। ਉਨ੍ਹਾਂ ਦਾ ਕਮਾਂਡਰ ਮੇਜਰ ਜਨਰਲ ਕ੍ਰਿਸਟੋਫਰ ਡੋਨਾਹੂ ਹੈ ਜੋ 30 ਅਗਸਤ ਨੂੰ ਅਫ਼ਗਾਨਿਸਤਾਨ ਛੱਡਣ ਵਾਲਾ ਆਖਰੀ ਅਮਰੀਕੀ ਸੈਨਿਕ ਸੀ। ਬਾਇਡਨ ਨੇ ਪੋਲੈਂਡ, ਰੋਮਾਨੀਆ ਅਤੇ ਜਰਮਨੀ ਵਿਚ ਵਾਧੂ ਅਮਰੀਕੀ ਸੈਨਿਕ ਤਾਇਨਾਤ ਕਰਨ ਦਾ ਹੁਕਮ ਦਿੱਤਾ ਹੈ ਤਾਂ ਜੋ ਸਹਿਯੋਗੀਆਂ ਅਤੇ ਦੁਸ਼ਮਣਾਂ ਦੋਹਾਂ ਨੂੰ ਰੂਸ ਤੇ ਯੂਕਰੇਨ ਵਿਚਾਲੇ ਵਧਦੇ ਤਣਾਅ ਦਰਮਿਆਨ ਨਾਟੋ ਦੇ ਪੂਰਬੀ ਹਿੱਸੇ ਸਬੰਧੀ ਅਮਰੀਕਾ ਦੀ ਵਚਨਬੱਧਤਾ ਦਿਖਾਈ ਜਾ ਸਕੇ। ਹਫਤਾ ਪਹਿਲਾਂ ਵੀ ਅਮਰੀਕਾ ਦੇ ਜਹਾਜ਼ ਪੋਲੈਂਡ ਦੀ ਯੂਕਰੇਨ ਨਾਲ ਲੱਗਦੀ ਸਰਹੱਦ ਤੋਂ ਕਰੀਬ 90 ਕਿਲੋਮੀਟਰ ਦੂਰ ਹਵਾਈ ਅੱਡੇ 'ਤੇ ਉਪਕਰਨ ਅਤੇ ਹੋਰ ਸਾਮਾਨ ਲੈ ਕੇ ਪਹੁੰਚੇ ਸਨ। ਇਸ ਤੋਂ ਪਹਿਲਾਂ ਵੀ ਪੋਲੈਂਡ ਦੇ ਸੈਨਿਕ ਇਰਾਕ ਅਤੇ ਅਫ਼ਗਾਨਿਸਤਾਨ ਵਿਚ ਮਿਸ਼ਨਾਂ ਦੌਰਾਨ ਅਮਰੀਕੀ ਸੈਨਿਕਾਂ ਨਾਲ ਮਿਲ ਕੇ ਕੰਮ ਕਰ ਚੁੱਕੇ ਹਨ।


ਤੰਦੂਰੀਏ, ਵੇਟਰ ਤੇ ਕਿਚਨ ਹੈਲਪਰ ਦੀ ਲੋੜ ਹੈ

ਸੇਂਟ ਪੌਲ, ਮਿਨੀਸੋਟਾ ਵਿਚ ਭਾਰਤੀ ਰੈਸਟੋਰੈਂਟ ਲਈ ਅਨੁਭਵੀ ਤੰਦੂਰੀਏ, ਵੇਟਰ ਤੇ ਕਿਚਨ ਹੈਲਪਰ ਦੀ ਲੋੜ ਹੈ।



ਚੰਗੀ ਤਨਖਾਹ ਤੇ ਰਿਹਾਇਸ਼ ਦਾ ਪ੍ਰਬੰਧ

ਸੰਪਰਕ ਕਰੋ:

ਫੋਨ: 651-353-9584



ਬਜ਼ੁਰਗ ਲਈ ਲਿਵ-ਇਨ ਸਹਾਇਕ ਦੀ ਲੋੜ ਹੈ

ਯੰਗਸਟਾਊਨ, ਓਹਾਇਓ,(ਯੂਐੱਸਏ) ਵਿਚ ਪਰਕਿੰਸਨ'ਸ ਦੀ ਬਿਮਾਰੀ ਨਾਲ ਪੀੜਤ ਪੰਜਾਬੀ ਬਜ਼ੁਰਗ ਦੀ ਰੋਜ਼ਾਨਾ ਦੀਆਂ ਗਤੀਵਿਧੀਆਂ ਵਿਚ ਸਹਾਇਤਾ ਕਰਨ ਲਈ ਦਿਆਲੂ ਤੇ ਹਮਦਰਦ ਲਿਵ-ਇਨ ਸਹਾਇਕ ਦੀ ਲੋੜ ਹੈ, ਜੋ ਰੋਜ਼ਾਨਾ ਥੈਰੇਪੀ ਅਭਿਆਸ (ਬੋਲਣ, ਸਰੀਰਕ, ਕਿੱਤਾਮੁਖੀ ਥੈਰੇਪੀ) ਕਰਵਾ ਸਕਦਾ/ਸਕਦੀ ਹੋਵੇ, ਸੁਰੱਖਿਆ ਦਾ ਧਿਆਨ ਰੱਖੇ ਅਤੇ ਨਹਾਉਣ, ਡਰੈਸਿੰਗ ਅਤੇ ਦਵਾਈਆਂ ਵਿਚ ਮਦਦ ਕਰ ਸਕੇ।

ਟੈਕਸ ਤੋਂ ਪਹਿਲਾਂ ਦੀ ਤਨਖਾਹ $1000/ਹਫ਼ਤਾ,
ਕਮਰਾ/ਖਾਣਾ ਮੁਹੱਈਆ ਕਰਵਾਇਆ ਜਾਵੇਗਾ
ਕੋਵਿਡ ਟੀਕਾਕਰਨ ਲਾਜ਼ਮੀ
ਚਾਹਵਾਨ ਸੰਪਰਕ ਜਾਂ ਮੈਸੇਜ ਕਰਨ: 330-366-6095

Compassionate and Kind Live-in Helper Required

Compassionate and kind live-in helper needed for elderly Punjabi retiree in Youngstown, Ohio, (USA) who has Parkinson's Disease and requires assistance with daily activities. Primary responsibilities include guiding daily therapy exercises (speech, physical, occupational therapy), ensuring safety, and help with bathing, dressing, and medications

Pre-tax salary $1000/week, room/meals provided.
Must be COVID vaccinated.
Call or Text at: 330-366-6095 if interested.


# Matrimonials

## ਲੜਕੇ ਦੀ ਲੋੜ ਹੈ

ਜੱਟ ਸਿੱਖ 42 ਸਾਲਾ 5'4", ਵਧੀਆ ਨੌਕਰੀ, ਅਮਰੀਕਨ ਸਿਟੀਜ਼ਨ, ਤਲਾਕਸ਼ੁਦਾ ਲੜਕੀ ਲਈ ਅਮਰੀਕਾ ਵਿਚ ਰਹਿੰਦੇ ਵਧੀਆ ਸਥਾਪਿਤ ਜੱਟ ਸਿੱਖ ਪਰਿਵਾਰ ਦੇ 45 ਸਾਲ ਤੋਂ ਵੱਧ ਉਮਰ ਦੇ, ਬਿਨਾਂ ਬੱਚੇ ਵਾਲੇ ਜੀਵਨ ਸਾਥੀ ਦੀ ਲੋੜ ਹੈ। ਚਾਹਵਾਨ 540-479-0603 'ਤੇ ਸੰਪਰਕ ਕਰ ਸਕਦੇ ਹਨ। 6-9

Ramgahria, Sikh family looking for USA or CANADA green card or PR holder match for their 1988 born 5`4" msc fashion designer beautiful daughter working as professor in Barnala (Punjab). Caste no bar. Please Contact us at: USA 2699061331 or India no. 9646206393 6-9

Ravidasia, Sikh Punjabi family looking for USA citizen, Green card holder, H1 or Work permit match for their USA citizen (vegetarian) Daughter, 36 years, 5'2" working, Lives in Streamwood, IL, Grew up in India. Please Contact us at: 8583665909 and e-mail us at zor92126@yahoo.com

Looking for a suitable Ramgarhia Sikh Dhiman match for our beautiful daughter (green card holder), 28 years, 5' 7", MSC - Physics (India), and licensed paraprofessional educator, residing in Chicago area. Please contact: manpreets1211@gmail.com

Jatt Sikh family looking for a suitable match for their 30 yrs, 5'-8" born and raised in US, never married daughter. Degree in BBA & working in Oil & Gas. Vegetarian/non drinker preferred. Please send bio-data/pictures to kaurd1991@yahoo.com

## ਲੜਕੀ ਦੀ ਲੋੜ ਹੈ

Jatt Sikh family in search of beautifull, educated, family orientated, USA citizen, Green card holder 5'6" Jatt Sikh match for their 33, 6`1", handsome, US born, bachelor degree holder and business executive son. Contact us at 317-767-1636 or Email at: singh2026@hotmail.com 6-10

Jatt Sikh Sangha family looking for suitable match for their American citizen son, 28, 6'-2", Masters in Computer Science. Vegetarian preferred. Please Contact us at 636- 577-5615 or Email at: vijaypalsangha@gmail.com.

31 ਸਾਲਾ ਜੱਟ ਸਿੱਖ, 6" ਗੈਸ ਸਟੇਸ਼ਨ 'ਤੇ ਮੈਨੇਜਰ ਵਜੋਂ ਕੰਮ ਕਰਦੇ, ਨਸ਼ਿਆਂ ਤੋਂ ਰਹਿਤ ਲੜਕੇ ਲਈ ਸੋਹਣੀ-ਸੁਨੱਖੀ ਅਮਰੀਕਨ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਪਰਿਵਾਰਕ ਲੜਕੀ ਦੀ ਲੋੜ ਹੈ। ਤਲਾਕਸ਼ੁਦਾ 'ਤੇ ਵੀ ਵਿਚਾਰ ਹੋ ਸਕਦੀ ਹੈ। ਜਾਤ -ਪਾਤ ਦਾ ਕੋਈ ਬੰਧਨ ਨਹੀਂ। ਚਾਹਵਾਨ 77986-13770 'ਤੇ ਸੰਪਰਕ ਕਰ ਸਕਦੇ ਹਨ। feb-apr

Suitable match for Tonk-Kshatriya turbanator, trimmed Beard sikh boy 29, 5'10". Qualification B Tech IT, H1B Visa holder. Residing in San Jose (California). US Resident/Work Permit girl preferred. Caste No Bar. Please Contact us at: 90852-81759 jan-mar

31 ਸਾਲਾ ਜੱਟ ਸਿੱਖ ਡਾਕਟਰ, USA citizen ਲੜਕੇ 6'1" ਲਈ ਲੜਕੀ ਦੀ ਲੋੜ ਹੈ। ਲੜਕੀ USA ਵਿਚ ਰਹਿੰਦੀ ਹੋਵੇ ਅਤੇ Portland (Oregon) / Vancouver(WA) ਏਰੀਏ ਵਿੱਚ ਸ਼ਿਫ਼ਟ ਕਰਨ ਦੀ ਚਾਹਵਾਨ ਹੋਵੇ। ਲੜਕੇ ਦਾ ਪਰਿਵਾਰ USA ਵਿੱਚ Well settle ਹੈ। ਚਾਹਵਾਨ singh2998@outlook.com 'ਤੇ ਸੰਪਰਕ ਕਰ ਸਕਦੇ ਹਨ।

Suitable match for Ramgarhia sikh boy. 5'8" 1993 born. Qualification BBA Finance & Accounting. MS in Information System Management from US university. Please contact us at 713-594-3233 and email us at Ranbir60@yahoo.com. Dec-Mar

Jatt Sikh family in search of an outgoing, educated, family-orientated, health/fitness-minded match for their son, 31, tall, handsome, clean shaven, never married, private school educated, athletic, US born and financially secure business executive. Contact GurdeepMidwestUSA@outlook.com or message at 513-212-6478 (will respond to all).

## ਮਹਾਰਾਣੀ ਐਲਿਜ਼ਾਬੈੱਥ ਦੀ ਇੱਛਾ ਹੈ ਕਿ ਕੈਮਿਲਾ ਬਣੇ ਮਹਾਰਾਣੀ

**ਲੰਡਨ:** ਬਰਤਾਨੀਆ ਦੀ ਮਹਾਰਾਣੀ ਐਲਿਜਾਬੈੱਥ- ਨੇ ਕਿਹਾ ਕਿ ਉਨ੍ਹਾਂ ਦੀ ਇੱਛਾ ਹੈ ਕਿ ਰਾਜਕੁਮਾਰ ਚਾਰਲਸ ਦੇ ਮਹਾਰਾਜਾ ਬਣਨ 'ਤੇ ਉਨ੍ਹਾਂ ਦੀ ਪਤਨੀ ਕੈਮਿਲਾ ਨੂੰ 'ਕੁਈਨ ਕੰਸੋਰਟ' ਦੇ ਰੂਪ ਵਿਚ ਜਾਣਿਆ ਜਾਵੇ। ਮਹਾਰਾਣੀ ਦੀ ਇਹ ਅਹਿਮ ਦਖਲਅੰਦਾਜੀ ਰਾਜਸ਼ਾਹੀ ਦੇ ਭਵਿੱਖ ਨੂੰ ਆਕਾਰ ਦੇਵੇਗੀ ਅਤੇ ਸ਼ਾਹੀ ਪਰਿਵਾਰ ਵਿਚ ਡੱਚੈਸ ਆਫ ਕਾਰਨਵਾਲ ਦਾ ਸਥਾਨ ਯਕੀਨੀ ਬਣਾਏਗੀ। 95 ਸਾਲਾ ਮਹਾਰਾਣੀ ਨੇ ਆਪਣੀ ਤਾਜਪੋਸ਼ੀ ਦੀ 70ਵੀਂ ਵਰ੍ਹੇਗੰਢ ਸਬੰਧੀ ਰਾਸ਼ਟਰ ਦੇ ਨਾਮ ਦਿੱਤੇ ਆਪਣੇ ਪਲੈਟੀਨਮ ਜੁਬਲੀ ਸੁਨੇਹੇ ਵਿਚ ਆਪਣੀ ਨੂੰਹ 74 ਸਾਲਾ ਕੈਮਿਲਾ ਦਾ ਸਮਰਥਨ ਕੀਤਾ।

ਮਹਾਰਾਣੀ ਨੇ ਦਿਲੋਂ ਇੱਛਾ ਜ਼ਾਹਿਰ ਕੀਤੀ ਕਿ ਪ੍ਰਿੰਸ ਚਾਰਲਸ ਦੇ ਮਹਾਰਾਜਾ ਬਣਨ 'ਤੇ ਕੈਮਿਲਾ ਨੂੰ 'ਕੁਈਨ ਕੰਸੋਰਟ' ਵਜੋਂ ਜਾਣਿਆ ਜਾਵੇ। ਕੁਈਨ ਕੰਸੋਰਟ ਮਹਾਰਾਜਾ ਦੀ ਪਤਨੀ ਲਈ ਇਸਤੇਮਾਲ ਕੀਤਾ ਜਾਂਦਾ ਹੈ।

# ਅਮਰੀਕਾ ਵਿਚ ਕੋਵਿਡ-19 ਨਾਲ ਮੌਤਾਂ ਦੀ ਗਿਣਤੀ ਨੌਂ ਲੱਖ ਤੋਂ ਟੱਪੀ

**ਸੈਕਰਾਮੈਂਟੋ:** ਅਮਰੀਕਾ ਵਿਚ ਕੋਵਿਡ-19 ਮਹਾਮਾਰੀ ਦੌਰਾਨ ਮ੍ਰਿਤਕਾਂ ਦੀ ਗਿਣਤੀ 9 ਲੱਖ ਨੂੰ ਪਾਰ ਕਰ ਗਈ ਹੈ ਤੇ ਦੇਸ਼ ਦੇ ਜ਼ਿਆਦਾਤਰ ਹਿੱਸਿਆਂ ਵਿਚ ਮੌਤਾਂ ਦਾ ਅੰਕੜਾ ਵਧਿਆ ਹੈ ਪਰ ਇਸ ਦੇ ਨਾਲ ਹੀ ਮਹਾਮਾਰੀ ਨੂੰ ਲੈ ਕੇ ਹਾਂ ਪੱਖੀ ਖਬਰਾਂ ਵੀ ਆ ਰਹੀਆਂ ਹਨ। ਅਮਰੀਕਾ ਦੇ 50 ਰਾਜਾਂ ਵਿਚੋਂ 49 ਵਿਚ ਕੋਵਿਡ ਦੇ ਰੋਜ਼ਾਨਾ ਮਾਮਲੇ ਘਟ ਰਹੇ ਹਨ ਤੇ ਮੱਧ ਜਨਵਰੀ ਤੋਂ ਲੈ ਕੇ ਹੁਣ ਤਕ ਦੇਸ਼ ਵਿਚ ਤਕਰੀਬਨ 5 ਲੱਖ ਮਾਮਲੇ ਘਟੇ ਹਨ। ਹਾਲਾਂਕਿ ਕੁਝ ਮਾਹਿਰਾਂ ਨੇ ਆਸ ਪ੍ਰਗਟਾਈ ਹੈ ਕਿ ਮਹਾਮਾਰੀ ਦਾ ਬੁਰਾ ਦੌਰਾ ਖਤਮ ਹੋ ਗਿਆ ਹੈ ਪਰ ਕੁਝ ਦਾ ਕਹਿਣਾ ਹੈ ਕਿ ਇਹ ਰਾਹਤ ਥੋੜ੍ਹ ਚਿਰੀ ਹੋ ਸਕਦੀ ਹੈ ਕਿਉਂਕਿ 35 ਰਾਜਾਂ ਵਿਚ ਮੌਤਾਂ ਦੀ ਗਿਣਤੀ ਅਜੇ ਵੀ ਵਧ ਰਹੀ ਹੈ। ''ਯੁਨੀਵਰਸਿਟੀ ਆਫ ਸਾਊਥ ਕੈਰੋਲੀਨਾ ਅਰਨੌਲਡ ਸਕੂਲ ਆਫ ਪਬਲਿਕ ਹੈਲਥ'' ਵਿਖੇ ਐਪੀਡੇਮੀਆਲੋਜੀ ਤੇ ਬਾਇਓਸਟੈਟਿਸਟਿਕਸ ਵਜੋਂ ਕੰਮ ਕਰ ਰਹੇ ਅਸਿਸਟੈਂਟ ਪ੍ਰੋਫੈਸਰ ਮੇਲਿਸਾ ਨੋਲਨ ਨੇ ਕਿਹਾ ਹੈ ਕਿ ਇਕ ਹੋਰ ਕੋਵਿਡ ਲਹਿਰ ਆਉਣੀ ਤੈਅ ਹੈ। ਉਨ੍ਹਾਂ ਕਿਹਾ ਹੈ ਕਿ ਮੌਜੂਦਾ ਵੈਕਸੀਨ ਤੇ ਬੂਸਟਰ ਖੁਰਾਕਾਂ ਓਮੀਕਰੋਨ ਵਾਇਰਸ ਵਿਰੁੱਧ ਕੰਮ ਕਰ ਰਹੀਆਂ ਪਰ ਇਨ੍ਹਾਂ ਵੈਕਸੀਨਾਂ ਦੇ ਭਵਿੱਖ ਦੇ ਵਾਇਰਸ ਵਿਰੁੱਧ ਕਾਰਗਰ ਹੋਣ ਦੀ ਸੰਭਾਵਨਾ ਘੱਟ ਹੈ। ਇਸ ਦੌਰਾਨ ਸਿਹਤ ਅਧਿਕਾਰੀਆਂ ਨੇ ਲੋਕਾਂ ਨੂੰ ਹਰ ਹਾਲਤ ਵਿਚ ਵੈਕਸੀਨ ਲਗਵਾਉਣ ਉਪਰ ਜ਼ੋਰ ਦਿੱਤਾ ਹੈ। ਅਧਿਕਾਰੀਆਂ ਦਾ ਕਹਿਣਾ ਹੈ ਕਿ ਵੈਕਸੀਨ ਹੀ ਗੰਭੀਰ ਬਿਮਾਰੀ ਤੋਂ ਬਚਣ ਦਾ ਇਕੋ ਇਕ ਤਰੀਕਾ ਹੈ।

ਡਾਕਟਰ ਮੈਥੀਊ ਹੀਨਜ਼ ਟਸਕਨ, ਐਰੀਜ਼ੋਨਾ ਨੇ ਕਿਹਾ ਹੈ ਕਿ ਹਰ ਕੋਈ ਵੈਕਸੀਨ ਲਗਵਾਏ ਤੇ ਉਹ ਆਪਣੇ ਸਕੇ ਸਬੰਧੀਆਂ ਨੂੰ ਵੈਕਸੀਨ ਲਗਵਾਉਣ ਲਈ ਪ੍ਰੇਰਿਤ ਕਰੇ।

# ਸੜਕ ਹਾਦਸੇ ਵਿਚ ਪੰਜ ਮੌਤਾਂ, ਦੋ ਜ਼ਖਮੀ

**ਸੈਕਰਾਮੈਂਟੋ:** ਫਰਿਜ਼ਨੋ ਦੇ ਉੱਤਰ ਵਿਚ ਹੋਏ ਸੜਕ ਹਾਦਸੇ ਵਿਚ ਪੰਜ ਵਿਅਕਤੀਆਂ ਦੀ ਮੌਤ ਹੋ ਗਈ ਤੇ ਦੋ ਹੋਰ ਜ਼ਖ਼ਮੀ ਹੋ ਗਏ, ਜਿਨ੍ਹਾਂ ਦੀ ਹਾਲਤ ਗੰਭੀਰ ਹੈ।



ਕੈਲੀਫੋਰਨੀਆ ਹਾਈਵੇਅ ਪੈਟਰੋਲ ਦੇ ਇਕ ਅਧਿਕਾਰੀ ਲੈਫਟੀਨੈਂਟ ਜੇ ਕੈਸਟੈਂਨੇਡਾ ਨੇ ਦੱਸਿਆ ਕਿ ਇਹ ਹਾਦਸਾ ਤੜਕਸਾਰ 4.30 ਵਜੇ ਉਸ ਵੇਲੇ ਵਾਪਰਿਆ ਜਦੋਂ ਮਿਲਰਟਨ ਰੋਡ ਉਪਰ ਇਕ ਹੁੰਡਾਈ ਅਸੈਂਟ ਕਾਰ ਦੋ ਪੀਲੀਆਂ ਲਾਈਨਾਂ ਪਾਰ ਕਰ ਕੇ ਦੂਸਰੇ ਪਾਸੇ ਤੋਂ ਆ ਰਹੀ ਹਾਂਡਾ ਅਕਾਰਡ ਨਾਲ ਟਕਰਾ ਗਈ। ਹੁੰਡਾਈ ਵਿਚ ਸਵਾਰ ਡਰਾਈਵਰ ਸਮੇਤ 4 ਜਣੇ ਤੇ ਹਾਂਡਾ ਵਿਚ ਸਵਾਰ ਇਕ ਵਿਅਕਤੀ ਮੌਕੇ ਉਪਰ ਹੀ ਦਮ ਤੋੜ ਗਏ। ਹਾਂਡਾ ਕਾਰ ਵਿਚ ਸਵਾਰ ਦੋ ਹੋਰ ਵਿਅਕਤੀਆਂ ਨੂੰ ਗੰਭੀਰ ਹਾਲਤ ਵਿਚ ਹਸਪਤਾਲ ਲਿਜਾਇਆ ਗਿਆ ਹੈ। ਮਾਰੇ ਗਏ ਸਾਰੇ ਵਿਅਕਤੀਆਂ ਦੀ ਉਮਰ 30 ਤੋਂ 40 ਸਾਲ ਦੇ ਦਰਮਿਆਨ ਸੀ ਤੇ ਉਹ ਆਸ-ਪਾਸ ਦੇ ਖੇਤਰ ਨਾਲ ਹੀ ਸਬੰਧਤ ਸਨ। ਮ੍ਰਿਤਕਾਂ ਦੀ ਅਜੇ ਸ਼ਨਾਖਤ ਨਹੀਂ ਹੋ ਸਕੀ।

# ਕੋਲੋਰਾਡੋ ਵਿਚ ਚਰਚ 'ਚ ਔਰਤ ਦੀ ਗੋਲੀਆਂ ਮਾਰ ਕੇ ਹੱਤਿਆ, ਦੋ ਹੋਰ ਜ਼ਖਮੀ


ਸੈਕਰਾਮੈਂਟੋ: ਔਰੋਰਾ, ਕੋਲੋਰਾਡੋ ਦੇ ਇਕ ਚਰਚ ਵਿਚ ਇਕ ਸ਼ੱਕੀ ਹਮਲਾਵਰ ਨੇ ਗੋਲੀਆਂ ਮਾਰ ਕੇ ਇਕ ਔਰਤ ਦੀ ਹੱਤਿਆ ਕਰ ਦਿੱਤੀ ਤੇ ਦੋ ਹੋਰਨਾਂ ਨੂੰ ਜ਼ਖ਼ਮੀ ਕਰ ਦਿੱਤਾ। ਔਰੋਰਾ ਪੁਲਿਸ ਦੇ ਬੁਲਾਰੇ ਮੈਥੀਊ ਲਾਂਗਸ਼ੋਰ ਨੇ ਦੱਸਿਆ ਕਿ ਸ਼ੱਕੀ ਹਮਲਾਵਰ ਪੀੜਤਾਂ ਵਿਚੋਂ ਇਕ ਨੂੰ ਜਾਣਦਾ ਸੀ ਤੇ ਇਹ ਕੋਈ ਅਚਾਨਕ ਵਾਪਰੀ ਘਟਨਾ ਨਹੀਂ ਹੈ। ਔਰੋਰਾ ਪੁਲਿਸ ਵਿਭਾਗ ਨੇ ਇਕ ਟਵੀਟ ਵਿਚ ਕਿਹਾ ਹੈ ਕਿ ਗੋਲੀਬਾਰੀ ਦੀ ਘਟਨਾ ਗਲੇਸੀਆ ਫਰੋ ਡੇ ਲੂਜ਼ ਚਰਚ ਵਿਚ ਸਥਾਨਕ ਸਮੇ ਅਨੁਸਾਰ ਸ਼ਾਮ 8 ਵਜੇ ਦੇ ਆਸ ਪਾਸ ਵਾਪਰੀ। ਉਸ ਸਮੇਂ ਚਰਚ ਵਿਚ ਇਕ ਸਮਾਗਮ ਚੱਲ ਰਿਹਾ ਸੀ, ਜਿਸ ਵਿਚ 20 ਦੇ ਕਰੀਬ ਵਿਅਕਤੀ ਸ਼ਾਮਿਲ ਸਨ। ਜਦੋਂ ਪੁਲਿਸ ਘਟਨਾ ਸਥਾਨ 'ਤੇ ਪੁੱਜੀ ਤਾਂ ਇਕ 36 ਸਾਲ ਦੀ ਔਰਤ ਤੇ ਦੋ ਹੋਰ ਵਿਅਕਤੀ ਜਿਨ੍ਹਾਂ ਦੀ ਉਮਰ 40 ਸਾਲ ਦੇ ਕਰੀਬ ਸੀ, ਜ਼ਖਮੀ ਹਾਲਤ ਵਿਚ ਮਿਲੇ ਜਿਨ੍ਹਾਂ ਦੇ ਗੋਲੀਆਂ ਵੱਜੀਆਂ ਹੋਈਆਂ ਸਨ। ਇਨ੍ਹਾਂ ਵਿਚੋਂ ਔਰਤ ਦੀ ਮੌਕੇ 'ਤੇ ਹੀ ਮੌਤ ਹੋ ਗਈ ਜਦਕਿ ਬਾਕੀ ਦੋਨਾਂ ਵਿਅਕਤੀਆਂ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਹੈ। ਪੁਲਿਸ ਸ਼ੱਕੀ ਦੀ ਪਛਾਣ ਕਰ ਰਹੀ ਹੈ, ਜੋ ਗੋਲੀਬਾਰੀ ਉਪਰੰਤ ਮੌਕੇ ਤੋਂ ਫਰਾਰ ਹੋ ਗਿਆ।

# ਬੀ ਸੀ ਵਿਚ 18 ਸਾਲਾ ਪੰਜਾਬੀ ਵਿਦਿਆਰਥੀ ਦੀ ਲਾਸ਼ ਮਿਲੀ

**ਸਰੀ:** ਬੀਸੀ ਦੇ ਸ਼ਹਿਰ ਕੈਮਲੂਪਸ ਨੇੜੇ ਪੇਂਡੂ ਖੇਤਰ ਵਿਚ ਇਕ 18 ਸਾਲਾ ਵਿਦਿਆਰਥੀ ਦੀ ਲਾਸ਼ ਮਿਲੀ ਹੈ, ਜਿਸ ਦੀ ਪਛਾਣ ਜਗਰਾਜ ਢੀਂਡਸਾ ਵਜੋਂ ਹੋਈ ਹੈ। ਜਗਰਾਜ ਢੀਂਡਸਾ ਸਾ-ਹਾਲੀ ਸੈਕੰਡਰੀ ਸਕੂਲ ਕੈਮਲੂਪਸ, ਬ੍ਰਿਟਿਸ਼ ਕੋਲੰਬੀਆ ਦਾ ਵਿਦਿਆਰਥੀ ਸੀ।

ਜੁਗਰਾਜ ਦੀ ਮੌਤ ਦੀ ਪੁਸ਼ਟੀ ਕਰਦਿਆਂ ਬੀ ਸੀ ਆਰਸੀਐੱਮਪੀ ਦੀ ਦੱਖਣ ਪੂਰਬੀ ਡਿਸਟ੍ਰਿਕਟ ਮੇਜਰ ਕ੍ਰਾਈਮ ਯੂਨਿਟ ਨੇ ਕਿਹਾ ਹੈ ਕਿ ਜੁਗਰਾਜ ਢੀਂਡਸਾ ਦੀ ਲਾਸ਼ 29 ਜਨਵਰੀ ਨੂੰ ਸੇਂਟ ਜੋਸਫ਼ ਕਬਰਸਤਾਨ, ਟਕੇਮਲੁਪਸ ਹੈਲਥ ਕਲੀਨਿਕ ਅਤੇ ਚਿਲਕੋਟਿਨ ਰੋਡ 'ਤੇ ਟਕੇਮਲੁਪਸ ਚਰਚ ਦੇ ਨੇੜੇ ਇੱਕ ਪੇਂਡੂ ਖੇਤਰ ਵਿਚ ਮਿਲੀ ਸੀ। ਪੁਲਿਸ ਨੇ ਉਸ ਦੀ ਮੌਤ ਦੇ ਕਾਰਨਾਂ ਬਾਰੇ ਜਾਣਕਾਰੀ ਨਹੀਂ ਦਿੱਤੀ ਪਰ ਇਹ ਜ਼ਰੂਰ ਕਿਹਾ ਹੈ ਕਿ ਪੋਸਟਮਾਰਟਮ ਦੀ ਰਿਪੋਰਟ ਵਿਚ ਢੀਂਡਸਾ ਦੀ ਮੌਤ ਦੀ ਪੁਸ਼ਟੀ ਹੋਈ ਹੈ। ਆਰ ਸੀ ਐਮ ਪੀ ਦੇ ਇੰਸਪੈਕਟਰ ਬ੍ਰੈਂਟ ਨੋਵਾਕੋਸਕੀ ਨੇ ਕਿਹਾ ਹੈ ਕਿ ਪੁਲਿਸ ਦੀ ਜਾਂਚ ਅੱਗੇ ਵਧਾਉਣ ਲਈ ਮ੍ਰਿਤਕ ਦਾ ਨਾਮ ਜਨਤਕ ਕੀਤਾ ਗਿਆ।

Homeopathicvibes
Harminder Singh Gill
Homeopathic Consultant and Practitioner



D.H.M.S; B.C.I.H
(Ex Homeopathic Medical officer Punjab Govt.)
Now we have two locations:
940 E. El Camino Real, Sunnyvale, CA 94087
39039 Paseo Padre Pkwy, Suite# 209 (upstairs), Fremont, CA 94538
Ph: (408) 737-7100
Fax: (408)737-7102 www.homeopathicvibes.com
We sell and ship homeopathic remedies through out North America.

ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ
ਫੋਨ (408) 687-1899
Gurdip Singh Sandhu
Homeopathic Practitioner/Consultant Since 1973
DHMS-Gold Medalist, BAMS, MDEh.- India
Well Experienced as:
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
EX Member: The California Homeopathic Society
National Center For Homeopathy- USA
Live on Jas TV
Saturday 9:30AM and Sunday 4PM (Pacific Time)
7021 Village Park Way, Dublin, CA 94568



Gurdip Singh Sandhu
Email: Homeomedicine@yahoo.com

ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ
ਪਿਛਲੇ 15 ਸਾਲਾਂ ਤੋਂ ਤੁਹਾਡੀ ਸੇਵਾ ਵਿਚ
ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ
SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।
ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।
STOCKTON ਵਿੱਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150
Grand Opening
Special Price for Truck Wash
ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205
Ph: 209.982.9996
FAX: 209.982.9997
www.globalmultiservices.com info@globalmultiservices.com

REPAIR SHOP
ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 500+ ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।
TEL: 209.547.9210
FAX: 209.547.9211

REGISTRATION SERVICES
ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।
TEL: 209.982.9996
FAX: 209.982.9997

**Punjab Times**
**Established in 2000**
**22nd Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Astt. Editors:**
Jaspreet Kaur
Amrit Pal Kaur

**Our Columnists**
Gurbakhsh Singh Bhandal
Baljit Basi
Buta Singh
Tarlochan Singh Dupalpur
Major Kular

**California:**
Shiara Dhindsa
Photographer
661-703-6664

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 105 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਜਾਖੜ ਵੱਲੋਂ ਸਰਗਰਮ ਸਿਆਸਤ ਨੂੰ ਅਲਵਿਦਾ

**ਚੰਡੀਗੜ੍ਹ:** ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਸੁਨੀਲ ਜਾਖੜ ਨੇ ਚੋਣ ਸਿਆਸਤ ਨੂੰ ਅਲਵਿਦਾ ਆਖ ਦਿੱਤਾ ਹੈ। ਉਂਜ ਉਨ੍ਹਾਂ ਕਾਂਗਰਸ ਪਾਰਟੀ ਨਾਲ ਜੁੜੇ ਰਹਿਣ ਦੀ ਗੱਲ ਜ਼ੋਰਦਾਰ ਤਰੀਕੇ ਨਾਲ ਆਖੀ ਹੈ। ਉਨ੍ਹਾਂ ਵਿਸ਼ੇਸ਼ ਗੱਲਬਾਤ ਦੌਰਾਨ ਕਿਹਾ ਕਿ ਉਹ ਸਰਗਰਮ ਸਿਆਸਤ ਨੂੰ ਛੱਡ ਰਹੇ ਹਨ ਪਰ ਉਹ ਕਾਂਗਰਸ ਦਾ ਹਿੱਸਾ ਬਣੇ ਰਹਿਣਗੇ। ਕਾਂਗਰਸ 'ਚ ਪੰਜਾਬ ਦੇ ਹਿੰਦੂ ਚਿਹਰੇ ਵਜੋਂ ਜਾਣੇ ਜਾਂਦੇ ਸੁਨੀਲ ਜਾਖੜ ਨੇ ਇਹ ਫੈਸਲਾ ਉਦੋਂ ਲਿਆ ਹੈ ਜਦੋਂ ਚੋਣ ਮੈਦਾਨ ਪੂਰੀ ਤਰ੍ਹਾਂ ਭਖਿਆ ਹੋਇਆ ਹੈ।

ਜਾਖੜ ਨੇ ਚਰਨਜੀਤ ਸਿੰਘ ਚੰਨੀ ਨੂੰ ਮੁੱਖ ਮੰਤਰੀ ਅਹੁਦੇ ਦਾ ਚਿਹਰਾ ਬਣਾਏ ਜਾਣ ਦੀ ਪੂਰਨ ਹਮਾਇਤ ਕਰਦਿਆਂ ਰਾਹੁਲ ਗਾਂਧੀ ਦੇ ਇਸ ਫੈਸਲੇ ਨੂੰ ਸ਼ਾਨਦਾਰ ਦੱਸਿਆ। ਉਨ੍ਹਾਂ ਕਿਹਾ ਕਿ ਰਾਹੁਲ ਗਾਂਧੀ ਦੇ ਇਸ ਫੈਸਲੇ ਨੇ ਵਿਰੋਧੀਆਂ ਦੇ ਮੂੰਹ ਬੰਦ ਕਰ ਦਿੱਤੇ ਹਨ। ਜਾਖੜ ਨੇ ਸਰਗਰਮ ਸਿਆਸਤ ਤੋਂ ਲਾਂਭੇ ਹੋਣ ਦਾ ਰਸਮੀ ਐਲਾਨ ਬੇਸ਼ੱਕ ਹੁਣ ਕੀਤਾ ਹੈ ਪਰ ਉਨ੍ਹਾਂ ਇਸ ਦਾ ਇਸ਼ਾਰਾ



ਉਸ ਸਮੇਂ ਹੀ ਕਰ ਦਿੱਤਾ ਸੀ ਜਦੋਂ ਅਬੋਹਰ ਹਲਕਾ ਉਨ੍ਹਾਂ ਆਪਣੇ ਭਤੀਜੇ ਸੰਦੀਪ ਜਾਖੜ ਲਈ ਖਾਲੀ ਕਰ ਦਿੱਤਾ ਸੀ।

ਇਸੇ ਦੌਰਾਨ ਅੰਮ੍ਰਿਤਸਰ ਵਿਚ ਚੋਣ ਪ੍ਰਚਾਰ ਕਰਦਿਆਂ ਡਾ. ਨਵਜੋਤ ਕੌਰ ਸਿੱਧੂ ਨੇ ਆਖਿਆ ਕਿ ਮੁੱਖ ਮੰਤਰੀ ਦੇ ਉਮੀਦਵਾਰ ਦੀ ਚੋਣ ਵਾਸਤੇ ਇਕ ਪੈਮਾਨਾ ਤੈਅ ਕੀਤਾ ਜਾਣਾ ਚਾਹੀਦਾ ਸੀ ਜਿਸ ਵਿਚ ਵਿਦਿਅਕ ਯੋਗਤਾ, ਕੀਤੇ ਕੰਮ ਤੇ ਇਮਾਨਦਾਰੀ ਨੂੰ ਦੇਖਿਆ ਜਾਂਦਾ। ਇਸ ਅਹੁਦੇ ਵਾਸਤੇ ਨਵਜੋਤ ਸਿੰਘ ਸਿੱਧੂ ਸਹੀ ਵਿਅਕਤੀ ਸਨ। ਉਨ੍ਹਾਂ ਕਿਹਾ ਕਿ ਇਸ ਮਾਮਲੇ ਵਿਚ ਪਾਰਟੀ ਨੇਤਾ ਰਾਹੁਲ ਗਾਂਧੀ ਨੂੰ ਗੁਮਰਾਹ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਇਹ ਇਸ ਵਾਸਤੇ ਨਹੀਂ ਕਹਿ ਰਹੇ ਕਿ ਸ੍ਰੀ ਸਿੱਧੂ ਉਨ੍ਹਾਂ ਦੇ ਪਤੀ ਹਨ, ਸਗੋਂ ਇਸ ਲਈ ਕਹਿ ਰਹੇ ਹਨ ਕਿ ਉਨ੍ਹਾਂ ਦਾ ਪੰਜਾਬ ਮਾਡਲ ਸਭ ਤੋਂ ਬਿਹਤਰ ਸੀ, ਜੇ ਉਨ੍ਹਾਂ ਨੂੰ ਸਮਾਂ ਮਿਲਦਾ ਤਾਂ ਉਹ ਛੇ ਮਹੀਨਿਆਂ ਵਿਚ ਪੰਜਾਬ ਵਿਚ ਬਦਲਾਅ ਲਿਆ ਸਕਦੇ ਸਨ।

## ਭਾਜਪਾ ਨੂੰ ਹਰਾਉਣ ਲਈ ਖੇਤਰੀ ਪਾਰਟੀਆਂ ਇਕੱਠੀਆਂ ਹੋਣ: ਮਮਤਾ

**ਕੋਲਕਾਤਾ:** ਤ੍ਰਿਣਮੂਲ ਕਾਂਗਰਸ ਦੀ ਪ੍ਰਧਾਨ ਮਮਤਾ ਬੈਨਰਜੀ ਨੇ ਖੇਤਰੀ ਪਾਰਟੀਆਂ ਨੂੰ 2024 ਲੋਕ ਸਭਾ ਚੋਣਾਂ 'ਚ ਭਾਜਪਾ ਨੂੰ ਹਰਾਉਣ ਲਈ ਇਕੱਠੇ ਹੋਣ ਦੀ ਅਪੀਲ ਕੀਤੀ। ਸਰਬਸੰਮਤੀ ਨਾਲ ਇਕ ਵਾਰ ਫਿਰ ਤ੍ਰਿਣਮੂਲ ਕਾਂਗਰਸ ਦੀ ਪ੍ਰਧਾਨ ਚੁਣੇ ਜਾਣ ਤੋਂ ਬਾਅਦ ਇਕ ਮੀਟਿੰਗ ਨੂੰ ਸੰਬੋਧਨ ਕਰਦਿਆਂ ਮਮਤਾ ਬੈਨਰਜੀ ਨੇ ਕਾਂਗਰਸ 'ਤੇ ਵੀ ਨਿਸ਼ਾਨਾ ਸਾਧਿਆ ਅਤੇ ਕਿਹਾ ਕਿ ਜੇ ਉਹ ਆਪਣੀ ਹਉਮੈ ਕਾਰਨ ਪਿੱਛੇ ਬੈਠਣਾ ਚਾਹੁੰਦੇ ਹਨ ਤਾਂ ਸਾਡੀ ਪਾਰਟੀ ਨੂੰ ਦੋਸ਼ੀ ਨਹੀਂ ਠਹਿਰਾਇਆ ਜਾ ਸਕਦਾ। ਉਨ੍ਹਾਂ ਕਿਹਾ ਕਿ ਅਸੀਂ 2024 'ਚ ਭਾਜਪਾ ਨੂੰ ਹਰਾਉਣ ਲਈ ਸਾਰੀਆਂ ਖੇਤਰੀ ਪਾਰਟੀਆਂ ਨੂੰ ਇਕੱਠੇ ਦੇਖਣਾ ਚਾਹੁੰਦੇ ਹਾਂ। ਸਾਡਾ ਮਕਸਦ ਭਾਜਪਾ ਨੂੰ ਹਰਾਉਣਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਮੇਘਾਲਿਆ ਤੇ ਚੰਡੀਗੜ੍ਹ 'ਚ ਚੋਣਾਂ ਜਿੱਤਣ 'ਚ ਕਾਂਗਰਸ ਨੇ ਭਾਜਪਾ ਦੀ ਮਦਦ ਕੀਤੀ।

## ਸੁਖਜਿੰਦਰ ਰੰਧਾਵਾ, ਬਾਜਵਾ ਅਤੇ ਕਈ ਹੋਰ ਆਗੂ ਤਨਖਾਹੀਆ ਕਰਾਰ

**ਅੰਮ੍ਰਿਤਸਰ:** ਬੇਅਦਬੀ ਮਾਮਲਿਆਂ ਵਿਚ ਦੋਸ਼ੀਆਂ ਖਿਲਾਫ ਕੋਈ ਕਾਰਵਾਈ ਨਾ ਕਰਨ 'ਤੇ ਮੁਤਵਾਜ਼ੀ ਜਥੇਦਾਰ ਭਾਈ ਧਿਆਨ ਸਿੰਘ ਮੰਡ ਨੇ ਪੰਜਾਬ ਦੇ ਉਪ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ, ਕੈਬਨਿਟ ਮੰਤਰੀ ਤ੍ਰਿਪਤ ਰਜਿੰਦਰ ਸਿੰਘ ਬਾਜਵਾ ਅਤੇ ਤਿੰਨ ਵਿਧਾਇਕ ਹਰਮਿੰਦਰ ਸਿੰਘ ਗਿੱਲ, ਕੁਲਬੀਰ ਸਿੰਘ ਜੀਰਾ ਅਤੇ ਕੁਸ਼ਲਦੀਪ ਸਿੰਘ ਨੂੰ ਤਨਖਾਹੀਆ ਕਰਾਰ ਦਿੱਤਾ ਹੈ।

ਇਸ ਤੋਂ ਪਹਿਲਾਂ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਵੀ ਇਸੇ ਮਾਮਲੇ ਵਿਚ ਤਨਖਾਹੀਆ ਕਰਾਰ ਦਿੱਤਾ ਜਾ ਚੁੱਕਿਆ ਹੈ। ਇਥੇ ਅਕਾਲ ਤਖਤ ਦੇ ਸਕੱਤਰੇਤ ਦੇ ਬਾਹਰ ਹੁਕਮਨਾਮਾ ਜਾਰੀ ਕਰਦਿਆਂ ਉਨ੍ਹਾਂ ਕਿਹਾ ਕਿ ਜਦੋਂ ਤੱਕ ਇਹ ਸਾਰੇ ਇਥੇ ਅਕਾਲ ਤਖਤ 'ਤੇ ਆ ਕੇ ਤਨਖਾਹ ਨਹੀਂ ਲਗਵਾ ਲੈਂਦੇ, ਸਿੱਖ ਸੰਗਤਾਂ ਇਨ੍ਹਾਂ ਨੂੰ ਕੋਈ ਸਹਿਯੋਗ ਨਾ ਦੇਣ, ਇਨ੍ਹਾਂ ਨੂੰ ਕਿਸੇ ਗੁਰਦੁਆਰੇ ਵਿਚ ਬੋਲਣ ਨਾ ਦਿੱਤਾ ਜਾਵੇ ਅਤੇ ਕੋਈ ਸਨਮਾਨ ਵੀ ਨਾ ਦਿੱਤਾ ਜਾਵੇ। ਉਨ੍ਹਾਂ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਤੋਂ ਬਾਅਦ ਇਨ੍ਹਾਂ ਨੂੰ ਤਿੰਨ ਮਹੀਨੇ ਦਾ ਸਮਾਂ ਦਿੱਤਾ ਸੀ ਤਾਂ ਜੋ ਇਹ ਦੋਸ਼ੀਆਂ ਖਿਲਾਫ ਕਾਰਵਾਈ ਕਰ ਸਕਣ ਪਰ ਇਨ੍ਹਾਂ ਇਨ੍ਹਾਂ ਨੇ ਕੋਈ ਕਾਰਵਾਈ ਨਹੀਂ ਕੀਤੀ ਹੈ।

# ਚੰਨੀ ਦੇ ਭਾਣਜੇ ਨੇ 10 ਕਰੋੜ ਨਕਦੀ ਮਿਲਣ ਦੀ ਗੱਲ ਕਬੂਲੀ: ਈ.ਡੀ.

**ਨਵੀਂ ਦਿੱਲੀ:** ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਨੇ ਦਾਅਵਾ ਕੀਤਾ ਹੈ ਕਿ ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੇ ਰਿਸ਼ਤੇਦਾਰ ਭੁਪਿੰਦਰ ਸਿੰਘ ਉਰਫ ਹਨੀ ਨੇ ਰੇਤਾ ਦੀ ਗ਼ੈਰ-ਕਾਨੂੰਨੀ ਮਾਈਨਿੰਗ ਅਤੇ ਸੂਬੇ ਵਿਚ ਅਧਿਕਾਰੀਆਂ ਦੀਆਂ ਬਦਲੀਆਂ ਤੇ ਤਾਇਨਾਤੀਆਂ 'ਚ ਸਹੂਲਤ ਮੁਹੱਈਆ ਕਰਵਾਉਣ ਬਦਲੇ 10 ਕਰੋੜ ਰੁਪਏ ਨਕਦੀ ਮਿਲਣ ਦੀ ਗੱਲ ਕਬੂਲ ਕੀਤੀ ਹੈ।

ਦੱਸਣਯੋਗ ਹੈ ਕਿ ਈ.ਡੀ. ਨੇ ਹਵਾਲਾ ਜਾਂਚ ਦੇ ਸਿਲਸਿਲੇ 'ਚ ਹਨੀ ਨੂੰ ਬੀਤੀ 3 ਫਰਵਰੀ ਨੂੰ ਜਲੰਧਰ ਵਿਖੇ ਆਪਣੀ ਹਿਰਾਸਤ 'ਚ ਲੈ ਲਿਆ ਸੀ। ਈ.ਡੀ. ਨੇ ਆਪਣੇ ਬਿਆਨ 'ਚ ਕਿਹਾ ਕਿ ਛਾਪੇਮਾਰੀ ਦੌਰਾਨ ਉਨ੍ਹਾਂ ਕੁਦਰਤਦੀਪ ਸਿੰਘ, ਭੁਪਿੰਦਰ ਸਿੰਘ ਹਨੀ, ਹਨੀ ਦੇ ਪਿਤਾ ਸੰਤੋਖ ਸਿੰਘ ਅਤੇ ਸੰਦੀਪ ਕੁਮਾਰ ਦੇ ਬਿਆਨ ਦਰਜ ਕੀਤੇ ਅਤੇ ਇਸ ਤੋਂ ਇਹ ਸਿੱਧ ਹੋਇਆ ਕਿ ਜ਼ਬਤ ਕੀਤੇ 10 ਕਰੋੜ ਹਨੀ ਦੇ ਸਨ। ਇਸ ਤੋਂ ਇਲਾਵਾ ਹਨੀ ਨੇ ਵੀ ਇਹ ਗੱਲ ਸਵੀਕਾਰ ਕੀਤੀ ਹੈ ਕਿ ਉਸ ਨੂੰ ਰੇਤ ਮਾਈਨਿੰਗ ਦੇ ਕੰਮਾਂ ਅਤੇ ਅਧਿਕਾਰੀਆਂ ਦੇ ਤਬਾਦਲੇ ਤੇ ਤਾਇਨਾਤੀਆਂ 'ਚ ਸਹੂਲਤ ਦੇਣ ਬਦਲੇ ਜ਼ਬਤ ਕੀਤੀ ਗਈ ਨਕਦੀ ਪ੍ਰਾਪਤ ਹੋਈ ਸੀ। ਈ.ਡੀ. ਨੇ ਦੱਸਿਆ ਕਿ ਹਨੀ ਨੂੰ 3 ਫਰਵਰੀ ਨੂੰ ਕੁਝ ਦਸਤਾਵੇਜ਼ਾਂ ਨਾਲ ਨਿੱਜੀ ਤੌਰ 'ਤੇ ਪੇਸ਼ ਹੋਣ ਲਈ ਸੰਮਨ ਜਾਰੀ ਕੀਤੇ ਗਏ ਸਨ। ਜਿਸ ਉਤੇ ਹਨੀ ਈ.ਡੀ. ਸਾਹਮਣੇ ਪੇਸ਼ ਹੋਇਆ ਅਤੇ ਆਪਣਾ ਬਿਆਨ ਦਰਜ ਕਰਵਾਇਆ, ਜਿਸ 'ਚ ਉਸ ਨੇ ਹੋਰਨਾਂ ਗੱਲਾਂ ਨਾਲ ਇਹ ਵੀ ਕਿਹਾ ਕਿ ਉਹ ਮਾਈਨਿੰਗ ਨਾਲ ਸਬੰਧਤ ਸਰਗਰਮੀਆਂ 'ਚ ਸ਼ਾਮਲ ਸੀ ਪਰ ਦੋਸ਼ ਸਾਬਤ ਕਰਨ ਵਾਲਾ ਡਾਟਾ ਸਾਹਮਣੇ ਰੱਖੇ ਜਾਣ 'ਤੇ ਉਸ ਨੇ ਟਾਲ-ਮਟੋਲ ਵਾਲਾ ਰਵੱਈਆ ਅਪਣਾਇਆ।

## ਚੰਨੀ ਗਰੀਬ ਕਿਹੜੇ ਪਾਸਿਓਂ ਹੈ: ਭਗਵੰਤ

**ਬਠਿੰਡਾ:** ਆਮ ਆਦਮੀ ਪਾਰਟੀ ਪੰਜਾਬ ਦੇ ਪ੍ਰਧਾਨ ਅਤੇ ਤਜਵੀਜ਼ਤ ਮੁੱਖ ਮੰਤਰੀ ਭਗਵੰਤ ਮਾਨ ਨੇ ਕਾਂਗਰਸ ਨੂੰ ਨਿਸ਼ਾਨੇ 'ਤੇ ਲੈ ਕੇ ਤਿੱਖੇ ਸੁਆਲ ਚੁੱਕੇ ਹਨ। ਉਨ੍ਹਾਂ ਕਿਹਾ ਕਿ ਰਾਹੁਲ ਗਾਂਧੀ ਨੇ ਲੋਕ ਰਾਇ ਦਾ ਹਵਾਲਾ ਦੇ ਕੇ 'ਗਰੀਬ ਆਦਮੀ' ਚਰਨਜੀਤ ਸਿੰਘ ਚੰਨੀ ਨੂੰ ਮੁੱਖ ਮੰਤਰੀ ਦਾ ਚਿਹਰਾ ਐਲਾਨਿਆ। ਦੋ ਹਲਕਿਆਂ ਚਮਕੌਰ ਸਾਹਿਬ ਅਤੇ ਭਦੌੜ ਤੋਂ ਚੋਣ ਲੜ ਰਹੇ ਸ੍ਰੀ ਚੰਨੀ ਨੇ ਚੋਣ ਕਮਿਸ਼ਨ ਨੂੰ ਦਿੱਤੇ ਹਲਫੀਆ ਬਿਆਨ 'ਚ ਆਪਣੀ 170 ਕਰੋੜ ਰੁਪਏ ਦੀ ਜਾਇਦਾਦ ਦੇ ਵੇਰਵੇ ਦਿੱਤੇ ਹਨ। ਰਾਹੁਲ ਗਾਂਧੀ ਦੀਆਂ ਨਜ਼ਰਾਂ 'ਚ ਸ਼ਾਇਦ ਚੰਨੀ ਇਸ ਲਈ ਗਰੀਬ ਹੈ, ਕਿਉਂਕਿ ਖੁਦ ਰਾਹੁਲ ਅਰਬਾਂ ਰੁਪਏ ਦਾ ਮਾਲਕ ਹੈ। ਉਨ੍ਹਾਂ ਆਖਿਆ ਜਿਸ ਦਾ ਭਤੀਜਾ ਈਡੀ ਵੱਲੋਂ 10 ਕਰੋੜ ਰੁਪਏ ਬਰਾਮਦ ਕੀਤੇ ਜਾਣ ਬਾਰੇ ਖੁਦ ਮੰਨ ਰਿਹਾ ਹੈ, ਉਸ ਬਾਰੇ ਸ੍ਰੀ ਚੰਨੀ ਕਹਿੰਦੇ ਹਨ ਕਿ 'ਮੇਰੇ ਕੋਲੋਂ ਮੇਰੇ ਰਿਸ਼ਤੇਦਾਰਾਂ 'ਤੇ ਨਜ਼ਰ ਨਹੀਂ ਰੱਖੀ ਗਈ'। ਉਨ੍ਹਾਂ ਕਿਹਾ ਕਿ ਜਿਹੜਾ ਆਪਣੇ ਰਿਸ਼ਤੇਦਾਰ 'ਤੇ ਨਜ਼ਰ ਨਹੀਂ ਰੱਖ ਸਕਿਆ, ਉਹ ਪੰਜਾਬ 'ਤੇ ਨਜ਼ਰ ਕਿਵੇਂ ਰੱਖੇਗਾ?

## ਅਰੁਣਾਚਲ ਪ੍ਰਦੇਸ਼ 'ਚ ਬਰਫ ਦੇ ਤੋਦੇ ਹੇਠ ਦੱਬੇ ਸੱਤ ਸੈਨਿਕਾਂ ਦੀਆਂ ਲਾਸ਼ਾਂ ਮਿਲੀਆਂ

**ਨਵੀਂ ਦਿੱਲੀ:** ਅਰੁਣਾਚਲ ਪ੍ਰਦੇਸ਼ ਵਿਚ ਬਰਫ ਦੇ ਤੋਦੇ ਹੇਠ ਦੱਬੇ ਸੱਤ ਸੈਨਿਕਾਂ ਦੀਆਂ ਲਾਸ਼ਾਂ ਮਿਲੀਆਂ ਹਨ। ਇਹ ਸਾਰੇ ਜਵਾਨ ਗਸ਼ਤ ਟੀਮ ਦਾ ਹਿੱਸਾ ਸਨ। ਇਹ ਜਵਾਨ ਜਦੋਂ 14,500 ਫੁੱਟ ਦੀ ਉਚਾਈ 'ਤੇ ਗਸ਼ਤ ਕਰ ਰਹੇ ਸਨ ਤਾਂ ਬਰਫ ਦੇ ਤੋਦੇ ਹੇਠ ਦੱਬ ਗਏ ਸਨ। ਇਸ ਇਲਾਕੇ ਵਿਚ ਕੁਝ ਦਿਨ ਪਹਿਲਾਂ ਖਰਾਬ ਮੌਸਮ ਕਾਰਨ ਭਾਰੀ ਬਰਫਬਾਰੀ ਵੀ ਹੋਈ ਸੀ।

## ਯੂ.ਪੀ. 'ਚ ਭਾਜਪਾ ਖਿਲਾਫ ਸੱਦਾ

*(ਸਫਾ ਇਕ ਦੀ ਬਾਕੀ)*

ਹੈ; ਇਸ ਕਾਰਨ ਭਾਜਪਾ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਇਹੀ ਕਾਰਨ ਹੈ ਕਿ ਕਿਸਾਨਾਂ ਦੇ ਐਲਾਨ ਪਿੱਛੋਂ ਕੇਂਦਰ ਸਰਕਾਰ ਨੇ ਐਮ.ਐਸ.ਪੀ. ਸਣੇ ਹੋਰ ਮੁੱਦਿਆਂ ਬਾਰੇ ਚੁੱਪ ਤੋੜੀ ਹੈ। ਇਸ ਦਬਾਅ ਕਾਰਨ ਪਹਿਲੀ ਵਾਰ ਕੇਂਦਰੀ ਖੇਤੀ ਮੰਤਰੀ ਨਰਿੰਦਰ ਸਿੰਘ ਤੋਮਰ ਨੇ ਰਾਜ ਸਭਾ ਵਿਚ ਇਕ ਸਵਾਲ ਦੇ ਜਵਾਬ ਵਿਚ ਕਿਹਾ ਹੈ ਕਿ ਪੰਜ ਰਾਜਾਂ ਦੀਆਂ ਚੋਣਾਂ ਤੋਂ ਬਾਅਦ ਘੱਟੋ-ਘੱਟ ਸਮਰਥਨ ਮੁੱਲ (ਐਮ.ਐਸ.ਪੀ.) ਉਤੇ ਕਮੇਟੀ ਬਣਾ ਦਿੱਤੀ ਜਾਵੇਗੀ। ਸਰਕਾਰ ਨੇ ਚੋਣ ਕਮਿਸ਼ਨ ਨੂੰ ਇਸ ਸਬੰਧੀ ਤਜਵੀਜ਼ ਭੇਜੀ ਸੀ ਅਤੇ ਕਮਿਸ਼ਨ ਦੇ ਕਹਿਣ ਉਤੇ ਚੋਣਾਂ ਤੱਕ ਕਮੇਟੀ ਦੀ ਨੋਟੀਫਿਕੇਸ਼ਨ ਟਾਲ ਦਿੱਤੀ ਗਈ ਹੈ।

ਅੰਦੋਲਨ ਦੌਰਾਨ ਦਰਜ ਕੇਸ ਵਾਪਸ ਲੈਣ ਅਤੇ ਜਾਨਾਂ ਗੁਆ ਚੁੱਕੇ ਕਿਸਾਨਾਂ ਦੇ ਪਰਿਵਾਰਾਂ ਨੂੰ ਪੰਜਾਬ ਦੀ ਤਰਜ਼ ਉਤੇ ਮੁਆਵਜ਼ਾ ਅਤੇ ਨੌਕਰੀਆਂ ਦੇਣ ਬਾਰੇ ਲਿਖਤ ਸਹਿਮਤੀ ਹੋਈ ਸੀ। ਇਨ੍ਹਾਂ ਮੰਗਾਂ ਉਤੇ ਅਮਲ ਕਰਨ ਦੀ ਬਜਾਇ ਇਨ੍ਹਾਂ ਦੇ ਲਟਕ ਜਾਣ ਨਾਲ ਕਿਸਾਨਾਂ ਅੰਦਰ ਬੇਭਰੋਸਗੀ ਪੈਦਾ ਹੋਈ ਹੈ। ਲਖੀਮਪੁਰ ਖੀਰੀ ਵਿਖੇ ਕੇਂਦਰੀ ਗ੍ਰਹਿ ਰਾਜ ਮੰਤਰੀ ਅਜੈ ਮਿਸ਼ਰਾ ਦੇ ਪੁੱਤਰ 'ਤੇ ਚਾਰ ਕਿਸਾਨਾਂ ਨੂੰ ਤੇਜ ਰਫਤਾਰ ਗੱਡੀਆਂ ਹੇਠ ਦਰੜੇ ਜਾਣ ਦੇ ਮਾਮਲੇ ਦੀ ਜਾਂਚ ਸੁਪਰੀਮ ਕੋਰਟ ਦੀ ਦੇਖ-ਰੇਖ ਵਿਚ ਚੱਲ ਰਹੀ ਹੈ ਪਰ ਮਿਸ਼ਰਾ ਨੇ ਹੁਣ ਤੱਕ ਅਸਤੀਫਾ ਨਹੀਂ ਦਿੱਤਾ।

ਸੰਯੁਕਤ ਕਿਸਾਨ ਮੋਰਚੇ ਦੇ ਆਗੂਆਂ ਵੱਲੋਂ ਪੱਛਮੀ ਬੰਗਾਲ ਸਮੇਤ ਪੰਜ ਰਾਜਾਂ ਦੀਆਂ ਚੋਣਾਂ ਸਮੇਂ ਵੋਟ ਦੀ ਚੋਟ ਦੇ ਦਿੱਤੇ ਗਏ ਨਾਅਰੇ ਨੂੰ ਉੱਤਰ ਪ੍ਰਦੇਸ਼ ਅਤੇ ਹੋਰ ਰਾਜਾਂ ਵਿਚ ਲਾਗੂ ਕਰਨ ਦੇ ਐਲਾਨ ਪਿੱਛੋਂ ਭਾਜਪਾ ਨੇ ਪੈਰਾਂ ਹੇਠੋਂ ਜ਼ਮੀਨ ਖਿਸਕ ਗਈ ਹੈ।

# ਡੇਰਾ ਮੁਖੀ ਦੀ ਫਰਲੋ ਨੇ ਸਿਆਸਤ ਭਖਾਈ

*(ਸਫਾ ਇਕ ਦੀ ਬਾਕੀ)*

ਚੁੱਪ ਵੱਟਣ ਵਿਚ ਹੀ ਭਲਾਈ ਸਮਝ ਰਹੀਆਂ ਹਨ। ਅਸਲ ਵਿਚ, ਸਿਆਸੀ ਧਿਰ ਡੇਰੇ ਦੀ ਵੋਟ ਤਾਕਤ ਨੂੰ ਚੰਗੀ ਤਰ੍ਹਾਂ ਸਮਝਦੀਆਂ ਹਨ। ਪੰਜਾਬ ਵਿਚ ਭਾਵੇਂ ਭਾਜਪਾ ਖਿਲਾਫ ਬਣੇ ਮਾਹੌਲ ਦੇ ਮੱਦੇਨਜ਼ਰ ਸਿਆਸੀ ਮਾਹਰਾਂ ਨਫੇ-ਨੁਕਸਾਨ ਬਾਰੇ ਦੁਚਿੱਤੀ ਵਿਚ ਹਨ ਪਰ ਸੂਬੇ ਦੀਆਂ ਰਵਾਇਤੀ ਧਿਰਾਂ ਤਾਜ਼ਾ ਹਾਲਾਤ ਉਤੇ ਨੇੜਿਉਂ ਨਜ਼ਰ ਰੱਖ ਰਹੀਆਂ ਹਨ। ਮਾਲਵੇ 'ਚ ਡੇਰਾ ਮੁਖੀ ਦੇ ਸ਼ਰਧਾਲੂਆਂ ਦਾ ਖਾਸਾ ਪ੍ਰਭਾਵ ਹੈ। ਪੰਜਾਬ ਦੇ 117 ਵਿਧਾਨ ਸਭਾ ਹਲਕਿਆਂ ਵਿਚੋਂ ਮਾਲਵੇ 56 ਵਿਧਾਨ ਸਭਾ ਹਲਕਿਆਂ 'ਚ ਡੇਰਾ ਸਿਰਸਾ ਸ਼ਰਧਾਲੂਆਂ ਦੀ ਵੱਡੀ ਗਿਣਤੀ ਹੈ ਜਿਸ ਨਾਲ ਪੰਜਾਬ ਸਿਆਸੀ ਮਾਹੌਲ ਪ੍ਰਭਾਵਿਤ ਹੋਵੇਗਾ।

ਡੇਰਾ ਮੁਖੀ ਵੱਲੋਂ ਜਿਸ ਵੀ ਸਿਆਸੀ ਪਾਰਟੀ ਦੇ ਪੱਖ ਵਿਚ ਡੇਰਾ ਸ਼ਰਧਾਲੂਆਂ ਨੂੰ ਇਸ਼ਾਰਾ ਕੀਤਾ ਜਾਵੇਗਾ, ਉਸ ਸਿਆਸੀ ਪਾਰਟੀ ਦੀ ਲਾਟਰੀ ਲੱਗ ਸਕਦੀ ਹੈ। ਡੇਰਾ ਸਿਰਸਾ ਦਾ ਮਾਲਵਾ ਖੇਤਰ ਦੇ ਪਟਿਆਲਾ, ਸੰਗਰੂਰ, ਬਰਨਾਲਾ, ਬਠਿੰਡਾ, ਮੁਕਤਸਰ ਆਦਿ ਜ਼ਿਲ੍ਹਿਆਂ ਵਿਚ ਜ਼ਿਆਦਾ ਆਧਾਰ ਹੈ ਅਤੇ ਸੂਬੇ ਦੀਆਂ ਸਭ ਤੋਂ ਜ਼ਿਆਦਾ 69 ਸੀਟਾਂ ਵੀ ਮਾਲਵਾ ਖਿੱਤੇ 'ਚ ਪੈਂਦੀਆਂ ਹਨ।

ਪੰਜਾਬ ਵਿਚ ਡੇਰਿਆਂ ਦਾ ਬੜਾ ਪ੍ਰਭਾਵ ਹੈ। ਇਸੇ ਕਰਕੇ ਚੋਣਾਂ ਨੇੜੇ ਤਕਰੀਬਨ ਸਾਰੀਆਂ ਸਿਆਸੀ ਧਿਰਾਂ ਡੇਰਿਆਂ ਉਤੇ ਚੌਂਕੀਆਂ ਭਰਦੀਆਂ ਹਨ। ਪੰਜਾਬ ਵਿਚ 300 ਦੇ ਕਰੀਬ ਡੇਰਿਆਂ ਦੇ 10 ਲੱਖ ਤੋਂ ਉੱਪਰ ਸ਼ਰਧਾਲੂ ਹਨ। ਸ਼ਰਧਾਲੂ ਪੰਜਾਬ ਦੇ ਵੱਖ-ਵੱਖ ਡੇਰਿਆਂ ਨਾਲ ਜੁੜੇ ਹੋਏ ਹਨ ਜਿਨ੍ਹਾਂ ਵਿਚ ਰਾਧਾ ਸੁਆਮੀ ਬਿਆਸ, ਨਿਰੰਕਾਰੀ ਨਾਮਧਾਰੀ, ਦਿਵਿਆ ਜਿਓਤੀ ਨੂਰਮਹਿਲ, ਡੇਰਾ ਸੱਚ ਖੰਡ ਬੱਲਾ, ਡੇਰਾ ਬੇਗੋਵਾਲ ਆਦਿ ਦੇ ਪ੍ਰਮੁੱਖ ਨਾਮ ਹਨ। ਇਨ੍ਹਾਂ ਸਮੂਹ ਡੇਰਿਆਂ 'ਚ ਡੇਰਾ ਸੱਚਾ ਸੌਦਾ ਡੇਰਾ ਸ਼ਰਧਾਲੂਆਂ ਦੀ ਗਿਣਤੀ ਸਭ ਤੋਂ ਵੱਡੀ ਹੈ। ਚੋਣਾਂ ਦੇ ਨੇੜੇ ਡੇਰਾ ਮੁਖੀ ਨੂੰ ਫਰਲੋ ਮਿਲਣਾ ਪੰਜਾਬ ਦੇ ਰਾਜਨੀਤਕ ਭਵਿੱਖ ਲਈ ਨਵੀਂ ਚਰਚੇ ਛਿੜ ਚੁੱਕੀ ਹੈ।

ਰਾਮ ਰਹੀਮ ਨੂੰ ਸਾਧਵੀ ਜਬਰ ਜਨਾਹ ਮਾਮਲੇ 'ਚ 20 ਸਾਲ ਦੀ ਸਜ਼ਾ ਸੁਣਾਈ ਗਈ ਸੀ। ਉਥੇ ਹੀ ਪੱਤਰਕਾਰ ਰਾਮ ਚੰਦਰ ਛੱਤਰਪਤੀ ਹੱਤਿਆ ਕਾਂਡ ਤੇ ਰਣਜੀਤ ਸਿੰਘ ਹੱਤਿਆ ਕਾਂਡ 'ਚ ਵੀ ਰਾਮ ਰਹੀਮ ਨੂੰ ਦੋਸ਼ੀ ਕਰਾਰ ਦਿੱਤਾ ਗਿਆ ਸੀ। ਤਦ ਤੋਂ ਗੁਰਮੀਤ ਰਾਮ ਰਹੀਮ ਸੁਨਾਰੀਆ ਜੇਲ੍ਹ 'ਚ ਸਜ਼ਾ ਕੱਟ ਰਿਹਾ ਹੈ। ਬਿਮਾਰ ਹੋਣ 'ਤੇ ਡੇਰਾ ਮੁਖੀ ਨੂੰ ਕਈ ਵਾਰ ਜੇਲ੍ਹ ਤੋਂ ਬਾਹਰ ਪੀ.ਜੀ.ਆਈ. ਰੋਹਤਕ, ਗੁਰੂਗ੍ਰਾਮ ਅਤੇ ਏਮਜ਼ ਹਸਪਤਾਲ ਦਿੱਲੀ 'ਚ ਵੀ ਲਿਜਾਇਆ ਗਿਆ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਰਾਜਿੰਦਰ ਸਿੰਘ ਬੈਂਸ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਹਰਜੀਤ ਸਿੰਘ ਸਾਹੀ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੂਰਾ |
| ਸਵਰਨਜੀਤ ਸਿੰਘ ਢਿਲੋਂ | ਸਰਵਣ ਸਿੰਘ ਟਿਵਾਣਾ | ਜਗਦੀਸ਼ਰ ਸਿੰਘ ਕਲੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਅਮੋਲਕ ਸਿੰਘ ਗਾਖਲ | ਜੈਦੇਵ ਸਿੰਘ ਭੱਠਲ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ |
| ਦਰਸ਼ਨ ਸਿੰਘ ਗਰੇਵਾਲ | ਪਰਮਿੰਦਰ ਸਿੰਘ ਵਾਲੀਆ | ਦਰਸ਼ਨ ਸਿੰਘ ਦਰੜ | ਗੁਰਵੀਰ ਸਿੰਘ ਗਿੱਲ |
| ਹਰਦਿਆਲ ਸਿੰਘ ਦਿਓਲ | ਜਸਵਿੰਦਰ ਸਿੰਘ (ਜੱਸੀ) ਗਿੱਲ | ਡਾ. ਗੁਰਚਰਨ ਸਿੰਘ ਗਰੇਵਾਲ | |

# ਨਹੀਂ ਰਹੀ ਸੁਰਾਂ ਦੀ ਮਲਿਕਾ ਲਤਾ ਮੰਗੇਸ਼ਕਰ

**ਮੁੰਬਈ:** ਆਪਣੀ ਵਿਲੱਖਣ ਤੇ ਸੁਰੀਲੀ ਆਵਾਜ਼ ਨਾਲ ਦੱਖਣੀ ਏਸ਼ੀਆ ਦੀਆਂ ਪੀੜ੍ਹੀਆਂ 'ਚ ਇਕ ਵੱਖਰੀ ਪਛਾਣ ਬਣਾਉਣ ਵਾਲੀ ਅਤੇ ਭਾਰਤ ਦੀਆਂ ਮਹਾਨ ਸ਼ਖਸੀਅਤਾਂ ਵਿਚ ਸ਼ੁਮਾਰ ਲਤਾ ਮੰਗੇਸ਼ਕਰ ਦਾ 92 ਵਰ੍ਹਿਆਂ ਦੀ ਉਮਰ 'ਚ ਦਿਹਾਂਤ ਹੋ ਗਿਆ। ਸਰੀਰ ਦੇ ਕਈ ਅੰਗਾਂ ਦੇ ਕੰਮ ਬੰਦ ਕਰਨ ਤੋਂ ਬਾਅਦ ਉਨ੍ਹਾਂ ਮੁੰਬਈ ਦੇ ਬ੍ਰੀਚ ਕੈਂਡੀ ਹਸਪਤਾਲ 'ਚ ਆਖਰੀ ਸਾਹ ਲਿਆ।



ਉਨ੍ਹਾਂ ਨੂੰ ਕਰੋਨਾ ਦੇ ਹਲਕੇ ਲੱਛਣਾਂ ਤੋਂ ਬਾਅਦ 8 ਜਨਵਰੀ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਸੀ। ਉਨ੍ਹਾਂ ਨੂੰ ਨਮੂਨੀਆ ਵੀ ਹੋ ਗਿਆ ਸੀ। 'ਸੁਰਾਂ ਦੀ ਮਲਿਕਾ' ਲਤਾ ਮੰਗੇਸ਼ਕਰ ਨੇ ਕਰੀਬ ਹਰ ਭਾਵਨਾ ਨੂੰ ਆਪਣੀ ਗੀਤਾਂ ਰਾਹੀਂ ਜ਼ਾਹਿਰ ਕੀਤਾ। ਭਾਵੇਂ ਉਹ ਉਦਾਸ ਭਾਵ ਹੋਵੇ ਜਾਂ ਫਿਰ ਖੁਸ਼ੀ ਵਾਲਾ, ਜਾਂ ਦੇਸ਼ ਭਗਤੀ ਨਾਲ ਭਿੱਜਿਆ ਤੇ ਜਾਂ ਫਿਰ ਇਸ਼ਕ ਦੇ ਰੰਗ ਵਿਚ ਰੰਗਿਆ।

1942 ਵਿਚ ਆਈ ਮਰਾਠੀ ਫਿਲਮ 'ਕਿਤੀ ਹਸਾਲ' ਨਾਲ 13 ਸਾਲ ਦੀ ਨਿੱਕੀ ਉਮਰੇ ਆਪਣੇ ਗਾਇਕੀ ਦੇ ਸਫਰ ਦੀ ਸ਼ੁਰੂਆਤ ਕਰਨ ਵਾਲੀ ਲਤਾ ਸੰਗੀਤਕ ਸੁਰਾਂ ਦੇ ਉਸ ਪੱਧਰ ਉਤੇ ਜਾ ਪਹੁੰਚੀ ਜਿੱਥੇ ਪਹਿਲਾਂ ਕੋਈ ਨਹੀਂ ਪਹੁੰਚਿਆ ਸੀ। ਮੰਗੇਸ਼ਕਰ ਨੇ ਨਾ ਸਿਰਫ ਹਿੰਦੀ ਬਲਕਿ ਕਰੀਬ ਹਰ ਵੱਡੀ ਭਾਰਤੀ ਭਾਸ਼ਾ ਵਿਚ ਗੀਤ ਗਾਏ।

ਉਨ੍ਹਾਂ ਫਿਲਮ ਜਗਤ ਦੀਆਂ ਕਈ ਮੋਹਰੀ ਅਭਿਨੇਤਰੀਆਂ ਜਿਵੇਂ ਮਧੂਬਾਲਾ, ਵਹੀਦਾ ਰਹਿਮਾਨ, ਮੀਨਾ ਕੁਮਾਰੀ, ਜਯਾ ਬਚਨ, ਕਾਜੋਲ ਤੇ ਪ੍ਰੀਤੀ ਜਿੰਟਾ ਲਈ ਪਿੱਠਵਰਤੀ ਆਵਾਜ਼ ਦਿੱਤੀ।

ਦਹਾਕਿਆਂ ਤੱਕ ਲੋਕ ਮਨਾਂ ਉਤੇ ਰਾਜ ਕਰਨ ਵਾਲੇ ਉਨ੍ਹਾਂ ਦੇ ਗੀਤਾਂ ਵਿਚੋਂ ਇਕ 'ਮਹਿਲ' (1949) ਫਿਲਮ ਦਾ ਗੀਤ 'ਆਏਗਾ ਆਨੇਵਾਲਾ' ਵੀ ਸੀ। ਕਵੀ ਪ੍ਰਦੀਪ ਵੱਲੋਂ ਲਿਖਿਆ ਤੇ ਲਤਾ ਵੱਲੋਂ ਗਾਇਆ ਗੀਤ 'ਐ ਮੇਰੇ ਵਤਨ ਕੇ ਲੋਗੋ' ਜੋ ਕਿ 1962 ਦੀ ਭਾਰਤ-ਚੀਨ ਜੰਗ ਵਿਚ ਸ਼ਹੀਦ ਹੋਏ ਸੈਨਿਕਾਂ ਨੂੰ ਸਮਰਪਿਤ ਸੀ, ਅਮਿੱਟ ਛਾਪ ਛੱਡ ਗਿਆ। ਹਾਲਾਂਕਿ ਇਹ ਗੀਤ ਕਿਸੇ ਫਿਲਮ ਨਾਲ ਸਬੰਧਤ ਨਹੀਂ ਸੀ। ਸੀ. ਰਾਮਚੰਦਰ ਵੱਲੋਂ ਸੰਗੀਤਬੱਧ ਕੀਤੇ ਇਸ ਗੀਤ ਨੂੰ ਲਤਾ ਨੇ 27 ਜਨਵਰੀ, 1963 ਨੂੰ ਕੌਮੀ ਸਟੇਡੀਅਮ ਵਿਚ ਰਾਸ਼ਟਰਪਤੀ ਡਾ. ਐੱਸ. ਰਾਧਾਕ੍ਰਿਸ਼ਨਨ ਤੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਦੀ ਹਾਜਰੀ ਵਿਚ ਗਾਇਆ ਸੀ। ਕਿਹਾ ਜਾਂਦਾ ਹੈ ਕਿ ਗੀਤ ਸੁਣ ਕੇ ਨਹਿਰੂ ਦੀਆਂ ਅੱਖਾਂ ਭਰ ਆਈਆਂ ਸਨ। ਇਸ ਤੋਂ ਇਲਾਵਾ 'ਪਾਕੀਜ਼ਾ' (1972) ਫਿਲਮ ਦਾ ਗੀਤ 'ਚਲਤੇ ਚਲਤੇ ਯੂੰ ਹੀ ਕੋਈ' ਲਤਾ ਵੱਲੋਂ ਗਾਏ ਸਭ ਤੋਂ ਖੂਬਸੂਰਤ ਗੀਤਾਂ ਵਿਚੋਂ ਇਕ ਸੀ। ਕੈਫੀ ਆਜਮੀ, ਮਜਰੂਹ ਸੁਲਤਾਨਪੁਰੀ ਤੇ ਕੈਫ ਭੁਪਾਲੀ ਵੱਲੋਂ ਲਿਖਿਆ ਇਹ ਗੀਤ ਖੁਸ਼ੀ, ਡੂੰਘੀ ਮੁਹੱਬਤ ਤੇ ਗਹਿਰੇ ਸਮਰਪਣ ਨੂੰ ਪ੍ਰਗਟ ਕਰਦਾ ਸੀ।

ਇਸੇ ਤਰ੍ਹਾਂ 'ਅਨਾਮਿਕਾ' (1973) ਫਿਲਮ ਦਾ ਗੀਤ 'ਬਾਹੋਂ ਮੇਂ ਚਲੇ ਆਓ' ਜਿਸ ਨੂੰ ਆਰ.ਡੀ ਬਰਮਨ ਨੇ ਸੰਗੀਤਬੱਧ ਕੀਤਾ ਸੀ, ਰੁਮਾਂਸ ਨਾਲ ਭਰਿਆ ਹੋਇਆ ਗੀਤ ਸੀ। ਇਸ ਵਿਚ ਲਤਾ ਨੇ ਵੱਖ-ਵੱਖ ਤਰ੍ਹਾਂ ਦੇ ਗੀਤਾਂ ਉਤੇ ਆਪਣੀ ਡੂੰਘੀ ਪਕੜ ਦਾ ਸਬੂਤ ਦਿੱਤਾ।

# ਹਰੀ ਸਿੰਘ ਨਲੂਆ ਦਾ ਬੁੱਤ ਹਟਾਉਣ ਦ ਮੁੱਦੇ 'ਤੇ ਦਖਲ ਮੰਗਿਆ

**ਨਵੀਂ ਦਿੱਲੀ:** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪਾਕਿਸਤਾਨ ਵਿਚ ਸਿੱਖ ਜਰਨੈਲ ਹਰੀ ਸਿੰਘ ਨਲੂਆ ਦਾ ਬੁੱਤ ਹਟਾਉਣ ਦੀ ਨਿਖੇਧੀ ਕੀਤੀ ਹੈ। ਉਨ੍ਹਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਪੱਤਰ ਲਿਖ ਕੇ ਅਪੀਲ ਕੀਤੀ ਕਿ ਉਹ ਇਹ ਬੁੱਤ ਮੁੜ ਲਗਵਾਉਣਾ ਯਕੀਨੀ ਬਣਾਉਣ। ਪੱਤਰ ਵਿਚ ਕਮੇਟੀ ਪ੍ਰਧਾਨ ਹਰਮੀਤ ਸਿੰਘ ਕਾਲਕਾ ਤੇ ਜਨਰਲ ਸਕੱਤਰ ਜਗਦੀਪ ਸਿੰਘ ਕਾਹਲੋਂ ਨੇ ਕਿਹਾ ਕਿ ਮੀਡੀਆ ਰਾਹੀਂ ਉਨ੍ਹਾਂ ਦੇ ਧਿਆਨ ਵਿਚ ਆਇਆ ਹੈ ਕਿ ਪਾਕਿਸਤਾਨ ਦੇ ਸਥਾਨਕ ਪ੍ਰਸ਼ਾਸਨ ਨੇ ਖੈਬਰ ਪਖਤੂਨਵਾ ਦੇ ਸ਼ਹਿਰ ਹਰੀਪੁਰ ਵਿਚ ਸਿੱਖ ਜਰਨੈਲ ਹਰੀ ਸਿੰਘ ਨਲੂਆ ਦਾ ਬੁੱਤ ਹਟਾ ਦਿੱਤਾ ਹੈ, ਜਿਸ ਨਾਲ ਸਿੱਖ ਕੌਮ ਦੀਆਂ ਭਾਵਨਾਵਾਂ ਨੂੰ ਡੂੰਘੀ ਸੱਟ ਵੱਜੀ ਹੈ। ਉਨ੍ਹਾਂ ਕਿਹਾ ਕਿ ਸਿੱਖ ਸੰਗਤ ਦੀਆਂ ਅਪੀਲਾਂ ਦੇ ਬਾਵਜੂਦ ਪਾਕਿਸਤਾਨ ਸਰਕਾਰ ਹਰੀ ਸਿੰਘ ਨਲੂਆ ਦੀ ਹਵੇਲੀ ਦੀ ਸੰਭਾਲ ਨਹੀਂ ਕਰ ਸਕੀ।

# ਪੰਜਾਬ ਵਿਚ ਕਰੋਨਾ ਪਾਬੰਦੀਆਂ ਵਿਚ ਢਿੱਲ, ਸਕੂਲ ਖੁੱਲ੍ਹੇ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਕੋਵਿਡ ਦੀ ਰੋਕਥਾਮ ਸਬੰਧੀ ਲਾਗੂ ਕੀਤੇ ਗਏ ਨੇਮਾਂ ਵਿਚ ਢਿੱਲ ਦਿੰਦਿਆਂ ਪ੍ਰਾਇਮਰੀ ਸਕੂਲਾਂ ਨੂੰ ਛੱਡ ਕੇ ਬਾਕੀ ਸਾਰੇ ਵਿੱਦਿਅਕ ਅਦਾਰਿਆਂ ਨੂੰ ਖੋਲ੍ਹਣ ਦੀ ਪ੍ਰਵਾਨਗੀ ਦੇ ਦਿੱਤੀ ਹੈ। ਛੇਵੀਂ ਤੋਂ ਲੈ ਕੇ ਬਾਰ੍ਹਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਲਈ ਸਕੂਲ ਖੋਲ੍ਹ ਦਿੱਤੇ ਹਨ। ਇਸੇ ਤਰ੍ਹਾਂ ਕਾਲਜ ਅਤੇ ਯੂਨੀਵਰਸਿਟੀਆਂ ਖੋਲ੍ਹਣ ਦੀ ਮਨਜ਼ੂਰੀ ਵੀ ਦੇ ਦਿੱਤੀ ਗਈ ਹੈ।

ਪੰਜਵੀਂ ਤੱਕ ਦੀਆਂ ਜਮਾਤਾਂ ਲਈ ਅਜੇ ਸਕੂਲ ਬੰਦ ਰਹਿਣਗੇ। ਵਿਦਿਆਰਥੀਆਂ ਨੂੰ ਆਨਲਾਈਨ ਪੜ੍ਹਾਈ ਦਾ ਬਦਲ ਵੀ ਦਿੱਤਾ ਗਿਆ ਹੈ। ਪੰਜਾਬ ਸਰਕਾਰ ਵੱਲੋਂ ਜਾਰੀ ਨਵੀਆਂ ਹਦਾਇਤਾਂ ਅਨੁਸਾਰ ਹੁਣ ਕਾਲਜ, ਯੂਨੀਵਰਸਿਟੀਆਂ, ਕੋਚਿੰਗ ਸੈਂਟਰ, ਲਾਇਬ੍ਰੇਰੀਆਂ ਤੇ ਟਰੇਨਿੰਗ ਸੈਂਟਰ ਖੁੱਲ੍ਹ ਸਕਣਗੇ। ਨਵੀਆਂ ਹਦਾਇਤਾਂ ਅਨੁਸਾਰ 15 ਸਾਲ ਤੋਂ ਵੱਧ ਉਮਰ ਦੇ ਬੱਚਿਆਂ ਲਈ ਕੋਵਿਡ ਵਿਰੋਧੀ ਵੈਕਸੀਨ ਦੀ ਡੋਜ਼ ਲਾਜ਼ਮੀ ਕੀਤੀ ਗਈ ਹੈ। ਇਸੇ ਤਰ੍ਹਾਂ ਬਾਰ ਅਤੇ ਸ਼ਾਪਿੰਗ ਮਾਲ ਖੋਲ੍ਹਣ ਦੀ ਮਨਜ਼ੂਰੀ ਵੀ ਦਿੱਤੀ ਗਈ ਹੈ ਅਤੇ ਇਸੇ ਤਰ੍ਹਾਂ ਕਾਰੋਬਾਰੀ ਅਦਾਰੇ 75 ਫੀਸਦੀ ਸਮਰੱਥਾ ਨਾਲ ਖੋਲ੍ਹੇ ਜਾ ਸਕਣਗੇ।

ਨਵੀਆਂ ਹਦਾਇਤਾਂ ਅਨੁਸਾਰ ਸਿਨੇਮਾ, ਮਲਟੀਪਲੈਕਸ, ਰੈਸਟੋਰੈਂਟ, ਜਿਮ, ਸਪਾ, ਖੇਡ ਕੰਪਲੈਕਸ ਅਤੇ ਮਿਊਜ਼ੀਅਮ ਆਦਿ ਵੀ 75 ਫੀਸਦੀ ਸਮਰੱਥਾ ਨਾਲ ਖੋਲ੍ਹੇ ਜਾਣ ਦੀ ਆਗਿਆ ਦਿੱਤੀ ਗਈ ਹੈ। ਇਹ ਵੀ ਲਾਜ਼ਮੀ ਕੀਤਾ ਗਿਆ ਹੈ ਕਿ ਇਨ੍ਹਾਂ ਅਦਾਰਿਆਂ ਦੇ ਸਟਾਫ ਨੂੰ ਕੋਵਿਡ ਵਿਰੋਧੀ ਵੈਕਸੀਨ ਦੀਆਂ ਦੋਵੇਂ ਖੁਰਾਕਾਂ ਲੱਗੀਆਂ ਹੋਣ।

ਇਸ ਤੋਂ ਇਲਾਵਾ ਏ.ਸੀ. ਬੱਸਾਂ ਵੀ ਹੁਣ 50 ਫੀਸਦੀ ਸਮਰੱਥਾ ਨਾਲ ਚੱਲ ਸਕਣਗੀਆਂ। ਪੰਜਾਬ ਸਰਕਾਰ ਦੇ ਇਸ ਫੈਸਲੇ ਨਾਲ ਕਾਰੋਬਾਰੀ ਅਦਾਰਿਆਂ ਅਤੇ ਵਿੱਦਿਅਕ ਅਦਾਰਿਆਂ ਨੂੰ ਕਾਫੀ ਰਾਹਤ ਮਿਲੇਗੀ, ਕਿਉਂਕਿ ਵਿੱਦਿਅਕ ਅਦਾਰੇ ਖੋਲ੍ਹਣ ਲਈ ਪ੍ਰਬੰਧਕੀ ਕਮੇਟੀਆਂ ਦਬਾਅ ਬਣਾ ਰਹੀਆਂ ਸਨ। ਚੋਣ ਕਮਿਸ਼ਨ ਨੇ ਵੀ ਚੋਣ ਪ੍ਰਚਾਰ ਸਬੰਧੀ ਹਦਾਇਤਾਂ ਵਿਚ ਢਿੱਲ ਦੇ ਦਿੱਤੀ ਹੈ।

ਉਧਰ, ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਨੇ ਕਿਹਾ ਕਿ ਸੰਘਰਸਸ਼ੀਲ ਕਿਸਾਨ ਜਥੇਬੰਦੀਆਂ ਦੀ ਪਹਿਲਕਦਮੀ 'ਤੇ ਚਲਦਿਆਂ ਅਧਿਆਪਕ ਜਥੇਬੰਦੀਆਂ, ਵਿਦਿਆਰਥੀਆਂ, ਮਾਪਿਆਂ, ਸਕੂਲ ਪ੍ਰਬੰਧਕਾਂ, ਆਮ ਲੋਕਾਂ ਦੇ ਸੰਘਰਸ਼ ਦੇ ਦਬਾਅ ਅੱਗੇ ਝੁਕਦਿਆਂ ਪੰਜਾਬ ਸਰਕਾਰ ਨੇ ਸਕੂਲ ਅਤੇ ਕਾਲਜ ਖੋਲ੍ਹਣ ਦਾ ਫੈਸਲਾ ਕੀਤਾ ਹੈ। ਇਹ ਕਿਸਾਨਾਂ ਦੇ ਸੰਘਰਸ਼ ਦੀ ਅੰਸ਼ਕ ਜਿੱਤ ਹੈ।


Fresno County Superior Court Case Number: 18CEFL01030
Summons
NOTICE TO RESPONDENT (Name): SUKHWINDER SINGH
PETITIONER: MANPREET KAUR
You have been sued. Read the information below:
You have 30 calendar days after this Summons and Petition are served on you to file a Response (form FL-120) at the court and have a copy served on the petitioner. A letter, phone call, or court appearance will not protect you. If you do not file your Response on time, the court may make orders affecting your marriage or domestic partnership, your property, and custody of your children. You may be ordered to pay support and attorney fees and costs. For legal advice, contact a lawyer immediately. Get help finding a lawyer at the California Courts Online Self-Help Center (www.courts.ca.gov/selfhelp), at the California Legal Services website (www.lawhelpca.org), or by contacting your local county bar association.
NOTICE—RESTRAINING ORDERS: These restraining orders are effective against both spouses or domestic partners until the petition is dismissed, a judgment is entered, or the court makes further orders. They are enforceable anywhere in California by any law enforcement officer who has received or seen a copy of them.
FEE WAIVER: If you cannot pay the filing fee, ask the clerk for a fee waiver form. The court may order you to pay back all or part of the fees and costs that the court waived for you or the other party.

The name and address of the court are:
FRESNO COUNTY SUPERIOR COURT
1130 'O' STREET
FRESNO, CA 93721

Name of Petitioner or Petitioner's attorney
Tanvir Joshi (Joshi Law Firm)
516 W. Shaw Ave Ste 200
Fresno, CA 93704

STANDARD FAMILY LAW RESTRAINING ORDERS
Starting immediately, you and your spouse or domestic partner are restrained from:
1. removing the minor children of the parties from the state or applying for a new or replacement passport for those minor children without the prior written consent of the other party or an order of the court;
2. cashing, borrowing against, canceling, transferring, disposing of, or changing the beneficiaries of any insurance or other coverage, including life, health, automobile, and disability, held for the benefit of the parties and their minor children;
3. transferring, encumbering, hypothecating, concealing, or in any way disposing of any property, real or personal, whether community, quasi-community, or separate, without the written consent of the other party or an order of the court, except in the usual course of business or for the necessities of life; and
4. creating a nonprobate transfer or modifying a nonprobate transfer in a manner that affects the disposition of property subject to the transfer, without the written consent of the other party or an order of the court. Before revocation of a nonprobate transfer can take effect or a right of survivorship to property can be eliminated, notice of the change must be filed and served on the other party.
You must notify each other of any proposed extraordinary expenditures at least five business days prior to incurring these extraordinary expenditures and account to the court for all extraordinary expenditures made after these restraining orders are effective. However, you may use community property, quasi-community property, or your own separate property to pay an attorney to help you or to pay court costs.
NOTICE—ACCESS TO AFFORDABLE HEALTH INSURANCE: Do you or someone in your household need affordable health insurance? If so, you should apply for Covered California. Covered California can help reduce the cost you pay towards high quality affordable health care. For more information, visit www.coveredca.com. Or call Covered California at 1-800-300-1506.
WARNING—IMPORTANT INFORMATION California law provides that, for purposes of division of property upon dissolution of a marriage or domestic partnership or upon legal separation, property acquired by the parties during marriage or domestic partnership in joint form is presumed to be community property. If either party to this action should die before the jointly held community property is divided, the language in the deed that characterizes how title is held (i.e., joint tenancy, tenants in common, or community property) will be controlling, and not the community property presumption. You should consult your attorney if you want the community property presumption to be written into the recorded title to the property.



ਖੁੱਲ੍ਹ ਗਿਆ ਹੈ! ਖੁੱਲ੍ਹ ਗਿਆ ਹੈ!! ਖੁੱਲ੍ਹ ਗਿਆ ਹੈ!!!



Rosie Sandhu, MSN, NP-C
Co-Founder & Owner
Website: harmonyprimarycare.com

ਤੁਹਾਡੀ ਸਿਹਤ ਤੇ ਸੁੰਦਰਤਾ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਇੱਥੇ ਉਪਲੱਬਧ ਹਨ

SERVICES:

ਪ੍ਰਾਇਮਰੀ ਕੇਅਰ /ਸਾਲਾਨਾ ਮੈਡੀਕਲ ਚੈਕਅੱਪ
ਡੀ.ਓ.ਟੀ.
ਪਰੀ ਇੰਪਲਾਈਮੈਂਟ ਫਿਜ਼ੀਕਲ
ਹਾਈ ਸਕੂਲ ਸਪੋਰਟ ਫਿਜ਼ੀਕਲ
ਮੈਡੀਕਲ ਸਪਾ ਸੇਵਾਵਾਂ

BOTOX
Dermal filler
Micro-Needling
Kybella
Lip Blushing
Immune Boost Injections




640 Patrick place, Suite B, Brownsburg, IN 46112
Contact: (317)456-0411

Derma Plane
Skin Medica Chemical Peels
PRP Micro Needling
B12 Injections
Vitamin D Injections
Lipi-Mino Injections



Kamna Agarwal, OTC & Certified Yoga Instructor
Co-Founder & Owner

We also offer a variety of Yoga classes including Bikram Style Yoga.

Serving Indian American community in Hendricks County and all surrounding counties in Indiana. Our aim is to bring a unique concept of primary care, aesthetics, yoga, and wellness under one roof.

We will soon be launching laser treatments, acupuncture, and Ayurvedic supplements!

Hours: Open Tuesday-Friday 8 am to 4pm
Saturday 11:30 am to 3:30 pm

# ਕਾਂਗਰਸ ਵੱਲੋਂ ਮੁੱਖ ਮੰਤਰੀ ਉਮੀਦਵਾਰ ਵਜੋਂ ਚੰਨੀ ਦੇ ਨਾਮ 'ਤੇ ਮੋਹਰ

**ਲੁਧਿਆਣਾ:** ਪੰਜਾਬ ਵਿਧਾਨ ਸਭਾ ਚੋਣਾਂ ਲਈ ਮੁੱਖ ਮੰਤਰੀ ਚਿਹਰਾ ਐਲਾਨੇ ਜਾਣ ਨੂੰ ਲੈ ਕੇ ਕਾਂਗਰਸ ਅੰਦਰ ਚੱਲ ਰਹੇ ਕਿਆਸਾਂ ਨੂੰ ਵਿਰਾਮ ਦਿੰਦਿਆਂ ਪਾਰਟੀ ਦੇ ਸਾਬਕਾ ਕੌਮੀ ਪ੍ਰਧਾਨ ਰਾਹੁਲ ਗਾਂਧੀ ਨੇ ਚਰਨਜੀਤ ਸਿੰਘ ਚੰਨੀ ਦੇ ਨਾਮ 'ਤੇ ਰਸਮੀ ਮੋਹਰ ਲਾ ਦਿੱਤੀ ਹੈ।

ਆਮ ਆਦਮੀ ਪਾਰਟੀ ਵੱਲੋਂ ਸੰਗਰੂਰ ਤੋਂ ਸੰਸਦ ਮੈਂਬਰ ਭਗਵੰਤ ਮਾਨ ਨੂੰ ਮੁੱਖ ਮੰਤਰੀ ਚਿਹਰਾ ਐਲਾਨੇ ਜਾਣ ਮਗਰੋਂ ਕਾਂਗਰਸ 'ਤੇ ਵੀ ਲਗਾਤਾਰ ਦਬਾਅ ਸੀ ਕਿ ਉਹ ਮੁੱਖ ਮੰਤਰੀ ਚਿਹਰਾ ਐਲਾਨੇ। ਉਧਰ, ਕਿਤੇ ਨਾ ਕਿਤੇ ਨਵਜੋਤ ਸਿੰਘ ਸਿੱਧੂ ਆਪਣੀ ਹੀ ਸਰਕਾਰ ਤੇ ਪਾਰਟੀ 'ਤੇ ਸਵਾਲ ਚੁੱਕ ਰਹੇ ਸਨ ਕਿ 'ਬਿਨਾਂ ਲਾੜੇ ਦੇ ਬਾਰਾਤ ਕਿਵੇਂ ਚੱਲੇਗੀ।' ਪਿਛਲੇ ਮਹੀਨੇ ਜਲੰਧਰ 'ਚ ਕੀਤੀ ਵਰਚੁਅਲ ਰੈਲੀ ਦੌਰਾਨ ਰਾਹੁਲ ਗਾਂਧੀ ਨੇ ਐਲਾਨ ਕੀਤਾ ਸੀ ਕਿ ਪੰਜਾਬ 'ਚ ਪਾਰਟੀ ਦੇ ਮੁੱਖ ਮੰਤਰੀ ਚਿਹਰੇ ਬਾਰੇ ਜਨਤਾ ਤੈਅ ਕਰੇਗੀ।

ਉਨ੍ਹਾਂ ਲੋਕ ਰਾਏ ਮਗਰੋਂ ਇਕ ਹਫਤੇ ਅੰਦਰ ਇਹ ਮਸ਼ਕ ਪੂਰੀ ਕਰ ਲੈਣ ਦਾ ਦਾਅਵਾ ਕੀਤਾ ਸੀ। ਇਥੇ ਹਰਸ਼ਿਲਾ ਰਿਜ਼ੋਰਟ ਵਿਚ ਕੀਤੀ ਰੈਲੀ ਦੌਰਾਨ ਰਾਹੁਲ ਗਾਂਧੀ ਹੰਢੇ ਹੋਏ ਸਿਆਸਤਦਾਨ



ਵਜੋਂ ਵਿਚਰੇ। ਮੰਚ ਤੋਂ ਆਪਣੇ ਸੰਬੋਧਨ ਦੌਰਾਨ ਉਨ੍ਹਾਂ ਸਭ ਤੋਂ ਪਹਿਲਾਂ ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਦਾ ਜ਼ਿਕਰ ਕੀਤਾ। ਉਨ੍ਹਾਂ ਕਿਹਾ ਕਿ ਤਕਰੀਰ ਕਰਦਿਆਂ ਸਿੱਧੂ ਕਦੇ ਕਦੇ ਜਜ਼ਬਾਤੀ ਹੋ ਜਾਂਦੇ ਹਨ ਅਤੇ ਦਿਲ ਦੀ ਗੱਲ ਆਖ ਜਾਂਦੇ ਹਨ। ਉਨ੍ਹਾਂ ਨਵਜੋਤ ਸਿੱਧੂ ਦੇ ਪੰਜਾਬ ਮਾਡਲ ਦੀ ਸ਼ਲਾਘਾ ਵੀ ਕੀਤੀ।

ਉਨ੍ਹਾਂ ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਸੁਨੀਲ ਜਾਖੜ ਦੀ ਵੀ ਤਾਰੀਫ ਕੀਤੀ। ਮਗਰੋਂ ਸਟੇਜ 'ਤੇ ਮੌਜੂਦ ਸਾਰੇ ਆਗੂਆਂ ਦੀ ਤਾਰੀਫ ਕਰਦਿਆਂ ਉਨ੍ਹਾਂ ਕਿਹਾ ਕਿ ਪੰਜਾਬ ਦੀ ਜਨਤਾ ਨੂੰ ਗਰੀਬ ਘਰ ਦਾ ਮੁੱਖ ਮੰਤਰੀ ਚਾਹੀਦਾ ਹੈ, ਇਸ ਲਈ ਪੰਜਾਬ ਵਿਧਾਨ ਸਭਾ 'ਚ ਐਤਕੀਂ ਚਰਨਜੀਤ ਸਿੰਘ ਚੰਨੀ ਪਾਰਟੀ ਦਾ ਮੁੱਖ ਮੰਤਰੀ ਚਿਹਰਾ ਹੋਣਗੇ। ਸਾਬਕਾ ਕਾਂਗਰਸ ਪ੍ਰਧਾਨ ਵੱਲੋਂ ਇੰਨਾ ਕਹਿਣ ਦੀ ਦੇਰ ਸੀ ਕਿ ਪੂਰੇ ਪੰਡਾਲ 'ਚ ਚਰਨਜੀਤ ਸਿੰਘ ਚੰਨੀ ਦਾ ਨਾਮ ਅਤੇ ਨਾਅਰੇ ਗੂੰਜਣ ਲੱਗੇ। ਚੰਨੀ ਦੇ ਬਿਲਕੁਲ ਨਾਲ ਵਾਲੀ ਕੁਰਸੀ 'ਤੇ ਬੈਠੇ ਨਵਜੋਤ ਸਿੰਘ ਸਿੱਧੂ ਨੇ ਚੰਨੀ ਦੀ ਬਾਂਹ ਖੜ੍ਹੀ ਕਰ ਦਿੱਤੀ ਤੇ ਸੁਨੀਲ ਜਾਖੜ ਨੂੰ ਅੱਗੇ ਲਿਆ ਕੇ ਦੋਹਾਂ ਦੇ ਨਾਲ ਚੱਲਣ ਦਾ ਵੀ ਭਰੋਸਾ ਦਿੱਤਾ।

## ਕਾਂਗਰਸ ਨੇ ਗਰੀਬ ਘਰੋਂ ਉਠੇ ਬੰਦੇ ਨੂੰ ਮਾਣ ਦਿੱਤਾ: ਚੰਨੀ

ਕਾਂਗਰਸ ਵੱਲੋਂ ਚੋਣਾਂ ਲਈ ਮੁੱਖ ਮੰਤਰੀ ਚਿਹਰਾ ਐਲਾਨੇ ਜਾਣ ਮਗਰੋਂ ਚਰਨਜੀਤ ਸਿੰਘ ਚੰਨੀ ਨੇ ਕਿਹਾ ਕਿ ਪਾਰਟੀ ਨੇ ਗਰੀਬ ਘਰ ਤੋਂ ਉਠੇ ਵਿਅਕਤੀ ਨੂੰ ਵੱਡਾ ਮਾਣ ਦਿੱਤਾ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਨੇ ਆਮ ਆਦਮੀ ਨੂੰ ਬਹੁਤ ਵੱਡੇ ਆਹੁਦੇ 'ਤੇ ਬਿਠਾਇਆ ਹੈ, ਜਿਸ ਦਾ ਉਹ ਤੇ ਪੰਜਾਬ ਦੀ ਜਨਤਾ ਮੁੱਲ ਜ਼ਰੂਰ ਮੋੜੇਗੀ। ਚੰਨੀ ਨੇ ਆਪਣੇ ਸੰਬੋਧਨ ਵਿਚ ਕਾਂਗਰਸ ਪ੍ਰਧਾਨ ਨਵਜੋਤ ਸਿੰਘ ਸਿੱਧੂ ਦੀ ਤਾਰੀਫ਼ਾਂ ਦੇ ਪੁਲ ਬੰਨ੍ਹੇ।

## ਰਾਹੁਲ ਗਾਂਧੀ ਦਾ ਹਰ ਹੁਕਮ ਖਿੜੇ ਮੱਥੇ ਪ੍ਰਵਾਨ: ਸਿੱਧੂ

ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੇ ਸੰਬੋਧਨ ਕਰਦਿਆਂ ਕੁੱਲ ਹਿੰਦ ਕਾਂਗਰਸ ਦੇ ਕੌਮੀ ਆਗੂ ਰਾਹੁਲ ਗਾਂਧੀ ਦੀ ਤਾਰੀਫ ਕੀਤੀ ਅਤੇ ਕਈ ਸ਼ੇਅਰ ਬੋਲੇ, ਉਥੇ ਕਿਹਾ ਕਿ ਉਨ੍ਹਾਂ ਨੂੰ ਅਹੁਦਿਆਂ ਦੀ ਭੁੱਖ ਨਹੀਂ, ਸਗੋਂ ਉਹ ਪੰਜਾਬ ਦੇ ਲੋਕਾਂ ਦੀ ਜ਼ਿੰਦਗੀ ਬਦਲਣ ਲਈ ਹੀ ਯਤਨਸ਼ੀਲ ਹਨ। ਉਨ੍ਹਾਂ ਕਿਹਾ ਕਿ ਉਹ ਪਹਿਲਾਂ ਹੀ ਰਾਹੁਲ ਗਾਂਧੀ ਦਾ ਹਰ ਹੁਕਮ ਮੰਨ ਚੁੱਕੇ ਹਨ ਤੇ ਭਵਿੱਖ 'ਚ ਵੀ ਹਰ ਹੁਕਮ ਨੂੰ ਖਿੜੇ ਮੱਥੇ ਪ੍ਰਵਾਨ ਕਰਨਗੇ। ਉਨ੍ਹਾਂ ਕਿਹਾ ਕਿ ਜੇਕਰ ਮੈਂ ਪੰਜਾਬ ਪ੍ਰਦੇਸ਼ ਕਾਂਗਰਸ ਦਾ ਪ੍ਰਧਾਨ ਬਣਿਆ ਰਿਹਾ ਅਤੇ ਪੰਜਾਬ ਅੰਦਰ 2022 ਵਿਚ ਕਾਂਗਰਸ ਦੀ ਸਰਕਾਰ ਬਣੀ, ਤਾਂ ਆਮ ਵਰਕਰਾਂ ਨੂੰ ਚੇਅਰਮੈਨੀਆਂ ਤੇ ਹੋਰ ਅਹੁਦੇਦਾਰੀਆਂ ਦਿੱਤੀਆਂ ਜਾਣਗੀਆਂ।

# ਸੁਖਬੀਰ ਤੇ ਬੰਟੀ ਰੋਮਾਣਾ ਖਿਲਾਫ ਚੋਣ ਜ਼ਾਬਤੇ ਦੀ ਉਲੰਘਣਾ ਦਾ ਕੇਸ ਦਰਜ

**ਫਰੀਦਕੋਟ:** ਫਰੀਦਕੋਟ ਪੁਲਿਸ ਨੇ ਚੋਣ ਅਧਿਕਾਰੀ ਦੀ ਲਿਖਤੀ ਸ਼ਿਕਾਇਤ ਮਿਲਣ ਤੋਂ ਬਾਅਦ ਅਕਾਲੀ ਦਲ ਦੇ ਸੂਬਾ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਯੂਥ ਅਕਾਲੀ ਦਲ ਦੇ ਸੂਬਾ ਪ੍ਰਧਾਨ ਪਰਮਬੰਸ ਸਿੰਘ ਬੰਟੀ ਰੋਮਾਣਾ ਖਿਲਾਫ਼ ਚੋਣ ਜ਼ਾਬਤੇ ਅਤੇ ਕੋਵਿਡ-19 ਦੇ ਨਿਯਮਾਂ ਦੀ ਉਲੰਘਣਾ ਕਰਨ ਦੇ ਦੋਸ਼ਾਂ ਤਹਿਤ ਪਰਚਾ ਦਰਜ ਕਰ ਲਿਆ ਹੈ।

ਇਥੋਂ ਦੀ ਅਨਾਜ ਮੰਡੀ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਆਪਣੀ ਪਾਰਟੀ ਦੇ ਉਮੀਦਵਾਰ ਪਰਮਬੰਸ ਸਿੰਘ ਬੰਟੀ ਰੋਮਾਣਾ ਦੇ ਹੱਕ ਵਿਚ ਚੋਣ ਰੈਲੀ ਕੀਤੀ ਗਈ ਸੀ। ਰਿਟਰਨਿੰਗ ਅਫਸਰ ਫਰੀਦਕੋਟ ਨੇ ਆਪਣੀ ਰਿਪੋਰਟ ਵਿਚ ਕਿਹਾ ਹੈ ਕਿ ਵੱਖ-ਵੱਖ ਪੜਤਾਲ ਰਿਪੋਰਟਾਂ ਤੋਂ ਪਤਾ ਲੱਗਦਾ ਹੈ ਕਿ ਅਕਾਲੀ ਦਲ ਦੀ ਰੈਲੀ ਵਿਚ ਛੇ ਹਜ਼ਾਰ ਤੋਂ ਵੱਧ ਲੋਕ ਇਕੱਠੇ ਹੋਏ ਸਨ ਜਦੋਂਕਿ ਭਾਰਤ ਦੇ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਆਊਟ ਡੋਰ



ਰੈਲੀ ਵਿਚ ਇਕ ਹਜ਼ਾਰ ਤੋਂ ਵੱਧ ਵਿਅਕਤੀ ਇਕੱਠੇ ਨਹੀਂ ਹੋ ਸਕਦੇ।

ਆਮ ਆਦਮੀ ਪਾਰਟੀ ਨੇ ਅਕਾਲੀ ਦਲ ਦੀ ਰੈਲੀ ਦੀ ਵੀਡੀਓਗ੍ਰਾਫੀ ਕਰਕੇ ਚੋਣ ਅਬਜ਼ਰਵਰਾਂ ਨੂੰ ਸੌਂਪੀ ਸੀ। ਚੋਣ ਅਬਜ਼ਰਵਰਾਂ ਨੇ ਆਪਣੀ ਰਿਪੋਰਟ ਵਿਚ ਮਨਜ਼ੂਰੀ ਨਾਲੋਂ ਵੱਧ ਇਕੱਠ ਹੋਣ ਦੀ ਪੁਸ਼ਟੀ ਕੀਤੀ ਹੈ ਅਤੇ ਇਸ ਰੈਲੀ ਵਿਚ ਕੋਵਿਡ ਦੇ ਨਿਯਮਾਂ ਦੀ ਵੀ ਉਲੰਘਣਾ ਹੋਈ ਹੈ। ਰਿਟਰਨਿੰਗ ਅਫਸਰ ਨੇ ਇਸ ਸਬੰਧੀ ਜ਼ਿਲ੍ਹਾ ਪੁਲਿਸ ਨੂੰ ਲਿਖਤੀ ਸ਼ਿਕਾਇਤ ਭੇਜੀ ਸੀ।

# ਦਾਅ 'ਤੇ ਲੱਗਾ ਸਿਆਸੀ ਪਾਰਟੀਆਂ ਦੇ ਪ੍ਰਧਾਨਾਂ ਦਾ ਵੱਕਾਰ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਚੋਣਾਂ 'ਚ ਲਈ ਸਿਆਸੀ ਮਾਹੌਲ ਭਖਿਆ ਹੋਇਆ ਹੈ। ਕਾਂਗਰਸ, ਅਕਾਲੀ-ਬਸਪਾ ਗੱਠਜੋੜ, ਆਮ ਆਦਮੀ ਪਾਰਟੀ ਅਤੇ ਭਾਜਪਾ, ਪੰਜਾਬ ਲੋਕ ਕਾਂਗਰਸ ਤੇ ਅਕਾਲੀ ਦਲ (ਸੰਯੁਕਤ) ਗੱਠਜੋੜ ਨੇ ਇਸ ਵਾਰ ਚੋਣ ਮੈਦਾਨ ਫਤਿਹ ਕਰਨ ਲਈ ਟਿੱਲ ਲਾਇਆ ਹੋਇਆ ਹੈ। ਇਸ ਵਾਰ ਪੰਜਾਬ 'ਚ ਲਗਭਗ ਸਾਰੀਆਂ ਪ੍ਰਮੁੱਖ ਪਾਰਟੀਆਂ ਦੇ ਪ੍ਰਧਾਨਾਂ ਦਾ ਵੱਕਾਰ ਦਾਅ ਉਤੇ ਲੱਗਾ ਹੋਇਆ ਹੈ।

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਜਲਾਲਾਬਾਦ ਤੋਂ ਚੋਣ ਲੜ ਰਹੇ ਹਨ। ਉਹ 2017 'ਚ ਇਸ ਹਲਕੇ ਤੋਂ ਜੇਤੂ ਰਹੇ ਸਨ ਪਰ 2019 ਦੀਆਂ ਲੋਕ ਸਭਾ ਚੋਣਾਂ ਮੌਕੇ ਫਿਰੋਜ਼ਪੁਰ ਤੋਂ ਸੰਸਦ ਮੈਂਬਰ ਚੁਣੇ ਜਾਣ 'ਤੇ ਉਨ੍ਹਾਂ ਵਿਧਾਨ ਸਭਾ ਦੀ ਮੈਂਬਰੀ ਤੋਂ ਅਸਤੀਫਾ ਦੇ ਦਿੱਤਾ ਸੀ। ਉਨ੍ਹਾਂ ਦੇ ਮੁਕਾਬਲੇ ਕਾਂਗਰਸ ਵੱਲੋਂ ਸਾਬਕਾ ਸੰਸਦ ਮੈਂਬਰ ਮੋਹਨ ਸਿੰਘ ਫਲੀਆ ਵਾਲਾਂ, 'ਆਪ' ਵੱਲੋਂ ਜਗਦੀਪ ਸਿੰਘ ਗੋਲਡੀ, ਭਾਜਪਾ ਗੱਠਜੋੜ ਤੋਂ ਪੂਰਨ ਚੰਦ ਤੇ ਸੰਯੁਕਤ ਸਮਾਜ ਮੋਰਚਾ ਦੇ ਸੁਰਿੰਦਰ ਸਿੰਘ ਢਡੀਆ ਕਿਸਮਤ ਅਜ਼ਮਾ ਰਹੇ ਹਨ।

ਆਮ ਆਦਮੀ ਪਾਰਟੀ ਦੇ ਪ੍ਰਧਾਨ ਤੇ ਸੰਗਰੂਰ ਤੋਂ ਸੰਸਦ ਮੈਂਬਰ ਭਗਵੰਤ ਮਾਨ ਧੂਰੀ ਵਿਧਾਨ ਸਭਾ ਹਲਕੇ ਤੋਂ ਪਾਰਟੀ ਉਮੀਦਵਾਰ ਹਨ। ਉਨ੍ਹਾਂ ਦੇ ਮੁਕਾਬਲੇ ਕਾਂਗਰਸ ਵੱਲੋਂ ਦਲਵੀਰ ਸਿੰਘ ਗੋਲਡੀ, ਸ਼੍ਰੋਮਣੀ ਅਕਾਲੀ ਦਲ ਦੇ ਪ੍ਰਕਾਸ਼ ਚੰਦ ਗਰਗ, ਭਾਜਪਾ ਗੱਠਜੋੜ ਦੇ ਰਣਦੀਪ ਸਿੰਘ ਦਿਓਲ ਤੇ ਸੰਯੁਕਤ ਸਮਾਜ ਮੋਰਚਾ ਦੇ ਸਰਬਜੀਤ ਸਿੰਘ ਮੈਦਾਨ 'ਚ ਹਨ। ਕਾਂਗਰਸ ਪਾਰਟੀ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਅੰਮ੍ਰਿਤਸਰ ਪੂਰਬੀ ਤੋਂ ਚੋਣ ਲੜ ਰਹੇ ਹਨ। ਉਨ੍ਹਾਂ ਦਾ ਮੁਕਾਬਲਾ ਸ਼੍ਰੋਮਣੀ ਅਕਾਲੀ ਦਲ ਦੇ ਦਿੱਗਜ ਆਗੂ ਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਨਾਲ ਹੈ। 'ਆਪ' ਵੱਲੋਂ ਜੀਵਨਜੋਤ ਕੌਰ, ਭਾਜਪਾ ਗੱਠਜੋੜ ਦੇ ਡਾ. ਜਗਮੋਹਨ ਸਿੰਘ ਰਾਜੂ ਤੇ ਸੰਯੁਕਤ ਸਮਾਜ ਮੋਰਚਾ ਵੱਲੋਂ ਸੁਖਜਿੰਦਰ ਸਿੰਘ ਮਾਹੂ ਮੈਦਾਨ 'ਚ ਹਨ। ਭਾਰਤੀ ਜਨਤਾ ਪਾਰਟੀ ਦੇ ਪ੍ਰਧਾਨ ਅਸ਼ਵਨੀ ਸ਼ਰਮਾ ਪਠਾਨਕੋਟ ਹਲਕੇ ਤੋਂ ਕਿਸਮਤ ਅਜ਼ਮਾ ਰਹੇ ਹਨ। ਉਨ੍ਹਾਂ ਦੇ ਮੁਕਾਬਲੇ 'ਚ ਕਾਂਗਰਸ ਦੇ ਅਮਿਤ ਵਿਜ, 'ਆਪ' ਵੱਲੋਂ ਵਿਭੂਤੀ ਸ਼ਰਮਾ, ਬਸਪਾ ਦੇ ਜੋਤੀ ਭੀਮ, ਸੰਯੁਕਤ ਸਮਾਜ ਮੋਰਚਾ ਦੇ ਸੂਬਾ ਸਿੰਘ ਸਰਾਂ ਹਨ।

ਪੰਜਾਬ ਲੋਕ ਕਾਂਗਰਸ ਦੇ ਪ੍ਰਧਾਨ ਤੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਹਰ ਵਾਰ ਦੀ ਤਰ੍ਹਾਂ ਪਟਿਆਲਾ ਸ਼ਹਿਰੀ ਹਲਕੇ ਤੋਂ ਚੋਣ ਮੈਦਾਨ 'ਚ ਡਟੇ ਹੋਏ ਹਨ। ਇਥੇ ਕਾਂਗਰਸ ਵੱਲੋਂ ਸਾਬਕਾ ਮੇਅਰ ਵਿਸ਼ਨੂੰ ਸ਼ਰਮਾ ਨੂੰ ਉਤਾਰਿਆ ਗਿਆ ਹੈ। ਅਕਾਲੀ ਦਲ ਦੇ ਹਰਪਾਲ ਜੁਨੇਜਾ, 'ਆਪ' ਦੇ ਅਜੀਤਪਾਲ ਸਿੰਘ ਕੋਹਲੀ ਅਤੇ ਸੰਯੁਕਤ ਸਮਾਜ ਮੋਰਚਾ ਵੱਲੋਂ ਮੱਖਣ ਸਿੰਘ ਸਹੋਲੀ ਚੋਣ ਲੜ ਰਹੇ ਹਨ। ਬਹੁਜਨ ਸਮਾਜ ਪਾਰਟੀ ਦੇ ਪ੍ਰਧਾਨ ਜਸਵੀਰ ਸਿੰਘ ਗੜ੍ਹੀ ਫਗਵਾੜਾ (ਰਾਖਵਾਂ) ਹਲਕੇ ਤੋਂ ਮੈਦਾਨ 'ਚ ਹਨ। ਇਸ ਹਲਕੇ ਤੋਂ ਕਾਂਗਰਸ ਦੇ ਬਲਵਿੰਦਰ ਸਿੰਘ ਧਾਲੀਵਾਲ, 'ਆਪ' ਤੋਂ ਸਾਬਕਾ ਮੰਤਰੀ ਜੋਗਿੰਦਰ ਸਿੰਘ ਮਾਨ, ਭਾਜਪਾ ਗੱਠਜੋੜ ਦੇ ਸਾਬਕਾ ਮੰਤਰੀ ਵਿਜੇ ਸਾਂਪਲਾ ਤੇ ਸੰਯੁਕਤ ਸਮਾਜ ਮੋਰਚੇ ਵੱਲੋਂ ਚੌਧਰੀ ਖੁਸ਼ੀ ਰਾਮ ਨੂੰ ਉਮੀਦਵਾਰ ਬਣਾਇਆ ਗਿਆ ਹੈ। ਲੋਕ ਇਨਸਾਫ ਪਾਰਟੀ ਦੇ ਪ੍ਰਧਾਨ ਸਿਮਰਜੀਤ ਸਿੰਘ ਬੈਂਸ ਆਤਮ ਨਗਰ (ਲੁਧਿਆਣਾ) ਤੋਂ ਮੈਦਾਨ 'ਚ ਡਟੇ ਹੋਏ ਹਨ।

# ਦਲਿਤ ਵੋਟਾਂ ਨੇ ਸਿਆਸੀ ਧਿਰਾਂ ਦਾ ਧਿਆਨ ਖਿੱਚਿਆ

**ਹੁਸ਼ਿਆਰਪੁਰ:** ਪੰਜਾਬ ਵਿਧਾਨ ਸਭਾ ਚੋਣਾਂ ਵਿਚ ਇਸ ਵਾਰ ਸਿਆਸੀ ਪਾਰਟੀਆਂ ਲਈ ਦਲਿਤ ਵੋਟ ਬੈਂਕ ਵੱਡੀ ਚੁਣੌਤੀ ਬਣਿਆ ਹੋਇਆ ਹੈ। ਅਕਾਲੀ ਦਲ ਤੇ ਬਸਪਾ ਗੱਠਜੋੜ ਤੋਂ ਬਾਅਦ ਬਾਕੀ ਸਿਆਸੀ ਧਿਰਾਂ ਲਈ ਵੱਡੀ ਚੁਣੌਤੀ ਖੜ੍ਹੀ ਹੋ ਗਈ ਸੀ ਜਿਸ ਤੋਂ ਬਾਅਦ ਕਾਂਗਰਸ ਨੇ ਦਲਿਤ ਪੱਤਾ ਖੇਡਦੇ ਹੋਏ ਚਰਨਜੀਤ ਚੰਨੀ ਨੂੰ ਮੁੱਖ ਮੰਤਰੀ ਉਮੀਦਵਾਰ ਐਲਾਨ ਦਿੱਤਾ ਹੈ। ਭਾਜਪਾ ਨੇ ਬਾਕੀ ਧਿਰਾਂ ਵੀ ਚੋਣ ਜਿੱਤਣ ਉਤੇ ਇਕ ਦਲਿਤ ਆਗੂ ਨੂੰ ਮੁੱਖ ਮੰਤਰੀ ਜਾਂ ਉਪ ਮੁੱਖ ਮੰਤਰੀ ਬਣਾਉਣ ਦਾ ਵਾਅਦਾ ਕਰ ਰਹੀਆਂ ਹਨ।

ਦੋਆਬਾ ਖੇਤਰ, ਜਿਥੇ ਦਲਿਤ ਵੋਟਰਾਂ ਦੀ ਗਿਣਤੀ ਪੰਜਾਬ ਦੇ ਹੋਰ ਖਿੱਤਿਆਂ ਨਾਲੋਂ ਵੱਧ ਹੈ ਅਤੇ ਦਲਿਤ ਚੇਤਨਾ ਦਾ ਧੁਰਾ ਮੰਨਿਆ ਜਾਂਦਾ ਹੈ, ਵਿਚ ਦਲਿਤ ਵੋਟਾਂ ਨੂੰ ਲੈ ਕੇ ਸਭ ਤੋਂ ਵੱਧ ਸਿਆਸਤ ਭਖੀ ਹੋਈ ਹੈ। ਦੋਆਬੇ ਦੀ 37 ਫੀਸਦੀ ਆਬਾਦੀ ਦਲਿਤ ਹੈ। ਬਹੁਗਿਣਤੀ ਰਵਿਦਾਸੀਆ ਭਾਈਚਾਰੇ ਦੀ ਹੈ। ਇਸ ਸੰਪਰਦਾ ਦਾ ਸਭ ਤੋਂ ਵੱਡਾ ਡੇਰਾ ਜਲੰਧਰ ਵਿਚ ਡੇਰਾ ਸੱਚਖੰਡ ਬੱਲਾਂ ਹੈ, ਜਿਥੇ ਸਾਰੀਆਂ ਪਾਰਟੀਆਂ ਦੇ ਆਗੂ ਨਤਮਸਤਕ ਹੋ ਚੁੱਕੇ ਹਨ।

ਚੋਣ ਮੈਦਾਨ 'ਚ ਨਿੱਤਰੀ ਹਰੇਕ ਪਾਰਟੀ ਕੋਲ ਅੱਜ ਦਲਿਤ ਗਾਰੰਟੀ ਕਾਰਡ ਹੈ। ਸ਼੍ਰੋਮਣੀ ਅਕਾਲੀ ਦਲ ਨੇ ਦਲਿਤ ਸਮੀਕਰਨ ਠੀਕ ਕਰਨ ਲਈ ਬਹੁਜਨ ਸਮਾਜ ਪਾਰਟੀ ਨਾਲ ਗੱਠਜੋੜ ਕੀਤਾ ਹੈ। ਪਛੜੀਆਂ ਸ਼੍ਰੇਣੀਆਂ ਭਾਈਚਾਰੇ ਦਾ ਸਭ ਤੋਂ ਵੱਡਾ ਮੁੱਦਾ ਮੁਲਾਜ਼ਮਾਂ ਦੇ ਬੈਕਲਾਗ ਦਾ ਹੈ, ਚਾਹੇ ਉਹ ਨਵੀਂ ਭਰਤੀ ਹੈ ਜਾਂ ਤਰੱਕੀਆਂ 'ਚ। ਪੋਸਟ ਮੈਟ੍ਰਿਕ ਵਜ਼ੀਫ਼ਾ ਸਕੀਮ ਦਾ ਲਾਭ ਰੋਕ ਲਿਆ ਜਾਣਾ ਵੀ



ਦੋਆਬੇ 'ਚ ਇਕ ਅਹਿਮ ਚੋਣ ਮੁੱਦਾ ਹੈ। ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਵੇਲੇ ਹੋਏ ਕਥਿਤ ਵਜ਼ੀਫ਼ਾ ਘਪਲੇ ਨੂੰ ਵਿਰੋਧੀ ਪਾਰਟੀਆਂ ਵੱਲੋਂ ਚੋਣ ਰੈਲੀਆਂ 'ਚ ਉਛਾਲਿਆ ਜਾ ਰਿਹਾ ਹੈ।

# ਅਕਾਲੀ ਦਲ ਦੇ ਅਤਿਵਾਦੀਆਂ ਨਾਲ ਸਬੰਧ ਜ਼ਾਹਿਰ ਹੋਏ: ਬਿੱਟੂ

**ਸਰਦੂਲਗੜ੍ਹ:** ਕਾਂਗਰਸ ਦੇ ਸੰਸਦ ਮੈਂਬਰ ਰਵਨੀਤ ਬਿੱਟੂ ਨੇ ਕਿਹਾ ਹੈ ਕਿ ਅਕਾਲੀ ਦਲ ਦੀ ਕੀ ਮਜਬੂਰੀ ਹੋ ਗਈ ਸੀ ਕਿ ਸੁਪਰੀਮ ਕੋਰਟ ਵੱਲੋਂ ਸਜ਼ਾਯਾਫ਼ਤਾ ਇਕ ਅਤਿਵਾਦੀ ਅਕਾਲੀ ਦਲ ਲਈ ਵੋਟਾਂ ਮੰਗ ਰਿਹਾ ਹੈ। ਉਨ੍ਹਾਂ ਕਿਹਾ ਕਿ ਅਕਾਲੀ ਦਲ 'ਤੇ ਪਹਿਲਾਂ ਨਸ਼ਾ ਸੌਦਾਗਰਾਂ ਨਾਲ ਸਬੰਧ ਹੋਣ ਦੇ ਦੋਸ਼ ਲੱਗੇ ਹਨ ਤੇ ਹੁਣ ਇਨ੍ਹਾਂ ਦੇ ਅਤਿਵਾਦੀਆਂ ਨਾਲ ਸਬੰਧ ਹੋਣ ਦੇ ਵੀ ਭੇਤ ਵੀ ਖੁੱਲ੍ਹ ਗਏ ਹਨ।



ਉਨ੍ਹਾਂ ਕਿਹਾ ਕਿ ਪੰਜਾਬ 'ਚ ਦਿੱਲੀ ਮਾਡਲ ਲਾਗੂ ਕਰਨ ਅਤੇ ਪੰਜਾਬ ਦੇ ਭਲੇ ਦੀ ਗੱਲ ਕਰਨ ਵਾਲੇ ਕੇਜਰੀਵਾਲ ਦੇ ਰਾਜ ਦਿੱਲੀ 'ਚ ਕੁਝ ਦਿਨ ਪਹਿਲਾਂ ਜੋ ਇਕ ਮੁਟਿਆਰ ਨਾਲ ਹੋਇਆ ਹੈ, ਉਹ ਬਹੁਤ ਸ਼ਰਮਨਾਕ ਘਟਨਾ ਹੈ। ਉਨ੍ਹਾਂ ਕਿਹਾ ਕਿ ਪੰਜਾਬ 'ਚ ਔਰਤਾਂ ਦੀ ਸੁਰੱਖਿਆ ਯਕੀਨੀ ਬਣਾਉਣ ਦਾ ਵਾਅਦਾ ਕਰਨ ਵਾਲੇ ਕੇਜਰੀਵਾਲ ਦੀ ਦਿੱਲੀ ਵਿਚ ਹੀ ਔਰਤਾਂ ਅਸੁਰੱਖਿਅਤ ਹਨ।

# ਚੋਣ ਪ੍ਰਚਾਰ ਦਾ ਭਾਰ ਭਗਵੰਤ ਮਾਨ ਦੇ ਮੋਢਿਆਂ ਉਤੇ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਚੋਣਾਂ ਨੇੜੇ ਆਉਂਦੀਆਂ ਦੇਖ ਸਾਰੀਆਂ ਸਿਆਸੀ ਪਾਰਟੀਆਂ ਨੇ ਚੋਣ ਪ੍ਰਚਾਰ ਤੇਜ਼ ਕਰ ਦਿੱਤਾ ਹੈ। ਚੋਣ ਪ੍ਰਚਾਰ ਲਈ ਵੱਖ-ਵੱਖ ਸਿਆਸੀ ਪਾਰਟੀਆਂ ਨੇ ਆਪੋ-ਆਪਣੇ ਸਟਾਰ ਪ੍ਰਚਾਰਕਾਂ ਦੀਆਂ ਸੂਚੀਆਂ ਜਾਰੀ ਕਰ ਦਿੱਤੀਆਂ ਹਨ ਪਰ ਆਮ ਆਦਮੀ ਪਾਰਟੀ (ਆਪ) ਬਿਨਾਂ ਸਟਾਰ ਪ੍ਰਚਾਰਕਾਂ ਤੋਂ ਸੂਬੇ 'ਚ ਚੋਣ ਪ੍ਰਚਾਰ ਕਰ ਰਹੀ ਹੈ।

ਪੰਜਾਬ ਦੀਆਂ ਚੋਣਾਂ ਲੜ ਰਹੀ ਸਿਆਸੀ ਪਾਰਟੀਆਂ ਕੋਲ ਸਥਾਨਕ ਸਟਾਰ ਪ੍ਰਚਾਰਕ ਹਨ ਪਰ 'ਆਪ' ਕੋਲ ਇਕੋ-ਇਕ ਸਥਾਨਕ ਸਟਾਰ ਪ੍ਰਚਾਰਕ ਭਗਵੰਤ ਮਾਨ ਹੀ ਹੈ। ਇਸ ਤੋਂ ਇਲਾਵਾ ਪੰਜਾਬੀ ਬੋਲੀ ਬੋਲਣ ਵਾਲਾ ਕੋਈ ਵੱਡੇ ਚਿਹਰਾ ਨਹੀਂ ਹੈ। ਇਸ ਲਈ ਭਗਵੰਤ ਮਾਨ ਦੇ ਜ਼ਿੰਮੇ ਆਪਣੇ ਹਲਕੇ ਧੂਰੀ ਤੋਂ ਇਲਾਵਾ ਪੂਰੇ ਸੂਬੇ ਦੀ ਜ਼ਿੰਮੇਵਾਰੀ ਹੈ। ਮਾਨ ਕਦੇ ਮਾਲਵਾ ਅਤੇ ਕਦੇ ਦੁਆਬਾ 'ਚ ਪਹੁੰਚ ਰਹੇ ਹਨ। ਮਾਝੇ ਦੀ ਵਾਰੀ ਹਾਲੇ ਬਾਕੀ ਹੈ। 'ਆਪ' ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਭਾਵੇਂ ਸਮੇਂ-ਸਮੇਂ 'ਤੇ ਪੰਜਾਬ ਪਹੁੰਚ ਕੇ ਚੋਣ ਪ੍ਰਚਾਰ ਕਰ ਰਹੇ ਹਨ ਪਰ ਚੋਣ ਪ੍ਰਚਾਰ ਦਾ ਸਾਰਾ ਬੋਝ ਭਗਵੰਤ ਮਾਨ ਦੇ ਮੋਢਿਆਂ 'ਤੇ ਦਿਖਾਈ ਦੇ ਰਿਹਾ ਹੈ। ਇਸੇ ਦੇ ਚੱਲਦਿਆਂ ਭਗਵੰਤ ਮਾਨ ਰੋਜ਼ਾਨਾ ਤਿੰਨ ਤੋਂ ਚਾਰ ਹਲਕਿਆਂ ਵਿਚ ਚੋਣ ਪ੍ਰਚਾਰ ਕਰਦੇ ਦਿਖਾਈ ਦੇ ਰਹੇ ਹਨ।

ਉਨ੍ਹਾਂ ਨੇ ਚੋਣ ਪ੍ਰਚਾਰ ਦੀ ਸ਼ੁਰੂਆਤ ਆਪਣੇ ਹਲਕੇ ਧੂਰੀ ਤੋਂ ਸ਼ੁਰੂ ਕੀਤੀ ਸੀ। ਉਸ ਤੋਂ ਬਾਅਦ ਉਹ ਤਿੰਨ ਦਿਨਾਂ ਵਿਚ 11 ਵਿਧਾਨ ਸਭਾ ਹਲਕਿਆਂ ਵਿਚ ਪਹੁੰਚ ਚੁੱਕੇ ਹਨ। ਇਨ੍ਹਾਂ 'ਚੋਂ ਅੱਠ ਹਲਕੇ ਮਾਲਵਾ ਖੇਤਰ ਨਾਲ ਸਬੰਧਤ ਹਨ ਅਤੇ ਤਿੰਨ ਦੁਆਬਾ ਖੇਤਰ ਦੇ ਹਨ। ਆਉਣ ਵਾਲੇ ਦਿਨਾਂ ਵਿਚ ਭਗਵੰਤ ਮਾਨ ਸੂਬੇ ਦੇ ਹੋਰ ਹਲਕਿਆਂ ਵਿਚ ਪਹੁੰਚ ਕਰਨਗੇ। ਪਰ 12-13 ਦਿਨਾਂ ਵਿਚ 100 ਤੋਂ ਵੱਧ ਵਿਧਾਨ ਸਭਾ ਹਲਕਿਆਂ 'ਚ ਪਹੁੰਚ ਕਰਨਾ ਆਸਾਨ ਨਹੀਂ।

## ਸਰਕਾਰ ਬਣਨ 'ਤੇ ਮਾਫੀਆ ਦਾ ਅੰਤ ਹੋਵੇਗਾ: ਭਗਵੰਤ

**ਪਟਿਆਲਾ:** ਆਮ ਆਦਮੀ ਪਾਰਟੀ ਦੇ ਪੰਜਾਬ ਪ੍ਰਧਾਨ ਭਗਵੰਤ ਮਾਨ ਨੇ ਕਿਹਾ ਕਿ ਪੰਜਾਬ ਵਿਚ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ 'ਤੇ ਹਰ ਕਿਸਮ ਦੇ ਮਾਫੀਆ ਦਾ ਅੰਤ ਹੋ ਜਾਵੇਗਾ। ਮਾਫੀਆ ਨੇ ਪੰਜਾਬ ਨੂੰ ਕੰਗਾਲ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਚੰਨੀ ਨੂੰ ਮੁੱਖ ਮੰਤਰੀ ਦਾ ਚਿਹਰਾ ਬਣਾ ਕੇ ਕਾਂਗਰਸ ਨੇ ਆਪਣਾ ਦੀਵਾਲਾ ਕੱਢ ਲਿਆ ਹੈ ਕਿਉਂਕਿ ਜਿਸ ਦੇ ਰਿਸ਼ਤੇਦਾਰ ਕੋਲੋਂ ਕਰੋੜਾਂ ਰੁਪਏ ਮਿਲੇ ਹੋਣ, ਉਸ ਨੂੰ ਪੰਜਾਬ ਦਾ ਮੁੱਖ ਮੰਤਰੀ ਬਣਾਉਣਾ ਉਂਜ ਹੀ ਸਿਧਾਂਤਾਂ ਤੋਂ ਉਲਟ ਹੈ।

# ਸੰਯੁਕਤ ਸਮਾਜ ਮੋਰਚੇ ਨੇ ਚੋਣ ਕਮਿਸ਼ਨ ਦੀ ਨੀਅਤ 'ਤੇ ਚੁੱਕੇ ਸਵਾਲ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਚੋਣਾਂ ਲਈ ਮੈਦਾਨ ਵਿਚ ਨਿੱਤਰੇ ਕਿਸਾਨਾਂ ਦੇ ਸੰਯੁਕਤ ਸਮਾਜ ਮੋਰਚੇ ਨੂੰ ਚੋਣ ਕਮਿਸ਼ਨ ਨੇ ਪਾਰਟੀ ਵਜੋਂ ਮਾਨਤਾ ਦੇ ਦਿੱਤੀ ਹੈ। ਮੋਰਚੇ ਦੇ ਉਮੀਦਵਾਰ ਹਾਲਾਂਕਿ ਆਜ਼ਾਦ ਉਮੀਦਵਾਰ ਵਜੋਂ ਹੀ ਚੋਣ ਲੜਨਗੇ। ਚੋਣ ਕਮਿਸ਼ਨ ਦੇ ਇਸ ਫੈਸਲੇ ਤੋਂ ਨਾਰਾਜ਼ ਉਮੀਦਵਾਰਾਂ ਨੇ ਮੰਗ ਕੀਤੀ ਹੈ ਕਿ ਉਨ੍ਹਾਂ ਸਾਰਿਆਂ ਨੂੰ ਇਕੋ ਜਿਹਾ ਚੋਣ ਨਿਸ਼ਾਨ ਦਿੱਤਾ ਜਾਵੇ।

ਸੰਯੁਕਤ ਸਮਾਜ ਮੋਰਚੇ ਨੇ ਨਾਮਜ਼ਦਗੀਆਂ ਦੇ ਆਖਰੀ ਦਿਨ ਆਜ਼ਾਦ ਉਮੀਦਵਾਰ ਵਜੋਂ ਚੋਣ ਨਾਮਜ਼ਦਗੀਆਂ ਭਰੀਆਂ ਸਨ ਤੇ ਦੇਰ ਸ਼ਾਮ ਚੋਣ ਕਮਿਸ਼ਨ ਨੇ ਮੋਰਚੇ ਨੂੰ ਪਾਰਟੀ ਵਜੋਂ ਮਾਨਤਾ ਦੇ ਦਿੱਤੀ। ਮਾਨਤਾ ਮਿਲਣ ਮਗਰੋਂ ਮੋਰਚੇ ਵੱਲੋਂ ਇਸ ਫੈਸਲੇ ਦੇ ਸਮੇਂ ਨੂੰ ਲੈ ਕੇ ਸਵਾਲ ਚੁੱਕੇ ਜਾ ਰਹੇ ਹਨ। ਉਧਰ, ਵਿਧਾਨ ਸਭਾ ਹਲਕਾ ਲੁਧਿਆਣਾ (ਉਤਰੀ) ਤੋਂ ਉਮੀਦਵਾਰ ਸ਼ਿਵਮ ਅਰੋੜਾ ਬੀਤੇ ਦਿਨੀਂ ਸੰਯੁਕਤ ਸਮਾਜ ਮੋਰਚੇ ਦੀ ਟਿਕਟ ਮਿਲਣ ਦੇ ਬਾਵਜੂਦ ਕਿਸਾਨਾਂ ਦਾ ਸਾਥ ਛੱਡ ਕੇ ਕਾਂਗਰਸ ਵਿਚ ਸ਼ਾਮਲ ਹੋ ਗਏ।

ਸੰਯੁਕਤ ਸਮਾਜ ਮੋਰਚਾ ਵੱਲੋਂ ਲੁਧਿਆਣਾ ਦੇ ਹਲਕਾ ਗਿੱਲ ਤੋਂ ਚੋਣ ਮੈਦਾਨ ਵਿਚ ਉਤਰੇ ਰਾਜੀਵ ਕੁਮਾਰ ਲਵਲੀ ਦਾ ਕਹਿਣਾ ਹੈ ਕਿ ਚੋਣ ਕਮਿਸ਼ਨ ਨੇ ਫੈਸਲਾ ਦੇਣ ਵਿਚ ਕਾਫੀ ਦੇਰ ਕੀਤੀ ਹੈ। ਉਨ੍ਹਾਂ ਕਿਹਾ ਕਿ ਹੁਣ ਉਨ੍ਹਾਂ ਦੀ ਨਾਮਜ਼ਦਗੀ ਆਜ਼ਾਦ ਉਮੀਦਵਾਰ ਵਜੋਂ ਹੈ ਤੇ ਉਹ ਆਜ਼ਾਦ ਉਮੀਦਵਾਰ ਹੀ ਰਹਿਣਗੇ। ਉਨ੍ਹਾਂ ਕਿਹਾ ਕਿ ਮੋਰਚੇ ਨੂੰ ਮਾਨਤਾ ਦੇਣ ਵਿਚ ਕੀਤੀ ਦੇਰੀ ਕਾਰਨ ਉਹ ਕਾਫੀ ਪਰੇਸ਼ਾਨ ਹਨ। ਉਨ੍ਹਾਂ ਨੂੰ ਚੋਣ ਨਿਸ਼ਾਨ ਨਹੀਂ ਮਿਲਿਆ, ਜਿਸ ਕਰਕੇ ਉਹ ਪੋਸਟਰ ਬੈਨਰ ਨਹੀਂ ਛਪਵਾ ਸਕੇ।

ਹਲਕੇ ਵਿਚ ਉਨ੍ਹਾਂ ਦੇ ਪ੍ਰਚਾਰ ਲਈ ਬੋਰਡ ਵੀ ਨਹੀਂ ਲੱਗੇ ਹਨ। ਉਨ੍ਹਾਂ ਕਿਹਾ ਕਿ ਮੋਰਚੇ ਦੇ ਸਾਰੇ ਉਮੀਦਵਾਰਾਂ ਨੂੰ ਇਕੋ ਜਿਹੇ ਚੋਣ ਨਿਸ਼ਾਨ ਦਿੱਤੇ ਜਾਣ ਤਾਂ ਕਿ ਉਹ ਸਹੀ ਤਰੀਕੇ ਨਾਲ ਸਮੇਂ ਸਿਰ ਆਪਣੇ ਪ੍ਰਚਾਰ ਵਿਚ ਲੱਗ ਜਾਣ। ਸੰਯੁਕਤ ਸਮਾਜ ਮੋਰਚਾ ਵੱਲੋਂ ਟਰੈਕਟਰ ਟਰਾਲੀ, ਹੱਲ ਜੋਤਦਾ ਕਿਸਾਨ ਤੇ ਇਕੱਲੀ ਟਰਾਲੀ ਵਿਚੋਂ ਕਿਸੇ ਇਕ ਦੀ ਚੋਣ ਨਿਸ਼ਾਨ ਵਜੋਂ ਮੰਗ ਕੀਤੀ ਜਾ ਰਹੀ ਹੈ।

ਕਾਬਲੇਗੌਰ ਹੈ ਕਿ ਸੰਯੁਕਤ ਸਮਾਜ ਮੋਰਚੇ ਨੇ ਸੰਯੁਕਤ ਸੰਘਰਸ਼ ਮੋਰਚੇ ਨਾਲ ਮਿਲ ਕੇ ਪੰਜਾਬ ਦੀਆਂ ਸਾਰੀਆਂ 117 ਸੀਟਾਂ 'ਤੇ ਚੋਣ ਲੜਨ ਦਾ ਫੈਸਲਾ ਲਿਆ ਸੀ। ਗੁਰਨਾਮ ਸਿੰਘ ਚੜੂਨੀ ਦੇ ਸੰਯੁਕਤ ਸੰਘਰਸ਼ ਮੋਰਚੇ ਨੂੰ 10 ਸੀਟਾਂ ਦਿੱਤੀਆਂ ਗਈਆਂ ਸਨ ਜਦੋਂਕਿ ਸੰਯੁਕਤ ਸਮਾਜ ਮੋਰਚੇ ਨੂੰ 97 ਸੀਟਾਂ ਮਿਲੀਆਂ ਸਨ। ਬਹੁਤ ਸਾਰੀਆਂ ਥਾਵਾਂ 'ਤੇ ਮੋਰਚੇ ਦੇ ਉਮੀਦਵਾਰ ਆਜ਼ਾਦ ਉਮੀਦਵਾਰ ਵਜੋਂ ਨਾਮਜ਼ਦਗੀਆਂ ਦਾਖਲ ਕਰਨ ਵਿਚ ਨਾਕਾਮ ਰਹੇ ਹਨ।




## ਚੋਣ ਕਮਿਸ਼ਨ ਇਕੋ ਚੋਣ ਨਿਸ਼ਾਨ ਦੇਵੇ: ਰਾਜੇਵਾਲ

ਸੰਯੁਕਤ ਸਮਾਜ ਮੋਰਚਾ ਨੂੰ ਪਾਰਟੀ ਵਜੋਂ ਮਾਨਤਾ ਮਿਲਣ ਮਗਰੋਂ ਬਲਬੀਰ ਸਿੰਘ ਰਾਜੇਵਾਲ ਨੇ ਚੋਣ ਕਮਿਸ਼ਨ ਕੋਲੋਂ ਮੰਗ ਕੀਤੀ ਹੈ ਕਿ ਮੋਰਚੇ ਦੇ ਉਮੀਦਵਾਰਾਂ ਨੂੰ ਇਕੋ ਜਿਹਾ ਚੋਣ ਨਿਸ਼ਾਨ ਦਿੱਤਾ ਜਾਵੇ, ਤਾਂ ਕਿ ਲੋਕਾਂ ਵਿੱਚ ਮੋਰਚੇ ਦੇ ਉਮੀਦਵਾਰਾਂ ਦੀ ਪਛਾਣ ਆਸਾਨੀ ਨਾਲ ਹੋ ਸਕੇ। ਉਨ੍ਹਾਂ ਕਿਹਾ ਕਿ ਮੋਰਚੇ ਦੇ ਉਮੀਦਵਾਰਾਂ ਨੇ ਆਜ਼ਾਦ ਉਮੀਦਵਾਰਾਂ ਵਜੋਂ ਨਾਮਜ਼ਦਗੀਆਂ ਭਰੀਆਂ ਹਨ, ਲਿਹਾਜ਼ਾ ਇਕੋ ਜਿਹੇ ਚੋਣ ਨਿਸ਼ਾਨ ਦੀ ਅਲਾਟਮੈਂਟ ਜ਼ਰੂਰੀ ਹੈ।

## ਮੋਰਚੇ ਨੂੰ ਚੋਣ ਨਿਸ਼ਾਨ ਦੇਣ 'ਚ ਦੇਰੀ ਕੀਤੀ: ਰੁਲਦੂ ਸਿੰਘ

**ਮਾਨਸਾ:** ਸੰਯੁਕਤ ਸਮਾਜ ਮੋਰਚਾ ਦੇ ਮੁੱਖ ਆਗੂ ਅਤੇ ਪੰਜਾਬ ਕਿਸਾਨ ਯੂਨੀਅਨ ਦੇ ਸੂਬਾ ਪ੍ਰਧਾਨ ਰੁਲਦੂ ਸਿੰਘ ਨੇ ਦੋਸ਼ ਲਾਇਆ ਕਿ ਚੋਣ ਕਮਿਸ਼ਨ ਵੱਲੋਂ ਚੋਣ ਨਿਸ਼ਾਨ ਜਾਰੀ ਕਰਨ ਵਿਚ ਕੀਤੀ ਗਈ ਦੇਰੀ ਵੱਡੀ ਸਾਜ਼ਿਸ਼ ਦਾ ਹਿੱਸਾ ਹੈ। ਸੰਯੁਕਤ ਸਮਾਜ ਮੋਰਚੇ ਵੱਲੋਂ ਆਪਣਾ ਚੋਣ ਨਿਸ਼ਾਨ ਟਰੈਕਟਰ, ਟਰੈਕਟਰ-ਟਰਾਲੀ ਅਤੇ ਤੰਬੂ-ਟਰਾਲੀ ਮੰਗਿਆ ਗਿਆ ਸੀ ਜਦਕਿ ਚੋਣ ਨਿਸ਼ਾਨ ਮੰਜਾ ਕਦੇ ਮੰਗਿਆ ਨਹੀਂ ਗਿਆ ਸੀ। ਉਨ੍ਹਾਂ ਕਿਹਾ ਕਿ ਚੋਣ ਕਮਿਸ਼ਨ ਨੇ ਨਿਸ਼ਾਨ ਦੇਣ ਵਿਚ ਜਾਣ-ਬੁਝ ਕੇ ਦੇਰ ਕੀਤੀ ਹੈ ਜਿਸ ਨੂੰ ਆਪਣੇ ਤੌਰ 'ਤੇ ਪੜਤਾਲ ਕਰਨੀ ਸ਼ੁਰੂ ਕਰ ਦਿੱਤੀ ਹੈ।

## ਚੋਣਾਂ ਵਾਲੇ ਆਗੂਆਂ ਦਾ ਮੋਰਚੇ ਨਾਲ ਕੋਈ ਸਬੰਧ ਨਹੀਂ: ਉਗਰਾਹਾਂ

ਬੀ.ਕੇ.ਯੂ. (ਉਗਰਾਹਾਂ) ਦੇ ਜੋਗਿੰਦਰ ਸਿੰਘ ਉਗਰਾਹਾਂ ਨੇ ਕਿਹਾ ਕਿ ਸੰਯੁਕਤ ਕਿਸਾਨ ਮੋਰਚੇ ਦਾ ਸੰਯੁਕਤ ਸਮਾਜ ਮੋਰਚੇ ਨਾਲ ਕੋਈ ਸਬੰਧ ਨਹੀਂ ਤੇ ਸਾਡਾ ਮੋਰਚਾ ਗੈਰ-ਸਿਆਸੀ ਹੀ ਰਹੇਗਾ। ਉਨ੍ਹਾਂ ਕਿਹਾ ਕਿ ਕੋਈ ਵੀ ਸਿਆਸੀ ਆਗੂ ਜਾਂ ਪਾਰਟੀ ਸੰਯੁਕਤ ਕਿਸਾਨ ਮੋਰਚੇ ਦਾ ਹਿੱਸਾ ਨਹੀਂ ਹੋ ਸਕਦੀ। ਟਰੇਡ ਯੂਨੀਅਨਾਂ ਨਾਲ ਸਾਡਾ ਰਾਬਤਾ ਜਾਰੀ ਰਹੇਗਾ, ਜੋ ਪਹਿਲਾਂ ਵੀ ਸੀ। ਉਨ੍ਹਾਂ ਕਿਹਾ ਕਿ ਰਾਜਸੀ ਫਰੰਟ ਬਣਾ ਕੇ ਕੋਈ ਵੀ ਚੋਣ ਲੜ ਸਕਦਾ ਹੈ, ਪਰ ਕਿਸਾਨ ਮੋਰਚੇ ਤੋਂ ਨਹੀਂ। ਚੋਣਾਂ ਨਾਲ ਜੁੜੇ ਇਸ ਮੁੱਦੇ 'ਤੇ ਟਿਕੈਤ ਨੇ ਕਿਹਾ ਕਿ ਕਿਸਾਨ ਕੁਝ ਸਮੇਂ ਲਈ ਛੁੱਟੀ ਉਪਰ ਗਏ ਹੋਏ ਹਨ।

# ਸੰਯੁਕਤ ਸੰਘਰਸ਼ ਪਾਰਟੀ ਵੱਲੋਂ ਚੋਣਾਂ ਨੂੰ ਲੈ ਕੇ ਘੋਸ਼ਣਾ ਪੱਤਰ ਜਾਰੀ

**ਚੰਡੀਗੜ੍ਹ:** ਸੰਯੁਕਤ ਸੰਘਰਸ਼ ਪਾਰਟੀ ਵੱਲੋਂ ਵਿਧਾਨ ਸਭਾ ਚੋਣਾਂ 2022 ਨੂੰ ਲੈ ਕੇ ਘੋਸ਼ਣਾ ਪੱਤਰ ਜਾਰੀ ਕੀਤਾ ਗਿਆ ਹੈ। ਸੰਯੁਕਤ ਸੰਘਰਸ਼ ਪਾਰਟੀ ਦੇ ਸਰਪ੍ਰਸਤ ਗੁਰਨਾਮ ਸਿੰਘ ਚੜੂਨੀ ਨੇ ਕਿਹਾ ਕਿ ਸੰਯੁਕਤ ਸੰਘਰਸ਼ ਪਾਰਟੀ ਵੱਲੋਂ ਆਪਣੇ ਘੋਸ਼ਣਾ ਪੱਤਰ 'ਚ ਕਿਹਾ ਕਿ ਸੂਬੇ ਅੰਦਰ ਪਾਰਟੀ ਦੀ ਸਰਕਾਰ ਬਣਨ ਤੋਂ ਬਾਅਦ ਕਿਸਾਨਾਂ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਲਈ 'ਕਿਸਾਨ ਕਮਿਸ਼ਨ ਪੰਜਾਬ' ਦਾ ਗਠਨ ਕੀਤਾ ਜਾਵੇਗਾ, ਕਿਸਾਨਾਂ ਤੇ ਕਿਰਤੀਆਂ ਦੀ ਸਰਕਾਰ ਬਣਨ ਉਪਰੰਤ ਇਕ ਕਿਸਾਨ ਨੂੰ ਇਕ ਏਕੜ ਵਿਚ ਅਫੀਮ ਦੀ ਖੇਤੀ ਕਰਨ ਦਾ ਲਾਇਸੰਸ ਦਿੱਤਾ ਜਾਵੇਗਾ, ਕਰਜ਼ੇ ਕਾਰਨ ਕਿਸਾਨਾਂ ਦੀ ਜਮੀਨ ਨਿਲਾਮੀ ਨਹੀਂ ਹੋਣ ਦਿੱਤੀ ਜਾਵੇਗੀ, ਕੋਆਪ੍ਰੇਟਿਵ ਖੇਤੀ ਦੀ ਸ਼ੁਰੂਆਤ ਹੋਵੇਗੀ, ਜੇਕਰ ਕਿਸੇ ਵੀ ਪਰਿਵਾਰ ਦੀ ਪ੍ਰਤੀ ਮੈਂਬਰ ਸਾਲਾਨਾ ਆਮਦਨ 30 ਹਜ਼ਾਰ ਰੁਪਏ ਤੋਂ ਘੱਟ ਹੈ ਤਾਂ ਉਸ ਨੂੰ ਸਰਕਾਰ ਵੱਲੋਂ ਵਿਸ਼ੇਸ਼ ਸਹਿਯੋਗ ਦਿੱਤਾ ਜਾਵੇਗਾ।

ਐਮ.ਐਸ.ਪੀ. ਤੋਂ ਘੱਟ ਕਿਸੇ ਵੀ ਫਸਲ ਦੀ ਖਰੀਦ ਨੂੰ ਯਕੀਨੀ ਬਣਾਉਣ ਲਈ ਸਰਕਾਰ 'ਭਾਅ ਅੰਤਰ ਯੋਜਨਾ' ਬਣਾਵੇਗੀ, ਫਸਲ ਖਰਾਬ ਹੋਣ ਜਾਂ ਬਰਬਾਦ ਹੋਣ ਉਤੇ 75 ਹਜ਼ਾਰ ਰੁਪਏ ਪ੍ਰਤੀ ਹੈਕਟੇਅਰ ਦੀ ਦਰ ਨਾਲ ਕਿਸਾਨਾਂ ਨੂੰ ਮੁਆਵਜ਼ਾ ਦਿੱਤਾ ਜਾਵੇਗਾ, ਫਸਲ ਦਾ ਬੀਮਾ ਕਰਵਾਉਣ ਵਾਸਤੇ ਸਰਕਾਰੀ ਕੰਪਨੀਆਂ ਬਣਾਈਆਂ ਜਾਣਗੀਆਂ, ਗੰਨੇ ਦੇ ਕਾਸ਼ਤਕਾਰਾਂ ਨੂੰ ਗੰਨੇ ਦੀ ਫਸਲ ਦਾ ਭੁਗਤਾਨ 14 ਦਿਨਾਂ ਦੇ ਅੰਦਰ-ਅੰਦਰ ਕੀਤਾ ਜਾਵੇਗਾ, ਖੇਤੀਬਾੜੀ ਦੇ ਬਜਟ ਵਧਾਏ ਜਾਣਗੇ, ਖੇਤੀ ਯੂਨੀਵਰਸਿਟੀ ਦਾ ਨਿਰਮਾਣ ਕੀਤਾ ਜਾਵੇਗਾ, ਬਾਰਸ਼ ਦਾ ਪਾਣੀ ਜਮ੍ਹਾਂ ਕਰਨ ਲਈ 'ਰੈਨ ਵਾਟਰ ਤਲਾਬ' ਤਿਆਰ ਕੀਤੇ ਜਾਣਗੇ, ਹਰ ਸ਼ੂਗਰ ਮਿੱਲ 'ਚ ਪਰਾਲੀ ਤੋਂ ਬਿਜਲੀ ਬਣਾਉਣ ਦੇ ਪਲਾਂਟ ਲਗਾਏ ਜਾਣਗੇ, ਬੇਰੁਜ਼ਗਾਰੀ ਦੂਰ ਕਰਨ ਲਈ ਵਿਸ਼ੇਸ਼ ਯਤਨ ਕੀਤੇ ਜਾਣਗੇ, ਪੰਜਾਬ ਨੂੰ ਨਸ਼ਾ ਮੁਕਤ ਕਰਨ ਲਈ ਪੂਰੀ ਸਖਤੀ ਵਰਤੀ ਜਾਵੇਗੀ, ਸਿਹਤ ਵਿਵਸਥਾ ਨੂੰ ਦਰੁਸਤ ਬਣਾਉਣ ਲਈ ਹਰ ਸੰਭਵ ਉਪਰਾਲੇ ਕੀਤੇ ਜਾਣਗੇ।

## ਸੰਘਰਸ਼ ਨਾਲ ਹੀ ਮਸਲੇ ਹੱਲ ਹੋਣਗੇ: ਦਰਸ਼ਨ ਪਾਲ

**ਬਰਨਾਲਾ:** ਕ੍ਰਾਂਤੀਕਾਰੀ ਕਿਸਾਨ ਯੂਨੀਅਨ ਵੱਲੋਂ ਇਥੋਂ ਦੇ ਤਰਕਸ਼ੀਲ ਭਵਨ ਵਿਚ ਕਿਸਾਨੀ ਮਸਲਿਆਂ ਅਤੇ ਪੰਜਾਬ ਵਿਧਾਨ ਸਭਾ ਚੋਣਾਂ ਬਾਰੇ ਕਨਵੈਨਸ਼ਨ ਕਰਵਾਈ ਗਈ। ਇਸ ਮੌਕੇ ਸੰਯੁਕਤ ਕਿਸਾਨ ਮੋਰਚਾ ਦੀ ਨੌਂ ਮੈਂਬਰੀ ਕਮੇਟੀ ਦੇ ਮੈਂਬਰ ਅਤੇ ਕ੍ਰਾਂਤੀਕਾਰੀ ਕਿਸਾਨ ਯੂਨੀਅਨ ਦੇ ਸੂਬਾ ਪ੍ਰਧਾਨ ਡਾ. ਦਰਸ਼ਨ ਪਾਲ ਨੇ ਕਿਹਾ ਕਿ ਕੁਝ ਕਿਸਾਨ ਆਗੂ ਇਸ ਭਰਮ ਵਿਚ ਹਨ ਕਿ ਸ਼ਾਇਦ ਵਿਧਾਨ ਸਭਾ ਚੋਣਾਂ ਲੜ ਕੇ ਉਹ ਕਿਸਾਨ ਮਸਲਿਆਂ ਦਾ ਹੱਲ ਕੱਢ ਲੈਣਗੇ ਪਰ ਹਕੀਕਤ ਇਹ ਹੈ ਕਿ ਕਿਸਾਨ, ਮਜ਼ਦੂਰ ਮਸਲਿਆਂ ਦਾ ਹੱਲ ਹਕੂਮਤ ਖਿਲਾਫ ਸੰਘਰਸ਼ ਨਾਲ ਹੀ ਸੰਭਵ ਹੈ।

# ਮਾਰੇ ਗਏ ਕਿਸਾਨ ਦਾ ਪੁੱਤ ਟੈਨੀ ਖਿਲਾਫ ਚੋਣ ਲੜੇਗਾ

**ਲਖੀਮਪੁਰ ਖੀਰੀ (ਯੂਪੀ):** ਲਖੀਮਪੁਰ ਖੀਰੀ ਵਿਚ ਕੇਂਦਰੀ ਗ੍ਰਹਿ ਰਾਜ ਮੰਤਰੀ ਅਜੈ ਮਿਸ਼ਰਾ ਟੈਨੀ ਦੇ ਪੁੱਤਰ ਦੀ ਗੱਡੀ ਹੇਠ ਆ ਕੇ ਮੌਤ ਦੇ ਮੂੰਹ ਪਏ ਚਾਰ ਕਿਸਾਨਾਂ 'ਚੋਂ ਇਕ ਨਛੱਤਰ ਸਿੰਘ ਦੇ ਪੁੱਤਰ ਜਗਦੀਪ ਸਿੰਘ (31) ਨੇ ਅਸੈਂਬਲੀ ਚੋਣ ਲੜਨ ਸਬੰਧੀ ਸਮਾਜਵਾਦੀ ਪਾਰਟੀ ਤੇ ਕਾਂਗਰਸ ਦੀ ਪੇਸ਼ਕਸ਼ ਨੂੰ ਨਾਂਹ ਕਰ ਦਿੱਤੀ ਹੈ, ਪਰ ਉਸ ਨੇ ਦੋਵਾਂ ਪਾਰਟੀਆਂ ਨੂੰ 2024 ਲੋਕ ਸਭਾ ਚੋਣਾਂ ਵਿਚ ਟੈਨੀ ਖਿਲਾਫ ਖੜ੍ਹਨ ਦਾ ਮੌਕਾ ਦੇਣ ਲਈ ਕਿਹਾ ਹੈ।

ਜਗਦੀਪ ਸਿੰਘ ਪੀੜਤ ਕਿਸਾਨ ਦਾ ਵੱਡਾ ਪੁੱਤਰ ਹੈ। ਪਿਛਲੇ ਸਾਲ 3 ਅਕਤੂਬਰ ਨੂੰ ਲਖੀਮਪੁਰ ਵਿਚ ਵਾਪਰੀ ਉਪਰੋਕਤ ਘਟਨਾ ਵਿਚ ਚਾਰ ਕਿਸਾਨਾਂ ਤੇ ਇਕ ਸਥਾਨਕ ਪੱਤਰਕਾਰ ਦੀ ਜਾਨ ਜਾਂਦੀ ਰਹੀ ਸੀ। ਯੂਪੀ ਪੁਲਿਸ ਵੱਲੋਂ ਦਰਜ ਕੇਸ ਵਿਚ ਕੇਂਦਰੀ ਗ੍ਰਹਿ ਰਾਜ ਮੰਤਰੀ ਦੇ ਪੁੱਤਰ ਆਸ਼ੀਸ਼ ਮਿਸ਼ਰਾ ਨੂੰ ਮੁੱਖ ਮੁਲਜ਼ਮ ਵਜੋਂ ਨਾਮਜ਼ਦ ਕੀਤਾ ਗਿਆ ਹੈ ਤੇ ਉਹ ਇਸ ਵੇਲੇ ਜੇਲ੍ਹ ਵਿਚ ਹੈ।

ਨਾਮਦਾਰ ਪੁਰਵਾ ਪਿੰਡ ਦੇ ਵਸਨੀਕ ਜਗਦੀਪ ਸਿੰਘ ਨੇ ਕਿਹਾ ਕਿ ਉਸ ਨੂੰ ਲਖੀਮਪੁਰ ਖੀਰੀ ਜ਼ਿਲ੍ਹੇ ਦੇ ਧੌਰਾਹਾਰਾ ਅਸੈਂਬਲੀ ਹਲਕੇ ਤੋਂ ਚੋਣ ਲੜਨ ਦੀ ਪੇਸ਼ਕਸ਼ ਹੋਈ ਸੀ, ਜਿਸ ਨੂੰ ਉਸ ਨੇ ਨਾਂਹ ਕਰ ਦਿੱਤੀ। ਉਸ ਨੇ ਕਿਹਾ, ''ਐੱਸਪੀ ਤੇ ਕਾਂਗਰਸ ਨੇ ਧੌਰਾਹਰਾ ਸੀਟ ਤੋਂ ਚੋਣ ਲੜਨ ਲਈ ਦਬਾਅ ਪਾਇਆ ਸੀ, ਪਰ ਮੈਂ ਉਨ੍ਹਾਂ ਨੂੰ ਆਖ ਦਿੱਤਾ ਕਿ ਛੋਟੀ ਲੜਾਈ ਨਹੀਂ ਲੜਾਂਗਾ। ਮੈਨੂੰ 2024 ਵਿਚ ਲੋਕ ਸਭਾ ਚੋਣਾਂ ਲਈ ਟਿਕਟ ਦਿੱਤੀ ਜਾਵੇ। ਮੈਂ ਟੈਨੀ ਨਾਲ ਸਿੱਧੇ ਤੌਰ 'ਤੇ ਮੱਥਾ ਲਾਵਾਂਗਾ। ਜੇ ਮੈਂ ਲੜਨਾ ਹੀ ਹੈ ਤਾਂ ਮੈਂ ਸਹੀ ਤਰੀਕੇ ਨਾਲ ਲੜਾਂਗਾ।''



ਜਗਦੀਪ ਨੇ ਕਿਹਾ ਕਿ ਉਨ੍ਹਾਂ ਦੇ ਪਰਿਵਾਰ ਦਾ ਸਿਆਸੀ ਪਿਛੋਕੜ ਨਹੀਂ ਹੈ। ਉਸ ਨੇ ਕਿਹਾ, ''ਮੈਂ ਸਪਾ, ਬਸਪਾ ਤੇ ਕਾਂਗਰਸ ਵਿਚੋਂ ਕਿਸੇ ਦਾ ਵੀ ਹਮਾਇਤੀ ਨਹੀਂ ਹਾਂ। ਮੌਜੂਦਾ ਸਮੇਂ ਅਸੀਂ ਚੋਣਾਂ ਵਿਚ ਕਿਸਾਨ ਆਗੂ ਤੇਜਿੰਦਰ ਸਿੰਘ ਵਿਰਕ ਨਾਲ ਖੜ੍ਹੇ ਹਾਂ। ਉਹ ਸਾਡੀ ਲੜਾਈ ਵੀ ਲੜ ਰਿਹੈ। ਉਹ ਜਿੱਥੋਂ ਕਿਤੇ ਵੀ ਚੋਣ ਲੜੇ, ਅਸੀਂ ਉਸ ਦੇ ਨਾਲ ਖੜਾਂਗੇ।'' ਕਾਬਲੇਗੌਰ ਹੈ ਕਿ ਵਿਰਕ ਲਖੀਮਪੁਰ ਖੀਰੀ ਹਿੰਸਾ ਦੌਰਾਨ ਜ਼ਖਮੀ ਹੋਣ ਵਾਲੇ ਕਿਸਾਨਾਂ 'ਚ ਸ਼ੁਮਾਰ ਸੀ ਤੇ ਹਾਲ ਹੀ ਵਿਚ ਉਹ ਸਪਾ ਮੁਖੀ ਅਖਿਲੇਸ਼ ਯਾਦਵ ਦੀ ਪ੍ਰੈੱਸ ਕਾਨਫਰੰਸ ਵਿਚ ਨਜ਼ਰ ਆਇਆ ਸੀ। ਉਂਜ ਜਗਦੀਪ ਨੇ ਵਿਰੋਧੀ ਪਾਰਟੀਆਂ ਦਾ ਧੰਨਵਾਦ ਕੀਤਾ ਕਿ ਜੇਕਰ ਕੋਈ ਵਿਰੋਧ ਨਾ ਹੁੰਦਾ ਤਾਂ ਸ਼ਾਇਦ ਤਿਕੁਨੀਆ ਘਟਨਾ ਨੂੰ ਹਾਦਸੇ ਵਜੋਂ ਦਰਸਾ ਦਿੱਤਾ ਜਾਂਦਾ।

# ਸਿਆਸੀ ਧਿਰਾਂ ਨੂੰ ਏਜੰਡੇ 'ਚ ਵਾਤਾਵਰਨ ਦੀ ਸੰਭਾਲ ਨੂੰ ਸ਼ਾਮਲ ਕਰਨ 'ਤੇ ਜ਼ੋਰ

**ਅੰਮ੍ਰਿਤਸਰ:** ਪੰਜਾਬ ਵਾਤਾਵਰਨ ਚੇਤਨਾ ਲਹਿਰ ਵੱਲੋਂ ਇਥੇ ਇਕ ਸਮਾਗਮ ਦੌਰਾਨ ਵੱਖ-ਵੱਖ ਸਿਆਸੀ ਪਾਰਟੀਆਂ ਦੇ ਆਗੂਆਂ ਨੂੰ ਅਪੀਲ ਕੀਤੀ ਗਈ ਹੈ ਕਿ ਉਹ ਪੰਜਾਬ ਵਿਧਾਨ ਸਭਾ ਚੋਣਾਂ ਦੌਰਾਨ ਵਾਤਾਵਰਨ ਸੰਭਾਲ ਸਬੰਧੀ ਮਾਮਲੇ ਨੂੰ ਆਪੋ ਆਪਣੇ ਚੋਣ ਮਨੋਰਥ ਪੱਤਰ ਵਿਚ ਪਹਿਲ ਦੇ ਆਧਾਰ 'ਤੇ ਸ਼ਾਮਲ ਕਰਨ। ਇਹ ਸਮਾਗਮ ਪੰਥਕ ਤਾਲਮੇਲ ਸੰਗਠਨ ਅਤੇ ਅਕਾਲ ਪੁਰਖ ਕੀ ਫੌਜ ਜਥੇਬੰਦੀ ਵਲੋਂ ਕਰਵਾਇਆ ਗਿਆ।

ਪਦਮਸ੍ਰੀ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਕਿਹਾ ਕਿ ਭੌਤਿਕ ਤਰੱਕੀਆਂ ਕਾਰਨ ਸਾਰੀ ਦੁਨੀਆ ਵਿਚ ਹੀ ਵਾਤਾਵਰਨ ਵਿਚ ਵਿਗਾੜ ਦਾ ਸਿਲਸਿਲਾ ਜਾਰੀ ਹੈ। ਵਿਗਿਆਨ ਨੇ ਸਿੱਧ ਕੀਤਾ ਅਤੇ ਚਿਤਾਵਨੀ ਵੀ ਦਿੱਤੀ ਹੈ ਕਿ ਵਾਤਾਵਰਨ ਵਿਗਾੜ ਕਾਰਨ ਜਲਵਾਯੂ ਦੀ ਇਹ ਤਬਦੀਲੀ ਮਨੁੱਖੀ ਸਭਿਅਤਾ ਦੀ ਹੋਂਦ ਨੂੰ ਖਤਮ ਕਰਨ ਵੱਲ ਵਧ ਰਹੀ ਹੈ। ਸਮੇਂ ਦੀ ਲੋੜ ਹੈ ਕਿ ਮਨੁੱਖਤਾ ਦੀ ਹੋਂਦ ਨੂੰ ਬਚਾਉਣ ਲਈ ਵਾਤਾਵਰਨ ਸੰਭਾਲ ਨੂੰ ਤਰਜੀਹ ਤੌਰ 'ਤੇ ਅਪਨਾਇਆ ਜਾਵੇ ਤੇ ਹਰੇਕ ਵਿਅਕਤੀ ਇਸ ਨੂੰ ਆਪਣੀ ਜ਼ਿੰਮੇਵਾਰੀ ਵਜੋਂ ਲਵੇ।

# ਕੇਂਦਰ ਵੱਲੋਂ ਹੁਣ ਚੋਣਾਂ ਮਗਰੋਂ ਐਮ.ਐਸ.ਪੀ. 'ਤੇ ਕਮੇਟੀ ਬਣਾਉਣ ਦਾ ਭਰੋਸਾ

**ਨਵੀਂ ਦਿੱਲੀ:** ਖੇਤੀ ਮੰਤਰੀ ਨਰਿੰਦਰ ਸਿੰਘ ਤੋਮਰ ਨੇ ਰਾਜ ਸਭਾ ਵਿਚ ਕਿਹਾ ਕਿ ਸਰਕਾਰ ਘੱਟੋ-ਘੱਟ ਸਮਰਥਨ ਮੁੱਲ (ਐਮ.ਐਸ.ਪੀ.) ਬਾਰੇ ਕਮੇਟੀ ਬਣਾਉਣ ਲਈ ਵਚਨਬੱਧ ਹੈ, ਪਰ ਚੋਣ ਕਮਿਸ਼ਨ ਦਾ ਕਹਿਣਾ ਹੈ ਕਿ ਚੋਣਾਂ ਮਗਰੋਂ ਹੀ ਅਜਿਹੀ ਕਿਸੇ ਕਮੇਟੀ ਦਾ ਗਠਨ ਕੀਤਾ ਜਾ ਸਕਦਾ ਹੈ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਪਿਛਲੇ ਸਾਲ ਨਵੰਬਰ ਵਿਚ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਤਿੰਨ ਖੇਤੀ ਕਾਨੂੰਨਾਂ ਨੂੰ ਵਾਪਸ ਲੈਣ ਦਾ ਐਲਾਨ ਕਰਦਿਆਂ ਵਾਅਦਾ ਕੀਤਾ ਸੀ ਕਿ ਜਿਣਸਾਂ ਦੀ ਐਮ.ਐਸ.ਪੀ. 'ਤੇ ਖਰੀਦ ਨੂੰ ਲੈ ਕੇ ਕਾਨੂੰਨੀ ਗਾਰੰਟੀ ਦੇਣ ਸਬੰਧੀ ਕਿਸਾਨਾਂ ਦੀ ਮੰਗ 'ਤੇ ਚਰਚਾ ਕਰਨ ਲਈ ਕਮੇਟੀ ਬਣਾਈ ਜਾਵੇਗੀ। ਰਾਜ ਸਭਾ ਵਿੱਚ ਪ੍ਰਸ਼ਨ ਕਾਲ ਦੌਰਾਨ ਪੂਰਕ ਸਵਾਲ ਦਾ ਜਵਾਬ ਦਿੰਦੇ ਹੋਏ ਤੋਮਰ ਨੇ ਕਿਹਾ ਕਿ ਸਰਕਾਰ ਨੇ ਪੰਜ ਰਾਜਾਂ ਦੀਆਂ ਅਗਾਮੀ ਚੋਣਾਂ ਦੇ ਮੱਦੇਨਜ਼ਰ ਚੋਣ ਕਮਿਸ਼ਨ ਨੂੰ ਇਸ ਸਬੰਧੀ ਲਿਖਿਆ ਸੀ। ਮੰਤਰੀ ਨੇ ਕਿਹਾ ਕਿ ਐਮ.ਐਸ.ਪੀ. 'ਤੇ ਕਮੇਟੀ ਗਠਿਤ ਕਰਨ ਬਾਰੇ ਮਸਲਾ ਮੰਤਰਾਲੇ ਦੇ ਵਿਚਾਰਧੀਨ ਹੈ ਤੇ ਚੋਣਾਂ ਦਾ ਅਮਲ ਮੁਕੰਮਲ ਹੋਣ ਮਗਰੋਂ ਇਸ ਦਾ ਗਠਨ ਕਰ ਦਿੱਤਾ ਜਾਵੇਗਾ।

ਤੋਮਰ ਨੇ ਕਿਹਾ, ''ਪੂਰਾ ਦੇਸ਼ ਜਾਣਦਾ ਹੈ ਕਿ ਪ੍ਰਧਾਨ ਮੰਤਰੀ ਨੇ ਫਸਲੀ ਵੰਨ-ਸੁਵੰਨਤਾ, ਕੁਦਰਤੀ ਖੇਤੀ ਅਤੇ ਐਮ.ਐਸ.ਪੀ. ਨੂੰ ਵਧੇਰੇ ਅਸਰਦਾਰ ਤੇ ਪਾਰਦਰਸ਼ੀ ਬਣਾਉਣ ਦਾ ਐਲਾਨ ਕੀਤਾ ਸੀ। ਸਰਕਾਰ ਪ੍ਰਧਾਨ ਮੰਤਰੀ ਵੱਲੋਂ ਕੀਤੇ ਐਲਾਨ ਪ੍ਰਤੀ ਵਚਨਬੱਧ ਹੈ। ਮਸਲਾ ਮੰਤਰਾਲੇ ਦੇ ਵਿਚਾਰਧੀਨ ਹੈ।''




ਤੋਮਰ ਨੇ ਕਿਹਾ ਕਿ (ਪੰਜ ਰਾਜਾਂ 'ਚ) ਚੋਣ ਅਮਲ ਚੱਲਦਾ ਹੋਣ ਕਰਕੇ ਉਨ੍ਹਾਂ ਚੋਣ ਕਮਿਸ਼ਨ ਨੂੰ ਮਾਰਗ ਦਰਸ਼ਨ ਸਬੰਧੀ ਲਿਖਿਆ ਸੀ। ਮੰਤਰੀ ਨੇ ਕਿਹਾ, ''ਚੋਣ ਕਮਿਸ਼ਨ ਦਾ ਜਵਾਬ ਆ ਗਿਆ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਚੋਣਾਂ ਮਗਰੋਂ ਕਮੇਟੀ ਦਾ ਗਠਨ ਕੀਤਾ ਜਾਣਾ ਚਾਹੀਦਾ ਹੈ।'' ਇਸ ਵੇਲੇ ਪੰਜ ਰਾਜਾਂ- ਉੱਤਰ ਪ੍ਰਦੇਸ਼, ਪੰਜਾਬ, ਉੱਤਰਾਖੰਡ, ਮਨੀਪੁਰ ਤੇ ਗੋਆ ਵਿਚ ਚੋਣਾਂ ਦਾ ਅਮਲ ਜਾਰੀ ਹੈ। ਬੀਜੂ ਜਨਤਾ ਦਲ ਦੇ ਪ੍ਰਸੰਨਾ ਅਚਾਰੀਆ ਵੱਲੋਂ ਪੁੱਛੇ ਸਵਾਲ ਕਿ ਕੀ ਸਰਕਾਰ ਇਸੇ ਸਦਨ ਵਿਚ ਐਮ.ਐਸ.ਪੀ. ਦੀ ਕਾਨੂੰਨੀ ਗਾਰੰਟੀ ਸਬੰਧੀ ਬਿੱਲ ਲਿਆਉਣ 'ਤੇ ਵਿਚਾਰ ਕਰ ਰਹੀ ਹੈ, ਦੇ ਜਵਾਬ ਵਿਚ ਤੋਮਰ ਨੇ ਕਿਹਾ ਕਿ ਸਾਲ 2018 ਤੋਂ ਪਹਿਲਾਂ ਐਮ.ਐਸ.ਪੀ. ਨੂੰ ਪਰਿਭਾਸ਼ਤ ਕਰਨ ਤੇ ਖੇਤੀਬਾੜੀ ਨੂੰ ਵਧੇਰੇ ਲਾਭਦਾਇਕ ਬਣਾਉਣ ਲਈ ਕੋਈ ਚੌਖਟਾ ਨਹੀਂ ਸੀ। ਉਨ੍ਹਾਂ ਕਿਹਾ ਕਿ ਸਵਾਮੀਨਾਥਨ ਕਮਿਸ਼ਨ ਵੱਲੋਂ ਕੀਤੀਆਂ 14 ਸਿਫਾਰਸ਼ਾਂ ਵਿਚ ਐਮ.ਐਸ.ਪੀ. ਨੂੰ ਉਤਪਾਦਨ ਲਾਗਤ ਤੋਂ 50 ਫੀਸਦ ਵੱਧ ਨਿਰਧਾਰਿਤ ਕਰਨਾ ਵੀ ਸ਼ਾਮਲ ਸੀ, ਪਰ ਉਦੋਂ ਅੰਤਰ-ਮੰਤਰਾਲਾ ਕਮੇਟੀ ਨੇ ਇਸ ਨੂੰ ਰੱਦ ਕਰ ਦਿੱਤਾ ਸੀ।

## ਐਮ.ਐਸ.ਪੀ. ਬਾਰੇ ਗਲਤ ਪ੍ਰਚਾਰ ਹੋ ਰਿਹੈ: ਰਾਜਨਾਥ

**ਪਠਾਨਕੋਟ:** ਕੇਂਦਰੀ ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਦੱਸਿਆ ਕਿ ਮੌਜੂਦਾ ਕੇਂਦਰੀ ਬਜਟ 'ਚ ਮੋਦੀ ਸਰਕਾਰ ਨੇ ਕਣਕ ਤੇ ਝੋਨੇ ਦੀ ਖਰੀਦ ਲਈ 2.37 ਲੱਖ ਕਰੋੜ ਰੁਪਏ ਰੱਖੇ ਹਨ ਪਰ ਐਮ.ਐਸ.ਪੀ. ਦੇ ਮਾਮਲੇ 'ਤੇ ਵਿਰੋਧੀ ਧਿਰਾਂ ਵੱਲੋਂ ਕੇਂਦਰ ਖਿਲਾਫ ਕੂੜ ਪ੍ਰਚਾਰ ਕੀਤਾ ਜਾ ਰਿਹਾ ਹੈ। ਤਿੰਨ ਖੇਤੀ ਕਾਨੂੰਨਾਂ ਦਾ ਜ਼ਿਕਰ ਕਰਦਿਆਂ ਰਾਜਨਾਥ ਸਿੰਘ ਨੇ ਕਿਹਾ ਕਿ ਭਾਰਤੀ ਸੰਸਦ ਨੇ ਇਹ ਕਾਨੂੰਨ ਪਾਸ ਕੀਤੇ ਸਨ ਪਰ ਕੁਝ ਕਿਸਾਨ ਜਥੇਬੰਦੀਆਂ ਇਸ ਨਾਲ ਸਹਿਮਤ ਨਹੀਂ ਸਨ। ਇਸ ਤੋਂ ਬਾਅਦ ਇਹ ਕਾਨੂੰਨ ਰੱਦ ਕੀਤੇ ਗਏ।

# ਡੇਰਾ ਸਿਰਸਾ ਦੀ ਚੁੱਪ ਨੇ ਸਿਆਸੀ ਧਿਰਾਂ ਦੀ ਧੜਕਣ ਵਧਾਈ

**ਚੰਡੀਗੜ੍ਹ:** ਵਿਧਾਨ ਸਭਾ ਚੋਣਾਂ ਨੂੰ ਲੈ ਕੇ ਪੰਜਾਬ ਅੰਦਰ ਜਿਥੇ ਚੋਣ ਮੈਦਾਨ ਭਖਿਆ ਹੋਇਆ ਹੈ, ਉਥੇ ਹੀ ਸਿਆਸੀ ਪਾਰਟੀਆਂ ਦੀ ਨਜ਼ਰ ਡੇਰਾ ਸਿਰਸਾ ਨਾਲ ਜੁੜੇ ਵੋਟ ਬੈਂਕ ਵੱਲ ਵੀ ਲੱਗੀ ਹੋਈ ਹੈ। ਡੇਰੇ ਵੱਲੋਂ ਇਸ ਵਾਰ ਕਿਸੇ ਪਾਰਟੀ ਨੂੰ ਸਮਰਥਨ ਦੇਣ ਬਾਰੇ ਵੱਟੀ ਚੁੱਪ ਨੇ ਸਿਆਸੀ ਧਿਰਾਂ ਨੂੰ ਤ੍ਰੇਲੀਆਂ ਲਿਆਂਦੀਆਂ ਹੋਈਆਂ ਹਨ। ਪਿਛਲੇ ਦਿਨੀਂ ਤਕਰੀਬਨ ਸਾਰੀਆਂ ਸਿਆਸੀ ਧਿਰਾਂ ਨੇ ਆਗੂ ਪੰਜਾਬ ਵਿਚ ਡੇਰੇ ਦੇ ਸਤਸੰਗ ਵਿਚ ਗੇੜੇ ਮਾਰ ਆਏ ਹਨ ਪਰ ਡੇਰੇ ਦੇ ਸਿਆਸੀ ਵਿੰਗ ਵੱਲੋਂ ਅਜੇ ਤੱਕ ਆਪਣੇ ਸਿਆਸੀ ਪੱਤੇ ਨਹੀਂ ਖੋਲ੍ਹੇ ਹਨ।



ਪੰਜਾਬ ਦੀ ਰਾਜਨੀਤੀ ਵਿਚ ਅਹਿਮ ਸਥਾਨ ਮਾਲਵਾ ਖੇਤਰ ਵਿਚ 69 ਵਿਧਾਨ ਸਭਾ ਹਲਕੇ ਆਉਂਦੇ ਹਨ ਅਤੇ ਮੰਨਿਆ ਜਾਂਦਾ ਹੈ ਕਿ ਚੋਣਾਂ ਵਿਚ ਜਿਸ ਪਾਰਟੀ ਵੱਲ ਮਾਲਵਾ ਬੈਲਟ ਦਾ ਝੁਕਾਅ ਹੁੰਦਾ ਹੈ, ਉਸ ਦਾ ਪੰਜਾਬ ਦੀ ਸੱਤਾ ਵਿਚ ਆਉਣ ਦਾ ਰਸਤਾ ਕਾਫੀ ਹੱਦ ਤੱਕ ਸਾਫ ਹੋ ਜਾਂਦਾ ਹੈ। ਡੇਰਾ ਸਿਰਸਾ ਦੀ ਗੱਲ ਕਰੀਏ ਤਾਂ ਇਸ ਨਾਲ ਜੁੜੇ ਨਜਦੀਕੀ ਆਗੂ ਇਹ ਦਾਅਵਾ ਕਰਦੇ ਹਨ ਕਿ ਮਾਲਵਾ ਬੈਲਟ ਦੀ ਲਗਭਗ ਹਰ ਸੀਟ ਉਤੇ ਡੇਰਾ ਸਿਰਸਾ ਨਾਲ ਸਬੰਧਤ 8 ਤੋਂ 10 ਹਜ਼ਾਰ ਦਾ ਵੋਟ ਬੈਂਕ ਹੈ।

ਲੰਘੇ ਸਮੇਂ ਦੌਰਾਨ ਪੰਜਾਬ ਦੇ ਬਹੁਤ ਆਗੂ ਡੇਰਾ ਸਿਰਸਾ ਮੁਖੀ ਨਾਲ ਨਿੱਜੀ ਤੌਰ ਉਤੇ ਵੀ ਮੁਲਾਕਾਤ ਕਰ ਕੇ ਆਉਂਦੇ ਰਹੇ ਹਨ। ਇਸ ਵਾਰ ਦੀਆਂ ਪੰਜਾਬ ਚੋਣਾਂ ਨੂੰ ਲੈ ਕੇ ਭਾਵੇਂ ਫਿਲਹਾਲ ਡੇਰਾ ਸਿਰਸਾ ਵੱਲੋਂ ਸਮਰਥਨ ਦੇਣ ਦੇ ਆਪਣੇ ਪੱਤੇ ਨਹੀਂ ਖੋਲ੍ਹੇ ਗਏ ਹਨ ਪਰ ਸਿਆਸੀ ਸਫਾਵਾਂ ਵਿਚ ਚਰਚਾ ਹੈ ਕਿ ਇਸ ਵਾਰ ਡੇਰਾ ਸਿਰਸਾ ਆਪਣੇ ਮੌਜੂਦਾ ਹਾਲਾਤ ਕਾਰਨ ਆਪਣਾ ਸਮਰਥਨ ਕੇਂਦਰ ਵਿਚ ਸੱਤਾਧਿਰ ਭਾਜਪਾ ਨੂੰ ਦੇ ਸਕਦਾ ਹੈ ਜਾਂ ਫਿਰ ਸਮਰਥਨ ਨੂੰ ਲੈ ਕੇ ਹਲਕੇ ਜਾਂ ਉਮੀਦਵਾਰ ਮੁਤਾਬਕ ਵੀ ਫੈਸਲਾ ਲਿਆ ਜਾ ਸਕਦਾ ਹੈ।

ਜੇਕਰ ਪਿਛਲਿਆਂ ਵਿਧਾਨ ਸਭਾ ਚੋਣਾਂ ਦੇ ਅੰਕੜਿਆਂ ਉਤੇ ਨਿਗ੍ਹਾ ਮਾਰੀ ਜਾਵੇ ਤਾਂ ਰਾਜਸੀ ਵਿੰਗ ਦੇ ਇਹ ਦਾਅਵੇ ਖੋਖਲੇ ਦਿਖਾਈ ਦਿੰਦੇ ਹਨ ਕਿਉਂਕਿ ਪਿਛਲੀ ਵਾਰ ਡੇਰਾ ਸਿਰਸਾ ਦੇ ਖੁੱਲ੍ਹੇ ਸਮਰਥਨ ਦੇ ਬਾਵਜੂਦ ਅਕਾਲੀ ਦਲ ਅਤੇ ਭਾਜਪਾ ਗੱਠਜੋੜ ਨੂੰ ਪੰਜਾਬ ਅੰਦਰ ਵੱਡੀ ਹਾਰ ਦਾ ਸਾਹਮਣਾ ਕਰਨਾ ਪਿਆ ਸੀ ਅਤੇ ਸੰਗਰੂਰ ਵਰਗੇ ਹਲਕੇ ਜਿਥੇ ਡੇਰਾ ਸਿਰਸਾ ਦਾ ਪੂਰਾ ਬੋਲਬਾਲਾ ਹੈ, ਵਿਚ ਤਾਂ ਅਕਾਲੀ-ਭਾਜਪਾ ਗੱਠਜੋੜ ਦਾ ਉਮੀਦਵਾਰ ਜਿੱਤ ਦੀ ਦੌੜ ਵਿਚੋਂ ਪਛੜਦਿਆਂ ਤੀਜੇ ਸਥਾਨ ਉੱਤੇ ਰਹਿਣਾ ਪਿਆ ਹੈ। ਇਸੇ ਤਰ੍ਹਾਂ ਗੁਆਂਢੀ ਸੂਬੇ ਹਰਿਆਣਾ ਵਿਚ ਪਿਛਲੀਆਂ ਵਿਧਾਨ ਸਭਾ ਚੋਣਾਂ ਵਿਚ ਭਾਜਪਾ ਨੂੰ ਡੇਰਾ ਸਿਰਸਾ ਵੱਲੋਂ ਆਪਣਾ ਖੁੱਲ੍ਹਾ ਸਮਰਥਨ ਦਿੱਤਾ ਗਿਆ ਸੀ ਪਰ ਡੇਰੇ ਦੇ ਗੜ੍ਹ ਜ਼ਿਲ੍ਹਾ ਸਿਰਸਾ ਵਿਚੋਂ ਭਾਜਪਾ ਨੂੰ ਸਾਰੀਆਂ ਦੀਆਂ ਸਾਰੀਆਂ ਸੀਟਾਂ ਉੱਤੇ ਹਾਰ ਦਾ ਮੂੰਹ ਵੇਖਣਾ ਪਿਆ ਸੀ।

ਡੇਰੇ ਦੇ ਸਮਰਥਨ ਦੇ ਬਾਵਜੂਦ ਪਾਰਟੀ ਜਾਂ ਉਮੀਦਵਾਰ ਦੇ ਹਾਰ ਜਾਣ ਪਿੱਛੇ ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਡੇਰਾ ਸਿਰਸਾ ਨਾਲ ਜੁੜਿਆ ਬਹੁ ਗਿਣਤੀ ਵੋਟ ਬੈਂਕ ਪਿਛਲੇ ਕੁਝ ਸਮੇਂ ਤੋਂ ਡੇਰੇ ਦੇ ਰਾਜਸੀ ਵਿੰਗ ਦੇ ਕਹਿਣੇ ਤੋਂ ਬਾਹਰ ਹੋ ਗਿਆ ਹੈ ਕਿਉਂਕਿ ਅਜਿਹੇ ਲੋਕਾਂ ਦਾ ਮੰਨਣਾ ਹੈ ਕਿ ਪਿਛਲੇ ਸਮਿਆਂ ਦੌਰਾਨ ਡੇਰਾ ਸਿਰਸਾ ਉੱਤੇ ਆਈਆਂ ਮੁਸ਼ਕਲਾਂ ਦੀ ਅਸਲ ਵਜ੍ਹਾ ਡੇਰੇ ਦੀ ਸਿਆਸੀ ਤੌਰ ਉਤੇ ਕੀਤੀ ਗਈ ਵਰਤੋਂ ਹੈ।

ਅਜੋਕੇ ਸਮੇਂ ਦੀ ਗੱਲ ਕਰੀਏ ਤਾਂ ਮਾਲਵਾ ਖੇਤਰ ਅੰਦਰ ਡੇਰੇ ਦੀ ਮੁਹਰਲੀ ਕਤਾਰ ਦੇ ਆਗੂ ਵੱਖੋ-ਵੱਖਰੀਆਂ ਪਾਰਟੀਆਂ ਨਾਲ ਸਬੰਧਤ ਆਗੂਆਂ ਦੇ ਸੰਪਰਕ ਵਿਚ ਹਨ ਅਤੇ ਆਪਣੇ-ਆਪਣੇ ਆਗੂਆਂ ਨੂੰ ਭਰੋਸਾ ਦਿਵਾ ਰਹੇ ਹਨ ਕਿ ਉਹ ਡੇਰੇ ਦਾ ਸਮਰਥਨ ਉਸ ਨੂੰ ਹੀ ਦਿਵਾਉਣਗੇ ਪਰ ਹੁਣ ਦੇਖਣਾ ਇਹ ਹੋਵੇਗਾ ਕਿ ਆਉਂਦੇ ਦਿਨਾਂ ਵਿਚ ਡੇਰਾ ਕਿਸ ਪਾਰਟੀ ਜਾਂ ਆਗੂ ਨੂੰ ਆਪਣਾ ਸਮਰਥਨ ਦਿੰਦਾ ਹੈ ਜਾਂ ਫਿਰ ਇਸ ਵਾਰ ਚੁੱਪ ਵਿਚ ਹੀ ਭਲੀ ਸਮਝੀ ਜਾਵੇਗੀ।

# ਕੇਜਰੀਵਾਲ ’ਤੇ ਪੰਜਾਬੀ ਸਭਿਆਚਾਰ ਨੂੰ ਪਾਠਕ੍ਰਮ ’ਚੋਂ ਕੱਢਣ ਦੇ ਦੋਸ਼

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਨੇ ਆਮ ਆਦਮੀ ਪਾਰਟੀ ਦੇ ਮੁਖੀ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ‘ਤੇ ਪੰਜਾਬੀ ਭਾਸ਼ਾ ਤੇ ਸਭਿਆਚਾਰ ਨੂੰ ਗਿਣਮਿਥ ਕੇ ਦਿੱਲੀ ਸਿੱਖਿਆ ਬੋਰਡ ਦੇ ਪਾਠਕ੍ਰਮ ‘ਚੋਂ ਬਾਹਰ ਕੱਢਣ ਦਾ ਦੋਸ਼ ਲਾਇਆ ਹੈ।

ਅਕਾਲੀ ਦਲ ਨੇ ਕਿਹਾ ਕਿ ਕੇਜਰੀਵਾਲ ਸਰਕਾਰ ਜਾਣ-ਬੁੱਝ ਕੇ ਪੰਥਕ ਸਭਿਆਚਾਰ ਤੇ ਕਦਰਾਂ ਕੀਮਤਾਂ ਅਤੇ ਪੰਜਾਬੀ ਭਾਸ਼ਾ ਨੂੰ ਅਣਡਿੱਠ ਕਰ ਰਹੀ ਹੈ। ਅਕਾਲੀ ਦਲ ਦੇ ਬੁਲਾਰੇ ਹਰਚਰਨ ਬੈਂਸ ਨੇ ਦੋਸ਼ ਲਾਇਆ ਕਿ ਦਿੱਲੀ ਸਰਕਾਰ ਨੇ ਪੰਜਾਬੀ ਭਾਸ਼ਾ ਨੂੰ ਦਿੱਲੀ ਸਿੱਖਿਆ ਬੋਰਡ ਦੀ ਵਿਸ਼ਾ ਸੂਚੀ ਵਿਚੋਂ ਬਾਹਰ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਕੇਜਰੀਵਾਲ ਨੇ ਜਾਣ ਬੁੱਝ ਕੇ ਗਤਕਾ ਮਾਰਸ਼ਲ ਆਰਟ ਨੂੰ ਪ੍ਰੋਫੈਸ਼ਨਲ ਮੈਡੀਕਲ, ਇੰਜੀਨੀਅਰਿੰਗ, ਆਈ.ਟੀ. ਤੇ ਹੋਰ ਕੋਰਸਾਂ ਦੇ ਨਾਲ ਦਿੱਲੀ ਵਿਚ ਸਰਕਾਰੀ ਨੌਕਰੀਆਂ ਵਾਸਤੇ ਸਪੋਰਟਸ ਕੋਟੇ ਵਿਚ ਦਾਖਲੇ ਲਈ ਇਕ ਖੇਡ ਵਜੋਂ ਮਾਨਤਾ ਦੇਣ ਤੋਂ ਇਨਕਾਰ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਕੇਜਰੀਵਾਲ ਨੇ ਇਕ ਗੈਰ-ਸਾਹਿਤਕ ਜੂਨੀਅਰ ਸਰਕਾਰੀ ਅਫਸਰ ਨੂੰ ਦਿੱਲੀ ਵਿਚ ਪੰਜਾਬੀ ਅਕਾਦਮੀ ਦਾ ਚੇਅਰਮੈਨ ਨਿਯੁਕਤ ਕਰ ਕੇ ਜ਼ਖ਼ਮਾਂ ‘ਤੇ ਲੂਣ ਛਿੜਕਿਆ ਹੈ।

ਉਨ੍ਹਾਂ ਕਿਹਾ ਕਿ ਪੰਜਾਬੀ ਅਕਾਦਮੀ ਦੇ ਨਵੇਂ ਚੇਅਰਮੈਨ ਨੂੰ ਤਾਂ ਪੰਜਾਬੀ ਭਾਸ਼ਾ ਵੀ ਨਹੀਂ ਆਉਂਦੀ। ਬੈਂਸ ਨੇ ਕਿਹਾ ਕਿ ਇਹ ਅਹੁਦਾ ਅੰਮ੍ਰਿਤਾ ਪ੍ਰੀਤਮ, ਕਰਤਾਰ ਸਿੰਘ ਦੁੱਗਲ, ਸੁਰਜੀਤ ਪਾਤਰ, ਪ੍ਰੋਫੈਸਰ ਮੋਹਨ ਸਿੰਘ ਅਤੇ ਇਨ੍ਹਾਂ ਵਰਗੀਆਂ ਹੋਰਨਾਂ ਸ਼ਖਸੀਅਤਾਂ ਲਈ ਹੈ, ਪਰ ਇਹ ਅਹੁਦਾ ਅਜਿਹੇ ਵਿਅਕਤੀ ਨੂੰ ਦਿੱਤਾ ਗਿਆ ਹੈ, ਜਿਸ ਨੂੰ ਪੰਜਾਬੀ ਲਿਖਣੀ ਵੀ ਨਹੀਂ ਆਉਂਦੀ।

ਅਕਾਲੀ ਦਲ ਨੇ ‘ਆਪ’ ਆਗੂਆਂ ਨੂੰ ਚੁਣੌਤੀ ਦਿੱਤੀ ਕਿ ਅਰਵਿੰਦ ਕੇਜਰੀਵਾਲ ਵੱਲੋਂ ਪੰਜਾਬੀ ਭਾਸ਼ਾ ਤੇ ਸਿੱਖ ਸਭਿਆਚਾਰ ਨਾਲ ਕੀਤੇ ਜਾ ਰਹੇ ਵਿਤਕਰੇ ਬਾਰੇ ਲਾਈਵ ਬਹਿਸ ਕਰਨ। ਉਨ੍ਹਾਂ ਕਿਹਾ ਕਿ ਪੰਜਾਬ ਦੇ ਸਮੁੱਚੇ ਆਗੂ ਗੁਰੂਆਂ ਦੀ ਭਾਸ਼ਾ ਤੇ ਸਭਿਆਚਾਰ ਦੇ ਅਪਮਾਨ ’ਤੇ ਚੁੱਪ ਧਾਰੀ ਬੈਠੇ ਹਨ। ਉਨ੍ਹਾਂ ਕਿਹਾ ਕਿ ਭਗਵੰਤ ਮਾਨ ਨੂੰ ਕੇਜਰੀਵਾਲ ਤੋਂ ਇਹ ਪੁੱਛਣ ਵਿਚ ਡਰ ਲੱਗਦਾ ਹੈ ਕਿ ਗੁਰੂ ਦੇ ਸਭਿਆਚਾਰ ਤੇ ਭਾਸ਼ਾ ਨੂੰ ਦਿੱਲੀ ਦੇ ਮੁੱਖ ਮੰਤਰੀ ਅਪਮਾਨਿਤ ਕਿਉਂ ਕਰ ਰਹੇ ਹਨ।

# ਪੁਰਾਣੇ ਆੜੀ ਚੌਟਾਲਾ ਨੇ ਸੰਭਾਲਿਆ ਬਾਦਲ ਦੇ ਹੱਕ ’ਚ ਮੋਰਚਾ

**ਲੰਬੀ:** ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਹੱਕ ਵਿਚ ਪ੍ਰਚਾਰ ਕਰਨ ਲਈ ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਅਤੇ ਇਨੈਲੋ ਮੁਖੀ ਚੌਧਰੀ ਓਮ ਪ੍ਰਕਾਸ਼ ਚੌਟਾਲਾ ਲੰਬੀ ਹਲਕੇ ਵਿਚ ਪੁੱਜੇ। ਉਨ੍ਹਾਂ ਹਾਕੂਵਾਲਾ, ਕੰਦੂਖੇੜਾ, ਫੱਤਾਕੇਰਾ ਅਤੇ ਘੁਮਿਆਰਾ ‘ਚ ਚੋਣ ਜਲਸਿਆਂ ਨੂੰ ਸੰਬੋਧਨ ਕੀਤਾ।

ਜ਼ਿਕਰਯੋਗ ਹੈ ਕਿ ਪੰਜਾਬ ਤੇ ਹਰਿਆਣਾ ਦੇ ਦੋਵੇਂ ਸਿਆਸੀ ਪਰਿਵਾਰਾਂ ਦੀ ਸੱਤ ਦਹਾਕੇ ਪੁਰਾਣੀ ਸਾਂਝ ਹੈ। ਸ੍ਰੀ ਚੌਟਾਲਾ ਨੇ ਪੰਜਾਬ ‘ਚ ਕਿਸੇ ਵੀ ਪਾਰਟੀ ਨੂੰ ਬਹੁਮਤ ਨਾ ਮਿਲਣ ਦੇ ਸਵਾਲ ‘ਤੇ ਕਿਹਾ ਕਿ ਪੰਜਾਬ ਦੀ ਅਗਾਮੀ ਸਰਕਾਰ ਪ੍ਰਕਾਸ਼ ਸਿੰਘ ਬਾਦਲ ਦੀ ਮਰਜ਼ੀ ਨਾਲ ਬਣੇਗੀ ਅਤੇ ਉਨ੍ਹਾਂ ਦੀ ਇੱਛਾ ਨਾਲ ਹੀ ਸਰਕਾਰ ਚੱਲੇਗੀ। ਵਿਰੋਧੀਆਂ ਵੱਲੋਂ ਵੱਡੇ ਬਾਦਲ ਦੀ ਜ਼ਿਆਦਾ ਉਮਰ ਨੂੰ ਮੁੱਦਾ ਬਣਾਏ ਜਾਣ ‘ਤੇ ਚੌਟਾਲਾ ਨੇ ਕਿਹਾ ਕਿ ਮੌਜੂਦਾ ਹਾਲਾਤ ‘ਚ ਜੇ ਬਾਦਲ ਅਗਵਾਈ ਨਹੀਂ ਕਰਨਗੇ ਤਾਂ ਦੇਸ਼ ਬਰਬਾਦ ਹੋ ਜਾਵੇਗਾ। ਮੋਦੀ ਸਰਕਾਰ ਦੀ ਨਿਖੇਧੀ ਕਰਦਿਆਂ ਉਨ੍ਹਾਂ ਕਿਹਾ ਕਿ ਤਿੰਨ ਖੇਤੀ ਕਾਨੂੰਨਾਂ ਦੌਰਾਨ ਮੌਜੂਦਾ ਸਰਕਾਰ ਦੀ ਹਕੀਕਤ ਜੱਗ ਜ਼ਾਹਰ ਹੋ ਗਈ ਹੈ। ਇਹ ਸਰਕਾਰ ਦੇਸ਼ ‘ਚ ਜਾਤ-ਪਾਤ ਦਾ ਜ਼ਹਿਰ ਫੈਲਾ ਕੇ ਤੇ ਲੋਕਾਂ ‘ਚ ਵੰਡੀਆਂ ਪਾ ਕੇ ਦੇਸ਼ ਨੂੰ ਲੁੱਟਣਾ ਚਾਹੁੰਦੀ ਹੈ ਪਰ ਹੁਣ ਹਾਲਾਤ ਬਦਲ ਗਏ ਹਨ। ਦੇਸ਼ ਅੰਦਰ ਕਿਸਾਨਾਂ ਅਤੇ ਕੰਮ ਕਰਨ ਵਾਲੇ ਵਰਗ ਦੀ ਸਰਕਾਰ ਬਣੇਗੀ।



ਉਨ੍ਹਾਂ ਮਰਹੂਮ ਚੌਧਰੀ ਦੇਵੀ ਲਾਲ ਅਤੇ ਪ੍ਰਕਾਸ਼ ਸਿੰਘ ਬਾਦਲ ਦੀਆਂ ਨੀਤੀਆਂ ਨੂੰ ਲੋਕ-ਪੱਖੀ ਦੱਸਦਿਆਂ ਕਿਹਾ ਕਿ ਪੰਜਾਬ ਦੇ ਪਿੰਡਾਂ ਵਰਗੀਆਂ ਸਹੂਲਤਾਂ ਹੋਰ ਕਿਧਰੇ ਨਹੀਂ ਹਨ। ਉਨ੍ਹਾਂ ਦਾਅਵਾ ਕੀਤਾ ਕਿ ਪ੍ਰਕਾਸ਼ ਸਿੰਘ ਬਾਦਲ ਲੰਬੀ ‘ਚ ਵਿਰੋਧੀਆਂ ਦੀ ਜ਼ਮਾਨਤਾਂ ਜ਼ਬਤ ਕਰਵਾ ਕੇ ਰਿਕਾਰਡ ਵੋਟਾਂ ਨਾਲ ਜਿੱਤਣਗੇ।

# ਸਿਆਸੀ ਧਿਰਾਂ ਨੇ ਮੁੱਦਿਆਂ ਦੀ ਥਾਂ ਇਕ-ਦੂਜੇ ਦੀ ਖਿੱਚਧੂਹ ਲਈ ਟਿੱਲ ਲਾਇਆ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਚੋਣਾਂ ਲਈ ਸਿਆਸੀ ਮਾਹੌਲ ਭਖਿਆ ਹੋਇਆ ਹੈ। ਕਰੋਨਾ ਦੇ ਡਰੋਂ ਚੋਣ ਕਮਿਸ਼ਨ ਵੱਲੋਂ ਲਾਇਆ ਪਾਬੰਦੀਆਂ ਕਾਰਨ ਸਿਆਸੀ ਧਿਰਾਂ ਨੇ ਆਪਣਾ ਪ੍ਰਚਾਰ ਦਾ ਢੰਗ-ਤਰੀਕਾ ਬਦਲਿਆ ਹੈ ਤੇ ਘਰੋਂ ਘਰੀਂ ਜਾ ਕੇ ਵੋਟਾਂ ਮੰਗਣ ਉਤੇ ਜ਼ੋਰ ਦਿੱਤਾ ਜਾ ਰਿਹਾ ਹੈ। ਹਾਲਾਂਕਿ ਇਸ ਵਾਰ ਕੋਈ ਵੀ ਸਿਆਸੀ ਧਿਰ ਮੁੱਦਿਆਂ ਦੀ ਗੱਲ ਕਰਨ ਲਈ ਤਿਆਰ ਨਹੀਂ ਤੇ ਜ਼ਿਆਦਾ ਜ਼ੋਰ ਸਿਆਸੀ ਵਿਰੋਧੀਆਂ ਦੀ ਖਿਚਾਈ ਕਰਨ ਉਤੇ ਦਿੱਤਾ ਜਾ ਰਿਹਾ ਹੈ।

ਇਸ ਵਾਰ ਖਾਸ ਗੱਲ ਇਹ ਹੈ ਕਿ ਵਿਰੋਧੀਆਂ ਦੀ ਖਿੱਚ-ਧੂਹ ਲਈ ਕੇਂਦਰੀ ਲੀਡਰਸ਼ਿਪ ਦੀ ਮਦਦ ਵੀ ਲਈ ਜਾ ਰਹੀ ਹੈ। ਆਮ ਆਦਮੀ ਪਾਰਟੀ ਵੱਲੋਂ ਇਸ ਵਾਰ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਮੌਕਾ ਸੰਭਾਲਿਆ ਹੋਇਆ ਹੈ। ਅਰਵਿੰਦ ਕੇਜਰੀਵਾਲ ਸਿਆਸੀ ਵਿਰੋਧੀਆਂ ਨੂੰ ਘੇਰਦੇ ਹੋਏ ਦਾਅਵਾ ਕਰ ਰਹੇ ਹਨ ਕਿ ਜੇਕਰ ਮੌਜੂਦਾ ਸੱਤਾਧਾਰੀ ਕਾਂਗਰਸ ਨੇ ਲੋਕਾਂ ਲਈ ਕੰਮ ਕੀਤੇ ਹੁੰਦੇ ਤਾਂ ਉਨ੍ਹਾਂ ਵਰਗੇ ਵਿਅਕਤੀ ਦੀ ਸਿਆਸਤ ‘ਚ ਕੋਈ ਲੋੜ ਨਹੀਂ ਸੀ। ਕੇਜਰੀਵਾਲ ਨੇ ਕਿਹਾ ਕਿ ਉਹ ਕਾਂਗਰਸ ਵੱਲੋਂ ਉਨ੍ਹਾਂ ਨੂੰ ‘ਛੋਟਾ ਮੋਦੀ‘ ਕਹੇ ਜਾਣ ਦੀ ਪ੍ਰਵਾਹ ਨਹੀਂ ਕਰਦੇ। ਉਨ੍ਹਾਂ ਕਿਹਾ ਕਿ ਉਹ ਕਾਂਗਰਸ ਲਈ ਭੂਤ ਬਣ ਗਏ ਹਨ, ਜੋ ਉਨ੍ਹਾਂ ਨੂੰ ਸੁਪਨਿਆਂ ‘ਚ ਆ ਕੇ ਡਰਾਉਂਦਾ ਹੈ। ਕਾਂਗਰਸ ਦੇ ਜਨਰਲ ਸਕੱਤਰ ਰਣਦੀਪ ਸਿੰਘ ਸੁਰਜੇਵਾਲਾ ਨੇ ਅਜੇ ਇਕ ਦਿਨ ਪਹਿਲਾਂ ਕੇਜਰੀਵਾਲ ਨੂੰ ‘ਛੋਟਾ ਮੋਦੀ‘ ਕਰਾਰ ਦਿੱਤਾ ਸੀ।

ਉਧਰ, ਸਾਬਕਾ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਨੇ ਲੋਕਾਂ ਨੂੰ ਪੰਜਾਬ ਦੇ ਕਾਂਗਰਸੀਆਂ ਸਮੇਤ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਪਾਰਟੀ ਤੋਂ ਬਚ ਕੇ ਰਹਿਣ ਦੀ ਸਲਾਹ ਦਿੱਤੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਕਾਂਗਰਸ ਨੇ ਸੱਤਾ ਦੇ ਲਾਲਚ ਲਈ ਪਿਛਲੇ ਸਮੇਂ ਵਿਚ ਜੋ ਕੁਝ ਕੀਤਾ ਹੈ, ਅਜਿਹਾ ਅੱਜ ਤੱਕ ਇਸ ਸੂਬੇ ਵਿਚ ਕਦੇ ਵੀ ਨਹੀਂ ਹੋਇਆ ਹੈ ਤੇ ਦੂਜੇ ਪਾਸੇ ‘ਆਪ’ ਦੇ ਜਿੱਤੇ ਹੋਏ ਵਿਧਾਇਕਾਂ ਨੇ ਲਾਲਚ ਲਈ ਹੋਰ ਪਾਰਟੀਆਂ ਵਿਚ ਸ਼ਮੂਲੀਅਤ ਕੀਤੀ। ਹਰਸਿਮਰਤ ਬਾਦਲ ਨੇ ਕਿਹਾ ਕਿ ਪੰਜਾਬ ਦੇ ਖ਼ਜ਼ਾਨੇ ’ਤੇ ਨਜ਼ਰ ਰੱਖਣ ਵਾਲੇ ਕੇਜਰੀਵਾਲ ਧੋਖੇਬਾਜ਼ ਹਨ ਅਤੇ ਉਨ੍ਹਾਂ ਤੋਂ ਵੱਡੀ ਧੋਖੇਬਾਜ਼ ਕਾਂਗਰਸ ਪਾਰਟੀ ਹੈ, ਜਿਸ ਦੇ ਮੁੱਖ ਮੰਤਰੀ ਗੁਟਕਾ ਸਾਹਿਬ ਦੀ ਸਹੁੰ ਖਾ ਕੇ ਮੁੱਕਰ ਗਏ। ਉਨ੍ਹਾਂ ਕਿਹਾ ਕਿ ਸਿਰਫ ਸ਼੍ਰੋਮਣੀ ਅਕਾਲੀ ਦਲ ਨੇ ਪੰਜਾਬ ਦੇ ਹਿੱਤਾਂ ਦੀ ਗੱਲ ਕੀਤੀ ਹੈ ਜਿਸ ਦੀ ਸਰਕਾਰ ਵੱਲੋਂ ਪੰਜਾਬ ਨੂੰ ਆਰਥਿਕ ਤੌਰ ’ਤੇ ਤਕੜਾ ਕਰਕੇ ਖੇਤੀ ਪ੍ਰਧਾਨ ਅਤੇ ਬਿਜਲੀ ਸੰਪੰਨ ਸੂਬਾ ਬਣਾਇਆ ਗਿਆ ਹੈ।

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਹੈ ਕਿ ਪੰਜਾਬ ਸਰਹੱਦੀ ਸੂਬਾ ਹੈ ਤੇ ਇਸ ਸੂਬੇ ਅੰਦਰ ਕਮਜ਼ੋਰ ਮੁੱਖ ਮੰਤਰੀ ਨਹੀਂ ਸਗੋਂ ਮਜ਼ਬੂਤ ਮੁੱਖ ਮੰਤਰੀ ਚਾਹੀਦਾ ਹੈ। ਉਨ੍ਹਾਂ ਆਮ ਆਦਮੀ ਪਾਰਟੀ ‘ਤੇ ਤਿੱਖੇ ਹਮਲੇ ਜਾਰੀ ਰੱਖੇ। ਉਨ੍ਹਾਂ ਕਿਹਾ ਕਿ ਪੰਜਾਬੀਆਂ ਨੂੰ ‘ਆਪ‘ ਦਿੱਲੀ ਮਾਡਲ ਵਿਖਾ ਕੇ ਮੂਰਖ ਬਣਾਉਣਾ ਚਾਹੁੰਦੀ ਹੈ ਪਰ ਜਦੋਂ ਦਿੱਲੀ ਮਾਡਲ ਪੰਜਾਬੀਆਂ ਨੇ ਵੇਖਿਆ ਹੀ ਨਹੀਂ ਤਾਂ ਉਸ ‘ਤੇ ਭਰੋਸਾ ਕਿਵੇਂ ਕੀਤਾ ਜਾ ਸਕਦਾ ਹੈ। ‘ਆਪ‘ ਪਾਰਟੀ ਕੋਲ ਕੋਈ ਪੰਜਾਬੀ ਆਗੂ ਹੀ ਨਹੀਂ, ਇਸ ਕਰ ਕੇ ਉਨ੍ਹਾਂ ਦਿੱਲੀ ਤੋਂ ਆਗੂ ਲਿਆਂਦੇ ਹਨ।



ਸ੍ਰੀ ਬਾਦਲ ਨੇ ਕਿਹਾ ਕਿ ਪੰਜਾਬ ‘ਚ ਸਾਰੀਆਂ ਲੋਕ ਭਲਾਈ ਸਕੀਮਾਂ ਉਨ੍ਹਾਂ ਦੀ ਸਰਕਾਰ ਦੇ ਕਾਰਜਕਾਲ ਦੌਰਾਨ ਸ਼ੁਰੂ ਹੋਈਆਂ ਸਨ ਜਿਸ ਨੂੰ ਕਾਂਗਰਸ ਸਰਕਾਰ ਨੇ ਆਉਣ ‘ਤੇ ਬੰਦ ਕਰ ਦਿੱਤਾ। ਉਨ੍ਹਾਂ ਕਿਹਾ ਕਿ ਪੰਜਾਬ ਅੰਦਰ ਉਨ੍ਹਾਂ ਦੀ ਪਾਰਟੀ ਦੀ ਸਰਕਾਰ ਆਉਣ ‘ਤੇ ਵਿਦਿਆਰਥੀਆਂ ਲਈ ਬੀਮਾ ਯੋਜਨਾ, ਭਾਈ ਘਨੱ੍ਹਈਆ ਸਕੀਮ ਨੂੰ ਮੁੜ ਸ਼ੁਰੂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਅਕਾਲੀ-ਬਸਪਾ ਗਠਜੋੜ ਗਰੀਬੀ ਰੇਖਾ ਤੋਂ ਹੇਠਾਂ ਰਹਿ ਕੇ ਪਰਿਵਾਰਾਂ ਦੀਆਂ ਔਰਤਾਂ ਨੂੰ 2000 ਰੁਪਏ ਪ੍ਰਤੀ ਮਹੀਨਾ ਦੇਣ ਲਈ ਵਚਨਬੱਧ ਹੈ।

ਹਲਕਾ ਧੂਰੀ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਅਤੇ ਪਾਰਟੀ ਵੱਲੋਂ ਮੁੱਖ ਮੰਤਰੀ ਦਾ ਚਿਹਰਾ ਭਗਵੰਤ ਮਾਨ ਨੇ ਕਿਹਾ ਕਿ ਉਨ੍ਹਾਂ ਦੀ ਲੜਾਈ ਪਰਿਵਾਰ ਅਤੇ ਕੁਰਸੀ ਬਚਾਉਣ ਦੀ ਨਹੀਂ ਸਗੋਂ ਪੰਜਾਬ ਬਚਾਉਣ ਦੀ ਹੈ। ਪੰਜਾਬ ਦੇ ਨੌਜਵਾਨਾਂ ਦਾ ਭਵਿੱਖ ਬਚਾਉਣ ਦੀ ਹੈ, ਕਿਸਾਨਾਂ ਅਤੇ ਖੇਤੀ ਬਚਾਉਣ ਦੀ ਹੈ। ਉਨ੍ਹਾਂ ਕਿਹਾ ਕਿ ਰੁਜ਼ਗਾਰ ਅਤੇ ਉਚੇਰੀ ਸਿੱਖਿਆ ਦੀ ਘਾਟ ਕਾਰਨ ਵਿਦੇਸ਼ ਜਾਣ ਲਈ ਮਜਬੂਰ ਹੋ ਰਹੇ ਨੌਜਵਾਨਾਂ ਨੂੰ ਸਿੱਖਿਆ ਅਤੇ ਰੁਜ਼ਗਾਰ ਦੇ ਕੇ ਉਹ ਪੈਸੇ ਤੇ ਹੁਨਰ ਦੀ ਨਿਕਾਸੀ ਰੋਕਣਗੇ। ਕਿਸਾਨੀ ਦੇ ਮੁੱਦੇ ‘ਤੇ ਮਾਨ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਨੇ ਮੰਡੀਆਂ ਦੀ ਹਾਲਤ ਖਰਾਬ ਕਰ ਕੇ ਪੰਜਾਬ ਦੇ ਕਿਸਾਨਾਂ ਨੂੰ ਬਹੁਤ ਦੁੱਖ ਦਿੱਤਾ ਹੈ। ਦਿਨ-ਰਾਤ ਮਿਹਨਤ ਕਰ ਕੇ ਅਨਾਜ ਦੀ ਉਪਜ ਕਰਨ ਤੋਂ ਬਾਅਦ ਉਨ੍ਹਾਂ ਦਾ ਅਨਾਜ ਮੰਡੀਆਂ ਵਿਚ ਖਰਾਬ ਹੋ ਜਾਂਦਾ ਹੈ ਅਤੇ ਉਨ੍ਹਾਂ ਨੂੰ ਲੱਖਾਂ ਰੁਪਏ ਦਾ ਨੁਕਸਾਨ ਝੱਲਣਾ ਪੈਂਦਾ ਹੈ। ਉਨ੍ਹਾਂ ਕਿਹਾ ਕਿ ਉਹ ਕਿਸਾਨਾਂ ਦਾ ਕਿਸੇ ਵੀ ਕੀਮਤ ‘ਤੇ ਨੁਕਸਾਨ ਨਹੀਂ ਹੋਣ ਦੇਣਗੇ।

## ਭਾਜਪਾ ਨੂੰ ਵੋਟ ਪਾਉਣਾ ਖੂਹ ਵਿਚ ਸੁੱਟਣ ਬਰਾਬਰ: ਸੁਖਬੀਰ

**ਬਲੂਆਣਾ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਦਾਅਵਾ ਕੀਤਾ ਕਿ ਇਸ ਵਾਰ ਕਾਂਗਰਸ ਦਾ ਪੰਜਾਬ ਵਿਚ ਭੋਗ ਪੈ ਜਾਵੇਗਾ। ਸੁਖਬੀਰ ਨੇ ਦਾਅਵਾ ਕੀਤਾ ਕਿ ਇਨ੍ਹਾਂ ਵਿਧਾਨ ਸਭਾ ਚੋਣਾਂ ਵਿਚ ਭਾਜਪਾ ਨੂੰ ਇਕ ਸੀਟ ਵੀ ਨਹੀਂ ਮਿਲੇਗੀ। ਉਨ੍ਹਾਂ ਕਿਹਾ ਕਿ ਭਾਜਪਾ ਨੂੰ ਵੋਟ ਦੇਣ ਦਾ ਮਤਲਬ ਆਪਣੀ ਵੋਟ ਖੂਹ ਵਿਚ ਸੁੱਟਣੀ ਹੈ। ਸ੍ਰੀ ਬਾਦਲ ਨੇ ਕਿਹਾ ਕਿ ਬਿਕਰਮ ਮਜੀਠੀਆ ਨੇ ਨਵਜੋਤ ਸਿੱਧੂ ਨੂੰ ਭਜਾ ਲਿਆ ਹੈ। ਹਾਲਾਤ ਇਹ ਬਣ ਗਏ ਹਨ ਕਿ ਇਸ ਵਾਰ ਪੰਜਾਬ ਵਿਚ ਕਾਂਗਰਸ ਖਤਮ ਹੋ ਜਾਵੇਗੀ।

## ਭਗਵੰਤ ਮਾਨ ਦਾ ਰਿਮੋਟ ਕੇਜਰੀਵਾਲ ਦੇ ਹੱਥ: ਚੰਨੀ

**ਰੂੜੇਕੇ ਕਲਾਂ:** ਹਲਕਾ ਭਦੌੜ ਤੋਂ ਕਾਂਗਰਸ ਦੇ ਉਮੀਦਵਾਰ ਤੇ ਸੂਬੇ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਆਖਿਆ ਕਿ ਆਮ ਆਦਮੀ ਪਾਰਟੀ ਕਥਿਤ ‘ਕਾਲੇ ਅੰਗਰੇਜ਼ਾਂ’ ਦੀ ਪਾਰਟੀ ਹੈ, ਜੋ ਪੰਜਾਬ ਨੂੰ ਲੁੱਟਣ ਦੀ ਤਾਕ ਵਿਚ ਹੈ। ਇਹ ਪਾਰਟੀ ਕਦੇ ਵੀ ਪੰਜਾਬ ਦਾ ਭਲਾ ਨਹੀਂ ਸੋਚ ਸਕਦੀ। ਉਨ੍ਹਾਂ ਪੰਜਾਬੀਆਂ ਨੂੰ ਸੁਚੇਤ ਕਰਦਿਆਂ ਕਿਹਾ ਕਿ ਉਹ ‘ਆਪ’ ਨੂੰ ਪੰਜਾਬ ਦੀ ਸੱਤਾ ਸੌਂਪਣ ਦੀ ਗਲਤੀ ਨਾ ਕਰਨ ਕਿਉਂਕਿ ਭਗਵੰਤ ਮਾਨ ਦਾ ਰਿਮੋਟ ਕੇਜਰੀਵਾਲ ਹੱਥ ਹੈ। ਚੰਨੀ ਨੇ ਕਿਹਾ ਕਿ ਜੇ ਭਦੌੜ ਹਲਕੇ ਲੋਕ ਉਨ੍ਹਾਂ ਨੂੰ ਜਿਤਾਉਂਦੇ ਅਤੇ ਕਾਂਗਰਸ ਦੀ ਸਰਕਾਰ ਬਣਾਉਂਦੇ ਹਨ ਤਾਂ ਉਹ ਪੱਕੇ ਤੌਰ ’ਤੇ ਭਦੌੜ ਵਿਚ ਰਿਹਾਇਸ਼ ਕਰ ਕੇ ਹਲਕੇ ਦੀ ਕਾਇਆ ਕਲਪ ਕਰ ਦੇਣਗੇ। ਉਨ੍ਹਾਂ ਭਗਵੰਤ ਮਾਨ ਵੱਲ ਇਸ਼ਾਰਾ ਕਰਦਿਆਂ ਕਿਹਾ ਕਿ ਉਹ ਨਸ਼ਾ ਕਰ ਕੇ ਹਲਕੇ ਦੇ ਲੋਕਾਂ ਨੂੰ ਚੁਟਕਲੇ ਸੁਣਾਉਣ ਨਾਲੋਂ ਲੋਕਾਂ ਦੇ ਕੰਮ ਕਰਨ ਨੂੰ ਤਰਜੀਹ ਦਿੰਦੇ ਹਨ।

# ਕਾਂਗਰਸ ਲਈ ਵੱਡੀ ਵੰਗਾਰ ਬਣਿਆ ਰੇਤ ਮਾਫੀਆ ਦਾ ਮੁੱਦਾ

**ਚੰਡੀਗੜ੍ਹ:** ਇਸ ਵਾਰ ਪੰਜਾਬ ਵਿਧਾਨ ਸਭਾ ਚੋਣਾਂ ਵਿਚ ਰੇਤ ਮਾਫੀਆ ਦਾ ਮੁੱਦਾ ਸੱਤਾਧਾਰੀ ਕਾਂਗਰਸ ਲਈ ਵੱਡੀ ਚੁਣੌਤੀ ਖੜ੍ਹੀ ਕਰਦਾ ਜਾਪ ਰਿਹਾ ਹੈ। ਕਾਂਗਰਸ ਦੇ ਮੁੱਖ ਮੰਤਰੀ ਉਮੀਦਵਾਰ ਚਰਨਜੀਤ ਸਿੰਘ ਚੰਨੀ ਦੇ ਰਿਸ਼ਤੇਦਾਰਾਂ ਦੀ ਇਸ ਮਾਫੀਆ ਵਿਚ ਸ਼ਮੂਲੀਅਤ ਦੇ ਦੋਸ਼ਾਂ ਪਿੱਛੋਂ ਪੰਜਾਬ ਦੀ ਸਿਆਸਤ ਭਖੀ ਹੋਈ ਹੈ।

ਵਿਰੋਧੀ ਧਿਰਾਂ ਵੱਲੋਂ ਕਾਂਗਰਸ ਉਤੇ ਮਾਫੀਆ ਅੱਗੇ ਝੁਕ ਕੇ ਚੰਨੀ ਨੂੰ ਮੁੱਖ ਮੰਤਰੀ ਉਮੀਦਵਾਰ ਐਲਾਨਣ ਦੇ ਦੋਸ਼ ਲਾਏ ਜਾ ਰਹੇ ਹਨ। ਦੱਸ ਦਈਏ ਕਿ ਪਿਛਲੀਆਂ ਵਿਧਾਨ ਸਭਾ ਚੋਣਾਂ ਵਿਚ ਨਸ਼ੇ, ਬੇਅਦਬੀ ਤੇ ਮਾਫੀਆ ਰਾਜ ਵਰਗੇ ਮੁੱਦੇ ਹੀ ਅਕਾਲੀ ਦਲ ਬਾਦਲ ਦੀਆਂ ਜੜ੍ਹਾਂ ਵਿਚ ਬੈਠੇ ਸਨ ਤੇ ਸੱਤਾ ਕਾਂਗਰਸ ਦੇ ਹੱਥ ਆਈ ਸੀ। ਕਾਂਗਰਸ ਨੇ ਵਾਅਦਾ ਕੀਤਾ ਸੀ ਮਾਫੀਆ ਨੂੰ ਲਗਾਮ ਪਾ ਕੇ ਸਾਹ ਲਵੇਗੀ ਪਰ ਇਸ ਦੇ ਉਲਟ 5 ਸਾਲਾਂ ਵਿਚ ਇਸ ਬਾਰੇ ਭੋਰਾ ਵੀ ਗੌਰ ਨਹੀਂ ਕੀਤੀ ਗਈ।



ਹੁਣ ਕੈਪਟਨ ਅਮਰਿੰਦਰ ਸਿੰਘ ਨੂੰ ਕੁਰਸੀ ਤੋਂ ਲਾਂਭੇ ਕਰਕੇ ਚੰਨੀ ਨੂੰ ਮੁੱਖ ਮੰਤਰੀ ਬਣਾਉਣ ਪਿੱਛੋਂ ਰੇਤ ਮਾਫਿਆ ਖਿਲਾਫ ਕਾਰਵਾਈ ਦੇ ਦਾਅਵੇ ਕੀਤੇ ਹੀ ਜਾ ਰਹੇ ਸਨ ਕਿ ਚੰਨੀ ਦਾ ਭਾਣਜੇ ਦੀ ਇਸੇ ਧੰਦੇ ਵਿਚ ਸ਼ਮੂਲੀਅਤ ਦਾ ਖੁਲਾਸਾ ਹੋ ਗਿਆ। ਇਨਫੋਰਸਮੈਂਟ ਡਾਇਰੈਕਟੋਰੇਟ ਵੱਲੋਂ ਨਾਜਾਇਜ਼ ਖਣਨ ਮਾਮਲੇ ਵਿਚ ਮਾਰੇ ਛਾਪਿਆਂ ਦੌਰਾਨ 10 ਕਰੋੜ ਰੁਪਏ ਦੀ ਨਗਦੀ, ਗਹਿਣੇ ਤੇ ਹੋਰ ਸਾਮਾਨ ਜ਼ਬਤ ਕੀਤੇ ਜਾਣ ਨਾਲ ਸਬੰਧਤ ਕੇਸ ਵਿਚ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੇ ਭਾਣਜੇ ਭੁਪਿੰਦਰ ਸਿੰਘ ਹਨੀ ਨੂੰ ਗ੍ਰਿਫਤਾਰ ਕਰ ਲਿਆ ਹੈ ਤੇ ਉਸ ਕੋਲੋਂ ਹੋਰ ਖੁਲਾਸੇ ਹੋਣ ਦੀ ਉਮੀਦ ਕੀਤੀ ਜਾ ਰਹੀ ਹੈ।

ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੇ ਨਜ਼ਦੀਕੀ ਰਿਸ਼ਤੇਦਾਰ ਦੀ ਗ੍ਰਿਫਤਾਰੀ ਮਗਰੋਂ ਪੰਜਾਬ ਦੀ ਸਿਆਸਤ ਗਰਮਾ ਗਈ ਹੈ। ਚੰਨੀ ਕਾਂਗਰਸ ਤੇ ਖਾਸ ਕਰਕੇ ਵਿਰੋਧੀਆਂ ਦੇ ਨਿਸ਼ਾਨੇ 'ਤੇ ਆ ਗਏ ਹਨ। ਹਨੀ ਨੂੰ ਸਾਲ 2018 ਵਿਚ ਦਰਜ ਕੀਤੀ ਗਈ ਐਫ.ਆਈ.ਆਰ. ਸਬੰਧੀ ਗ੍ਰਿਫਤਾਰ ਕੀਤਾ ਦੱਸਿਆ ਜਾ ਰਿਹਾ ਹੈ। ਈ.ਡੀ. ਨੇ ਪਿਛਲੇ ਮਹੀਨੇ 18 ਜਨਵਰੀ ਨੂੰ ਗੈਰਕਾਨੂੰਨੀ ਰੇਤ ਖਣਨ ਮਾਮਲੇ ਵਿਚ ਛਾਪੇਮਾਰੀ ਕੀਤੀ ਸੀ। ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੇ ਭਾਣਜੇ ਹਨੀ ਦੀ ਲੁਧਿਆਣਾ ਸਥਿਤ ਰਿਹਾਇਸ਼ ਤੋਂ 8 ਕਰੋੜ ਰੁਪਏ ਦੀ ਨਗਦੀ ਅਤੇ ਉਸ ਦੇ ਇਕ ਦੋਸਤ ਸੰਦੀਪ ਕੋਲੋਂ 2 ਕਰੋੜ ਰੁਪਏ ਬਰਾਮਦ ਕੀਤੇ ਗਏ ਸਨ। ਇਸ ਦੇ ਨਾਲ ਹੀ 21 ਲੱਖ ਰੁਪਏ ਦਾ ਸੋਨਾ ਤੇ 12 ਲੱਖ ਦੀ ਮਹਿੰਗੀ ਰੋਲੈਕਸ ਘੜੀ ਵੀ ਬਰਾਮਦ ਹੋਈ ਸੀ।

ਉਧਰ, ਸਤਲੁਜ ਦੇ ਕੰਢੇ 'ਤੇ ਆਉਣ ਵਾਲੇ ਵਿਧਾਨ ਸਭਾ ਹਲਕਿਆਂ ਵਿਚ ਚੋਣ ਲੜ ਰਹੇ ਉਮੀਦਵਾਰਾਂ ਨੂੰ ਰੇਤ ਮਾਫੀਆ ਬਾਰੇ ਤਿੱਖੇ ਸਵਾਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਫਿਲੌਰ ਵਿਧਾਨ ਸਭਾ ਹਲਕਾ ਜਿੱਥੋਂ ਕਾਂਗਰਸ ਲਗਾਤਾਰ ਤਿੰਨ ਵਾਰ ਹਾਰ ਚੁੱਕੀ ਹੈ, ਇਸ ਹਲਕੇ ਵਿਚ ਵੀ ਲੋਕ ਕਾਂਗਰਸੀਆਂ ਨੂੰ ਹੀ ਮਾਈਨਿੰਗ ਬਾਰੇ ਸਵਾਲ ਕਰ ਰਹੇ ਹਨ। ਕਾਂਗਰਸ ਪਾਰਟੀ ਨੇ ਇਥੋਂ ਯੂਥ ਕਾਂਗਰਸ ਦੇ ਸਾਬਕਾ ਸੂਬਾਈ ਪ੍ਰਧਾਨ ਚੌਧਰੀ ਬਿਕਰਮਜੀਤ ਸਿੰਘ ਨੂੰ ਮੁੜ ਉਮੀਦਵਾਰ ਐਲਾਨਿਆ ਹੈ, ਜਿਹੜੇ ਕਿ 2017 ਵਿਚ ਚੋਣ ਹਾਰ ਗਏ ਸਨ। ਇਸ ਤੋਂ ਪਹਿਲਾਂ ਉਨ੍ਹਾਂ ਦੇ ਪਿਤਾ ਚੌਧਰੀ ਸੰਤੋਖ ਸਿੰਘ ਫਿਲੌਰ ਵਿਧਾਨ ਸਭਾ ਹਲਕੇ ਤੋਂ ਲਗਾਤਾਰ ਦੋ ਵਾਰ ਚੋਣ ਹਾਰੇ ਸਨ।

ਪਿੰਡ ਸੇਲਕੀਆਣਾ ਤੇ ਕੜਿਆਣਾ ਵਿਚ ਔਰਤਾਂ ਨੇ ਥੋੜ੍ਹੇ ਦਿਨ ਪਹਿਲਾਂ ਰੋਸ ਮੁਜ਼ਾਹਰਾ ਕੀਤਾ ਸੀ ਤੇ ਉਨ੍ਹਾਂ ਉਦੋਂ 'ਰੇਤ ਮਾਫੀਏ ਨੂੰ ਭਜਾਓ-ਵਾਤਾਵਰਨ ਤੇ ਕਿਸਾਨੀ ਨੂੰ ਬਚਾਓ' ਦਾ ਨਾਅਰਾ ਦਿੱਤਾ ਸੀ। ਦਰਿਆ ਕੰਢੇ ਵੱਸਣ ਵਾਲੇ ਇਨ੍ਹਾਂ ਪਿੰਡਾਂ ਦੇ ਲੋਕਾਂ ਦਾ ਕਹਿਣਾ ਸੀ ਕਿ ਅਗਸਤ 2019 ਵਿਚ ਫਿਲੌਰ ਤੇ ਲੋਹੀਆਂ ਇਲਾਕੇ ਵਿਚ ਸਤਲੁਜ ਦਰਿਆ ਦਾ ਧੁੱਸੀ ਬੰਨ੍ਹ ਕਈ ਥਾਵਾਂ ਤੋਂ ਟੁੱਟ ਗਿਆ ਸੀ। ਇਸ ਨਾਲ ਭਿਆਨਕ ਹੜ੍ਹ ਆਏ ਸਨ ਤੇ ਵੱਡੀ ਪੱਧਰ 'ਤੇ ਕਿਸਾਨਾਂ ਦੀਆਂ ਫਸਲਾਂ ਦਾ ਨੁਕਸਾਨ ਹੋਇਆ ਸੀ। ਦਰਿਆ ਦੇ ਧੁੱਸੀ ਬੰਨ੍ਹ ਟੁੱਟਣ ਦਾ ਕਾਰਨ ਨਾਜਾਇਜ਼ ਮਾਈਨਿੰਗ ਨੂੰ ਦੱਸਿਆ ਜਾ ਰਿਹਾ ਸੀ। ਮਹਿਸਮਪੁਰ ਪਿੰਡ ਦੇ ਸਾਬਕਾ ਸਰਪੰਚ ਨੇ ਸੋਸ਼ਲ ਮੀਡੀਆ 'ਤੇ ਇਕ ਵੀਡੀਓ ਪਾ ਕੇ ਕਾਂਗਰਸੀ ਆਗੂਆਂ 'ਤੇ ਦੋਸ਼ ਲਾਏ ਸਨ ਕਿ ਕਿਵੇਂ ਉਹ ਰੇਤਾ ਅਤੇ ਇੰਟਰਲਾਕ ਟਾਈਲਾਂ 'ਚੋਂ ਕਥਿਤ ਕਮਿਸ਼ਨ ਖਾ ਰਹੇ ਹਨ। ਲੋਕਾਂ ਦਾ ਕਹਿਣਾ ਸੀ ਕਿ ਦਰਿਆ ਕੰਢੇ ਬਹੁਤ ਸਾਰੇ ਗਰੀਬ ਲੋਕ ਰਹਿੰਦੇ ਹਨ ਤੇ ਜਦੋਂ ਹੜ੍ਹ ਆਉਂਦੇ ਹਨ ਤਾਂ ਸਭ ਤੋਂ ਪਹਿਲਾਂ ਉਨ੍ਹਾਂ ਦਾ ਉਜਾੜਾ ਹੁੰਦਾ ਹੈ। ਉਨ੍ਹਾਂ ਇਹ ਦੋਸ਼ ਵੀ ਲਾਇਆ ਕਿ ਮਾਈਨਿੰਗ ਕਰਨ ਵਿਚ ਸੱਤਾਧਾਰੀ ਧਿਰ ਦੇ ਜਿੱਤੇ ਤੇ ਹਾਰੇ ਹੋਏ ਆਗੂ ਮੋਹਰੀ ਭੂਮਿਕਾ ਨਿਭਾਅ ਕੇ ਕਰੋੜਾਂ ਰੁਪਏ ਕਮਾਉਂਦੇ ਰਹੇ ਹਨ।

ਇਸੇ ਦੌਰਾਨ ਸੀਨੀਅਰ ਅਕਾਲੀ ਆਗੂ ਹਰਸਿਮਰਤ ਕੌਰ ਬਾਦਲ ਨੇ ਕਿਹਾ ਕਿ ਕਾਂਗਰਸ ਸਰਕਾਰ ਪੰਜ ਸਾਲ ਦੇ ਰਾਜਕਾਲ ਦੌਰਾਨ ਘਰ-ਘਰ ਨੌਕਰੀ ਦੇਣ ਦਾ ਵਾਅਦਾ ਤਾਂ ਪੂਰਾ ਨਹੀਂ ਕਰ ਸਕੀ ਪਰ ਘਰ-ਘਰ ਨਸ਼ਾ ਜ਼ਰੂਰ ਪਹੁੰਚਾ ਦਿੱਤਾ। ਕਾਂਗਰਸ ਦੇ ਰਾਜ ਵਿਚ ਪੰਜਾਬ ਦਾ ਘਾਟ ਅਤੇ ਕਾਂਗਰਸੀ ਆਗੂਆਂ ਦਾ ਵਿਕਾਸ ਜ਼ਿਆਦਾ ਹੋਇਆ ਹੈ। ਇਸ ਦੀ ਮਿਸਾਲ ਆਪਣੇ ਆਪ ਨੂੰ ਗਰੀਬ ਦੱਸਣ ਵਾਲੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੇ ਰਿਸ਼ਤੇਦਾਰ ਘਰੋਂ ਕਰੋੜਾਂ ਰੁਪਏ ਬਰਾਮਦ ਹੋਣ ਤੋਂ ਮਿਲਦੀ ਹੈ।

## ਕਾਨੂੰਨ ਆਪਣਾ ਕੰਮ ਕਰ ਰਿਹਾ ਹੈ: ਚਰਨਜੀਤ ਚੰਨੀ

**ਚੰਡੀਗੜ੍ਹ:** ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਕਿਹਾ ਕਿ ਈਡੀ ਵੱਲੋਂ ਗੈਰਕਾਨੂੰਨੀ ਖਣਨ ਮਾਮਲੇ ਵਿਚ ਕੀਤੀ ਕਾਰਵਾਈ ਨੂੰ ਉਨ੍ਹਾਂ ਨਾਲ ਜੋੜਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ, "ਜੇ ਕਿਸੇ ਨੇ ਕੁਝ ਗਲਤ ਕੀਤਾ ਹੈ ਤਾਂ ਕਾਰਵਾਈ ਕੀਤੀ ਜਾਵੇ। ਕਾਨੂੰਨ ਆਪਣਾ ਕੰਮ ਕਰ ਰਿਹਾ ਹੈ, ਉਨ੍ਹਾਂ ਨੂੰ ਇਸ 'ਤੇ ਕੋਈ ਇਤਰਾਜ਼ ਨਹੀਂ ਹੈ। ਲੋਕਾਂ ਵਿਚ ਹਰਮਨਪਿਆਰਤਾ ਕਰਕੇ ਮੈਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ।

## ਕੇਜਰੀਵਾਲ ਨੇ ਚਰਨਜੀਤ ਚੰਨੀ 'ਤੇ ਚੁਟਕੀ ਲਈ

**ਨਵੀਂ ਦਿੱਲੀ:** 'ਆਪ' ਦੇ ਕੌਮੀ ਕਨਵੀਨਰ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਪੰਜਾਬ ਦੇ ਆਪਣੇ ਹਮਰੁਤਬਾ ਚਰਨਜੀਤ ਸਿੰਘ ਚੰਨੀ 'ਤੇ ਤਿੱਖਾ ਸ਼ਬਦੀ ਹੱਲਾ ਬੋਲਿਆ ਹੈ। ਈ.ਡੀ. ਵੱਲੋਂ ਚੰਨੀ ਦੇ ਭਾਣਜੇ ਭੁਪਿੰਦਰ ਸਿੰਘ ਹਨੀ ਦੀ ਭ੍ਰਿਸ਼ਟਾਚਾਰ ਦੇ ਮਾਮਲੇ ਵਿਚ ਹੋਈ ਗ੍ਰਿਫਤਾਰੀ 'ਤੇ ਸ੍ਰੀ ਕੇਜਰੀਵਾਲ ਨੇ ਕਿਹਾ, "ਉਨ੍ਹਾਂ (ਚੰਨੀ) ਨੇ 111 ਦਿਨਾਂ ਵਿਚ ਕਮਾਲ ਕਰ ਕੇ ਦਿਖਾ ਦਿੱਤਾ ਹੈ। ਲੋਕਾਂ ਨੂੰ ਚਾਰ-ਚਾਰ, ਪੰਜ-ਪੰਜ ਸਾਲ ਲੱਗਦੇ ਹਨ ਐਨਾ ਭ੍ਰਿਸ਼ਟਾਚਾਰ ਕਰਨ ਲਈ, ਉਨ੍ਹਾਂ 111 ਦਿਨਾਂ ਵਿਚ ਕਮਾਲ ਕਰਕੇ ਐਨਾ ਭ੍ਰਿਸ਼ਟਾਚਾਰ ਕੀਤਾ ਹੈ।"

## ਕਾਂਗਰਸ ਦੇ ਰਾਜ 'ਚ ਨਸ਼ਾ ਤਸਕਰ ਵਧੇ: ਸੁਖਬੀਰ

**ਭੁੱਚੋ ਮੰਡੀ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਕਾਂਗਰਸ ਪਾਰਟੀ ਦੇ ਰਾਜ ਵਿਚ ਨਸ਼ੇ ਅਤੇ ਗੈਂਗਸਟਰ ਵਧੇ ਹਨ ਜਦੋਂਕਿ ਪੰਜਾਬ ਵਿਚ ਸਭ ਤੋਂ ਵੱਧ ਵਿਕਾਸ ਸ਼੍ਰੋਮਣੀ ਅਕਾਲੀ ਦਲ ਸਮੇਂ ਹੀ ਹੋਇਆ। ਉਨ੍ਹਾਂ ਕਿਹਾ ਕਿ ਕੈਪਟਨ ਸਰਕਾਰ ਨੇ ਝੂਠੀ ਸਹੁੰ ਖਾ ਕੇ ਲੋਕਾਂ ਨਾਲ ਵਾਅਦੇ ਕੀਤੇ ਜੋ ਪੂਰੇ ਨਹੀਂ ਹੋਏ। ਕਾਂਗਰਸ ਨੇ ਪੰਜਾਬ ਨੂੰ ਬਰਬਾਦੀ ਵੱਲ ਧੱਕ ਦਿੱਤਾ ਹੈ। ਇਸ ਸਮੇਂ ਪੰਜਾਬ ਵਿਚ ਨਸ਼ਿਆਂ ਦੇ ਵਪਾਰੀਆਂ ਦਾ ਬੋਲਬਾਲਾ ਹੈ। ਉਨ੍ਹਾਂ ਕਾਂਗਰਸੀ ਵਿਧਾਇਕ 'ਤੇ ਵਰ੍ਹਦਿਆਂ ਕਿਹਾ ਕਿ ਉਸ ਨੇ ਹਲਕੇ ਵਿੱਚ ਵੱਡੇ ਪੱਧਰ 'ਤੇ ਨਸ਼ੇ ਵਿਕਵਾਏ ਹਨ।

# ਪੰਜਾਬ 'ਚ 1304 ਉਮੀਦਵਾਰ ਲੜਨਗੇ ਵਿਧਾਨ ਸਭਾ ਚੋਣ



**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਦੇ 117 ਵਿਧਾਨ ਸਭਾ ਹਲਕਿਆਂ ਲਈ 1304 ਉਮੀਦਵਾਰ ਚੋਣ ਮੈਦਾਨ ਵਿਚ ਰਹਿ ਗਏ ਹਨ। ਮੁੱਖ ਚੋਣ ਅਫਸਰ ਡਾ. ਐਸ. ਕਰੁਣਾ ਰਾਜੂ ਨੇ ਦੱਸਿਆ ਕਿ ਨਾਮਜ਼ਦਗੀ ਪੱਤਰ ਦਾਖਲ ਕਰਨ ਦੀ ਪ੍ਰਕਿਰਿਆ ਦੌਰਾਨ 2266 ਨਾਮਜ਼ਦਗੀ ਪੱਤਰ ਪ੍ਰਾਪਤ ਹੋਏ ਸਨ।

ਕਾਗਜ਼ਾਂ ਦੀ ਪੜਤਾਲ ਦੌਰਾਨ 588 ਨਾਮਜ਼ਦਗੀ ਪੱਤਰ ਰੱਦ ਕਰ ਦਿੱਤੇ ਗਏ ਤੇ ਕਾਗਜ਼ ਵਾਪਸ ਲੈਣ ਦੀ ਆਖਰੀ ਤਾਰੀਖ ਤੱਕ ਦਰੁਸਤ ਪਾਏ ਗਏ 1645 ਵਿਚੋਂ 341 ਨਾਮਜ਼ਦਗੀ ਪੱਤਰ ਵਾਪਸ ਲੈ ਲਏ ਗਏ ਹਨ। ਹੁਣ 1304 ਉਮੀਦਵਾਰ ਚੋਣ ਮੈਦਾਨ ਵਿਚ ਰਹਿ ਗਏ ਹਨ। ਸਭ ਤੋਂ ਵੱਧ 19-19 ਉਮੀਦਵਾਰ ਵਿਧਾਨ ਸਭਾ ਹਲਕਾ ਸਾਹਨੇਵਾਲ ਅਤੇ ਪਟਿਆਲਾ ਦਿਹਾਤੀ ਤੋਂ ਚੋਣ ਮੈਦਾਨ ਵਿਚ ਹਨ।

ਵਿਧਾਨ ਸਭਾ ਹਲਕਾ ਚਮਕੌਰ ਸਾਹਿਬ ਤੋਂ 9 ਉਮੀਦਵਾਰ ਚੋਣ ਮੈਦਾਨ ਵਿਚ ਹਨ। ਹਲਕੇ ਤੋਂ 9 ਉਮੀਦਵਾਰਾਂ ਨੇ ਨਾਮਜ਼ਦਗੀਆਂ ਦਾਖਲ ਕੀਤੀਆਂ ਸਨ ਅਤੇ ਕਿਸੇ ਨੇ ਨਾਮਜ਼ਦਗੀ ਵਾਪਸ ਨਹੀਂ ਲਈ ਹੈ। ਚਮਕੌਰ ਸਾਹਿਬ ਤੋਂ ਕਾਂਗਰਸ ਉਮੀਦਵਾਰ ਤੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ, ਭਾਜਪਾ ਤੋਂ ਦਰਸ਼ਨ ਸਿੰਘ ਸ਼ਿਵਜੋਤ, 'ਆਪ' ਤੋਂ ਡਾ. ਚਰਨਜੀਤ ਸਿੰਘ ਅਤੇ ਬਸਪਾ ਤੋਂ ਹਰਮੋਹਣ ਸਿੰਘ ਸੰਧੂ ਪਾਰਟੀ ਦੇ ਨਿਸ਼ਾਨ ਉਤੇ ਚੋਣ ਲੜ ਰਹੇ ਹਨ। ਜਦਕਿ ਸਪਾ ਦੇ ਗੁਰਮੁੱਖ ਸਿੰਘ ਨੂੰ ਸਾਈਕਲ, ਐਮ.ਐਲ.ਪੀ.ਆਈ. (ਲਾਲ ਝੰਡਾ) ਦੇ ਜਗਦੀਪ ਸਿੰਘ ਚਤਾਮਲਾ ਨੂੰ ਸੀਟੀ, ਪੰਜਾਬ ਨੈਸ਼ਨਲ ਪਾਰਟੀ ਦੇ ਨਾਇਬ ਸਿੰਘ ਨੂੰ ਫੁਟਬਾਲ, ਅਕਾਲੀ ਦਲ (ਅ) ਦੇ ਲਖਵੀਰ ਸਿੰਘ ਨੂੰ ਕਿਸਾਨ ਤੇ ਆਜ਼ਾਦ ਉਮੀਦਵਾਰ ਰੁਪਿੰਦਰ ਸਿੰਘ ਮਕੜੌਨਾਂ ਨੂੰ ਅਲਮਾਰੀ ਚੋਣ ਨਿਸ਼ਾਨ ਅਲਾਟ ਕੀਤਾ ਗਿਆ ਹੈ।

# ਕੇਂਦਰ ਨਾਲ ਰਲ ਕੇ ਪੰਜਾਬ ਦੇ ਅਹਿਮ ਮਸਲੇ ਹੱਲ ਕਰਾਂਗੇ: ਢੀਂਡਸਾ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਦੇ ਪ੍ਰਧਾਨ ਤੇ ਰਾਜ ਸਭਾ ਮੈਂਬਰ ਸੁਖਦੇਵ ਸਿੰਘ ਢੀਂਡਸਾ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਹੀ ਪੰਥ ਅਤੇ ਪੰਜਾਬ ਦੇ ਚਿਰੋਕਣੇ ਲਟਕਦੇ ਆ ਰਹੇ ਮਸਲੇ ਹੱਲ ਕਰੇਗੀ ਅਤੇ ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਦਾ ਮੁੱਖ ਉਦੇਸ਼ ਆਪਣੇ ਨਿੱਜੀ ਹਿੱਤਾਂ ਨੂੰ ਲਾਂਭੇ ਕਰਕੇ ਕੇਂਦਰ ਸਰਕਾਰ ਨਾਲ ਮਿਲ ਕੇ ਪਿਛਲੇ ਲੰਮੇ ਸਮੇਂ ਤੋਂ ਲਟਕਦੇ ਆ ਰਹੇ ਇਨ੍ਹਾਂ ਅਹਿਮ ਮਸਲਿਆਂ ਨੂੰ ਹੱਲ ਕਰਵਾਉਣਾ ਹੈ। ਸ੍ਰੀ ਢੀਂਡਸਾ ਨੇ ਕਿਹਾ ਕਿ ਆਜ਼ਾਦੀ ਤੋਂ ਬਾਅਦ ਕੇਂਦਰ ਵਿਚ ਕਈ ਸਰਕਾਰਾਂ ਆਈਆਂ ਤੇ ਸਭ ਨੇ ਪੰਜਾਬ ਨਾਲ ਧੱਕਾ ਕਰਕੇ ਆਪਣੇ ਸਿਆਸੀ ਏਜੰਡੇ ਤੇ ਲਾਭ ਲਈ ਹੀ ਕੰਮ ਕੀਤਾ। ਸ੍ਰੀ ਢੀਂਡਸਾ ਨੇ ਸਪਸ਼ਟ ਕੀਤਾ ਕਿ ਪਿਛਲੇ ਲੰਮੇ ਸਮੇਂ ਤੋਂ ਲਟਕਦੇ ਆ ਰਹੇ ਪੰਥ ਅਤੇ ਪੰਜਾਬ ਦੇ ਮਸਲਿਆਂ ਦੇ ਹੱਲ ਲਈ ਹੀ ਉਨ੍ਹਾਂ ਦੀ ਪਾਰਟੀ ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਨੇ ਪੰਜਾਬ ਵਿਚ ਭਾਜਪਾ ਨਾਲ ਚੋਣ ਸਮਝੌਤਾ ਕੀਤਾ ਹੈ ਤਾਂ ਕਿ ਕੇਂਦਰ ਸਰਕਾਰ ਦੀ ਮਦਦ ਨਾਲ ਆਰਥਿਕ ਤੌਰ 'ਤੇ ਪਛੜਦੇ ਜਾ ਰਹੇ ਸੂਬੇ ਦੀ ਮਾਲੀ ਹਾਲਤ ਸੁਧਾਰੀ ਜਾ ਸਕੇ।

# ਭਾਜਪਾ ਗੱਠਜੋੜ ਨੇ ਪੰਜਾਬੀਆਂ ਲਈ ਵਾਅਦਿਆਂ ਦੀ ਝੜੀ ਲਾਈ

**ਚੰਡੀਗੜ੍ਹ:** ਭਾਰਤੀ ਜਨਤਾ ਪਾਰਟੀ, ਪੰਜਾਬ ਲੋਕ ਕਾਂਗਰਸ ਅਤੇ ਸ਼੍ਰੋਮਣੀ ਅਕਾਲੀ ਦਲ (ਸੰਯੁਕਤ) 'ਤੇ ਅਧਾਰਿਤ ਸਿਆਸੀ ਗੱਠਜੋੜ ਨੇ ਸੂਬੇ ਦੀਆਂ ਆਗਾਮੀ ਵਿਧਾਨ ਸਭਾ ਚੋਣਾਂ ਲਈ 11 ਸੂਤਰੀ ਸੰਕਲਪ ਪ੍ਰੋਗਰਾਮ ਜਾਰੀ ਕਰਦਿਆਂ ਸੂਬੇ ਵਿਚ ਕਾਨੂੰਨ ਵਿਵਸਥਾ, ਕੌਮੀ ਸੁਰੱਖਿਆ, ਨਸ਼ਾ ਮੁਕਤ ਤੇ ਮਾਫੀਆ ਮੁਕਤ ਪੰਜਾਬ ਦੇਣ ਦਾ ਵਾਅਦਾ ਕੀਤਾ ਹੈ।

ਕੇਂਦਰੀ ਮੰਤਰੀ ਤੇ ਭਾਜਪਾ ਆਗੂ ਹਰਦੀਪ ਪੁਰੀ, ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ, ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਦੇ ਪ੍ਰਧਾਨ ਸੁਖਦੇਵ ਸਿੰਘ ਢੀਂਡਸਾ ਅਤੇ ਪੰਜਾਬ ਭਾਜਪਾ ਦੇ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਇਥੇ 11 ਸੂਤਰੀ ਏਜੰਡਾ ਤੇ ਪ੍ਰੋਗਰਾਮ ਜਾਰੀ ਕਰਦਿਆਂ ਕਿਹਾ ਕਿ ਕੌਮੀ ਜਮਹੂਰੀ ਗੱਠਜੋੜ (ਐਨ.ਡੀ.ਏ.) ਵੱਲੋਂ ਵੋਟਾਂ ਵਾਲੇ ਦਿਨ ਤੋਂ ਪਹਿਲਾਂ ਸਾਂਝਾ ਚੋਣ ਮਨੋਰਥ ਪੱਤਰ ਵੀ ਜਾਰੀ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਲੋਕਾਂ ਨੂੰ ਸੁਰੱਖਿਆ ਤੇ ਭੈਅ ਮੁਕਤ ਮਾਹੌਲ ਦਿੱਤਾ ਜਾਵੇਗਾ।

ਭਾਜਪਾ ਦੀ ਅਗਵਾਈ ਹੇਠ ਸਾਰੇ ਹਲਕਿਆਂ ਤੋਂ ਉਮੀਦਵਾਰ ਉਤਾਰਨ ਵਾਲੀਆਂ ਇਨ੍ਹਾਂ ਪਾਰਟੀਆਂ ਦੇ ਆਗੂਆਂ ਨੇ ਸਮੁੱਚੇ ਵਿਭਾਗਾਂ ਵਿਚ ਸਾਰੀਆਂ ਖਾਲੀ ਅਸਾਮੀਆਂ ਇਕ ਸਾਲ ਦੇ ਅੰਦਰ-ਅੰਦਰ ਭਰ ਕੇ ਰੁਜ਼ਗਾਰ ਦੇਣ ਦਾ ਸੁਪਨਾ ਦਿਖਾਇਆ ਹੈ ਤੇ 4 ਹਜ਼ਾਰ ਰੁਪਏ ਪ੍ਰਤੀ ਮਹੀਨਾ ਬੇਰੁਜ਼ਗਾਰੀ ਭੱਤਾ ਦੇਣ ਦਾ ਵਾਅਦਾ ਕੀਤਾ ਹੈ।



ਗੱਠਜੋੜ ਨੇ ਲੋਕਾਂ ਨਾਲ ਵਾਅਦਿਆਂ ਦੀ ਝੜੀ ਲਾਉਂਦਿਆਂ ਕਿਹਾ ਕਿ ਜੇਕਰ ਐਨ.ਡੀ.ਏ. ਸੱਤਾ 'ਚ ਆਉਂਦਾ ਹੈ ਤਾਂ ਪੰਜ ਏਕੜ ਤੋਂ ਘੱਟ ਜ਼ਮੀਨ ਵਾਲੇ ਕਿਸਾਨਾਂ ਦਾ ਕਰਜ਼ਾ ਮੁਆਫ ਕੀਤਾ ਜਾਵੇਗਾ। ਫਲਾਂ, ਸਬਜ਼ੀਆਂ, ਦਾਲਾਂ, ਤੇਲ ਬੀਜਾਂ 'ਤੇ ਘੱਟੋ-ਘੱਟ ਸਮਰਥਨ ਮੁੱਲ ਦਿੱਤਾ ਜਾਵੇਗਾ। ਬੇਜ਼ਮੀਨੇ ਕਿਸਾਨਾਂ ਨੂੰ ਕਾਸ਼ਤ ਲਈ 1 ਲੱਖ ਏਕੜ ਸ਼ਾਮਲਾਤ ਜ਼ਮੀਨ ਅਲਾਟ ਕੀਤੀ ਜਾਵੇਗੀ। ਸਾਰੇ ਖਪਤਕਾਰਾਂ ਨੂੰ 300 ਯੂਨਿਟ ਬਿਜਲੀ ਮੁਫਤ ਦਿੱਤੀ ਜਾਵੇਗੀ।

## ਮੁੱਖ ਮੰਤਰੀ ਚਿਹਰੇ ਦਾ ਫੈਸਲਾ ਚੋਣਾਂ ਮਗਰੋਂ

**ਚੰਡੀਗੜ੍ਹ:** ਭਾਰਤੀ ਜਨਤਾ ਪਾਰਟੀ ਦੇ ਸੀਨੀਅਰ ਆਗੂ ਤੇ ਕੇਂਦਰੀ ਮੰਤਰੀ ਹਰਦੀਪ ਸਿੰਘ ਪੁਰੀ ਅਤੇ ਪਾਰਟੀ ਦੇ ਸੂਬਾ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਇਕਸੁਰ ਵਿਚ ਕਿਹਾ ਕਿ ਹਾਲ ਦੀ ਘੜੀ ਗੱਠਜੋੜ ਵਿਚ ਸ਼ਾਮਲ ਤਿੰਨੋਂ ਪਾਰਟੀਆਂ ਦਾ ਮੁੱਖ ਏਜੰਡਾ ਚੋਣਾਂ ਲੜਨਾ ਅਤੇ ਜਿੱਤਣਾ ਹੈ। ਇਸ ਲਈ ਮੁੱਖ ਮੰਤਰੀ ਕੌਣ ਹੋਵੇਗਾ, ਇਸ ਸਬੰਧੀ ਫੈਸਲਾ ਨਤੀਜਾ ਆਉਣ ਤੋਂ ਬਾਅਦ ਹੀ ਕੀਤਾ ਜਾਵੇਗਾ।

ਭਾਜਪਾ ਦੀ ਅਗਵਾਈ ਵਾਲੇ ਸਿਆਸੀ ਗੱਠਜੋੜ ਨੇ ਜਿੱਥੇ ਸਿੱਖਿਆ ਅਤੇ ਸਿਹਤ ਦਾ ਪੱਧਰ ਉਚਾ ਚੁੱਕਣ ਦਾ ਵਾਅਦਾ ਕੀਤਾ ਹੈ, ਉਥੇ ਭਾਜਪਾ ਦੇ ਪੁਰਾਣੇ ਨਾਅਰੇ 'ਸਬ ਕਾ ਸਾਥ ਤੇ ਸਬ ਕਾ ਵਿਕਾਸ' ਦਾ ਨਾਅਰਾ ਦੇ ਕੇ ਬਜ਼ੁਰਗਾਂ ਦੀ ਪੈਨਸ਼ਨ 3 ਹਜ਼ਾਰ ਰੁਪਏ ਪ੍ਰਤੀ ਮਹੀਨਾ, ਕੱਚੇ ਮੁਲਾਜ਼ਮਾਂ ਨੂੰ ਪੱਕਾ ਕਰਨ, ਔਰਤਾਂ ਲਈ 33 ਫੀਸਦੀ ਰਾਖਵਾਂਕਰਨ, ਔਰਤਾਂ ਲਈ 10 ਲੱਖ ਰੁਪਏ ਤੱਕ ਦੇ ਘੱਟ ਵਿਆਜ ਵਾਲੇ ਕਰਜ਼ੇ ਅਤੇ ਆਂਗਨਵਾੜੀ ਵਰਕਰਾਂ ਦਾ ਭੱਤਾ 10 ਹਜ਼ਾਰ ਤੇ ਆਸ਼ਾ ਵਰਕਰਾਂ ਦਾ ਭੱਤਾ 6 ਹਜ਼ਾਰ ਰੁਪਏ ਤੱਕ ਵਧਾਉਣ ਦਾ ਸੰਕਲਪ ਵੀ ਜਾਰੀ ਕੀਤਾ ਹੈ।

ਵਿਦਿਆਰਥੀਆਂ ਨੂੰ 5 ਲੱਖ ਰੁਪਏ ਤੱਕ ਕਰਜ਼ੇ ਦੀ ਸਹੂਲਤ ਦਿੱਤੀ ਜਾਵੇਗੀ। ਸਰਹੱਦੀ ਖੇਤਰ ਦੇ ਵਿਕਾਸ ਲਈ ਸਰਹੱਦੀ ਖੇਤਰ ਵਿਕਾਸ ਕਮਿਸ਼ਨ ਦੀ ਸਥਾਪਨਾ ਕੀਤੀ ਜਾਵੇਗੀ। ਬੇਅਦਬੀ ਦੀਆਂ ਘਟਨਾਵਾਂ ਰੋਕਣ ਲਈ ਅਜਿਹੇ ਮਾਮਲਿਆਂ ਦੇ ਨਿਪਟਾਰੇ ਲਈ ਫਾਸਟ ਟਰੈਕ ਕੋਰਟਾਂ ਸਥਾਪਤ ਕੀਤੀਆਂ ਜਾਣਗੀਆਂ। ਸਰਹੱਦ ਪਾਰੋਂ ਨਸ਼ਾ ਤਸਕਰੀ ਰੋਕਣ ਲਈ ਸਖਤ ਕਦਮ ਚੁੱਕੇ ਜਾਣਗੇ। ਸੂਬੇ ਵਿਚੋਂ ਗੈਂਗ ਸਭਿਆਚਾਰ ਦਾ ਖਾਤਮਾ ਕੀਤਾ ਜਾਵੇਗਾ। ਅਤਿਵਾਦ ਪੀੜਤ ਪਰਿਵਾਰਾਂ ਦੀਆਂ ਸ਼ਿਕਾਇਤਾਂ ਦੇ ਨਿਪਟਾਰੇ ਲਈ ਸੁਲ੍ਹਾ ਕਮਿਸ਼ਨ ਦੀ ਸਥਾਪਨਾ ਕੀਤੀ ਜਾਵੇਗੀ ਤੇ ਅਜਿਹੇ ਪਰਿਵਾਰਾਂ ਨੂੰ 5-5 ਲੱਖ ਰੁਪਏ ਦਾ ਮੁਆਵਜ਼ਾ ਦਿੱਤਾ ਜਾਵੇਗਾ। ਉਨ੍ਹਾਂ ਸਨਅਤੀ ਅਤੇ ਹੋਰਨਾਂ ਖੇਤਰਾਂ ਵਿਚ ਵੀ ਪੰਜਾਬ ਨੂੰ ਬੁਲੰਦੀਆਂ 'ਤੇ ਲਿਜਾਣ ਦੇ ਸੁਪਨੇ ਦਿਖਾਏ।

ਪੰਜਾਬ ਟਾਈਮਜ਼

ਸਨਿਚਰਵਾਰ, 12 ਫਰਵਰੀ 2022

# ਮੁੱਖ ਮੰਤਰੀ ਦੇ ਅਹੁਦੇ 'ਤੇ ਸਿਆਸਤ

ਚਿਰਾਂ ਤੋਂ ਚਰਚਾ ਚੱਲ ਰਹੀ ਹੈ ਕਿ ਇਸ ਵਾਰ ਪੰਜਾਬ ਵਿਧਾਨ ਸਭਾ ਚੋਣਾਂ ਪਹਿਲੀਆਂ ਸਾਰੀਆਂ ਵਿਧਾਨ ਸਭਾ ਚੋਣਾਂ ਤੋਂ ਵੱਖਰੀਆਂ ਹੋਣਗੀਆਂ। ਇਸ ਮਾਮਲੇ ਵਿਚ ਸਿਆਸੀ ਵਿਸ਼ਲੇਸ਼ਕ ਕਈ ਪੱਖ ਗਿਣਾਉਂਦੇ ਹਨ। ਹੁਣ ਤੱਕ ਇਨ੍ਹਾਂ ਵਿਚੋਂ ਪ੍ਰਮੁੱਖ ਕਾਰਨ ਲੰਮਾ ਸਮਾਂ ਚੱਲੇ ਕਿਸਾਨ ਅੰਦੋਲਨ ਦਾ ਰਿਹਾ ਹੈ। ਉਂਝ, ਇਸ ਅੰਦੋਲਨ ਦੇ ਵੱਖ-ਵੱਖ ਪ੍ਰਸੰਗ ਵਿਚਾਰੇ ਜਾਣ ਤਾਂ ਵਿਧਾਨ ਸਭਾ ਚੋਣਾਂ ਵਿਚ ਕੋਈ ਗਿਣਾਤਮਿਕ ਤਬਦੀਲੀ ਨਜ਼ਰ ਨਹੀਂ ਆ ਰਹੀ। ਇੰਨਾ ਫਰਕ ਜ਼ਰੂਰ ਦਿਖਾਈ ਦੇ ਰਿਹਾ ਹੈ ਕਿ ਜਦੋਂ ਵੱਖ-ਵੱਖ ਪਾਰਟੀਆਂ ਦੇ ਉਮੀਦਵਾਰ ਪਿੰਡਾਂ ਵਿਚ ਵੋਟਾਂ ਮੰਗਣ ਜਾਂਦੇ ਹਨ ਤਾਂ ਨੌਜਵਾਨ ਤਬਕਾ ਇਨ੍ਹਾਂ ਅੱਗੇ ਸਵਾਲਾਂ ਦੀ ਝੜੀ ਲਾ ਦਿੰਦਾ ਹੈ ਪਰ ਇਥੇ ਵਿਚਾਰਨ ਵਾਲੀ ਗੱਲ ਇਹ ਹੈ ਕਿ ਇਨ੍ਹਾਂ ਸਵਾਲਾਂ ਵਿਚ ਸਿਆਸੀ ਜਾਗਰੂਕਤਾ ਦੀ ਕਮੀ ਸਾਫ ਝਲਕਦੀ ਹੈ। ਕਿਸਾਨ ਅੰਦੋਲਨ ਨਾਲ ਲੋਕਾਂ ਅੰਦਰ ਜਾਗਰੂਕਤਾ ਤਾਂ ਆਈ ਹੈ ਪਰ ਇਸ ਦਾ ਪੱਧਰ ਸਿਰਫ ਆਗੂਆਂ ਦੇ ਵਿਰੋਧ ਤੱਕ ਹੀ ਸਿਮਟ ਕੇ ਰਹਿ ਗਿਆ ਹੈ। ਅਵਾਮ ਨੇ ਅਜੇ ਇਹ ਸੋਚਣਾ ਸ਼ੁਰੂ ਨਹੀਂ ਕੀਤਾ ਕਿ ਸਰਕਾਰਾਂ ਬਦਲਣ ਨਾਲ ਕੋਈ ਵੱਡਾ ਫਰਕ ਪੈ ਵੀ ਸਕਦਾ ਹੈ ਜਾਂ ਨਹੀਂ? ਜਿਸ ਦਿਨ ਅਵਾਮ ਅੰਦਰ ਅਜਿਹੀ ਸੋਝੀ ਆ ਗਈ, ਉਸੇ ਦਿਨ ਤੋਂ ਸਿਆਸਤ ਵਿਚ ਵੱਡੀ ਤਬਦੀਲੀ ਦੇਖਣ ਨੂੰ ਮਿਲੇਗੀ ਅਤੇ ਬਿਨਾਂ ਸ਼ੱਕ, ਚੋਣਾਂ ਦਾ ਮੂੰਹ-ਮੁਹਾਂਦਰਾਂ ਵੀ ਬਦਲੇਗਾ, ਇਹ ਅੱਜ ਵਰਗਾ ਨਹੀਂ ਰਹੇਗਾ।

ਇਸ ਵਾਰ ਚੋਣਾਂ ਦੀ ਇਕ ਵਿਲੱਖਣਤਾ ਇਹ ਹੈ ਕਿ ਸਾਰੀਆਂ ਪ੍ਰਮੁੱਖ ਸਿਆਸੀ ਧਿਰਾਂ ਨੇ ਮੁੱਖ ਮੰਤਰੀ ਦੇ ਅਹੁਦੇ ਲਈ ਆਪੋ-ਆਪਣੇ ਉਮੀਦਵਾਰ ਐਲਾਨ ਦਿੱਤੇ ਹਨ। ਸ਼੍ਰੋਮਣੀ ਅਕਾਲੀ ਦਲ ਵੱਲੋਂ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਹੀ ਇਸ ਅਹੁਦੇ ਲਈ ਉਮੀਦਵਾਰ ਹਨ। ਲੰਮੀ ਉਡੀਕ ਪਿੱਛੋਂ ਆਮ ਆਦਮੀ ਪਾਰਟੀ (ਆਪ) ਨੇ ਭਗਵੰਤ ਮਾਨ ਨੂੰ ਆਪਣਾ ਉਮੀਦਵਾਰ ਐਲਾਨ ਦਿੱਤਾ। ਹੁਣ ਕਾਂਗਰਸ ਪਾਰਟੀ ਨੇ ਵੀ ਚਰਨਜੀਤ ਸਿੰਘ ਚੰਨੀ ਨੂੰ ਇਸ ਅਹੁਦੇ ਲਈ ਥਾਪ ਦਿੱਤਾ ਹੈ। ਕਿਸਾਨ ਅੰਦੋਲਨ ਵਿਚ ਸ਼ਾਮਿਲ ਧਿਰਾਂ ਵਿਚੋਂ ਕੁਝ ਜਥੇਬੰਦੀਆਂ ਰਲ ਕੇ ਸੀਨੀਅਰ ਕਿਸਾਨ ਆਗੂ ਬਲਬੀਰ ਸਿੰਘ ਰਾਜੇਵਾਲ ਦੀ ਅਗਵਾਈ ਹੇਠ ਚੋਣ ਮੈਦਾਨ ਵਿਚ ਕੁੱਦੀਆਂ ਹੋਈਆਂ ਹਨ। ਜ਼ਾਹਿਰ ਹੈ ਕਿ ਇਸ ਵਾਰ ਵੀ ਪੰਜਾਬ ਵਿਧਾਨ ਸਭਾ ਚੋਣਾਂ ਮੁੱਦਿਆਂ ਨੂੰ ਆਧਾਰ ਬਣਾ ਕੇ ਨਹੀਂ ਲੜੀਆਂ ਜਾ ਰਹੀਆਂ ਸਗੋਂ ਇਹ ਵਿਅਕਤੀ-ਕੇਂਦਰਤ ਹੋ ਕੇ ਰਹਿ ਗਈਆਂ ਹਨ। ਇਕ ਕੋਣ ਤੋਂ ਦੇਖਿਆ ਜਾਵੇ ਤਾਂ ਇਹ ਵੀ ਇਨ੍ਹਾਂ ਚੋਣਾਂ ਦੀ ਵਿਲੱਖਣਤਾ ਹੀ ਗਿਣੀ ਜਾਣੀ ਚਾਹੀਦੀ ਹੈ। ਭਾਰਤ ਜਾਂ ਇਸ ਦੇ ਸੂਬਿਆਂ ਅੰਦਰ ਜਿਸ ਤਰ੍ਹਾਂ ਦਾ ਸਿਆਸੀ ਢਾਂਚਾ ਚਿਰਾਂ ਤੋਂ ਚੱਲ ਰਿਹਾ ਹੈ, ਉਸ ਮੁਤਾਬਿਕ ਪਹਿਲਾਂ ਸੰਸਦ ਮੈਂਬਰਾਂ ਜਾਂ ਵਿਧਾਇਕਾਂ ਦੀ ਚੋਣ ਹੁੰਦੀ ਹੈ ਅਤੇ ਬਹੁਮਤ ਹਾਸਲ ਕਰਨ ਵਾਲੀ ਧਿਰ ਦੇ ਸੰਸਦ ਮੈਂਬਰ ਅਤੇ ਵਿਧਾਇਕ ਆਪਣਾ ਲੀਡਰ ਚੁਣਦੇ ਹਨ ਅਤੇ ਉਹ ਆਗੂ ਹੀ ਸਰਕਾਰ ਦੀ ਅਗਵਾਈ ਕਰਦਾ ਹੈ ਪਰ ਪਿਛਲੇ ਕੁਝ ਸਮੇਂ ਤੋਂ ਇਹ ਰੁਝਾਨ ਜ਼ੋਰ ਫੜ ਰਿਹਾ ਹੈ ਕਿ ਬਣਨ ਵਾਲੀ ਸਰਕਾਰ ਦੇ ਮੁਖੀ ਦਾ ਐਲਾਨ ਪਹਿਲਾਂ ਕੀਤਾ ਜਾਵੇ।

ਲੋਕਤੰਤਰ ਵਿਚ ਲੋਕਾਂ ਦੀ ਰਾਇ ਨੂੰ ਸਭ ਤੋਂ ਵੱਧ ਅਹਿਮੀਅਤ ਦਿੱਤੀ ਜਾਂਦੀ ਹੈ। ਐਤਕੀਂ ਆਮ ਆਦਮੀ ਪਾਰਟੀ ਅਤੇ ਕਾਂਗਰਸ ਪਾਰਟੀ ਵੱਲੋਂ ਮੁੱਖ ਮੰਤਰੀ ਦੇ ਅਹੁਦੇ ਲਈ ਆਪੋ-ਆਪਣੇ ਉਮੀਦਵਾਰ ਐਲਾਨ ਤੋਂ ਪਹਿਲਾਂ ਲੋਕ ਰਾਇ ਨੂੰ ਆਧਾਰ ਬਣਾਉਣ ਦੀ ਗੱਲ ਆਖੀ ਸੀ ਪਰ ਇਨ੍ਹਾਂ ਪਾਰਟੀਆਂ ਦੇ ਕਰਤਿਆਂ-ਧਰਤਿਆਂ ਨੇ ਸ਼ਾਇਦ ਹੀ ਲੋਕ ਰਾਇ ਨੂੰ ਕੋਈ ਅਹਿਮੀਅਤ ਦਿੱਤੀ ਹੈ। ਆਮ ਆਦਮੀ ਪਾਰਟੀ ਨੇ ਆਪਣਾ ਆਗੂ ਚੁਣਨ ਲਈ ਜੋ ਢੰਗ-ਤਰੀਕਾ ਅਪਣਾਇਆ, ਉਹ ਤਾਂ ਉਂਝ ਹੀ ਸਵਾਲਾਂ ਦੇ ਘੇਰੇ ਵਿਚ ਆ ਗਿਆ, ਕਿਉਂਕਿ ਜਿੰਨੀਆਂ ਕਾਲਾਂ ਸਿਰਫ ਇਕ ਫੋਨ 'ਤੇ ਆਉਣ ਬਾਰੇ ਦਾਅਵੇ ਕੀਤੇ ਗਏ ਸਨ, ਓਨੀਆਂ ਕਾਲਾਂ ਇਕ ਫੋਨ ਉਤੇ ਸੰਭਵ ਨਹੀਂ। ਹੋਰ ਤਾਂ ਹੋਰ, ਲੋਕਾਂ ਵੱਲੋਂ ਉਠਾਏ ਇਸ ਨੁਕਤੇ ਦਾ ਜਵਾਬ ਦੇਣ ਦੀ ਕੋਸ਼ਿਸ਼ ਵੀ ਆਮ ਆਦਮੀ ਪਾਰਟੀ ਦੇ ਕਿਸੇ ਲੀਡਰ ਨੇ ਨਹੀਂ ਕੀਤੀ। ਇਹੀ ਹਾਲ ਕਾਂਗਰਸ ਦਾ ਹੈ। ਜਦੋਂ ਕੈਪਟਨ ਅਮਰਿੰਦਰ ਸਿੰਘ ਤੋਂ ਕੁਰਸੀ ਖੋਹੀ ਗਈ ਸੀ ਤਾਂ ਕਾਂਗਰਸ ਦੇ ਬਹੁਗਿਣਤੀ ਵਿਧਾਇਕਾਂ ਨੇ ਪਾਰਟੀ ਦੇ ਸਾਬਕਾ ਸੂਬਾ ਪ੍ਰਧਾਨ ਸੁਨੀਲ ਜਾਖੜ ਨੂੰ ਮੁੱਖ ਮੰਤਰੀ ਬਣਾਉਣ ਦੀ ਪੈਰਵੀ ਕੀਤੀ ਸੀ ਪਰ ਉਸ ਵਕਤ ਕਾਂਗਰਸ ਦੀ ਹਾਈ ਕਮਾਨ ਨੇ ਪੰਜਾਬ ਦੇ ਵਿਧਾਇਕਾਂ ਦੀ ਰਾਇ ਉਤੇ ਫੁੱਲ ਚੜ੍ਹਾਉਣ ਦੀ ਥਾਂ ਸਿਆਸਤ ਨੂੰ ਪਹਿਲ ਦਿੱਤੀ ਅਤੇ ਦਲਿਤ ਚਿਹਰੇ ਚਰਨਜੀਤ ਸਿੰਘ ਚੰਨੀ ਨੂੰ ਮੁੱਖ ਮੰਤਰੀ ਬਣਾਇਆ। ਕਾਂਗਰਸ ਹਾਈ ਕਮਾਨ ਆਪਣੇ ਇਸ ਮਿਸ਼ਨ ਵਿਚ ਕਾਮਯਾਬ ਹੁੰਦੀ ਵੀ ਦਿਖਾਈ ਦਿੱਤੀ ਕਿਉਂਕਿ ਚਰਨਜੀਤ ਸਿੰਘ ਚੰਨੀ ਖੁਦ ਨੂੰ ਦਲਿਤ ਚਿਹਰੇ ਵਜੋਂ ਉਭਾਰਨ ਵਿਚ ਸਫਲ ਰਹੇ ਹਨ ਅਤੇ ਇਸੇ ਆਧਾਰ 'ਤੇ ਉਹ ਨਵਜੋਤ ਸਿੰਘ ਸਿੱਧੂ ਨੂੰ ਬੁਰੀ ਤਰ੍ਹਾਂ ਪਛਾੜ ਕੇ ਇਨ੍ਹਾਂ ਚੋਣਾਂ ਲਈ ਕਾਂਗਰਸ ਵੱਲੋਂ ਮੁੱਖ ਮੰਤਰੀ ਦੇ ਅਹੁਦੇ ਲਈ ਉਮੀਦਵਾਰ ਬਣ ਗਏ ਹਨ।

ਅਸਲ ਵਿਚ, ਇਨ੍ਹਾਂ ਚੋਣਾਂ ਵਿਚ ਅਜਿਹੀਆਂ ਸਿਆਸੀ ਗਿਣਤੀਆਂ-ਮਿਣਤੀਆਂ ਹੀ ਭਾਰੂ ਪੈ ਗਈਆਂ ਹਨ ਅਤੇ ਪੰਜਾਬ ਨੂੰ ਦਰਪੇਸ਼ ਮੁੱਦੇ ਕਿਤੇ ਪਿਛਾਂਹ ਛੁੱਟ ਗਏ ਹਨ। ਨਸ਼ਿਆਂ ਦਾ ਮੁੱਦਾ ਇਸ ਵਾਰ ਕੋਈ ਵੀ ਧਿਰ ਸ਼ਿੱਦਤ ਨਾਲ ਉਠਾ ਨਹੀਂ ਰਹੀ ਜਦਕਿ ਪਿਛਲੀ ਵਾਰ, 2017 ਵਾਲੀਆਂ ਚੋਣਾਂ ਵਿਚ ਇਹ ਮੁੱਦਾ ਉਭਰ ਕੇ ਸਾਹਮਣੇ ਆਇਆ ਸੀ ਅਤੇ ਤਤਕਾਲੀ ਕਾਂਗਰਸ ਆਗੂ ਕੈਪਟਨ ਅਮਰਿੰਦਰ ਸਿੰਘ ਨੇ ਗੁਟਕਾ ਹੱਥ ਵਿਚ ਫੜ ਕੇ ਸਹੁੰ ਖਾਧੀ ਸੀ ਕਿ ਉਹ ਆਪਣੀ ਸਰਕਾਰ ਬਣਨ 'ਤੇ ਚਾਰ ਹਫਤਿਆਂ ਵਿਚ ਹੀ ਨਸ਼ਿਆਂ ਦੀ ਸਪਲਾਈ ਦਾ ਲੱਕ ਤੋੜ ਕੇ ਰੱਖ ਦੇਣਗੇ। ਹੈਰਾਨੀ ਦੀ ਗੱਲ ਹੈ ਕਿ ਇਸ ਵਾਰ ਖੇਤੀ ਮੁੱਦਾ ਕਿਸੇ ਵੀ ਧਿਰ ਲਈ ਮਸਲਾ ਨਹੀਂ ਬਣਿਆ ਹਾਲਾਂਕਿ ਹਾਲ ਹੀ ਵਿਚ ਕਿਸਾਨ ਜਥੇਬੰਦੀਆਂ ਦੀ ਅਗਵਾਈ ਵਿਚ ਬੜਾ ਮਿਸਾਲੀ ਅਤੇ ਇਤਿਹਾਸਕ ਅੰਦੋਲਨ ਚਲਾਇਆ ਤੇ ਜਿੱਤਿਆ ਗਿਆ ਹੈ ਸਗੋਂ ਇਸ ਅੰਦੋਲਨ ਵਿਚ ਸ਼ਾਮਿਲ ਧਿਰਾਂ ਵੱਖਰਾਂ ਸੰਯੁਕਤ ਸਮਾਜ ਮੋਰਚਾ ਬਣਾ ਕੇ ਚੋਣਾਂ ਵੀ ਲੜ ਰਹੀਆਂ ਹਨ। ਜ਼ਾਹਿਰ ਹੈ ਕਿ ਇਹ ਚੋਣਾਂ ਵੀ ਲੋਕਾਂ ਨੂੰ ਦਰਪੇਸ਼ ਸੰਕਟਾਂ ਦਾ ਕੋਈ ਹੱਲ ਕੱਢਣ ਵੱਲ ਸੇਧਤ ਨਹੀਂ ਜਾਪਦੀਆਂ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਵੱਡੀ ਸਰਕਾਰ ਦੇ ਸ਼ਿਕਾਰੀ?

ਨੀਲਾ ਚਿੱਟਾ ਭਗਵਾਂ ਜਾਂ ਭਾਵੇਂ ਕੋਈ ਹਰਾ ਹੋਵੇ, ਰਾਜ-ਭਾਗ ਸਾਂਭ ਕੋਈ ਨਾ ਛੱਡਦਾ ਗਰੀਡੀਆਂ।
ਜਾਤ-ਪਾਤ ਮਜ਼੍ਹਬਾਂ ਦੇ ਪਾਉਂਦੇ ਨੇ ਬਖੇੜੇ ਆਪ, ਆਮ ਨਾਗਰਿਕਾਂ ਦੀਆਂ ਵਹਿੰਦੀਆਂ ਬਲੀਡੀਆਂ।
ਆਗੂਆਂ ਦੇ ਸਾਲ਼ੇ ਤੇ ਭਤੀਜੇ ਖਾਂਦੇ ਭਾਣਜੇ ਵੀ, ਅਫਸਰਸ਼ਾਹੀ ਦੇ ਨਾਲ ਸਾਂਝਾਂ ਪਾ ਕੇ ਪੀਢੀਆਂ।
ਸੱਤਾਧਾਰੀ ਹੁੰਦਿਆਂ ਤਾਂ ਲੁੱਟਦੇ ਨੇ ਦੋਹੀਂ ਹੱਥੀਂ, ਗੱਦੀ ਖੁੱਸੇ 'ਦੂਜੇ' ਦੀਆਂ ਪੁੱਟਦੇ ਨੇ ਮੀਢੀਆਂ।
ਸਿੱਧੇ ਕਰਨੇ ਲਈ 'ਵਿੰਗੇ' ਹੋਏ ਸਾਥੀਆਂ ਨੂੰ, ਹੁੰਦੀਆਂ ਬਣਾਈਆਂ ਚੋਰੀਂ 'ਫੋਟੋਆਂ ਤੇ ਸੀਡੀਆਂ'।
ਐੱਮਐੱਲਏ, ਸੀਐੱਮ ਤੇ ਡਰਾਉਣੇ ਪ੍ਰਧਾਨ ਹੋਣ, 'ਵੱਡੀ ਸਰਕਾਰ' ਕੋਲ਼ੇ 'ਸੀਬੀਆਂ ਤੇ ਈਡੀਆਂ'!

# ਸਿਆਸੀ ਸੰਕਟ: ਖੇਤੀ ਬਾਰੇ ਚਰਚਾ ਹੀ ਗਾਇਬ!

***ਪੰਜਾਬ ਦਾ ਚੁਣਾਵੀ ਪਿੜ ਖੂਬ ਭਖਿਆ ਹੋਇਆ ਹੈ ਪਰ ਇਸ ਸਮੁੱਚੀ ਕਵਾਇਦ ਦੌਰਾਨ ਖੇਤੀ ਨਾਲ ਜੁੜੇ ਮੁੱਦੇ ਉੱਕਾ ਹੀ ਗਾਇਬ ਹੈ। ਇਹ ਤਰਾਸਦੀ ਹੀ ਹੈ ਕਿ ਇੰਨੇ ਲੰਮੇ ਇਤਿਹਾਸਕ ਕਿਸਾਨ ਅੰਦੋਲਨ ਤੋਂ ਬਾਅਦ ਵੀ ਚੋਣਾਂ ਦੌਰਾਨ ਖੇਤੀ ਕੋਈ ਮੁੱਦਾ ਨਹੀਂ ਬਣ ਸਕਿਆ। ਇਨ੍ਹਾਂ ਹਾਲਾਤ ਬਾਰੇ ਚਰਚਾ ਡਾ. ਬਲਵਿੰਦਰ ਸਿੰਘ ਸਿੱਧੂ ਨੇ ਆਪਣੇ ਇਸ ਲੇਖ ਵਿਚ ਕੀਤੀ ਹੈ।***

ਪੰਜਾਬ ਵਿਚ ਵਿਧਾਨ ਸਭਾ ਚੋਣਾਂ ਲਈ ਚੋਣ ਪ੍ਰਚਾਰ ਪੂਰੇ ਸਿਖਰ ਵੱਲ ਵਧ ਰਿਹਾ ਹੈ। ਰਾਜ ਵਿਚ ਵੱਖ-ਵੱਖ ਸਿਆਸੀ ਪਾਰਟੀਆਂ ਵੱਲੋਂ ਚਲਾਈ ਜਾ ਰਹੀ ਚੋਣ ਮੁਹਿੰਮ ਵਿਚ ਅਜਿਹੇ ਲੋਕ-ਲੁਭਾਊ ਵਾਅਦੇ ਕੀਤੇ ਜਾ ਰਹੇ ਹਨ, ਜੋ ਜ਼ਮੀਨੀ ਹਕੀਕਤ ਤੋਂ ਦੂਰ ਹਨ ਅਤੇ ਜਿਨ੍ਹਾਂ ਨੂੰ ਅਮਲੀ ਰੂਪ ਦੇਣਾ ਲਗਭਗ ਅਸੰਭਵ ਹੈ। ਸੁਪਰੀਮ ਕੋਰਟ ਨੇ ਵੀ ਅਜਿਹੇ ਵਾਅਦਿਆਂ ਬਾਰੇ ਜਨਹਿੱਤ ਪਟੀਸ਼ਨ ਦੀ ਸੁਣਵਾਈ ਕਰਦਿਆਂ ਟਿੱਪਣੀ ਕੀਤੀ ਹੈ ਕਿ ਇਸ ਵਿਚ ਕੋਈ ਸ਼ੱਕ ਨਹੀਂ ਕਿ ਇਹ ਇੱਕ ਗੰਭੀਰ ਵਿਸ਼ਾ ਹੈ। ਮੁਫਤ ਵਸਤਾਂ/ਸੇਵਾਵਾਂ ਪ੍ਰਦਾਨ ਕਰਨ ਲਈ ਲੋੜੀਂਦਾ ਬਜਟ ਸਰਕਾਰੀ ਬਜਟ ਤੋਂ ਵੀ ਵੱਧ ਜਾਪਦਾ ਹੈ। ਸਿਆਸੀ ਪਾਰਟੀਆਂ ਵੱਲੋਂ ਲੋਕਾਂ ਨੂੰ ਪਹੁੰਚਾਏ ਜਾਣ ਵਾਲੇ ਨੀਤੀਗਤ ਅਤੇ ਆਰਥਕ ਫਾਇਦਿਆਂ ਬਾਰੇ ਦੱਸਣ



**ਡਾ. ਬਲਵਿੰਦਰ ਸਿੰਘ ਸਿੱਧੂ**

ਲਈ ਚੋਣ ਮਨੋਰਥ ਪੱਤਰ ਤਾਂ ਜਾਰੀ ਕੀਤੇ ਜਾਂਦੇ ਹਨ ਪਰ ਜ਼ਿਆਦਾਤਰ ਇਨ੍ਹਾਂ ਵਿਚ ਪੂਰੇ ਨਾ ਕੀਤੇ ਜਾ ਸਕਣ ਵਾਲੇ ਅਤੇ ਤਰਕਹੀਣ ਐਲਾਨ ਸ਼ਾਮਲ ਕਰਕੇ ਲੋਕਾਂ ਨੂੰ ਵਕਤੀ ਲਾਲਚ ਵਿਚ ਫਸਾ ਕੇ, ਵੋਟਾਂ ਪ੍ਰਾਪਤ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ।

ਸਰਕਾਰਾਂ ਬਣਾਉਣ ਅਤੇ ਰਾਜ ਕਰਨ ਦੀਆਂ ਦਾਅਵੇਦਾਰ ਸਿਆਸੀ ਪਾਰਟੀਆਂ ਦੀ ਸਮਾਜ ਨੂੰ ਦਰਪੇਸ਼ ਮੁਸ਼ਕਲਾਂ ਅਤੇ ਅਸਲ ਮੁੱਦਿਆਂ ਜਿਵੇਂ ਕਿ ਸਿੱਖਿਆ ਅਤੇ ਸਿਹਤ ਸਹੂਲਤਾਂ ਦੀ ਘਾਟ ਅਤੇ ਡਿੱਗ ਰਹੇ ਮਿਆਰ, ਵਧ ਰਹੀ ਬੇਰੁਜ਼ਗਾਰੀ ਅਤੇ ਮਹਿੰਗਾਈ, ਵਿਗੜ ਰਹੀ ਕਾਨੂੰਨ ਵਿਵਸਥਾ ਅਤੇ ਲੋਪ ਹੋ ਰਹੀਆਂ ਸਮਾਜ ਭਲਾਈ ਸਕੀਮਾਂ ਬਾਰੇ ਧਿਆਨ ਕੇਂਦਰਿਤ ਕਰਕੇ ਹੱਲ ਤਲਾਸ਼ਣ ਬਾਰੇ ਕੋਈ ਗੰਭੀਰ ਨੀਤੀਗਤ ਘੋਸ਼ਣਾ ਅਜੇ ਤੱਕ ਚੋਣ ਪ੍ਰਚਾਰ ਵਿਚ ਨਜ਼ਰ ਨਹੀਂ ਆਈ। ਸਮੱਸਿਆਵਾਂ ਦੀ ਧਰੋਹਰ, ਨਿੱਜੀਕਰਨ ਦੀ ਨੀਤੀ ਵਿਚ ਬਦਲਾਅ ਬਾਰੇ ਕੋਈ ਚਰਚਾ ਨਹੀਂ ਚੱਲ ਰਹੀ। ਸੱਤਾਧਾਰੀ ਪਾਰਟੀ ਜਾਂ ਤਾਂ ਪਿਛਲੀ ਸਰਕਾਰ ਦੀਆਂ ਕਮੀਆਂ ਗਿਣਨ ਵਿਚ ਰੁੱਝੀ ਹੋਈ ਹੈ ਜਾਂ ਫਿਰ ਧਰਮ ਜਾਂ ਜਾਤ ਦੇ ਆਧਾਰ 'ਤੇ ਵੋਟਰਾਂ ਦਾ ਧਰੁਵੀਕਰਨ ਦੀ ਹਰ ਸੰਭਵ ਕੋਸ਼ਿਸ਼ ਕਰ ਰਹੀ ਹੈ।

ਆਮ ਆਦਮੀ ਪਾਰਟੀ (ਆਪ) ਵੱਲੋਂ ਮੁਫਤ ਵਿਚ ਦਿੱਤੀਆਂ ਜਾਣ ਵਾਲੀਆਂ ਸਹੂਲਤਾਂ ਦੇ ਐਲਾਨ ਤੋਂ ਬਾਅਦ ਸੱਤਾਧਾਰੀ ਕਾਂਗਰਸ ਵੀ ਇਸ ਦੀ ਪੈਰਵੀ ਕਰ ਰਹੀ ਹੈ। ਇਹ ਕੋਈ ਨਹੀਂ ਦੱਸ ਰਿਹਾ ਕਿ ਇਨ੍ਹਾਂ ਐਲਾਨਾਂ ਲਈ ਪੈਸਾ ਕਿੱਥੋਂ ਆਵੇਗਾ? ਚਾਹੇ ਮੁੱਖ ਮੰਤਰੀ ਹੋਵੇ ਜਾਂ ਸੂਬਾ ਕਾਂਗਰਸ ਪ੍ਰਧਾਨ, ਉਹ ਜਾਂ ਤਾਂ ਮੁਫਤ ਵਸਤਾਂ/ਸੇਵਾਵਾਂ ਦਾ ਐਲਾਨ ਕਰ ਰਹੇ ਹਨ ਜਾਂ ਪਿਛਲੀ ਅਕਾਲੀ-ਭਾਜਪਾ ਸਰਕਾਰ ਦੀਆਂ ਕਮੀਆਂ ਵੱਲ ਇਸ਼ਾਰਾ ਕਰ ਰਹੇ ਹਨ। ਉਨ੍ਹਾਂ ਦੇ ਭਾਸ਼ਣਾਂ ਵਿਚ ਬਹੁਤ ਘੱਟ ਜ਼ਿਕਰ ਹੁੰਦਾ ਹੈ ਕਿ ਕਾਂਗਰਸ ਸਰਕਾਰ ਨੇ ਪੰਜ ਸਾਲਾਂ ਵਿਚ ਸੂਬੇ ਦੇ ਵਿਕਾਸ ਲਈ ਕੀ-ਕੀ ਕੀਤਾ ਹੈ। ਪਾਰਟੀ ਦਾ ਆਪਣਾ ਜ਼ਿਆਦਾ ਸਮਾਂ ਆਪਣੀ ਅੰਦਰੂਨੀ ਲੜਾਈ ਤੇ ਖਹਿਬਾਜ਼ੀ ਨਾਲ ਸਿੱਝਣ ਵਿਚ ਲੱਗ ਰਿਹਾ ਹੈ।

ਖੇਤੀ ਦੇ ਖਿੱਤੇ ਦੀ ਘਟ ਰਹੀ ਆਰਥਕ ਲਾਹੇਵੰਦੀ ਵਿਚ ਸੁਧਾਰ ਲਈ ਫਸਲੀ, ਜੈਵਿਕ ਅਤੇ ਆਰਥਕ ਵਿਭਿੰਨਤਾ, ਪੈਦਾਵਾਰੀ ਕੀਮਤਾਂ ਨੂੰ ਘੱਟ ਕਰਨਾ ਅਤੇ ਉਪਜ ਦੇ ਲਾਹੇਵੰਦ ਭਾਅ ਯਕੀਨੀ ਬਣਾਉਣਾ ਮਹੱਤਵਪੂਰਨ ਮੁੱਦੇ ਹਨ। ਕਿਸਾਨ ਅੰਦੋਲਨ ਨੂੰ ਕਈ ਤਰੀਕਿਆਂ ਨਾਲ ਵੰਡਣ, ਤੋੜਨ, ਖਰੀਦਣ, ਬੇਇੱਜ਼ਤ ਤੇ ਬਦਨਾਮ ਕਰਨ ਦੀਆਂ ਕੋਸ਼ਿਸ਼ਾਂ ਦੇ ਬਾਵਜੂਦ ਅਤੇ ਇੱਕ ਸਾਲ ਦੇ ਲਗਾਤਾਰ ਵਿਰੋਧ ਪ੍ਰਦਰਸ਼ਨ ਤੋਂ ਬਾਅਦ ਦੇਸ਼ ਦੀ ਖੇਤੀਬਾੜੀ ਪੈਦਾਵਾਰ ਨੂੰ ਸੁਧਾਰਨ ਲਈ ਬਣਾਏ ਗਏ ਕਾਲੇ ਕਾਨੂੰਨਾਂ ਨੂੰ ਰੱਦ ਕਰਵਾਉਣ ਦੀ ਪ੍ਰਾਪਤੀ ਆਪਣੇ-ਆਪ ਵਿਚ ਸ਼ਲਾਘਾਯੋਗ ਹੈ ਅਤੇ ਇਸ ਕਰਕੇ ਹੀ ਵੱਡੀਆਂ ਵਿਦੇਸ਼ੀ ਕੰਪਨੀਆਂ ਅਤੇ ਕਾਰਪੋਰੇਟ ਘਰਾਣਿਆਂ ਵੱਲੋਂ ਪੂੰਜੀ ਨਿਵੇਸ਼ ਅਤੇ ਹਿੱਸੇਦਾਰੀ ਰਾਹੀਂ ਖੇਤੀ ਦੇ ਵਿਕਾਸ ਦੇ ਬਾਰੇ ਵਾਅਦਿਆਂ ਦੇ ਐਲਾਨ ਚੋਣ ਪ੍ਰਚਾਰ 'ਚੋਂ ਮਨਫੀ ਹੋ ਗਏ ਹਨ।

ਖੇਤੀ ਖੇਤਰ ਦੇ ਵਿਕਾਸ 'ਤੇ ਇੱਕ ਪੰਛੀ-



ਝਾਤ ਦਰਸਾਉਂਦੀ ਹੈ ਕਿ ਆਜ਼ਾਦੀ ਤੋਂ ਬਾਅਦ ਸਰਕਾਰ ਨੇ ਭੁੱਖੇ ਲੋਕਾਂ ਨੂੰ ਸਸਤੇ ਅਨਾਜ ਦੀ ਵਿਵਸਥਾ ਕਰਨ ਦੇ ਵਾਅਦੇ ਨੂੰ ਪੂਰਾ ਕਰਨ ਲਈ ਖੇਤੀ ਦੀ ਪੈਦਾਵਾਰ ਵਧਾਉਣ ਲਈ ਵੱਡੇ ਪੱਧਰ 'ਤੇ ਨਿਵੇਸ਼ ਕੀਤਾ ਅਤੇ ਇਸ ਪ੍ਰਕਿਰਿਆ, ਜਿਸ ਵਿਚ ਕੁਝ ਜ਼ਰੂਰੀ ਫਸਲਾਂ ਲਈ ਘੱਟੋ-ਘੱਟ ਕੀਮਤਾਂ ਦੀ ਗਾਰੰਟੀ ਵੀ ਸ਼ਾਮਿਲ ਸੀ, ਨੇ ਭਾਰਤ ਨੂੰ 1960 ਦੇ ਦਹਾਕੇ ਦੇ ਭੁੱਖਮਰੀ ਦੇ ਸੰਕਟ ਨੂੰ ਪਾਰ ਕਰਨ ਵਿਚ ਮੱਦਦ ਕੀਤੀ ਪਰ ਹਰੀ ਕ੍ਰਾਂਤੀ ਦੇ ਇਸ ਪੈਕੇਜ ਨੇ ਹੱਲ ਕਰਨ ਨਾਲੋਂ ਵੱਧ ਸਮੱਸਿਆਵਾਂ ਪੈਦਾ ਕੀਤੀਆਂ। 20ਵੀਂ ਸਦੀ ਦੇ ਅੱਧ ਵਿਚ ਦੇਸ਼ ਦੇ ਖੇਤੀਬਾੜੀ ਪ੍ਰੀਵਰਤਨ ਨੇ ਅਸਮਾਨਤਾ ਦੀ ਵਿਰਾਸਤ ਛੱਡੀ ਅਤੇ ਵਾਤਾਵਰਣਿਕ ਸਥਿਰਤਾ ਦੀ ਥਾਂ ਕੇਵਲ ਸਸਤੇ ਅਨਾਜ ਨੂੰ ਸੁਰੱਖਿਅਤ ਕੀਤਾ। ਜਿਵੇਂ-ਜਿਵੇਂ ਸਰਕਾਰ ਦੀ ਸਹਾਇਤ ਘੱਟ ਹੁੰਦੀ ਗਈ, ਉਪਜ ਦੀਆਂ ਅਣਲਾਹੇਵੰਦ ਕੀਮਤਾਂ ਕਾਰਨ ਕਿਸਾਨੀ ਸਿਰ ਕਰਜ਼ੇ ਦੀ ਸਮੱਸਿਆ ਵਧਦੀ ਗਈ। ਇਸੇ ਤਰਾਂ ਵਾਤਾਵਰਨ ਸੰਕਟ ਜਿਵੇਂ ਕਿ ਧਰਤੀ ਹੇਠਲੇ ਪਾਣੀ ਦੀ ਡਿਗ ਰਹੀ ਸਤਿਹ, ਖਾਰੀ ਮਿੱਟੀ ਅਤੇ ਇਸ ਦੀ ਘਟਦੀ ਉਤਪਾਦਕਤਾ, ਜੈਵ ਵਿਭਿੰਨਤਾ ਦਾ ਨੁਕਸਾਨ ਅਤੇ ਕੀਟਨਾਸ਼ਕਾਂ ਦੀ ਵਰਤੋਂ ਨਾਲ ਸਿਹਤ ਸਬੰਧੀ ਵਿਗਾੜ ਵਧਦਾ ਗਿਆ ਅਤੇ 1990 ਦੇ ਦਹਾਕੇ ਤੱਕ ਇੱਕ ਪੂਰੀ ਤਰ੍ਹਾਂ ਵਿਕਸਿਤ ਖੇਤੀ ਸੰਕਟ ਪੈਦਾ ਹੋ ਗਿਆ ਅਤੇ ਇਹ ਕਿਸਾਨਾਂ ਦੁਆਰਾ ਖੁਦਕੁਸ਼ੀਆਂ ਦੀ ਮਹਾਂਮਾਰੀ ਵਜੋਂ ਅੱਜ ਵੀ ਵਿਖਾਈ ਦੇ ਰਿਹਾ ਹੈ। ਨੋਬਲ ਸ਼ਾਂਤੀ ਪੁਰਸਕਾਰ ਜੇਤੂ ਹਰੀ ਕ੍ਰਾਂਤੀ ਦੇ ਪਿਤਾਮਾ ਨੋਰਮਨ ਬੋਰਲੋਗ ਨੇ ਪ੍ਰੋਗਰਾਮ ਦਾ ਇੱਕ ਬੇਤੁਕਾ ਬਚਾਅ ਕਰਦਿਆਂ ਕਿਹਾ ਸੀ ਕਿ 'ਮੇਰਾ ਮੰਨਣਾ ਹੈ ਕਿ ਮਨੁੱਖ ਜਾਤੀ ਲਈ ਕਾਲ ਦੀ ਪੁਰਾਣੀ ਸਮੱਸਿਆ ਦੀ ਬਜਾਏ ਬਹੁਤਾਤ ਕਾਰਨ ਪੈਦਾ ਹੋਈਆਂ ਨਵੀਆਂ ਸਮੱਸਿਆਵਾਂ ਨਾਲ ਜੂਝਣਾ ਬਿਹਤਰ ਹੈ'।

**ਭਾਰਤ ਦੇ ਖੇਤੀ ਉਪਜ ਵੇਚਣ ਵਾਲੇ ਕਰੋੜਾਂ ਲੋਕਾਂ ਦਾ ਉਨ੍ਹਾਂ ਨੂੰ ਮਿਲਣ ਵਾਲੀ ਕੀਮਤ 'ਤੇ ਕੋਈ ਕੰਟਰੋਲ ਨਹੀਂ ਹੈ ਜੋ ਕਿ ਗੈਰ-ਖੇਤੀਬਾੜੀ ਦੇ ਖੇਤਰ ਦੇ ਉਲਟ ਹੈ, ਜਿਥੇ ਸਿਰਫ ਕੁਝ ਹੀ ਵਿਕਰੇਤਾ ਹਨ ਜੋ ਆਪਣੀ ਪੈਦਾਵਾਰੀ ਲਾਗਤ ਦੇ ਆਧਾਰ 'ਤੇ ਆਪਣੀ ਕੀਮਤ ਤੈਅ ਕਰਦੇ ਹਨ। ਇਸ ਲਾਗਤ 'ਤੇ ਉਹ ਬਾਜ਼ਾਰ ਵਿਚ ਆਪਣੀ ਏਕਾਧਿਕਾਰ ਦੀ ਡਿਗਰੀ ਦੇ ਅਧਾਰ 'ਤੇ ਮੁਨਾਫਾ ਕਮਾਉਂਦੇ ਹਨ। ਸਾਲ ਦਰ ਸਾਲ ਘਾਟਾ ਪੈਣ ਤੇ ਇਹ ਕਾਰੋਬਾਰ ਬੰਦ ਹੋ ਜਾਂਦੇ ਹਨ ਪਰ ਕਿਸਾਨ ਦੁਕਾਨਾਂ ਬੰਦ ਨਹੀਂ ਕਰ ਸਕਦੇ ਕਿਉਂਕਿ ਇਹ ਉਨ੍ਹਾਂ ਦੀ ਹੋਂਦ ਅਤੇ ਜ਼ਿੰਦਗੀ ਦਾ ਸਵਾਲ ਹੈ।**

ਪੰਜ ਦਹਾਕਿਆਂ ਬਾਅਦ ਅਸੀਂ ਪੂਰੀ ਤਰ੍ਹਾਂ ਇਸ ਚਕਰਵਿਊ ਵਿਚ ਫਸ ਗਏ ਹਾਂ ਅਤੇ ਇਹ ਸਪੱਸ਼ਟ ਹੈ ਕਿ ਉਦਯੋਗਿਕ ਖੇਤੀ ਦੀਆਂ ਨਵੀਆਂ ਸਮੱਸਿਆਵਾਂ ਨੇ ਭੁੱਖਮਰੀ ਅਤੇ ਕੁਪੋਸ਼ਣ ਦੀਆਂ ਪੁਰਾਣੀਆਂ ਸਮੱਸਿਆਵਾਂ ਵਿਚ ਵਾਧਾ ਕੀਤਾ ਹੈ। ਇਸ ਲਈ ਹਰੇ ਇਨਕਲਾਬ ਦੇ ਰਸਾਇਣਾਂ ਦੀ ਵਰਤੋਂ 'ਤੇ ਆਧਾਰਿਤ, ਕਾਰਪੋਰੇਟ ਅਤੇ ਉਦਯੋਗਿਕ ਖੇਤੀ ਦੇ ਮਾਡਲ ਤੋਂ ਪੜਾਅਵਾਰ ਵਾਪਸੀ ਅਤੇ ਆਪਣੇ ਵਿਭਿੰਨ ਖੇਤੀ ਸਭਿਆਚਾਰਾਂ ਦੀ ਗਿਆਨ ਵਿਰਾਸਤ 'ਤੇ ਅਧਾਰਿਤ ਨਵਾਂ ਖੇਤੀ ਮਾਡਲ, ਜੋ ਸਮਾਜਿਕ ਅਸਮਾਨਤਾਵਾਂ ਤੋਂ ਛੁਟਕਾਰਾ ਦਿਵਾਉਣ ਅਤੇ ਨਵੇਂ ਮੌਸਮੀ ਰੁਝਾਨਾਂ ਲਈ ਅਨੁਕੂਲ ਹੋਵੇ, ਚੋਣ ਚਰਚਾ ਦਾ ਵਿਸ਼ਾ ਹੋਣਾ ਚਾਹੀਦਾ ਹੈ।

ਭਾਰਤ ਦੇ ਖੇਤੀ ਉਪਜ ਵੇਚਣ ਵਾਲੇ ਕਰੋੜਾਂ ਲੋਕਾਂ ਦਾ ਉਨ੍ਹਾਂ ਨੂੰ ਮਿਲਣ ਵਾਲੀ ਕੀਮਤ 'ਤੇ ਕੋਈ ਕੰਟਰੋਲ ਨਹੀਂ ਹੈ ਜੋ ਕਿ ਗੈਰ-ਖੇਤੀਬਾੜੀ ਦੇ ਖੇਤਰ ਦੇ ਉਲਟ ਹੈ, ਜਿਥੇ ਸਿਰਫ ਕੁਝ ਹੀ ਵਿਕਰੇਤਾ ਹਨ ਜੋ ਆਪਣੀ ਪੈਦਾਵਾਰੀ ਲਾਗਤ ਦੇ ਆਧਾਰ 'ਤੇ ਆਪਣੀ ਕੀਮਤ ਤੈਅ ਕਰਦੇ ਹਨ। ਇਸ ਲਾਗਤ 'ਤੇ ਉਹ ਬਾਜ਼ਾਰ ਵਿਚ ਆਪਣੀ ਏਕਾਧਿਕਾਰ ਦੀ ਡਿਗਰੀ ਦੇ ਅਧਾਰ 'ਤੇ ਮੁਨਾਫਾ ਕਮਾਉਂਦੇ ਹਨ। ਸਾਲ ਦਰ ਸਾਲ ਘਾਟਾ ਪੈਣ ਤੇ ਇਹ ਕਾਰੋਬਾਰ ਬੰਦ ਹੋ ਜਾਂਦੇ ਹਨ ਪਰ ਕਿਸਾਨ ਦੁਕਾਨਾਂ ਬੰਦ ਨਹੀਂ ਕਰ ਸਕਦੇ ਕਿਉਂਕਿ ਇਹ ਉਨ੍ਹਾਂ ਦੀ ਹੋਂਦ ਅਤੇ ਜ਼ਿੰਦਗੀ ਦਾ ਸਵਾਲ ਹੈ। ਉਨ੍ਹਾਂ ਕੋਲ ਕੋਈ ਬਦਲਵਾਂ ਵਧੀਆ ਕੰਮ ਨਾ ਹੋਣ ਕਰਕੇ ਉਹ ਇਸ ਪਿਤਾਪੁਰਖੀ ਕੰਮ ਨਾਲ ਜੁੜੇ ਰਹਿੰਦੇ ਹਨ। ਜਿਹੜੇ ਲੋਕ ਸਥਾਈ ਤੌਰ 'ਤੇ ਜਾਂ ਮੌਸਮੀ ਤੌਰ 'ਤੇ ਸ਼ਹਿਰੀ ਖੇਤਰਾਂ ਵਿਚ ਪਰਵਾਸ ਕਰਦੇ ਹਨ, ਉਹ ਅਸੰਗਠਿਤ ਖੇਤਰ ਵਿਚ ਸ਼ਾਮਿਲ ਹੁੰਦੇ ਹਨ, ਘੱਟ ਉਜਰਤਾਂ 'ਤੇ ਕੰਮ ਕਰਦੇ ਹਨ ਅਤੇ ਮਾੜੇ ਹਾਲਾਤਾਂ ਵਿਚ ਗੈਰ-ਕਾਨੂੰਨੀ ਝੁੱਗੀਆਂ ਵਿਚ ਰਹਿੰਦੇ ਹਨ। ਅਜਿਹੀ ਸਥਿਤੀ ਵਿਚ ਨੀਤੀਆਂ ਵਿਚ ਸੁਧਾਰ ਅਤੇ ਮਾਨਸਿਕਤਾ ਵਿਚ ਤਬਦੀਲੀ ਦੀ ਲੋੜ ਹੈ। ਖੇਤੀ ਨੂੰ ਗੈਰਖੇਤੀਬਾੜੀ ਵਰਗਾ ਨਹੀਂ ਸਮਝਿਆ ਜਾ ਸਕਦਾ। ਰੁਜ਼ਗਾਰ ਦੇ ਮੌਕੇ ਪੈਦਾ ਕਰਨ, ਤਕਨਾਲੋਜੀ ਅਤੇ ਨਿਵੇਸ਼ ਦੀਆਂ ਨੀਤੀਆਂ ਸਹੀ ਬਣਾਉਣ, ਮਜ਼ਦੂਰਾਂ ਨੂੰ ਰੋਜ਼ੀ-ਰੋਟੀ ਲਈ ਉਜਰਤ ਦੇਣ, ਟੈਕਸਾਂ ਦੀਆਂ ਨੀਤੀਆਂ ਨੂੰ ਸੋਧਣ, ਖੇਤੀ ਮੰਡੀਆਂ ਵਿਚ ਸਰਕਾਰੀ ਦਖਲਅੰਦਾਜ਼ੀ ਦੀ ਲੋੜ ਹੈ। ਕੀ ਭਾਰਤੀ ਅਰਥਚਾਰੇ ਦਾ ਅਜਿਹਾ ਇਨਕਲਾਬੀ ਬਦਲਾਅ ਸੰਭਵ ਹੈ? ਸ਼ਹਿਰੀ ਅਤੇ ਉਦਯੋਗਿਕ ਕੁਲੀਨ ਵਰਗ ਆਰਥਕਤਾ ਦੇ ਅਜਿਹੇ ਬਦਲਾਅ ਦਾ

(ਬਾਕੀ ਅਗਲੇ ਸਫੇ 'ਤੇ)

# ਹਕੂਮਤੀ ਜਬਾੜਿਆਂ 'ਚ ਪਿਸ ਰਹੀ ਪੱਤਰਕਾਰੀ

***ਪਿਛਲੇ ਕੁਝ ਸਮੇਂ ਤੋਂ ਜੰਮੂ ਕਸ਼ਮੀਰ ਦੇ ਲੋਕ ਮੋਦੀ ਸਰਕਾਰ ਦੇ ਨਿਸ਼ਾਨੇ ਉਤੇ ਹਨ। ਮੋਦੀ ਸਰਕਾਰ ਨੇ ਅਗਸਤ 2019 ਵਿਚ ਜੰਮੂ ਕਸ਼ਮੀਰ ਤੋਂ ਸੂਬੇ ਦੇ ਅਖਤਿਆਰ ਖੋਹ ਕੇ ਇਸ ਨੂੰ ਕੇਂਦਰ ਸ਼ਾਸਤ ਪ੍ਰਦੇਸ਼ ਵਿਚ ਤਬਦੀਲ ਕਰ ਦਿੱਤਾ ਸੀ। ਉਦੋਂ ਤੋਂ ਹੀ ਕਸ਼ਮੀਰੀਆਂ ਉਤੇ ਪਾਬੰਦੀਆਂ-ਦਰ-ਪਾਬੰਦੀਆਂ ਲਾਈਆਂ ਜਾ ਰਹੀਆਂ ਹਨ ਅਤੇ ਇਨ੍ਹਾਂ ਪਾਬੰਦੀਆਂ ਖਿਲਾਫ ਆਵਾਜ਼ ਬੁਲੰਦ ਕਰਨ ਵਾਲਿਆਂ ਨੂੰ ਜੇਲ੍ਹਾਂ ਅੰਦਰ ਸੁੱਟਿਆ ਜਾ ਰਿਹਾ ਹੈ। ਹੁਣ ਪੱਤਰਕਾਰਾਂ ਨੂੰ ਜਾਣਬੁੱਝ ਕੇ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਇਸ ਸਮੁੱਚੇ ਹਾਲਾਤ ਬਾਰੇ ਚਰਚਾ ਸਾਡੇ ਕਲਮਨਵੀਸ ਬੂਟਾ ਸਿੰਘ ਨੇ ਆਪਣੇ ਇਸ ਲੇਖ ਵਿਚ ਕੀਤੀ ਹੈ।***

**ਬੂਟਾ ਸਿੰਘ**
**ਫੋਨ: +91-94634-74342**

5 ਫਰਵਰੀ ਨੂੰ ਜੰਮੂ ਕਸ਼ਮੀਰ ਪੁਲਿਸ ਨੇ ਉੱਘੇ ਨੌਜਵਾਨ ਪੱਤਰਕਾਰ ਫਾਹਦ ਸ਼ਾਹ ਨੂੰ ਗ੍ਰਿਫ਼ਤਾਰ ਕਰਕੇ ਅਨਿਸ਼ਚਿਤ ਸਮੇਂ ਲਈ ਜੇਲ੍ਹ ਵਿਚ ਬੰਦ ਕਰ ਦਿੱਤਾ। ਫਾਹਦ 'ਦ ਕਸ਼ਮੀਰ ਵਾਲਾ' ਮੈਗਜ਼ੀਨ ਅਤੇ ਆਨਲਾਈਨ ਨਿਊਜ਼ ਪੋਰਟਲ ਦਾ ਸੰਪਾਦਕ ਹੈ ਅਤੇ ਉਸ ਨੇ 2009 'ਚ ਵਿਦਿਆਰਥੀ ਵਜੋਂ 'ਦ ਕਸ਼ਮੀਰ ਵਾਲਾ' ਬਲਾਗ ਤੋਂ ਪੱਤਰਕਾਰੀ ਦਾ ਸਫ਼ਰ ਸ਼ੁਰੂ ਕੀਤਾ ਸੀ। ਥੋੜ੍ਹੇ ਸਮੇਂ 'ਚ ਹੀ ਉਸ ਦਾ ਬਲਾਗ ਪ੍ਰਮਾਣਿਕ ਅਤੇ ਬੇਬਾਕ ਮੀਡੀਆ ਵਜੋਂ ਮਕਬੂਲ ਹੋ ਗਿਆ। ਜੰਮੂ ਕਸ਼ਮੀਰ ਉੱਪਰ ਥੋਪੇ ਫ਼ੌਜੀ ਰਾਜ ਦੀ ਬੇਖ਼ੌਫ਼ ਹੋ ਕੇ ਰਿਪੋਰਟਿੰਗ ਕਰਨ ਵਾਲਾ ਇਹ ਨਿਧੜਕ ਪੱਤਰਕਾਰ ਹਕੂਮਤ ਨੂੰ ਕੰਡੇ ਵਾਂਗ ਚੁਭ ਰਿਹਾ ਸੀ। ਉਹ ਸਿਰਫ਼ ਆਪਣੇ ਬਲਾਗ ਤੱਕ ਸੀਮਤ ਨਹੀਂ ਸੀ, ਉਸ ਦੀਆਂ ਪਛਾਣਾਂ ਦੇ ਸੰਘਰਸ਼ ਅਤੇ ਮਨੁੱਖੀ ਹੱਕਾਂ ਬਾਰੇ ਲਿਖਤਾਂ ਨਾਮਵਰ ਅੰਤਰਰਾਸ਼ਟਰੀ ਰਸਾਲਿਆਂ ਵਿਚ ਛਪਦੀਆਂ ਰਹਿੰਦੀਆਂ ਹਨ। ਉਸ ਨੂੰ ਫਰਵਰੀ 2020 ਵਿੱਚ ਦਿੱਲੀ ਦੀ ਫਿਰਕੂ ਹਿੰਸਾ ਦੀ ਰਿਪੋਰਟਿੰਗ ਲਈ ਵਿਆਖਿਆਤਮਕ ਫੀਚਰ ਲੇਖਣੀ ਵਿਚ ਵੱਕਾਰੀ 25ਵੀਂ ਮਨੁੱਖੀ ਅਧਿਕਾਰ ਪ੍ਰੈੱਸ ਐਵਾਰਡ-2021 ਨਾਲ ਸਨਮਾਨਿਤ ਕੀਤਾ ਗਿਆ ਸੀ।

ਉਸ ਦੀ ਗ੍ਰਿਫ਼ਤਾਰੀ ਹਾਲ ਹੀ ਵਿਚ ਹੋਏ ਇਕ ਮੁਕਾਬਲੇ ਬਾਰੇ ਰਿਪੋਰਟਿੰਗ ਦੇ ਬਹਾਨੇ ਕੀਤੀ ਗਈ। ਦੱਖਣੀ ਕਸ਼ਮੀਰ ਦੇ ਪੁਲਵਾਮਾ ਜ਼ਿਲ੍ਹੇ ਵਿਚ ਹੋਏ ਇਸ ਮੁਕਾਬਲੇ ਬਾਰੇ 'ਦ ਕਸ਼ਮੀਰ ਵਾਲਾ' ਅਤੇ ਹੋਰ ਮੀਡੀਆ ਵੱਲੋਂ ਜੋ ਰਿਪੋਰਟ ਛਾਪੀ ਗਈ ਉਸ ਵਿਚ ਪੱਤਰਕਾਰੀ ਦੇ ਅਸੂਲ ਅਨੁਸਾਰ ਪੁਲਿਸ ਦੇ ਦਾਅਵੇ ਸਮੇਤ ਦੋਨੋਂ ਪੱਖ ਦਿੱਤੇ ਗਏ ਸਨ। ਉਸ ਵਿਵਾਦਪੂਰਨ ਮੁਕਾਬਲੇ 'ਚ ਮਾਰੇ ਜਾਣ ਵਾਲਿਆਂ 'ਚ ਇਕ ਸਥਾਨਕ ਨਾਬਾਲਗ ਕਸ਼ਮੀਰੀ ਨੌਜਵਾਨ ਵੀ ਸੀ। ਉਸ ਦੇ ਪਰਿਵਾਰ ਨੇ ਦੱਸਿਆ ਕਿ ਉਨ੍ਹਾਂ ਦੇ ਲੜਕੇ ਨੂੰ ਗ਼ਲਤ ਮਾਰਿਆ ਗਿਆ ਹੈ ਅਤੇ ਉਹ ਬੇਕਸੂਰ ਸੀ। ਇਸ ਰਿਪੋਰਟ ਨਾਲ ਮੁਕਾਬਲੇ ਦੀ ਕਹਾਣੀ ਦਾ ਪਾਜ ਖੁੱਲ੍ਹ ਗਿਆ। ਹਕੂਮਤ ਅਨੁਸਾਰ ਪਰਿਵਾਰ ਦਾ ਪੱਖ ਛਾਪਣਾ ਹੀ 'ਗ਼ੈਰਕਾਨੂੰਨੀ' ਹੈ। ਤਿੰਨ ਦਿਨ ਬਾਦ ਪੁਲਿਸ ਨੇ ਤਿੰਨ ਹੋਰ ਪੱਤਰਕਾਰਾਂ ਸਮੇਤ ਫਾਹਦ ਸ਼ਾਹ ਨੂੰ ਥਾਣੇ ਆ ਕੇ ਬਿਆਨ ਦਰਜ ਕਰਾਉਣ ਲਈ ਕਿਹਾ। ਥਾਣੇ ਪਹੁੰਚਣ 'ਤੇ ਉਸ ਨੂੰ ਦੱਸਿਆ ਗਿਆ ਕਿ ਉਸ ਦੇ ਖਿਲਾਫ਼ ਕੇਸ ਦਰਜ ਹੈ ਅਤੇ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਉਸ ਵਿਰੁੱਧ ਯੂ.ਏ.ਪੀ.ਏ., ਰਾਜਧ੍ਰੋਹ ਦੀ ਧਾਰਾ 124-ਏ ਅਤੇ ਆਈ.ਪੀ.ਸੀ. ਦਾ ਸੈਕਸ਼ਨ 505 ਤਹਿਤ ਕੇਸ ਦਰਜ ਕੀਤਾ ਗਿਆ ਹੈ। ਇਹ ਸੰਗੀਨ ਧਾਰਾਵਾਂ ਇਹ ਯਕੀਨੀ ਬਣਾਉਣ ਲਈ ਲਗਾਈਆਂ ਜਾਂਦੀਆਂ ਹਨ ਤਾਂ ਜੁ ਮੁਲਜ਼ਮ ਜ਼ਮਾਨਤ ਲੈ ਕੇ ਆਪਣੇ ਕੇਸ ਦੀ ਕਾਨੂੰਨੀ ਪੈਰਵੀ ਨਾ ਕਰ ਸਕੇ। ਇਹ ਇਕ ਖੁੱਲ੍ਹੀ ਐੱਫ.ਆਈ.ਆਰ. ਹੈ ਜਿਸ ਦੇ ਆਧਾਰ 'ਤੇ ਪੁਲਿਸ ਜਿਸ ਵੀ ਵਿਅਕਤੀ ਨੂੰ ਚਾਹੇ ਨਾਮਜ਼ਦ ਕਰਕੇ ਗ੍ਰਿਫ਼ਤਾਰ ਕਰ ਸਕਦੀ ਹੈ। ਜੇ ਇਸ ਕੇਸ ਵਿਚ ਝੂਠੇ ਸਬੂਤਾਂ ਦੇ ਆਧਾਰ 'ਤੇ ਪੁਲਿਸ ਪੱਤਰਕਾਰ ਨੂੰ ਦੋਸ਼ੀ ਠਹਿਰਾਉਣ 'ਚ ਕਾਮਯਾਬ ਹੋ ਜਾਂਦੀ ਹੈ ਤਾਂ ਉਸ ਨੂੰ ਉਮਰ ਕੈਦ ਦੀ ਸਜ਼ਾ ਹੋ ਸਕਦੀ ਹੈ। ਬਿਨਾਂ ਮੁਕੱਦਮਾ ਚਲਾਏ ਵੀ ਉਸ ਨੂੰ ਸਾਲਾਂ ਤੱਕ ਜੇਲ੍ਹ 'ਚ ਸੜਨਾ ਪੈ ਸਕਦਾ ਹੈ। ਇਸ ਦੀ ਮਿਸਾਲ ਪੱਤਰਕਾਰ ਆਸਿਫ਼ ਸੁਲਤਾਨ ਹੈ ਜੋ 2018 ਤੋਂ ਲੈ ਕੇ ਜੇਲ੍ਹ 'ਚ ਬੰਦ ਹੈ। ਇਕ ਹੋਰ ਪੱਤਰਕਾਰ ਸਜਾਦ ਗੁੱਲ ਪਿਛਲੇ ਮਹੀਨੇ ਤੋਂ ਜੇਲ੍ਹ ਵਿਚ ਹੈ।

ਮਹਿਜ਼ ਰਿਪੋਰਟਿੰਗ ਦੇ ਆਧਾਰ 'ਤੇ ਪੱਤਰਕਾਰ ਉੱਪਰ ਯੂ.ਏ.ਪੀ.ਏ. (ਇਸ ਦਾ ਦਹਿਸ਼ਤਵਾਦ ਨੂੰ ਸ਼ਹਿ ਦੇਣ ਅਤੇ ਮੱਦਦ ਕਰਨ ਦਾ ਸੈਕਸ਼ਨ) ਲਗਾਏ ਜਾਣ ਤੋਂ ਸਪਸ਼ਟ ਹੈ ਕਿ ਫਾਹਦ ਦੀ ਗ੍ਰਿਫ਼ਤਾਰੀ ਦਾ ਮਨੋਰਥ ਨਿਧੜਕ ਪੱਤਰਕਾਰਾਂ ਨੂੰ ਰਿਪੋਰਟਿੰਗ ਕਰਨ ਤੋਂ ਰੋਕਣ ਲਈ ਉਨ੍ਹਾਂ ਨੂੰ ਦਹਿਸ਼ਤਜ਼ਦਾ ਕਰਨਾ ਅਤੇ ਖ਼ੌਫ਼ ਦਾ ਮਾਹੌਲ ਪੈਦਾ ਕਰਕੇ ਬਾਕੀ ਮੀਡੀਆ ਨੂੰ ਸੰਦੇਸ਼ ਦੇਣਾ ਹੈ ਕਿ ਬੇਬਾਕ ਰਿਪੋਰਟਿੰਗ ਕਰਨ ਲਈ ਉਨ੍ਹਾਂ ਨੂੰ ਕਿਸ ਤਰ੍ਹਾਂ ਦੀ ਕੀਮਤ ਚੁਕਾਉਣੀ ਪਵੇਗੀ। ਸੰਦੇਸ਼ ਸਾਫ਼ ਹੈ: ਹਕੂਮਤ ਦੀ ਬੋਲੀ ਬੋਲਣਾ ਸ਼ੁਰੂ ਕਰ ਦਿਓ ਜਾਂ ਜੇਲ੍ਹ ਜਾਣ ਲਈ ਤਿਆਰ ਰਹੋ। ਮੀਡੀਆ ਪਾਲਿਸੀ 2020 ਰਾਹੀਂ ਪ੍ਰੈੱਸ ਦੀ ਆਜ਼ਾਦੀ ਹਥਿਆ ਕੇ ਦਿੱਲੀ ਹਕੂਮਤ ਨੇ ਪਹਿਲਾਂ ਹੀ ਐਸੇ ਹਾਲਾਤ ਬਣਾ ਦਿੱਤੇ ਹਨ ਕਿ ਪੱਤਰਕਾਰ ਸਵੈ-ਸੈਂਸਰਸ਼ਿੱਪ ਦੇ ਆਦੀ ਹੋ ਜਾਣ। ਇਸ ਨੀਤੀ ਅਨੁਸਾਰ ਦਿੱਲੀ ਹਕੂਮਤ ਦਾ ਥਾਪਿਆ ਨੌਕਰਸ਼ਾਹ ਇਹ ਤੈਅ ਕਰਦਾ ਹੈ ਕਿ ਕਿਹੜੀ ਖ਼ਬਰ 'ਝੂਠੀ' ਹੈ ਅਤੇ ਕਿਹੜੀ 'ਸੱਚੀ', ਕਿਹੜੀ ਸਮੱਗਰੀ ਸਾਹਿਤਿਕ ਚੋਰੀ ਅਤੇ ਅਨੈਤਿਕ ਹੈ ਅਤੇ ਕਿਹੜੀ ਰਾਸ਼ਟਰ ਵਿਰੋਧੀ। ਜੋ ਸੱਤਾ ਨੂੰ ਗਵਾਰਾ ਨਹੀਂ, ਉਸ ਨੂੰ ਰਾਸ਼ਟਰ ਵਿਰੋਧੀ ਅਤੇ ਜਾਅਲੀ ਕਰਾਰ ਦੇ ਦਿੱਤਾ ਜਾਂਦਾ ਹੈ। ਇਕ ਹੋਰ ਸੀਨੀਅਰ ਪੱਤਰਕਾਰ ਗੋਹਰ ਗਿਲਾਨੀ ਨੂੰ ਸ਼ੋਪੀਆਂ ਦੇ ਕਾਰਜਕਾਰੀ ਮੈਜਿਸਟ੍ਰੇਟ ਵੱਲੋਂ 7 ਫਰਵਰੀ ਨੂੰ ਅਦਾਲਤ 'ਚ ਪੇਸ਼ ਹੋਣ ਲਈ ਕਿਹਾ ਗਿਆ ਇਸ ਬਹਾਨੇ ਕਿ ਉਸ ਦਾ ਤੌਰ-ਤਰੀਕਾ 'ਜਨਤਕ ਹਿਤ' ਦੇ ਖ਼ਿਲਾਫ਼ ਹੈ। ਗੌਹਰ ਗਿਲਾਨੀ ਅਤੇ ਫਰੀਲਾਂਸ ਫੋਟੋ ਜਰਨਲਿਸਟ ਬੀਬੀ ਮਸਰਤ ਜ਼ਾਹਰਾ ਵਿਰੁੱਧ ਪਿਛਲੇ ਸਾਲ ਅਪਰੈਲ 'ਚ ਯੂ.ਏ.ਪੀ.ਏ. ਤਹਿਤ ਕੇਸ ਦਰਜ ਕੀਤੇ ਜਾ ਚੁੱਕੇ ਹਨ। ਇਕ ਸੁਤੰਤਰ ਪੱਤਰਕਾਰ ਆਕਾਸ਼ ਹਸਨ, ਜੋ ਮੁੱਖ ਤੌਰ 'ਤੇ ਕੌਮਾਂਤਰੀ ਪ੍ਰੈੱਸ ਲਈ ਲਿਖਦਾ ਹੈ, ਨੂੰ ਪਿਛਲੇ ਦੋ ਸਾਲਾਂ 'ਚ ਸੱਤ ਵਾਰ ਪੁੱਛਗਿੱਛ ਲਈ ਸੱਦਿਆ ਗਿਆ। ਉਸ ਦੇ ਮਾਂ-ਪਿਓ ਤੋਂ ਵੀ ਕਈ ਵਾਰ ਉਨ੍ਹਾਂ ਦੇ ਵਿਤੀ ਵਸੀਲਿਆਂ ਬਾਰੇ ਪੁੱਛਗਿੱਛ ਕੀਤੀ ਗਈ ਹੈ। ਕਈ ਵਾਰ ਤਾਂ ਪੱਤਰਕਾਰਾਂ ਨੂੰ ਪੁੱਛਗਿੱਛ ਕਰਤਾ ਅਧਿਕਾਰੀਆਂ ਦਾ ਲੈਕਚਰ ਵੀ ਸੁਣਨਾ ਪੈਂਦਾ ਹੈ ਕਿ ਪੱਤਰਕਾਰੀ ਕਿਵੇਂ ਕਰੀਦੀ ਹੈ।

ਵਿਚਾਰ ਪ੍ਰਗਟਾਵੇ ਦੀ ਆਜ਼ਾਦੀ ਦੀ ਸੁਰੱਖਿਆ ਬਾਰੇ ਸੰਯੁਕਤ ਰਾਸ਼ਟਰ ਦੇ ਵਿਸ਼ੇਸ਼ ਨੁਮਾਇੰਦੇ ਨੇ ਪਿਛਲੇ ਸਾਲ ਵਿਸ਼ੇਸ਼ ਚਿੱਠੀ ਲਿਖ ਕੇ ਫਾਹਦ ਅਤੇ ਸਜਾਦ ਗੁੱਲ ਸਮੇਤ ਚਾਰ ਪੱਤਰਕਾਰਾਂ ਦੀ ਸੁਰੱਖਿਆ ਦਾ ਮਾਮਲਾ ਭਾਰਤ ਸਰਕਾਰ ਕੋਲ ਉਠਾਇਆ ਸੀ। ਪਿਛਲੇ ਮਹੀਨੇ 'ਕਸ਼ਮੀਰ ਵਾਲਾ' ਲਈ ਕੰਮ ਕਰਨ ਰਹੇ ਪੱਤਰਕਾਰ ਸਜਾਦ ਗੁੱਲ ਨੂੰ ਜਾਬਰ ਪਬਲਿਕ ਸੇਫ਼ਟੀ ਐਕਟ ਤਹਿਤ ਗ੍ਰਿਫ਼ਤਾਰ ਕਰ ਲਿਆ ਗਿਆ ਸੀ ਜਿਸ ਨੂੰ ਜੰਮੂ ਦੀ ਜੇਲ੍ਹ ਵਿਚ ਖ਼ਤਰਨਾਕ ਮੁਜਰਿਮਾਂ ਨਾਲ ਕੈਦ ਰੱਖਿਆ ਗਿਆ ਹੈ। ਪੁਲਿਸ ਨੇ ਉਸ ਦੀ ਗ੍ਰਿਫ਼ਤਾਰੀ ਦੀ ਵਜ੍ਹਾ ਇਹ ਦੱਸੀ ਸੀ ਕਿ ਉਹ ਲੋਕਾਂ ਨੂੰ "ਹਿੰਸਾ ਕਰਨ ਅਤੇ ਜਨਤਕ ਅਮਨ-ਅਮਾਨ ਨੂੰ ਭੰਗ ਕਰਨ ਲਈ" ਭੜਕਾ ਰਿਹਾ ਸੀ ਅਤੇ ਉਹ ਸੋਸ਼ਲ ਮੀਡੀਆ ਉੱਪਰ "ਅਫ਼ਵਾਹਾਂ ਫੈਲਾਉਣ ਅਤੇ ਝੂਠੇ ਬਿਰਤਾਂਤ ਪ੍ਰਚਾਰਨ ਦਾ ਆਦੀ" ਹੈ। ਉਸ ਨੇ ਇਕ ਕਸ਼ਮੀਰੀ ਖਾੜਕੂ ਦੇ ਮਾਰੇ ਜਾਣ ਤੋਂ ਬਾਦ ਟਵਿੱਟਰ ਉੱਪਰ ਸਿਰਫ਼ ਇਕ ਵੀਡੀਓ ਕਲਿੱਪ ਸਾਂਝਾ ਕੀਤਾ ਸੀ ਜੋ ਭਾਰਤੀ ਰਾਜ ਖ਼ਿਲਾਫ਼ ਵਿਰੋਧ ਪ੍ਰਦਰਸ਼ਨ ਬਾਬਤ ਸੀ। ਗਿਆਰਾਂ ਦਿਨ ਹਿਰਾਸਤ 'ਚ ਰਹਿਣ ਤੋਂ ਬਾਦ ਉਸ ਨੂੰ ਜ਼ਮਾਨਤ ਮਿਲੀ। ਲੇਕਿਨ ਰਿਹਾਅ ਹੋਣ ਤੋਂ ਪਹਿਲਾਂ ਹੀ ਅਧਿਕਾਰੀਆਂ ਨੇ ਉਸ ਉੱਪਰ ਪਬਲਿਕ ਸੇਫ਼ਟੀ ਐਕਟ ਤਹਿਤ ਨਵਾਂ ਕੇਸ ਪਾ ਦਿੱਤਾ ਜੋ ਕਿਸੇ ਵੀ ਵਿਅਕਤੀ ਨੂੰ ਦੋ ਸਾਲ ਤੱਕ ਬਿਨਾਂ ਮੁਕੱਦਮਾ ਚਲਾਏ ਜੇਲ੍ਹ 'ਚ ਬੰਦ ਰੱਖਣ ਦੀ ਇਜਾਜ਼ਤ ਦਿੰਦਾ ਹੈ।

ਜਿੱਥੋਂ ਤੱਕ ਫਾਹਦ ਦਾ ਸਵਾਲ ਹੈ, ਯੂ.ਐੱਨ. ਦੀ ਚਿੱਠੀ ਅਨੁਸਾਰ ਉਸ ਨੂੰ ਜੂਨ 2017 ਅਤੇ ਜਨਵਰੀ 2021 ਦਰਮਿਆਨ ਛੇ ਕੇਸਾਂ ਦਾ ਸਾਹਮਣਾ ਕਰਨਾ ਪਿਆ। ਐਡੀਟਰਜ਼ ਗਿਲਡ ਆਫ ਇੰਡੀਆ ਨੇ ਵੀ ਆਪਣੇ ਬਿਆਨ ਵਿਚ ਕਿਹਾ ਹੈ ਕਿ ਪਿਛਲੇ ਕੁਝ ਸਾਲਾਂ 'ਚ ਸ਼ਾਹ ਨੂੰ ਉਸ ਦੀਆਂ ਲਿਖਤਾਂ ਕਾਰਨ ਕਈ ਵਾਰ ਪੁੱਛਗਿੱਛ ਅਤੇ ਨਜ਼ਰਬੰਦੀ ਦਾ ਸਾਹਮਣਾ ਕਰਨਾ ਪਿਆ ਹੈ। ਉਸ ਦੇ ਘਰ ਨੂੰ ਵੀ ਨੁਕਸਾਨ ਪਹੁੰਚਾਇਆ ਗਿਆ।

ਇਕ ਪਾਸੇ, ਦਿੱਲੀ ਹਕੂਮਤ ਦਾਅਵਾ ਕਰ ਰਹੀ ਹੈ ਕਿ ਜੰਮੂ ਕਸ਼ਮੀਰ ਵਿਚ ਹਾਲਾਤ ਸੁਧਰ ਰਹੇ ਹਨ, ਦੂਜੇ ਪਾਸੇ ਪ੍ਰੈੱਸ ਅਤੇ ਮੀਡੀਆ ਦੀ ਆਜ਼ਾਦੀ ਦਾ ਗਲਾ ਘੁੱਟਣ ਅਤੇ ਪੱਤਰਕਾਰਾਂ ਨੂੰ ਦਹਿਸ਼ਤਜ਼ਦਾ ਕਰਨ ਲਈ ਭਾਰਤੀ ਰਾਜ ਹੋਰ ਵੀ ਹਮਲਾਵਰ ਤੇਵਰ ਦਿਖਾ ਰਿਹਾ ਹੈ। ਮੀਡੀਆ ਉੱਪਰ ਹਮਲਾ ਐਨਾ ਤਿੱਖਾ ਹੈ ਕਿ ਪੱਤਰਕਾਰ ਸੰਸਥਾਵਾਂ ਵੀ ਪ੍ਰੈੱਸ/ਮੀਡੀਆ ਦੀ ਆਜ਼ਾਦੀ ਨੂੰ ਬਚਾਉਣ ਅਤੇ ਪੱਤਰਕਾਰਾਂ ਦੀ ਰਾਖੀ ਲਈ ਕੁਝ ਕਰਨ ਤੋਂ ਬੇਵੱਸ ਹਨ। ਪਿਛਲੇ ਦੋ ਸਾਲਾਂ 'ਚ 40 ਤੋਂ ਵੱਧ ਪੱਤਰਕਾਰਾਂ ਨੂੰ ਛਾਪੇਮਾਰੀ ਜਾਂ ਪੁਲਿਸ ਦੀ ਪੁੱਛਗਿੱਛ ਦਾ ਸਾਹਮਣਾ ਕਰਨਾ ਪਿਆ ਹੈ। ਕਈਆਂ ਨੂੰ ਕਾਲੀ ਸੂਚੀ 'ਨੋ-ਫਲਾਈ' ਵਿਚ ਰੱਖਿਆ ਗਿਆ ਹੈ ਅਤੇ ਉਹ ਫਲਾਈਟ ਲੈ ਕੇ ਬਦੇਸ਼ ਨਹੀਂ ਜਾ ਸਕਦੇ। ਧਾਰਾ 370 ਨੂੰ ਖ਼ਤਮ ਕੀਤੇ ਜਾਣ ਤੋਂ ਬਾਦ ਪੱਤਰਕਾਰਾਂ ਅਤੇ ਮਨੁੱਖੀ ਹੱਕਾਂ ਦੇ ਘਾਣ ਵਿਰੁੱਧ ਆਵਾਜ਼ ਉਠਾਉਣ ਵਾਲੇ ਕਾਰਕੁੰਨ ਉੱਪਰ ਹਮਲਿਆਂ 'ਚ ਖ਼ਾਸ ਕਰਕੇ ਤੇਜ਼ੀ ਆਈ ਹੈ। ਉੱਘੇ ਕਾਰਕੁੰਨ ਖ਼ੁਰਮ ਪਰਵੇਜ਼ ਨੂੰ ਮੁੜ ਗ੍ਰਿਫ਼ਤਾਰ ਕਰਕੇ ਯੂ.ਏ.ਪੀ.ਏ. ਲਗਾ ਕੇ ਜੇਲ੍ਹ ਵਿਚ ਡੱਕ ਦਿੱਤਾ ਗਿਆ ਹੈ।

ਭਾਰਤ ਸਰਕਾਰ ਦੇ ਇਸ਼ਾਰੇ 'ਤੇ ਜੰਮੂ ਕਸ਼ਮੀਰ ਪੁਲਿਸ ਅਤੇ ਪ੍ਰਸ਼ਾਸਨ ਵੱਲੋਂ ਲਗਾਤਾਰ ਬਾਂਹ ਮਰੋੜ ਤਰੀਕੇ ਅਪਣਾਏ ਜਾ ਰਹੇ ਹਨ। ਪੱਤਰਕਾਰਾਂ ਨੂੰ ਆਪਣੀ ਡਿਊਟੀ ਕਰਨ ਤੋਂ ਰੋਕਿਆ ਜਾ ਰਿਹਾ ਹੈ। ਉਨ੍ਹਾਂ ਨੂੰ ਆਪਣੀ ਰਿਪੋਰਟ ਦਾ ਸਰੋਤ ਦੱਸਣ ਲਈ ਤੰਗ-ਪ੍ਰੇਸ਼ਾਨ ਕੀਤਾ ਜਾਂਦਾ ਹੈ। 'ਕਸ਼ਮੀਰ ਟਾਈਮਜ਼' ਦੀ ਸੰਪਾਦਕ ਸਿਰਕੱਢ ਪੱਤਰਕਾਰ ਬੀਬੀ ਅਨੁਰਾਧਾ ਭਸੀਨ ਦੱਸਦੇ ਹਨ ਕਿ ਅਧਿਕਾਰੀ ਰਿਪੋਰਟਾਂ 'ਚ ਇਕ ਵੀ ਆਲੋਚਨਾਤਮਕ ਸ਼ਬਦ ਬਰਦਾਸ਼ਤ ਨਹੀਂ ਕਰ ਰਹੇ। ਸਰਕਾਰੀ ਇਮਾਰਤ 'ਚ ਉਸ ਦੇ ਅਖ਼ਬਾਰ ਦਾ ਦਫ਼ਤਰ ਵੀ ਅਧਿਕਾਰੀਆਂ ਨੇ ਬਿਨਾਂ ਨੋਟਿਸ ਦਿੱਤੇ ਸੀਲ ਕਰ ਦਿੱਤਾ ਸੀ ਅਤੇ ਸਟਾਫ਼ ਨੂੰ ਸਮਾਨ ਵੀ ਨਹੀਂ ਸੀ ਚੁੱਕਣ ਦਿੱਤਾ। ਪਿਛਲੇ ਸਾਲ ਮੀਡੀਆ ਨਿਗਰਾਨ ਸੰਸਥਾ 'ਰਿਪੋਰਟਰਜ਼ ਵਿਦਆਊਟ ਬੌਰਡਰਜ਼' ਦੇ ਪ੍ਰੈੱਸ ਦੀ ਆਜ਼ਾਦੀ ਦੇ ਆਲਮੀ ਸੂਚਕ-ਅੰਕ 'ਚ ਭਾਰਤ ਦਾ 142ਵਾਂ ਸਥਾਨ ਨਿਸ਼ਚਿਤ ਕੀਤਾ ਗਿਆ ਸੀ ਅਤੇ ਇਹ ਅਫ਼ਗਾਨਿਸਤਾਨ ਅਤੇ ਜ਼ਿੰਬਬਾਵੇ ਤੋਂ ਹੇਠਾਂ ਸੀ। ਕਸ਼ਮੀਰ ਵਿਚ ਪ੍ਰੈੱਸ ਦੀ ਆਜ਼ਾਦੀ ਦੀ ਹਾਲਤ ਇਸ ਤੋਂ ਵੀ ਬਦਤਰ ਹੈ ਜਿੱਥੇ ਆਲੋਚਨਾ ਕਰਨ ਨੂੰ ਵੀ ਵੱਖਵਾਦ ਕਰਾਰ ਦਿੱਤਾ ਜਾ ਰਿਹਾ ਹੈ। ਇੱਥੇ ਹੀ ਬਸ ਨਹੀਂ, ਜਦੋਂ ਕਸ਼ਮੀਰ ਪ੍ਰੈੱਸ ਕਲੱਬ ਦੀ ਸਾਲਾਨਾ ਚੋਣ ਹੋਣ ਵਾਲੀ ਸੀ, ਉਦੋਂ ਕੁਝ ਸਰਕਾਰੀ ਜੀ-ਹਜ਼ੂਰੀਏ ਪੱਤਰਕਾਰਾਂ ਅਤੇ ਅਖ਼ਬਾਰ ਮਾਲਕਾਂ ਨੇ ਹਥਿਆਰਬੰਦ ਪੁਲਿਸ ਅਤੇ ਸਲਾਮਤੀ ਦਸਤਿਆਂ ਦੀ ਛਤਰਛਾਇਆ ਹੇਠ ਸਟਾਫ਼ ਨੂੰ ਬੰਦੀ ਬਣਾ ਕੇ ਕਲੱਬ ਦੇ ਦਫ਼ਤਰ ਅਤੇ ਇਸ ਦੇ ਪ੍ਰਬੰਧਕੀ ਅਦਾਰੇ ਉੱਪਰ ਗ਼ੈਰਕਾਨੂੰਨੀ ਕਬਜ਼ਾ ਕਰ ਲਿਆ। ਇਨ੍ਹਾਂ ਜੀ-ਹਜ਼ੂਰੀਆਂ 'ਚ ਮੁੱਖ ਸਲੀਮ ਪੰਡਿਤ ਸੀ ਜਿਸ ਦੀ ਮੈਂਬਰਸ਼ਿੱਪ ਕਲੱਬ ਨੇ ਨਵੰਬਰ 2019 'ਚ ਇਸ ਕਰਕੇ ਖ਼ਾਰਜ ਕਰ ਦਿੱਤੀ ਸੀ ਕਿ ਉਸ ਦੀ ਝੂਠੀ ਰਿਪੋਰਟਿੰਗ ਨੇ ਪੱਤਰਕਾਰੀ ਨੂੰ ਬਦਨਾਮ ਕੀਤਾ ਸੀ। ਐਡੀਟਰਜ਼ ਗਿਲਡ ਅਤੇ ਆਲਮੀ ਪੱਤਰਕਾਰ ਸੰਸਥਾਵਾਂ ਨੇ ਇਸ ਨੂੰ 'ਅਣਐਲਾਨਿਆ ਰਾਜ-ਪਲਟਾ' ਅਤੇ 'ਗ਼ੈਰਕਾਨੂੰਨੀ ਕਬਜ਼ਾ' ਕਹਿ ਕੇ ਇਸ ਦੀ ਨਿਖੇਧੀ ਕੀਤੀ, ਫਿਰ ਵੀ ਹਕੂਮਤ ਪਿੱਛੇ ਨਹੀਂ ਹਟੀ। ਕਲੱਬ ਬੰਦ ਕਰ ਦਿੱਤਾ ਗਿਆ ਅਤੇ ਜਿੱਥੇ ਪ੍ਰੈੱਸ ਕਲੱਬ ਬਣਾਇਆ ਗਿਆ ਸੀ ਉਹ ਜ਼ਮੀਨ ਵਾਪਸ ਲੈ ਲਈ ਗਈ। ਇਹ ਰਾਜ-ਪਲਟਾ ਐਨਾ ਘਿਣਾਉਣਾ ਸੀ ਕਿ ਦੋ ਸਾਬਕਾ ਮੁੱਖ ਮੰਤਰੀਆਂ ਸਮੇਤ ਭਾਰਤ ਪੱਖੀ ਮੁੱਖ ਕਸ਼ਮੀਰੀ ਸਿਆਸਤਦਾਨਾਂ ਨੇ ਵੀ ਇਸ ਦੀ ਸਖ਼ਤ ਸ਼ਬਦਾਂ 'ਚ ਨਿਖੇਧੀ ਕੀਤੀ। ਅਗਸਤ 2019 ਤੋਂ ਲੈ ਕੇ ਕਲੱਬ ਤੀਜੀ ਸੰਸਥਾ ਹੈ ਜਿਸ ਦੀ ਆਰ.ਐੱਸ.ਐੱਸ.-ਬੀ.ਜੇ.ਪੀ. ਹਕੂਮਤ ਨੇ ਚੋਣ ਨਹੀਂ ਹੋਣ ਦਿੱਤੀ। ਬਹਾਨਾ ਇਹ ਘੜ ਲਿਆ ਕਿ ਨਵੇਂ ਕਾਨੂੰਨ ਤਹਿਤ ਇਸ ਦੀ ਰਜਿਸਟ੍ਰੇਸ਼ਨ ਨਹੀਂ ਹੋਈ। ਇਸ ਤੋਂ ਪਹਿਲਾਂ ਕਸ਼ਮੀਰ ਹਾਈਕੋਰਟ ਬਾਰ ਐਸੋਸੀਏਸ਼ਨ ਅਤੇ ਕਸ਼ਮੀਰ ਚੈਂਬਰ ਆਫ਼ ਕਾਮਰਸ ਦੀਆਂ ਚੋਣਾਂ ਵੀ ਧੱਕੇ ਨਾਲ ਰੋਕ ਦਿੱਤੀਆਂ ਗਈਆਂ ਸਨ। ਧਾਰਾ 370 ਨੂੰ ਖ਼ਤਮ ਕੀਤੇ ਜਾਣ ਤੋਂ ਬਾਦ ਜੰਮੂ ਕਸ਼ਮੀਰ ਦੇ ਐਕਟ ਰੱਦ ਹੋ ਗਏ ਸਨ ਅਤੇ ਸਾਰੀਆਂ ਸੰਸਥਾਵਾਂ ਨੂੰ ਸੁਸਾਇਟੀ ਰਜਿਸਟ੍ਰੇਸ਼ਨ ਐਕਟ-1860 ਤਹਿਤ ਮੁੜ ਰਜਿਸਟ੍ਰੇਸ਼ਨ ਕਰਾਉਣ ਲਈ ਕਿਹਾ ਜਾ ਰਿਹਾ ਹੈ। ਮੁੜ ਰਜਿਸਟ੍ਰੇਸ਼ਨ ਦੇ ਬਹਾਨੇ ਰਜਿਸਟ੍ਰੇਸ਼ਨ ਰੋਕ ਕੇ ਸੰਸਥਾਵਾਂ ਉੱਪਰ ਕਬਜ਼ਾ ਕਰਨ ਦਾ ਇਹੀ ਦੁਸ਼ਟ ਤਰੀਕਾ ਪ੍ਰੈੱਸ ਕਲੱਬ ਦੇ ਮਾਮਲੇ 'ਚ ਅਖ਼ਤਿਆਰ ਕੀਤਾ ਗਿਆ ਹੈ।

ਕਲੱਬ ਨੂੰ ਬੰਦ ਕਰਨ ਦਾ ਮਨੋਰਥ ਪੱਤਰਕਾਰਾਂ ਨੂੰ ਸੰਸਥਾਗਤ ਹਮਾਇਤ ਅਤੇ ਸਰਪ੍ਰਸਤੀ ਤੋਂ ਵਿਰਵੇ ਕਰਨਾ ਹੈ। ਕੌਮਾਂਤਰੀ ਪੱਤਰਕਾਰਾਂ ਦੇ ਕਸ਼ਮੀਰ ਵਿਚ ਦਾਖ਼ਲ ਹੋਣ ਦੀ ਪਹਿਲਾਂ ਹੀ ਮਨਾਹੀ ਹੈ। ਇਹ ਸਿਰਫ਼ ਸਥਾਨਕ ਪੱਤਰਕਾਰ ਹਨ ਜਿਨ੍ਹਾਂ ਦੀਆਂ ਰਿਪੋਰਟਾਂ ਦੁਨੀਆ ਨੂੰ ਕਸ਼ਮੀਰ ਦੀ ਜ਼ਮੀਨੀ ਹਕੀਕਤ ਦੀ ਜਾਣਕਾਰੀ ਦਿੰਦੀਆਂ ਹਨ। ਆਨਲਾਈਨ ਅਖ਼ਬਾਰਾਂ ਅਤੇ ਸਥਾਨਕ ਪੱਤਰਕਾਰਾਂ ਨੂੰ ਦਬਾਉਣਾ ਦਿੱਲੀ ਹਕੂਮਤ ਜ਼ਰੂਰੀ ਸਮਝਦੀ ਹੈ ਤਾਂ ਜੁ ਕਸ਼ਮੀਰ ਦੇ ਸੰਤਾਪ ਦੀ ਕਹਾਣੀ ਦੁਨੀਆ ਨੂੰ ਪਤਾ ਨਾ ਲੱਗੇ।

ਜਮਹੂਰੀ ਮੁੱਲਾਂ ਨੂੰ ਬਚਾਉਣ ਲਈ ਇਸ ਫਾਸ਼ੀਵਾਦੀ ਹਮਲੇ ਵਿਰੁੱਧ ਡੱਟਣਾ ਜ਼ਰੂਰੀ ਹੈ। ਨਹੀਂ ਤਾਂ ਉਹ ਦਿਨ ਦੂਰ ਨਹੀਂ ਜਦੋਂ ਇਹ ਫਾਸ਼ੀਵਾਦੀ ਮੀਡੀਆ ਨੀਤੀ ਪੂਰੇ ਮੁਲਕ ਨੂੰ ਆਪਣੀ ਲਪੇਟ 'ਚ ਲੈ ਲਵੇਗੀ।






***ਨੌਜਵਾਨ ਪੱਤਰਕਾਰ ਫਾਹਦ ਸ਼ਾਹ ਅਤੇ (ਸੱਜੇ) ਪੱਤਰਕਾਰਾਂ ਦੀ ਫੜੋ-ਫੜਾਈ ਖਿਲਾਫ ਰੋਸ ਪ੍ਰਗਟ ਕਰ ਰਹੇ ਲੋਕ।***

## ਸਿਆਸੀ ਸੰਕਟ: ਖੇਤੀ ਬਾਰੇ ਚਰਚਾ ਹੀ ਗਾਇਬ !

*(ਪਿਛਲੇ ਸਫੇ ਦੀ ਬਾਕੀ)*

ਵਿਰੋਧ ਕਰਦੇ ਹਨ ਅਤੇ ਇਸ ਨੂੰ ਰੱਦ ਕਰਦੇ ਹਨ। ਸਿਆਸੀ ਪਾਰਟੀਆਂ ਵੀ ਅਜਿਹੇ ਬਦਲਾਅ ਦਾ ਸਮਰਥਨ ਨਹੀਂ ਕਰਦੀਆਂ ਕਿਉਂਕਿ ਉਹ ਵੀ ਵੱਡੇ ਕਾਰੋਬਾਰੀਆਂ ਦੇ ਹਿੱਤ ਲਈ ਕੰਮ ਕਰਦੀਆਂ ਹਨ। ਅਜਿਹੇ ਬਦਲਾਅ ਨੂੰ ਕਾਲਪਨਿਕ ਦਰਸਾ ਕੇ ਸੈਂਕੜੇ ਮੁਸ਼ਕਲਾਂ ਨੂੰ ਸੂਚੀਬੱਧ ਕੀਤਾ ਜਾਂਦਾ ਹੈ ਅਤੇ ਇਸ ਨੂੰ ਚੋਣ ਪ੍ਰਚਾਰ ਅਤੇ ਵਾਅਦਿਆਂ ਤੋਂ ਪਰੇ ਰੱਖਿਆ ਜਾਂਦਾ ਹੈ।

ਅਮੀਰ ਦੇਸ਼ ਜਿਵੇਂ ਕਿ ਅਮਰੀਕਾ ਅਤੇ ਯੂਰਪੀ ਯੂਨੀਅਨ ਮੰਨਦੇ ਹਨ ਕਿ ਖੇਤੀਬਾੜੀ ਬਾਜ਼ਾਰ ਅਸਫਲ ਹਨ ਅਤੇ ਖੇਤੀ ਨੂੰ ਲਾਹੇਵੰਦ ਬਣਾਉਣ ਲਈ ਵੱਡੇ ਸਰਕਾਰੀ ਦਖਲ ਦੀ ਲੋੜ ਹੈ ਅਤੇ ਇਸ ਕਰਕੇ ਹੀ ਉਨ੍ਹਾਂ ਦੇ ਕਿਸਾਨਾਂ ਨੂੰ ਵੱਡੀਆਂ ਸਬਸਿਡੀਆਂ ਮਿਲਦੀਆਂ ਹਨ। ਇਨ੍ਹਾਂ ਦੇਸ਼ਾਂ ਵਿਚ ਅਜਿਹਾ ਸੰਭਵ ਹੈ ਕਿਉਂਕਿ ਉਨ੍ਹਾਂ ਦਾ ਅਬਾਦੀ ਦਾ ਇੱਕ ਮਾਮੂਲੀ ਹਿੱਸਾ ਖੇਤੀ 'ਤੇ ਨਿਰਭਰ ਕਰਦਾ ਹੈ। ਭਾਰਤ ਵਿਚ ਤਕਰੀਬਨ ਅੱਧੀ ਅਬਾਦੀ ਖੇਤੀਬਾੜੀ 'ਤੇ ਨਿਰਭਰ ਹੈ। ਦੇਸ਼ ਵਿਚ ਸੰਚਾਲਨ ਦੇ ਪੈਮਾਨੇ, ਹੁਨਰ ਦੇ ਪੱਧਰ, ਪੂੰਜੀ ਤੱਕ ਪਹੁੰਚ ਅਤੇ ਮਾਰਕੀਟਿੰਗ ਆਦਿ ਦੇ ਪਰਿਪੇਖ ਤੋਂ ਸਮਾਜਿਕ-ਆਰਥਕ ਸਥਿਤੀਆਂ ਬਹੁਤ ਵੱਖਰੀਆਂ ਹਨ ਅਤੇ ਇਸ ਲਈ ਇਥੇ ਕਿਸਾਨਾਂ ਦੀਆਂ ਸਮੱਸਿਆਂ ਦਾ ਹੱਲ ਵੱਖਰਾ ਹੋਣਾ ਚਾਹੀਦਾ ਹੈ। ਇਸ ਲਈ ਮਸਲਾ ਇਹ ਵੀ ਹੈ ਕਿ ਖੇਤੀ ਵਿਚ 50 ਫੀਸਦੀ ਤੋਂ ਵੱਧ ਆਬਾਦੀ ਦੀ ਆਮਦਨੀ ਵਾਜਬ ਪੱਧਰ 'ਤੇ ਕਿਵੇਂ ਕਾਇਮ ਰੱਖੀ ਜਾਵੇ? ਜੇਕਰ ਖੇਤੀਬਾੜੀ 'ਤੇ ਨਿਰਭਰ ਲੋਕਾਂ ਦੀ ਗਿਣਤੀ ਨੂੰ ਘਟਾਉਣਾ ਹੈ ਤਾਂ ਕੀ ਅਰਥਵਿਵਸਥਾ ਉਨ੍ਹਾਂ ਲੋਕਾਂ ਨੂੰ ਲਾਭਕਾਰੀ ਕੰਮ ਪ੍ਰਦਾਨ ਕਰ ਸਕਦੀ ਹੈ ਜੋ ਵਿਸਥਾਪਿਤ ਹੋ ਸਕਦੇ ਹਨ?

ਇਸ ਦੌਰ ਵਿਚ ਖੇਤੀ ਵਿਕਾਸ ਬਾਰੇ ਸਿਆਸੀ ਪਾਰਟੀਆਂ ਵੱਲੋਂ ਕੀਤੇ ਜਾਣ ਵਾਲੇ ਵਾਅਦਿਆਂ ਅਤੇ ਦਾਅਵਿਆਂ ਦੀ ਨੀਤੀ ਅਧਾਰਿਤ ਪੜਚੋਲ ਕਰਕੇ ਹੀ ਵੋਟ ਦੇ ਅਧਿਕਾਰ ਦੀ ਵਰਤੋਂ ਕਰਨ ਦੀ ਲੋੜ ਹੈ। ਲੋਕਾਂ ਦੀ ਕਚਹਿਰੀ ਵਿਚ, ਲੋਕਾਂ ਪ੍ਰਤੀ ਜਵਾਬਦੇਹੀ ਦੇ ਆਧਾਰ 'ਤੇ ਲੋਕਾਂ ਦੀ ਅਸਲੀ ਸਰਕਾਰ ਦੀ ਚੋਣ ਵੱਲ ਪਹਿਲਕਦਮੀ ਹੀ ਬਦਲਾਅ ਦਾ ਇਕੋ-ਇੱਕ ਤਰੀਕਾ ਹੈ।

# ਆਦਿੱਤਿਆਨਾਥ ਦਾ ਦਹਿਸ਼ਤੀ ਰਾਜ-4

*ਸਿਆਸੀ ਮਾਮਲਿਆਂ ਦੇ ਉਘੇ ਪੱਤਰਕਾਰ ਧੀਰੇਂਦਰ ਕੇ. ਝਾਅ ਦੀ ਇਹ ਰਿਪੋਰਟ ਯੋਗੀ ਆਦਿੱਤਿਆਨਾਥ ਦੇ ਇਕ ਸਾਧਾਰਨ ਨੌਜਵਾਨ ਤੋਂ ਗੋਰਖਨਾਥ ਮੱਠ ਦਾ ਮਹੰਤ ਬਣਨ ਅਤੇ ਆਖਿਰਕਾਰ ਭਾਰਤ ਦੀ ਚੋਣ ਸਿਆਸਤ ਵਿਚ ਸਭ ਤੋਂ ਮਹੱਤਵਪੂਰਨ ਸਥਾਨ ਰੱਖਦੇ ਰਾਜ ਉਤਰ ਪ੍ਰਦੇਸ਼ ਦਾ ਮੁੱਖ ਮੰਤਰੀ ਬਣ ਕੇ ਹਿੰਦੂਤਵ ਦਾ ਮੁੱਖ ਚਿਹਰਾ ਬਣ ਕੇ ਉਭਰਨ ਦੇ ਸਿਆਸੀ ਸਫਰ ਉਪਰ ਝਾਤ ਪੁਆਉਂਦੀ ਹੈ। ਝਾਅ ਮਸ਼ਹੂਰ ਕਿਤਾਬ 'ਸ਼ੈਡੋ ਆਰਮੀਜ਼: ਫਰਿੰਜ ਆਰਗੇਨਾਈਜੇਸਨ ਐਂਡ ਫੁੱਟ ਸੋਲਜਰਜ਼ ਆਫ ਹਿੰਦੂਤਵ' ਦੇ ਲੇਖਕ ਅਤੇ 'ਅਯੁੱਧਿਆ: ਦਿ ਡਾਰਕ ਨਾਈਟ' ਦੇ ਸਹਿ-ਲੇਖਕ ਹਨ। ਉਨ੍ਹਾਂ ਦੀ ਤਾਜ਼ਾ ਕਿਤਾਬ 'ਅਸੈਟਿਕ ਗੇਮਜ਼: ਸਾਧੂ, ਅਖਾੜਾਜ਼ ਐਂਡ ਦਿ ਮੇਕਿੰਗ ਆਫ ਹਿੰਦੂ ਵੋਟ' ਹੈ ਜੋ ਅਪਰੈਲ 2019 ਵਿਚ ਛਪੀ ਸੀ। ਕਾਰਵਾਂ ਮੈਗਜ਼ੀਨ ਦੇ ਜਨਵਰੀ 2022 ਅੰਕ ਵਿਚ ਛਪੀ ਇਸ ਮਹੱਤਵਪੂਰਨ ਰਿਪੋਰਟ ਦਾ ਅਨੁਵਾਦ ਪੇਸ਼ ਹੈ ਜੋ ਸਾਡੇ ਕਾਲਮਨਵੀਸ ਬੂਟਾ ਸਿੰਘ ਨੇ ਕੀਤਾ ਹੈ। ਇਹ ਇਸ ਲੇਖ ਦੀ ਆਖਰੀ ਕਿਸ਼ਤ ਹੈ।*

**ਧੀਰੇਂਦਰ ਕੇ. ਝਾਅ**
**ਅਨੁਵਾਦ : ਬੂਟਾ ਸਿੰਘ**

2021 ਦੇ ਸ਼ੁਰੂ ਵਿਚ ਪਹਿਲਾਂ ਹੀ ਕਮਜ਼ੋਰ ਸਿਹਤ ਢਾਂਚੇ ਵਾਲਾ ਉਤਰ ਪ੍ਰਦੇਸ਼ ਕੋਵਿਡ-19 ਦੀ ਦੂਜੀ ਲਹਿਰ ਨਾਲ ਨਜਿੱਠਣ ਲਈ ਤਿਆਰ ਨਹੀਂ ਸੀ। ਰਾਜ ਭਰ ਵਿਚ ਇੰਟੈਂਸਿਵ ਕੇਅਰ ਯੂਨਿਟਾਂ 'ਚ ਆਕਸੀਜਨ, ਵੈਂਟੀਲੇਟਰਾਂ ਅਤੇ ਬੈੱਡਾਂ ਦੀ ਭਾਰੀ ਘਾਟ ਸੀ ਪਰ ਰਾਜ ਨੂੰ ਮਹਾਮਾਰੀ ਦੀ ਦੂਜੀ ਲਹਿਰ ਲਈ ਤਿਆਰ ਕਰਨ ਦੀ ਬਜਾਇ ਜੋ ਸ਼ੁਰੂ ਹੋਣ ਵਾਲੀ ਸੀ, ਮੁੱਖ ਮੰਤਰੀ ਆਦਿੱਤਿਆਨਾਥ ਦਾ ਧਿਆਨ ਮੁੱਖ ਤੌਰ 'ਤੇ ਅਪਰੈਲ 'ਚ ਹੋਣ ਵਾਲੀਆਂ ਪੰਚਾਇਤ ਚੋਣਾਂ 'ਤੇ ਸੀ। ਆਮ ਤੌਰ 'ਤੇ ਪੰਚਾਇਤੀ ਚੋਣਾਂ ਸਿਆਸੀ ਪਾਰਟੀਆਂ ਦੀਆਂ ਤਰਜੀਹਾਂ ਦੀ ਸੂਚੀ ਵਿਚ ਜ਼ਿਆਦਾ ਨਹੀਂ ਹੁੰਦੀਆਂ ਪਰ ਇਨ੍ਹਾਂ ਨੇ ਜੋ ਸੰਦੇਸ਼ ਬਣਨਾ ਸੀ, ਉਸ ਦਾ ਇੰਤਜ਼ਾਮ ਕਰਨਾ ਜ਼ਰੂਰੀ ਸਮਝਿਆ ਗਿਆ ਕਿਉਂਕਿ ਇਹ 2022 ਦੀਆਂ ਵਿਧਾਨ ਸਭਾ ਚੋਣਾਂ ਤੋਂ ਇਕ ਸਾਲ ਤੋਂ ਵੀ ਘੱਟ ਸਮਾਂ ਪਹਿਲਾਂ ਹੋ ਰਹੀਆਂ ਸਨ - ਇਹ ਤੱਥ ਆਦਿੱਤਿਆਨਾਥ ਦੇ ਪੰਚਾਇਤੀ ਚੋਣਾਂ ਦੇ ਨਤੀਜਿਆਂ ਨੂੰ ਭਾਜਪਾ ਦੇ ਪੱਖ 'ਚ ਕਰਨ ਦੀਆਂ ਕੋਸ਼ਿਸ਼ਾਂ ਤੋਂ ਸਪਸ਼ਟ ਹੈ।

ਇਸੇ ਕਾਰਨ ਵਿਰੋਧੀ ਪਾਰਟੀਆਂ ਵੀ ਜ਼ੋਰ ਲਗਾ ਕੇ ਚੋਣਾਂ 'ਚ ਕੁੱਦੀਆਂ। ਚੋਣ ਪ੍ਰਚਾਰ ਦੌਰਾਨ ਸਮਾਜਿਕ ਦੂਰੀ ਦਾ ਬਹੁਤ ਘੱਟ ਧਿਆਨ ਰੱਖਿਆ ਗਿਆ। ਉਤਰ ਪ੍ਰਦੇਸ਼ 'ਚ ਅਪਰੈਲ ਦੇ ਦੂਜੇ ਹਫਤੇ 'ਚ ਕਰੋਨਾ ਵਾਇਰਸ ਦੇ ਮਾਮਲੇ ਆਪਣੇ ਸਿਖਰ 'ਤੇ ਪਹੁੰਚ ਗਏ ਸਨ, ਉਦੋਂ ਮੁਹਿੰਮ ਪੂਰੇ ਜ਼ੋਰਾਂ 'ਤੇ ਸੀ ਅਤੇ ਮਹੀਨੇ ਦੇ ਅੰਤ ਤੱਕ ਸੂਬੇ 'ਚ ਹਾਹਾਕਾਰ ਮਚ ਗਈ ਸੀ।

ਹਜ਼ਾਰਾਂ ਸਕੂਲ ਅਧਿਆਪਕ ਅਤੇ ਹੋਰ ਸਰਕਾਰੀ ਕਰਮਚਾਰੀ ਜਿਨ੍ਹਾਂ ਨੂੰ ਚੋਣ ਡਿਊਟੀ 'ਤੇ ਭੇਜਿਆ ਗਿਆ ਸੀ, ਕਰੋਨਾ ਦੀ ਲਾਗ ਦੀ ਲਪੇਟ 'ਚ ਆ ਗਏ, ਅਤੇ ਉਨ੍ਹਾਂ 'ਚੋਂ ਵਾਹਵਾ ਗਿਣਤੀ ਦੀ ਮੌਤ ਹੋ ਗਈ। ਆਦਿੱਤਿਆਨਾਥ ਦੀ ਸਰਕਾਰ ਲੰਮੇ ਸਮੇਂ ਤੱਕ ਇਸ ਤੋਂ ਮੁੱਕਰਦੀ ਰਹੀ। ਕਰਮਚਾਰੀ ਅਤੇ ਅਧਿਆਪਕ ਯੂਨੀਅਨਾਂ ਨੇ ਧਮਕੀ ਦਿੱਤੀ ਕਿ ਜੇ ਪੀੜਤ ਪਰਿਵਾਰਾਂ ਨੂੰ ਮੁਆਵਜ਼ੇ ਦੀ ਮੰਗ ਨਾ ਮੰਨੀ ਗਈ ਤਾਂ ਉਹ ਹੜਤਾਲ ਕਰ ਦੇਣਗੇ।

ਦੂਜੀ ਲਹਿਰ ਨਾਲ ਆਦਿੱਤਿਆਨਾਥ ਵੱਲੋਂ ਨਜਿੱਠਣ ਦੀ ਪ੍ਰਕਿਰਿਆ ਨੇ ਸਿਰਫ ਅਸਲੀ ਹਾਲਤ ਉਪਰ ਉਸ ਦੀ ਢਿੱਲੀ ਪਕੜ ਦੀ ਹੀ ਨਹੀਂ ਸਗੋਂ ਇਸ ਪ੍ਰਤੀ ਉਸ ਦੀ ਸਰਕਾਰ ਦੀ ਦੁਸ਼ਮਣੀ ਦੀ ਵੀ ਮਿਸਾਲ ਪੇਸ਼ ਕੀਤੀ। ਜਦੋਂ ਮਰੀਜਾਂ ਅਤੇ ਹਸਪਤਾਲਾਂ 'ਚ ਆਕਸੀਜਨ ਸਿਲੰਡਰਾਂ ਲਈ ਤਰਲੇ ਲੈ ਰਹੇ ਹੋਣ ਦੀਆਂ ਰਿਪੋਰਟਾਂ ਆਉਣੀਆਂ ਸ਼ੁਰੂ ਹੋ ਗਈਆਂ ਤਾਂ ਉਸ ਦੇ ਦਫਤਰ ਨੇ ਟਵੀਟ ਕੀਤਾ ਕਿ ਰਾਜ ਵਿਚ ਬੈਡਾਂ, ਆਕਸੀਜ਼ਨ ਜਾਂ ਵੈਂਟੀਲੇਟਰਾਂ ਦੀ ਕੋਈ ਘਾਟ ਨਹੀਂ ਹੈ। ਉਸ ਨੇ ਆਪਣੇ ਅਧਿਕਾਰੀਆਂ ਨੂੰ ਸੋਸ਼ਲ ਮੀਡੀਆ 'ਤੇ 'ਅਫਵਾਹਾਂ' ਫੈਲਾਉਣ ਅਤੇ ਪ੍ਰਚਾਰ ਕਰਨ ਅਤੇ 'ਮਾਹੌਲ ਖਰਾਬ ਕਰਨ' ਦੀ ਕੋਸ਼ਿਸ਼ ਕਰਨ ਵਾਲਿਆਂ ਵਿਰੁੱਧ ਰਾਸ਼ਟਰੀ ਸੁਰੱਖਿਆ ਐਕਟ ਦੇ ਤਹਿਤ ਕਾਰਵਾਈ ਕਰਨ ਅਤੇ ਉਨ੍ਹਾਂ ਦੀ ਜਾਇਦਾਦ ਨੂੰ ਜ਼ਬਤ ਕਰਨ ਲਈ ਕਿਹਾ।

ਉਸ ਦੀਆਂ ਧਮਕੀਆਂ ਅਤੇ ਇਨਕਾਰ ਕੰਮ ਨਹੀਂ ਆਏ। ਜਦੋਂ ਗੰਗਾ 'ਚ ਸੁੱਟੀਆਂ ਗਈਆਂ ਲਾਸ਼ਾਂ ਤੈਰਨੀਆਂ ਸ਼ੁਰੂ ਹੋ ਗਈਆਂ ਉਹ ਸਗੋਂ ਬੇਰਹਿਮ ਮਜ਼ਾਕ ਵਾਂਗ ਜਾਪਦੇ ਸਨ। ਆਦਿੱਤਿਆਨਾਥ ਦਾ ਵਿਹਾਰ ਰਾਜਨੀਤਕ ਚਾਲ-ਚਲਨ ਦੀਆਂ ਕੁਲ ਸੱਭਿਅਕ ਧਾਰਨਾਵਾਂ ਦੇ ਉਲਟ ਸੀ ਅਤੇ ਉਤਰ ਪ੍ਰਦੇਸ਼ 'ਚ ਜੋ ਕੁਝ ਹੋ ਰਿਹਾ ਸੀ ਉਸ ਦੀ ਭਿਆਨਕ ਤਸਵੀਰ ਪੇਸ਼ ਕਰਦਾ ਹੈ।

'ਦੈਨਿਕ ਭਾਸਕਰ' ਦੇ ਸੰਪਾਦਕ ਓਮ ਗੌੜ ਨੇ 'ਨਿਊਯਾਰਕ ਟਾਈਮਜ਼' ਲਈ ਲਿਖੇ ਲੇਖ 'ਚ ਲਿਖਿਆ, "ਖਾਸ ਰੁੱਤ ਨੂੰ ਛੱਡ ਕੇ ਅਸੀਂ ਇਸ ਤ੍ਰਾਸਦੀ ਬਾਰੇ ਕਦੇ ਨਹੀਂ ਸੁਣਿਆ ਹੋਵੇਗਾ। ਮਈ ਦੇ ਸ਼ੁਰੂ 'ਚ ਬਾਰਿਸ਼ ਨਾਲ ਗੰਗਾ ਦਾ ਪਾਣੀ ਕੰਢਿਆਂ ਤੱਕ ਆ ਗਿਆ, ਲਾਸ਼ਾਂ ਨਿਕਲ ਕੇ ਨਦੀ ਦੇ ਤਲ ਅਤੇ ਇਸ ਦੇ ਕੰਢਿਆਂ 'ਤੇ ਆ ਗਈਆਂ। ਬਾਰਿਸ਼ਾਂ ਨੇ ਕੰਢਿਆਂ ਤੋਂ ਗੰਦਗੀ ਸਾਫ ਕਰ ਦਿੱਤੀ ਅਤੇ ਦੱਬੀਆਂ ਹੋਈਆਂ ਲਾਸ਼ਾਂ ਬਾਹਰ ਆ ਗਈਆਂ। ਬਾਰਿਸ਼ਾਂ ਨੇ ਪੇਂਡੂ ਸਿਹਤ ਸੰਭਾਲ ਨੂੰ ਮਜ਼ਬੂਤ ਕਰਨ ਜਾਂ ਲੋੜੀਂਦੀ ਟੀਕਿਆਂ ਦੀ ਸਪਲਾਈ ਯਕੀਨੀ ਬਣਾਉਣ ਜਾਂ ਇਸ ਦੀਆਂ ਕਮੀਆਂ ਦੀ ਜ਼ਿੰਮੇਵਾਰੀ ਲੈਣ 'ਚ ਸਰਕਾਰ ਦੀ ਭਿਆਨਕ ਅਸਫਲਤਾ ਵੀ ਉਜਾਗਰ ਕਰ ਦਿੱਤੀ।"



*ਕੋਵਿਡ-19 ਤਬਾਹੀ ਦੌਰਾਨ ਗੰਗਾ ਕਿਨਾਰੇ ਦਫਨਾਈਆਂ ਲਾਸ਼ਾਂ ਦੀ ਝਲਕ।*

8 ਨਵੰਬਰ ਨੂੰ ਰਾਮਪੁਰ 'ਚ ਜਨਤਕ ਰੈਲੀ ਨੂੰ ਸੰਬੋਧਨ ਕਰਦੇ ਹੋਏ ਆਦਿੱਤਿਆਨਾਥ ਨੇ ਆਪਣੀ ਸਰਕਾਰ ਵੱਲੋਂ ਕੋਵਿਡ-19 ਸੰਕਟ ਨਾਲ ਨਜਿੱਠਣ ਲਈ ਆਪਣੇ ਆਪ ਨੂੰ ਵਧਾਈ ਦਿੱਤੀ, ਇਸ ਨੂੰ 'ਸੰਸਾਰ ਵਿਚ ਬਿਹਤਰੀਨ' ਕਿਹਾ।

ਆਦਿੱਤਿਆਨਾਥ ਨੇ ਜਿਸ ਤਰੀਕੇ ਨਾਲ ਸ਼ਾਸਨ ਚਲਾਉਣ ਦੀ ਕੋਸ਼ਿਸ਼ ਕੀਤੀ ਹੈ ਉਸ ਨੂੰ ਦੇਖਦੇ ਹੋਏ ਸਿਰਫ ਇਹੀ ਕਿਹਾ ਜਾ ਸਕਦਾ ਹੈ ਕਿ ਮੂਲ ਰੂਪ 'ਚ ਉਹ ਤਬਦੀਲੀ ਨਹੀਂ ਚਾਹੁੰਦਾ; ਉਹ ਸਿਰਫ ਸੱਤਾ ਚਾਹੁੰਦਾ ਹੈ। ਜਿਵੇਂ ਹਿੰਦੂ ਯੁਵਾ ਵਾਹਿਨੀ ਨੇ ਉਸ ਦੇ ਰਾਜ ਦੀ ਸੱਤਾ ਹਥਿਆਉਣ ਲਈ ਇਕ ਸੰਦ ਵਜੋਂ ਕੰਮ ਕੀਤਾ, ਉਸੇ ਤਰ੍ਹਾਂ ਪੁਲਿਸ ਫੋਰਸ ਹੁਣ ਉਤਰ ਪ੍ਰਦੇਸ਼ ਉਪਰ ਉਸ ਲਈ ਆਪਣੀ ਸਰਦਾਰੀ ਥੋਪਣ ਦੇ ਸੰਦ ਵਜੋਂ ਕੰਮ ਕਰ ਰਹੀ ਹੈ।

ਆਦਿੱਤਿਆਨਾਥ ਸਰਕਾਰ ਰਾਜ ਦੀ ਬਹੁਗਿਣਤੀ ਆਬਾਦੀ ਦੇ ਪਦਾਰਥਕ ਹਾਲਾਤ 'ਚ ਕੋਈ ਠੋਸ ਸੁਧਾਰ ਲਿਆਉਣ 'ਚ ਅਸਫਲ ਰਹੀ ਹੈ। ਉਤਰ ਪ੍ਰਦੇਸ਼, ਬਿਹਾਰ ਅਤੇ ਝਾਰਖੰਡ ਸਿਹਤ, ਸਿੱਖਿਆ ਅਤੇ ਜੀਵਨ ਪੱਧਰ 'ਤੇ ਨੀਤੀ ਆਯੋਗ ਦੇ ਨਵੇਂ ਸੂਚਕ ਅੰਕ ਵਿਚ ਬਹੁ-ਪਾਸਾਰੀ ਤੌਰ 'ਤੇ ਗ਼ਰੀਬ ਲੋਕਾਂ ਦੇ ਸਭ ਤੋਂ ਵੱਧ ਅਨੁਪਾਤ ਵਾਲੇ ਰਾਜ ਹਨ। ਆਦਿੱਤਿਆਨਾਥ ਦੇ ਰਾਜ ਦੇ ਸਾਲਾਂ ਵਿਚ 2017 ਅਤੇ 2021 ਦਰਮਿਆਨ ਰਾਜ ਦੀ ਜੀ.ਡੀ.ਪੀ. (ਕੁਲ ਘਰੇਲੂ ਪੈਦਾਵਾਰ) ਵਿਚ ਸਿਰਫ 1.95 ਫੀ ਸਦੀ ਦਾ ਮਿਸ਼ਰਤ ਸਾਲਾਨਾ ਵਾਧਾ ਦੇਖਿਆ ਗਿਆ ਹੈ। ਇਸਦੇ ਮੁਕਾਬਲੇ, 2012 ਅਤੇ 2017 ਦਰਮਿਆਨ ਮਿਸ਼ਰਿਤ ਸਾਲਾਨਾ ਆਰਥਕ ਵਾਧਾ ਦਰ ਲਗਭਗ ਸੱਤ ਫੀ ਸਦੀ ਸੀ।

ਆਦਿੱਤਿਆਨਾਥ ਨਾ ਤਾਂ ਐਸਾ ਪਹਿਲਾ ਅਤੇ ਨਾ ਹੀ ਆਖਰੀ ਮੁੱਖ ਮੰਤਰੀ ਹੈ ਜਿਨ੍ਹਾਂ ਦੀ ਆਰਥਕ ਧਾਰਨਾਵਾਂ ਅਤੇ ਸਰਕਾਰ ਦੇ ਕੰਮਕਾਜ ਉਪਰ ਮਜ਼ਬੂਤ ਪਕੜ ਨਹੀਂ ਹੈ। ਆਮ ਤੌਰ 'ਤੇ ਅਜਿਹੇ ਹਾਲਾਤ 'ਚ ਆਗੂ ਸਲਾਹਕਾਰਾਂ ਦੀ ਮੱਦਦ ਨਾਲ ਆਪਣੀਆਂ ਰੁਕਾਵਟਾਂ 'ਤੇ ਕਾਬੂ ਪਾਉਂਦੇ ਹਨ। ਪਰ ਆਦਿੱਤਿਆਨਾਥ ਆਪਣੀ ਅਜੀਬ ਸਵੈ-ਮਗਨਤਾ ਕਾਰਨ ਆਪਣੇ ਸਲਾਹਕਾਰਾਂ, ਨੌਕਰਸ਼ਾਹਾਂ ਅਤੇ ਇੱਥੋਂ ਤੱਕ ਕਿ ਆਪਣੇ ਮੰਤਰੀ ਸਹਿਕਰਮੀਆਂ ਨਾਲ ਨਜ਼ਦੀਕੀ ਕੰਮਕਾਜੀ ਸੰਬੰਧਾਂ ਦੇ ਅਯੋਗ ਹੈ।

ਉਤਰ ਪ੍ਰਦੇਸ਼ ਸਰਕਾਰ ਦੇ ਇਕ ਸੀਨੀਅਰ ਮੰਤਰੀ ਨੇ ਮੈਨੂੰ ਦੱਸਿਆ, "ਉਹ ਜ਼ਿਆਦਾਤਰ ਮੰਤਰੀਆਂ ਅਤੇ ਪਾਰਟੀ ਵਿਧਾਇਕਾਂ 'ਤੇ ਭਰੋਸਾ ਨਹੀਂ ਕਰਦੇ। ਸ਼ਾਇਦ ਉਨ੍ਹਾਂ ਨੇ ਕਦੇ ਵੀ ਆਪਣੇ ਆਪ ਨੂੰ ਟੀਮ ਦਾ ਹਿੱਸਾ ਨਹੀਂ ਸਮਝਿਆ।" ਮੰਤਰੀ ਨੇ ਕਿਹਾ, ਭਾਵੇਂ ਆਦਿੱਤਿਆਨਾਥ ਨੇ ਆਪਣੀਆਂ ਸਾਰੀਆਂ ਚੋਣਾਂ ਭਾਜਪਾ ਦੀ ਟਿਕਟ 'ਤੇ ਜਿੱਤੀਆਂ, ਉਸ ਨੇ ਕਦੇ ਵੀ ਪਾਰਟੀ ਨੂੰ ਆਪਣਾ ਘਰ ਨਹੀਂ ਸਮਝਿਆ। "ਜਦੋਂ ਤੱਕ ਉਹ ਮੁੱਖ ਮੰਤਰੀ ਨਹੀਂ ਬਣਿਆ ਉਹ ਹਮੇਸ਼ਾ ਇਹੀ ਸਮਝਦਾ ਸੀ ਕਿ ਪੂਰਵਾਂਚਲ ਲਈ ਸਾਰੇ ਫੈਸਲੇ ਉਸ ਨੂੰ ਇਕੱਲੇ ਨੂੰ ਲੈਣੇ ਚਾਹੀਦੇ ਹਨ ਅਤੇ ਪਾਰਟੀ ਨੂੰ ਖੇਤਰ 'ਚ ਉਨ੍ਹਾਂ ਦੀ ਪਾਲਣਾ ਕਰਨੀ ਚਾਹੀਦੀ ਹੈ। ਆਪਣੀ ਹਿੰਦੂ ਯੁਵਾ ਵਾਹਿਨੀ ਦੀ ਮਦਦ ਨਾਲ ਉਸ ਨੇ ਨਾ ਸਿਰਫ ਸਪਾ (ਸਮਾਜਵਾਦੀ ਪਾਰਟੀ) ਅਤੇ ਬਸਪਾ (ਬਹੁਜਨ ਸਮਾਜ ਪਾਰਟੀ) ਤੋਂ ਸਗੋਂ ਭਾਜਪਾ ਨੇਤਾਵਾਂ ਤੋਂ ਵੀ ਆਪਣੇ ਗੜ੍ਹ ਨੂੰ ਜ਼ੋਰਦਾਰ ਤਰੀਕੇ ਨਾਲ ਬਚਾਇਆ। ਇਸੇ ਕਰਕੇ ਭਾਜਪਾ ਸਰਕਾਰ ਦਾ ਮੁਖੀ ਹੋਣ ਦੇ ਬਾਵਜੂਦ ਉਹ ਪਾਰਟੀ ਦੇ ਵਿਧਾਇਕਾਂ ਅਤੇ ਮੰਤਰੀਆਂ 'ਚ ਪੂਰਾ ਭਰੋਸਾ ਨਹੀਂ ਬਣਾ ਸਕਿਆ ਅਤੇ ਆਮ ਤੌਰ 'ਤੇ ਉਹ ਉਨ੍ਹਾਂ ਵਿਚੋਂ ਬਹੁਤਿਆਂ ਬਾਰੇ ਸ਼ੱਕੀ ਹੈ।"

ਮੰਤਰੀ ਮੁਤਾਬਕ ਆਦਿੱਤਿਆਨਾਥ ਨੂੰ ਆਪਣੀ ਸਰਕਾਰ ਦੇ ਜ਼ਿਆਦਾਤਰ ਨੌਕਰਸ਼ਾਹਾਂ 'ਤੇ ਵੀ ਭਰੋਸਾ ਨਹੀਂ ਹੈ। ਉਸ ਨੇ ਕਿਹਾ, "ਉਸ ਦਾ ਭੈੜਾ ਸੁਭਾਅ ਅਤੇ ਵਾਰ-ਵਾਰ ਅਪਮਾਨਜਨਕ ਭਾਸ਼ਾ ਵਰਤਣ ਦੀ ਉਸ ਦੀ ਆਦਤ ਨੇਕ ਸਿਵਲ ਅਮਲੇ ਅਤੇ ਸਲਾਹਕਾਰਾਂ ਨੂੰ ਡਰਾਉਂਦੀ ਹੈ। ਉਹ ਆਪਣੇ ਮਨ ਦੀ ਗੱਲ ਕਹਿਣ ਦੀ ਬਜਾਏ ਚੁੱਪ ਰਹਿਣਾ ਪਸੰਦ ਕਰਦੇ ਹਨ ਕਿਉਂਕਿ ਉਨ੍ਹਾਂ ਨੂੰ ਕਦੇ ਵੀ ਯਕੀਨ ਨਹੀਂ ਹੁੰਦਾ ਕਿ ਜੇ ਉਹ ਆਪਣਾ ਮੂੰਹ ਖੋਲ੍ਹਣਗੇ ਤਾਂ ਉਨ੍ਹਾਂ ਨੂੰ ਦਬਾਇਆ ਨਹੀਂ ਜਾਵੇਗਾ।" ਆਪਣੇ ਤਜ਼ਰਬੇ ਦੇ ਆਧਾਰ 'ਤੇ ਮੰਤਰੀ ਨੇ ਅੱਗੇ ਕਿਹਾ, "ਮੈਂ ਤੁਹਾਨੂੰ ਦੱਸ ਸਕਦਾ ਹਾਂ ਕਿ ਨੌਕਰਸ਼ਾਹ ਇਸ ਤਰ੍ਹਾਂ ਆਪਣਾ ਬਚਾਓ ਕਰਦੇ ਹਨ - ਜੇ ਕਰ ਉਨ੍ਹਾਂ ਨੂੰ ਪਤਾ ਲੱਗਦਾ ਹੈ ਕਿ ਬੌਸ ਚਿੜਚਿੜਾ ਅਤੇ ਉਸ ਦਾ ਮਿਜ਼ਾਜ ਸਮਝੋਂ ਬਾਹਰ ਹੈ, ਤਾਂ ਉਹ ਚੁੱਪ ਕਰ ਜਾਂਦੇ ਹਨ। ਅਜਿਹੀ ਸਥਿਤੀ ਅਕਸਰ ਯੋਗੀ ਜੀ ਨੂੰ ਸੰਕਟ ਨਾਲ ਨਜਿੱਠਣ ਲਈ ਇਕੱਲਾ ਜਾਂ ਕੁਝ ਪੁਲਿਸ ਅਫਸਰਾਂ ਸਮੇਤ ਮੁੱਠੀ ਭਰ ਚਾਪਲੂਸਾਂ ਨਾਲ ਸਲਾਹ-ਮਸ਼ਵਰਾ ਕਰਨ ਲਈ ਛੱਡ ਦਿੰਦੀ ਹੈ।"

2021 ਦੀਆਂ ਗਰਮੀਆਂ 'ਚ ਕਿਆਸ ਅਰਾਈਆਂ ਤੇਜ਼ ਹੋ ਗਈਆਂ ਕਿ ਮੋਦੀ ਆਦਿੱਤਿਆਨਾਥ ਨੂੰ ਹਟਾਉਣ, ਜਾਂ ਘੱਟੋ-ਘੱਟ ਉਸਦੇ ਖੰਭ ਕੁਤਰਨ ਦੀ ਕੋਸ਼ਿਸ਼ ਕਰ ਰਿਹਾ ਸੀ। ਜੂਨ ਵਿਚ ਕਿਆਸ ਅਰਾਈਆਂ ਤੇਜ਼ ਹੋ ਗਈਆਂ, ਜਦੋਂ ਭਾਜਪਾ ਅਤੇ ਆਰ.ਐਸ.ਐਸ. ਦੇ ਕਈ ਪ੍ਰਮੁੱਖ ਆਗੂਆਂ ਨੇ ਲਖਨਊ ਦਾ ਦੌਰਾ ਕੀਤਾ ਅਤੇ ਆਦਿੱਤਿਆਨਾਥ ਅਤੇ ਮਹੱਤਵਪੂਰਨ ਮੰਤਰੀਆਂ ਨਾਲ ਮੀਟਿੰਗਾਂ ਕੀਤੀਆਂ। ਹਾਲਾਂਕਿ ਪਾਰਟੀ ਨੇ ਇਨ੍ਹਾਂ ਮੀਟਿੰਗਾਂ ਨੂੰ ਵਿਧਾਨ ਸਭਾ ਚੋਣਾਂ ਲਈ 'ਰੁਟੀਨ ਕਵਾਇਦ' ਦੱਸਿਆ ਪਰ ਇਹ ਸਪੱਸ਼ਟ ਸੀ ਕਿ ਆਦਿੱਤਿਆਨਾਥ ਦੀ ਭਾਜਪਾ ਹਾਈ ਕਮਾਨ ਨਾਲ ਸਮੀਕਰਨ ਵਿਚ ਸਭ ਕੁਝ ਠੀਕ ਨਹੀਂ ਸੀ।

ਅਫਵਾਹਾਂ ਦਾ ਕੁਝ ਆਧਾਰ ਤਾਂ ਸੀ, ਇਸ ਦੀ ਤਸਦੀਕ ਮਹੀਨਿਆਂ ਬਾਅਦ ਆਰ.ਐਸ.ਐਸ. ਦੇ ਇਕ ਸੀਨੀਅਰ ਮੈਂਬਰ ਨੇ ਕੀਤੀ। ਆਰ.ਐਸ.ਐਸ. ਮੈਂਬਰ ਨੇ ਮੈਨੂੰ ਦੱਸਿਆ, "ਜੂਨ ਵਿਚ, ਉਸ ਦੀ ਅਥਾਰਟੀ ਨੂੰ ਘਟਾਉਣ ਲਈ ਕੁਝ ਗੰਭੀਰ ਕੋਸ਼ਿਸ਼ਾਂ ਕੀਤੀਆਂ ਗਈਆਂ ਸਨ। ਉਦੇਸ਼ ਉਸ ਨੂੰ ਅਹੁਦੇ ਤੋਂ ਹਟਾਉਣਾ ਨਹੀਂ ਸੀ, ਸਗੋਂ ਉਸ ਨੂੰ ਕੁਝ ਨਿਸ਼ਾਨਦੇਹੀ ਕੀਤੇ ਸਹਿਕਰਮੀਆਂ ਨਾਲ ਆਪਣੀਆਂ ਕੁਝ ਸ਼ਕਤੀਆਂ ਸਾਂਝੀਆਂ ਕਰਨਾ ਸੀ। ਪਰ ਉਹ ਕੋਸ਼ਿਸ਼ਾਂ ਤੁਰੰਤ ਰੋਕ ਦਿੱਤੀਆਂ ਗਈਆਂ ਜਦੋਂ ਇਹ ਮਹਿਸੂਸ ਹੋਇਆ ਕਿ ਯੋਗੀ ਜੀ ਕੰਮਕਾਜ ਨੂੰ ਆਪਣੇ ਹੱਥੋਂ ਖਿਸਕਣ ਨਾ ਦੇਣ ਲਈ ਬਹੁਤ ਦ੍ਰਿੜ ਸਨ।"

ਇਕ ਹੋਰ ਅਫਵਾਹ ਵੀ ਸੀ ਕਿ ਬੀ.ਜੇ.ਪੀ. ਦੇ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਜਿੱਤਣ ਦੀ ਸੂਰਤ 'ਚ ਆਦਿੱਤਿਆਨਾਥ ਨੂੰ ਦੂਜਾ ਮੌਕਾ ਨਹੀਂ ਦਿੱਤਾ ਜਾਵੇਗਾ। ਆਰ.ਐਸ.ਐਸ. ਆਗੂ ਨੇ ਕਿਹਾ, "ਅਫਵਾਹਾਂ ਨੇ ਵਿਧਾਨ ਸਭਾ ਚੋਣਾਂ ਤੋਂ ਬਾਅਦ ਆਦਿੱਤਿਆਨਾਥ ਦੀ ਕਿਸਮਤ ਨੂੰ ਲੈ ਕੇ ਸਾਡੇ ਹਮਾਇਤੀਆਂ ਦੇ ਮਨਾਂ 'ਚ ਬੇਯਕੀਨੀ ਪੈਦਾ ਕਰਨ ਦੀ ਕੋਸ਼ਿਸ਼ ਕੀਤੀ। ਇਸ ਨਾਲ ਬੀ.ਜੇ.ਪੀ. ਦੀਆਂ ਸੰਭਾਵਨਾਵਾਂ ਨੂੰ ਨੁਕਸਾਨ ਹੋਣ ਦਾ ਖਤਰਾ ਪੈਦਾ ਹੋ ਗਿਆ ਅਤੇ ਇਹ ਜ਼ਰੂਰੀ ਸੀ ਕਿ ਪਾਰਟੀ ਦੇ ਚੋਟੀ ਦੇ ਆਗੂ ਸ਼ੱਕ ਦੂਰ ਕਰਨ।"

ਅਕਤੂਬਰ 2021 'ਚ ਅਮਿਤ ਸ਼ਾਹ ਨੇ ਲਖਨਊ ਵਿਚ ਇਕ ਇਕੱਠ ਨੂੰ ਕਿਹਾ, "ਜੇਕਰ ਤੁਸੀਂ 2024 'ਚ ਮੋਦੀ ਜੀ ਨੂੰ ਦੁਬਾਰਾ ਪੀਐਮ ਬਣਾਉਣਾ ਚਾਹੁੰਦੇ ਹੋ, ਤਾਂ 2022 'ਚ ਤੁਹਾਨੂੰ ਇਕ ਵਾਰ ਫਿਰ ਯੋਗੀ ਜੀ ਨੂੰ ਸੀ.ਐਮ. ਬਣਾਉਣਾ ਹੋਵੇਗਾ। ਤਾਂ ਹੀ ਮੁਲਕ ਦਾ ਵਿਕਾਸ ਅੱਗੇ ਵਧ ਸਕਦਾ ਹੈ। ਯੂ.ਪੀ. ਦੇ ਵਿਕਾਸ ਤੋਂ ਬਿਨਾਂ ਮੁਲਕ ਦਾ ਵਿਕਾਸ ਨਹੀਂ ਹੋ ਸਕਦਾ।"

ਏਕਤਾ ਦੇ ਸੰਦੇਸ਼ ਨੂੰ ਮਜ਼ਬੂਤੀ ਦੇਣ ਲਈ ਆਦਿੱਤਿਆਨਾਥ ਨੇ 21 ਨਵੰਬਰ ਨੂੰ ਆਪਣੀਆਂ ਅਤੇ ਮੋਦੀ ਦੀਆਂ ਚਹਿਲ-ਕਦਮੀ ਕਰਦਿਆਂ ਦੀਆਂ ਦੋ ਤਸਵੀਰਾਂ ਟਵੀਟ ਕੀਤੀਆਂ। ਮੋਦੀ ਨੂੰ ਆਦਿੱਤਿਆਨਾਥ ਦੇ ਮੋਢੇ 'ਤੇ ਹੱਥ ਰੱਖ ਕੇ ਗੱਲ ਕਰਦੇ ਦਿਖਾਇਆ ਗਿਆ ਸੀ। ਆਦਿੱਤਿਆਨਾਥ ਨੇ ਇਕ ਨਿੱਕੀ ਨਜ਼ਮ ਵੀ ਪੋਸਟ ਕੀਤੀ: "ਹਮ ਨਿਕਲ ਪੜੇ ਹੈਂ ਪ੍ਰਣ ਕਰਕੇ, ਅਪਨਾ ਤਨ-ਮਨ ਅਰਪਣ ਕਰਕੇ, ਜ਼ਿਦ ਹੈ ਏਕ ਸੂਰੀਆ ਉਗਾਨਾ ਹੈ, ਅੰਬਰ ਸੇ ਊਂਚਾ ਜਾਨਾ ਹੈ, ਏਕ ਭਾਰਤ ਨਯਾ ਬਨਾਨਾ ਹੈ।"

ਇਹ ਉਪਾਅ ਬੀ.ਜੇ.ਪੀ. ਅਤੇ ਆਦਿੱਤਿਆਨਾਥ ਦੋਵਾਂ ਲਈ ਅਹਿਮ ਸਨ ਪਰ ਇਨ੍ਹਾਂ ਤੋਂ ਇਹ ਵੀ ਪਤਾ ਲੱਗਦਾ ਹੈ ਕਿ ਆਦਿੱਤਿਆਨਾਥ ਨੇ ਬਿਨਾਂ ਕਿਸੇ ਮੁਸ਼ਕਿਲ ਦੇ ਪਹਿਲੀ ਵੱਡੀ ਚੁਣੌਤੀ ਸਰ ਕਰ ਲਈ ਹੈ। ਜਿਹੜੇ ਲੋਕ ਉਸ ਨੂੰ ਪਾਸੇ ਕਰਨਾ ਚਾਹੁੰਦੇ ਸਨ, ਉਨ੍ਹਾਂ ਨੇ ਖੁਦ ਉਸ ਨੂੰ ਪਾਰਟੀ ਦਾ ਮੁੱਖ ਮੰਤਰੀ ਦਾ ਚਿਹਰਾ ਐਲਾਨਿਆ ਸੀ, ਸ਼ਾਇਦ ਇਸ ਲਈ ਕਿ ਉਹ ਚੋਣਾਂ ਦੇ ਵਕਤ ਇਕਜੁੱਟਤਾ ਦਾ ਪ੍ਰਭਾਵ ਬਣਾਈ ਰੱਖਣ ਲਈ ਮਜਬੂਰ ਸਨ।

ਆਰ.ਐਸ.ਐਸ. ਆਗੂ ਨੇ ਕਿਹਾ, "ਯੋਗੀ ਜੀ ਨੂੰ ਨੀਵਾਂ ਦਿਖਾਉਣ 'ਚ ਮੋਦੀ ਅਤੇ ਸ਼ਾਹ ਦੀ ਨਾਕਾਮੀ ਦਾ ਇਕ ਕਾਰਨ ਇਹ ਸੀ ਕਿ ਸੰਘ ਯੋਗੀ ਜੀ ਨੂੰ ਉਸ ਤਰ੍ਹਾਂ ਨਹੀਂ ਦੇਖਦਾ ਜਿਸ ਤਰ੍ਹਾਂ ਉਹ ਪਹਿਲਾਂ ਦੇਖਦਾ ਸੀ। ਜਦੋਂ ਤੱਕ ਉਹ ਮੁੱਖ ਮੰਤਰੀ ਨਹੀਂ ਬਣ ਗਏ, ਯੋਗੀ ਜੀ ਸੰਘ ਲਈ ਵਧੇਰੇ ਮੁਸੀਬਤ ਬਣੇ ਹੋਏ ਸਨ ਕਿਉਂਕਿ ਉਹ ਸੁਤੰਤਰ, ਅਤੇ ਅਕਸਰ ਸਮਾਨਾਂਤਰ, ਸਿਆਸੀ ਇੱਛਾਵਾਂ ਪਾਲਦੇ ਦਿਖਾਈ ਦਿੰਦੇ ਸਨ।" ਪਰ ਪਿਛਲੇ ਪੰਜ ਸਾਲਾਂ 'ਚ ਚੀਜ਼ਾਂ ਬਦਲ ਗਈਆਂ ਸਨ। "ਉਸ ਨੇ ਆਪਣੇ ਆਪ ਨੂੰ ਸੰਘ ਪਰਿਵਾਰ ਨਾਲ ਜੋੜਨ ਦੀ ਜ਼ੋਰਦਾਰ ਕੋਸ਼ਿਸ਼ ਕੀਤੀ ਹੈ। ਅਤੇ ਸੰਘ ਨੇ ਰਾਜਨੀਤਿਕ ਖੇਤਰ 'ਚ ਹਿੰਦੂ ਧਾਰਮਿਕ ਚਿੰਨ੍ਹਾਂ ਉਪਰ ਉਸ ਵੱਲੋਂ ਅਨੰਤ ਜ਼ੋਰ ਦੇਣ ਅਤੇ ਮੁਸਲਮਾਨਾਂ ਨਾਲ ਨਜਿੱਠਣ ਵੇਲੇ ਉਸ ਦੇ ਬੇਕਿਰਕ ਗੁਣਾਂ ਲਈ ਉਸ ਦੀ ਤਾਰੀਫ ਕੀਤੀ ਹੈ। ਇਸ ਲਈ, ਜਿੱਥੇ ਬੀ.ਜੇ.ਪੀ. ਲੀਡਰਸ਼ਿਪ ਯੋਗੀ ਜੀ ਦੇ ਸਵਾਲ 'ਤੇ ਦੋਚਿੱਤੀ 'ਚ ਸੀ, ਸੰਘ ਦਾ ਇਕ ਤਕੜਾ ਹਿੱਸਾ ਪਹਿਲਾਂ ਹੀ ਉਸ ਨੂੰ ਅਗਲੀਆਂ ਯੂ.ਪੀ. ਚੋਣਾਂ ਦੇ ਚਿਹਰੇ ਵਜੋਂ ਦੇਖ ਰਿਹਾ ਸੀ।"

ਪਾਰਟੀ ਦੀ ਹਰ ਚਾਲ ਹੁਣ ਰਣਨੀਤਕ ਹੈ, ਜਿਸ ਦਾ ਉਦੇਸ਼ 2022 'ਚ ਇਕ ਹੋਰ ਚੋਣ ਜਿੱਤ ਹਾਸਲ ਕਰਨਾ ਹੈ। ਸ਼ਾਹ ਦੇ ਐਲਾਨ ਤੋਂ ਕੁਝ ਦਿਨ ਬਾਅਦ ਹੀ ਆਦਿੱਤਿਆਨਾਥ ਨੇ ਖੁਦ ਮੁਹਿੰਮ ਸ਼ੁਰੂ ਕਰਨ ਦਾ ਸੰਕੇਤ ਦੇ ਦਿੱਤਾ। ਅਯੁੱਧਿਆ 'ਚ ਦੀਵਾਲੀ ਦੀ ਪੂਰਵ ਸੰਧਿਆ 'ਤੇ ਉਸ ਨੇ ਕਿਹਾ ਕਿ ਉਸ ਦੀ ਸਰਕਾਰ ਉਸ ਪੈਸੇ ਨਾਲ ਮੰਦਰਾਂ ਦੀ ਉਸਾਰੀ ਕਰ ਰਹੀ ਹੈ ਜੋ ਪਹਿਲਾਂ ਦੀਆਂ ਸਰਕਾਰਾਂ 'ਕਬਰਿਸਤਾਨਾਂ ਦੀ ਚਾਰਦੀਵਾਰੀ ਕਰਨ' ਉਪਰ ਖਰਚਦੀਆਂ ਰਹੀਆਂ। "ਜਨਤਾ ਨੇ ਉਨ੍ਹਾਂ ਨੂੰ ਉਨ੍ਹਾਂ ਦੀ ਜਗ੍ਹਾ ਦਿਖਾ ਦਿੱਤੀ ਜਿਨ੍ਹਾਂ ਨੂੰ ਕਬਰਸਤਾਨਾਂ ਨਾਲ ਪ੍ਰੇਮ ਸੀ।" ਉਸ ਨੇ ਹੋਰ ਕਿਹਾ "ਉਹ ਅੱਜ ਦੇਖ ਰਹੇ ਹਨ ਕਿ ਅਸੀਂ ਮੰਦਰਾਂ ਦੀ ਉਸਾਰੀ ਅਤੇ ਭਾਰਤੀ ਸੰਸਕ੍ਰਿਤੀ ਨੂੰ ਅੱਗੇ ਵਧਾਉਣ 'ਤੇ ਪੈਸਾ ਖਰਚ ਰਹੇ ਹਾਂ।"

ਇਹ ਤੱਥ ਕਿ ਉਸ ਨੇ ਉਦਘਾਟਨ ਲਈ ਅਯੁੱਧਿਆ ਨੂੰ ਚੁਣਿਆ, ਮਹੱਤਵਪੂਰਨ ਸੀ। 2017 'ਚ ਉਦੋਂ ਵਿਧਾਨ ਸਭਾ ਦੀਆਂ ਚੋਣਾਂ ਲਈ ਵੀ ਉਸ ਨੇ ਅਯੁੱਧਿਆ ਦੀ ਸੋਚ-ਸਮਝ ਕੇ ਪ੍ਰਤੀਕਾਤਮਕ ਵਰਤੋਂ ਕੀਤੀ ਸੀ। ਉਸ ਨੇ ਐਲਾਨ ਕੀਤਾ ਸੀ, "ਮਹਾ ਰਾਮ ਮੰਦਰ ਦੇ ਨਿਰਮਾਣ ਦੇ ਰਾਹ 'ਚ ਆ ਰਹੀਆਂ ਰੁਕਾਵਟਾਂ ਹੌਲੀ-ਹੌਲੀ ਦੂਰ ਕੀਤੀਆਂ ਜਾਣਗੀਆਂ ਅਤੇ ਅਯੁੱਧਿਆ 'ਚ ਜਲਦੀ ਹੀ ਇਸ ਦਾ ਨਿਰਮਾਣ ਸ਼ੁਰੂ ਹੋ ਜਾਵੇਗਾ।" ਮੁੱਖ ਮੰਤਰੀ ਬਣਨ ਤੋਂ ਬਾਦ ਉਸ ਨੇ ਹਰ ਸਾਲ ਦੀਵਾਲੀ ਦੀ ਪੂਰਵ ਸੰਧਿਆ 'ਤੇ ਅਯੁੱਧਿਆ ਵਿਚ ਰੋਸਨੀ ਦਾ ਇਕ ਮੈਗਾ ਤਿਓਹਾਰ 'ਦੀਪ ਉਤਸਵ' ਮਨਾਉਣਾ ਸ਼ੁਰੂ ਕੀਤਾ। ਆਦਿੱਤਿਆਨਾਥ ਨੇ ਦਿਖਾਇਆ ਕਿ ਉਹ ਆਪਣੇ ਅਜਮਾਏ ਹੋਏ ਅਤੇ ਪਰਖੇ ਹੋਏ ਦਸਤੂਰਾਂ 'ਤੇ ਕਾਇਮ ਰਹੇਗਾ, ਅਤੇ ਚੋਣਾਂ ਜਿੱਤਣ ਲਈ ਫਿਰਕੂ ਧਰੁਵੀਕਰਨ ਦੀ ਵਰਤੋਂ ਕਰਨੀ ਜਾਰੀ ਰੱਖੇਗਾ।

ਆਦਿੱਤਿਆਨਾਥ ਦੀ ਸਫਲਤਾ ਉਸ ਵਿਚਾਰਧਾਰਕ ਮਾਹੌਲ ਦੀ ਸਫਲਤਾ ਹੈ ਜਿਸ ਵਿਚ ਉਹ, ਮੋਦੀ ਅਤੇ ਸੰਘ ਪਰਿਵਾਰ ਕੰਮ ਕਰਦੇ ਹਨ। ਉਸ ਨੂੰ ਉਨ੍ਹਾਂ ਰਵੱਈਆਂ ਅਤੇ ਮਨੋਗੁੰਝਲਾਂ ਦੀ ਚੋਟੀ ਦੀ ਉਪਜ ਵਜੋਂ ਦੇਖਿਆ ਜਾਂਦਾ ਹੈ ਜਿਨ੍ਹਾਂ ਨੇ ਆਰ.ਐਸ.ਐਸ. ਅਤੇ ਇਸ ਦੀ ਹਿੰਦੂ ਰਾਸ਼ਟਰ ਦੀ ਬੰਦ-ਦਰਵਾਜ਼ਾ ਦ੍ਰਿਸ਼ਟੀ ਨੂੰ ਘੜਿਆ। ਆਦਿੱਤਿਆਨਾਥ ਦੀਆਂ ਕਾਰਵਾਈਆਂ ਸੰਘ ਦੇ ਧਾਰਮਿਕ ਅਤੇ ਰਾਜਨੀਤਕ ਰਵੱਈਆਂ ਦੇ ਸੁਮੇਲ ਨੂੰ ਦਰਸਾਉਂਦੀਆਂ ਹਨ, ਜਦੋਂ ਕਿ ਉਸ ਦੇ ਭਾਸ਼ਣਾਂ 'ਚ ਉਹ ਸਾਰੇ ਤੁਅੱਸਬੀ ਰੁਝਾਨ ਹੁੰਦੇ ਹਨ ਜੋ ਵਿਚਾਰਧਾਰਕ ਸਰੋਤ ਨੂੰ ਕਾਇਮ ਰੱਖਦੇ ਹਨ।

ਜ਼ਾਹਿਰ ਹੈ ਕਿ ਆਦਿੱਤਿਆਨਾਥ ਪੁਰਾਣੇ ਵਿਚਾਰਾਂ ਦੀ ਵਰਤੋਂ ਕਰਨ ਤੋਂ ਡਰਦੇ ਨਹੀਂ ਹਨ। ਉਨ੍ਹਾਂ ਨੇ ਅਤੀਤ 'ਚ ਉਸ ਨੂੰ ਬਹੁਤ ਲਾਭ ਪਹੁੰਚਾਇਆ ਹੈ। ***(ਸਮਾਪਤ)***

# ਮੁੱਕੇਬਾਜ਼ ਲੇਖਕ ਮਨਦੀਪ ਸੁਨਾਮ

ਪੰਜਾਬੀ ਖੇਡ ਸਾਹਿਤ



ਪ੍ਰਿੰ. ਸਰਵਣ ਸਿੰਘ
ਫੋਨ: 647-785-1661

ਮਨਦੀਪ ਸਿੰਘ ਸੁਨਾਮ ਮੁੱਕੇਬਾਜ਼ ਵੀ ਹੈ ਤੇ ਖੇਡ ਲੇਖਕ ਵੀ। ਉਸ ਦੇ ਸੌ ਤੋਂ ਵੱਧ ਖੇਡ ਲੇਖ ਅਖ਼ਬਾਰਾਂ ਵਿਚ ਛਪ ਚੁੱਕੇ ਹਨ। ਉਸ ਦੀ ਪਹਿਲੀ ਪੁਸਤਕ ਦਾ ਨਾਂ ਹੈ 'ਮੁੱਕੇਬਾਜ਼ੀ ਇੱਕ ਪ੍ਰਾਚੀਨ ਅਤੇ ਮਹਾਨ ਖੇਡ'। ਆਜ਼ਾਦੀ ਤੋਂ ਪਹਿਲਾਂ ਸੁਨਾਮ ਦੀ ਮਸ਼ਹੂਰੀ ਸ਼ਹੀਦ ਊਧਮ ਸਿੰਘ ਨੇ ਕਰਵਾਈ ਸੀ ਅਤੇ ਆਜ਼ਾਦੀ ਤੋਂ ਪਿੱਛੋਂ ਉਥੋਂ ਦੇ ਮੁੱਕੇਬਾਜ਼ ਕਰਵਾ ਰਹੇ ਹਨ। ਖੇਡ ਹਲਕਿਆਂ ਵਿਚ ਸੁਨਾਮ ਨੂੰ ਮੁੱਕੇਬਾਜ਼ਾਂ ਦਾ ਸ਼ਹਿਰ ਕਿਹਾ ਜਾਂਦਾ ਹੈ ਜਿਵੇਂ ਸੰਸਾਰਪੁਰ ਨੂੰ ਹਾਕੀ ਖਿਡਾਰੀਆਂ ਦਾ ਪਿੰਡ ਆਖਿਆ ਜਾਂਦੈ। ਉਸੇ ਸ਼ਹਿਰ ਵਿਚ ਮਨਦੀਪ ਸਿੰਘ ਦਾ ਜਨਮ 15 ਅਗਸਤ, 1982 ਨੂੰ ਬਿਜਲੀ ਬੋਰਡ ਦੇ ਲਾਈਨਮੈਨ ਸ. ਸੋਮ ਸਿੰਘ ਦੇ ਘਰ ਮਾਤਾ ਅੰਮ੍ਰਿਤ ਕੌਰ ਦੀ ਕੁੱਖੋਂ ਹੋਇਆ। ਇੱਕ ਤਾਂ ਉਹ ਜੰਮਿਆ ਆਜ਼ਾਦੀ ਦਿਵਸ 'ਤੇ, ਦੂਜਾ ਦੇਸ਼ ਭਗਤ ਪਿਤਾ ਨੇ ਬਚਪਨ ਤੋਂ ਹੀ ਦੇਸ਼ ਭਗਤੀ ਦੀ ਗੁੜ੍ਹਤੀ ਦੇ ਦਿੱਤੀ। ਪਿਉ ਨੇ ਸ਼ੁਰੂ ਤੋਂ ਹੀ ਅਨੁਸ਼ਾਸਨ ਵਿਚ ਰਹਿਣ ਤੇ ਸੰਘਰਸ਼ ਕਰਨ ਦੀ ਸਿੱਖਿਆ ਦੇਣੀ ਸ਼ੁਰੂ ਕਰ ਦਿੱਤੀ ਅਤੇ ਮਾਤਾ ਅੰਮ੍ਰਿਤ ਕੌਰ ਨੇ ਵੀ ਬਹੁਤਾ ਸਿਰ ਨਾ ਚੜ੍ਹਾਇਆ ਸਗੋਂ ਹਮੇਸ਼ਾਂ ਤਾੜ ਕੇ ਰੱਖਿਆ। ਬਚਪਨ ਵਿਚ ਗੋਲ-ਮਟੋਲ ਜਿਹਾ ਹੋਣ ਕਰਕੇ ਮੁਹੱਲੇ ਦੀਆਂ ਕੁੜੀਆਂ ਬੁੜ੍ਹੀਆਂ ਨੇ ਲਾਡ ਨਾਲ ਉਹਦਾ ਨਾਂ 'ਲੱਡੂ' ਪਕਾ ਦਿੱਤਾ, ਜੋ ਮੁੱਕੇਬਾਜ਼ੀ ਦਾ ਚੈਂਪੀਅਨ ਬਣਨ ਮਗਰੋਂ ਵੀ 'ਲੱਡੂ ਬੌਕਸਰ' ਹੀ ਚੱਲ ਰਿਹੈ! ਉਹ ਲਿਖਦੈ:

'ਸੱਸਾ' ਅੱਖਰ ਦਾ ਮੇਰੇ ਨਾਲ ਕਮਾਲ ਦਾ ਰਿਸ਼ਤਾ ਹੈ! ਮੈਂ ਸੁਨਾਮ ਦੇ ਸ. ਸੋਮ ਸਿੰਘ ਦੇ ਘਰ ਸ਼ਨਿਚਰਵਾਰ ਨੂੰ ਸੁਤੰਤਰਤਾ ਦਿਵਸ 'ਤੇ ਸਵੇਰਸਾਰ ਪੈਦਾ ਹੋਇਆ ਸਾਂ। ਮੈਨੂੰ ਜਮਾਉਣ ਵਾਲੀ ਦਾਈ ਦਾ ਨਾਂ ਵੀ ਸੱਸੇ ਨਾਲ ਸ਼ੁਰੂ ਹੁੰਦਾ ਸੀ। ਮੇਰੇ ਮਾਪਿਆਂ ਨੇ ਬੇਸ਼ਕ ਮੇਰਾ ਨਾਂ 'ਸੱਸੇ' ਦਾ ਵਾਕ ਲੈ ਕੇ ਨਹੀਂ ਸੀ ਰੱਖਿਆ ਪਰ ਮੈਂ ਆਪ ਹੀ ਆਪਣੇ ਨਾਂ ਨਾਲ ਸੱਸੇ ਤੋਂ ਸੁਨਾਮ ਜੋੜ ਲਿਆ। ਉਂਜ ਤਾਂ ਨਾਂ ਨਾਲ ਸੁਨਾਮ ਦੀ ਥਾਂ 'ਸੰਘਰਸ਼' ਜੋੜ ਦਿੱਤਾ ਜਾਂਦਾ ਤਾਂ ਮਨਦੀਪ ਸਿੰਘ ਸੰਘਰਸ਼ ਵੀ ਬੜਾ ਜਚਦਾ। ਜ਼ਿੰਦਗੀ ਵਿਚ ਮੈਨੂੰ ਹਰ ਚੀਜ਼ ਮੁੱਕੇਬਾਜ਼ੀ ਵਰਗੇ ਕਰੜੇ ਸੰਘਰਸ਼ ਨਾਲ ਹੀ ਮਿਲੀ ਤੇ ਮਿਲਦੀ ਆ ਰਹੀ ਹੈ। ਜਿਵੇਂ ਪੱਥਰ ਘੜ-ਘੜ ਕੇ ਬੁੱਤਕਾਰ ਮੂਰਤੀ ਬਣਾਉਂਦੇ ਹਨ ਉਵੇਂ ਜ਼ਿੰਦਗੀ ਮੈਨੂੰ ਵੀ ਸੰਘਰਸ਼ਾਂ ਵਿਚੋਂ ਲੰਘਾ-ਲੰਘਾ ਕੇ ਕੌੜੇ ਮਿੱਠੇ ਤਜਰਬਿਆਂ ਰਾਹੀਂ ਸਫਲਤਾ ਬਖਸ਼ਦੀ ਆ ਰਹੀ ਹੈ। ਮੈਨੂੰ ਤਾਂ ਬਚਪਨ ਤੋਂ ਹੀ ਹਰ ਚੀਜ਼ ਸੰਘਰਸ਼ ਕਰਨ ਨਾਲ ਹੀ ਮਿਲੀ ਹੈ।

2018 ਵਿਚ ਜਦੋਂ ਮੈਂ ਡੀ ਪੀ ਐਸ ਸੰਗਰੂਰ ਵਿਚ ਬਤੌਰ ਖੇਡ ਤੇ ਸਰੀਰਕ ਸਿੱਖਿਆ ਵਿਭਾਗ ਦਾ ਮੁਖੀ ਸੀ ਤਾਂ ਸੀਬੀਐੱਸਈ ਨਵੀਂ ਦਿੱਲੀ ਦੇ ਖੇਡ ਵਿਭਾਗ ਦੇ ਡਾਇਰੈਕਟਰ ਸ. ਮਨਜੀਤ ਸਿੰਘ ਨੇ ਮੇਰੀਆਂ ਖੇਡ ਸੇਵਾਵਾਂ ਨੂੰ ਦੇਖਦੇ ਹੋਏ ਮੈਨੂੰ ਸੀਬੀਐੱਸਈ ਦੀ ਦਸ ਮੈਂਬਰੀ ਸਪੋਰਟਸ ਐਂਡ ਸਿਲੇਬਸ ਕਮੇਟੀ ਦਾ ਮੈਂਬਰ ਬਣਾ ਲਿਆ। ਪੰਜਾਬ ਵਿਚੋਂ ਮੈਂ ਇਕੱਲਾ ਹੀ ਮੈਂਬਰ ਸੀ। ਉਸ ਸਮੇਂ ਖੇਡਾਂ ਤੇ ਸਰੀਰਕ ਸਿੱਖਿਆ ਵਿਸ਼ੇ ਲਈ ਮੈਂ ਵਧ ਚੜ੍ਹ ਕੇ ਕੰਮ ਕੀਤਾ। ਉਸੇ ਸਾਲ ਮੈਂ ਫਲਾਈਂਗ ਸਿੱਖ ਮਿਲਖਾ ਸਿੰਘ ਬਾਰੇ ਆਪਣਾ ਪਹਿਲਾ ਖੇਡ ਆਰਟੀਕਲ ਲਿਖਿਆ: 'ਕਦੋਂ ਪੈਦਾ ਹੋਣਗੇ ਉਡਣੇ ਸਿੱਖ ਮਿਲਖਾ ਸਿੰਘ ਵਰਗੇ ਐਥਲੀਟ?' ਅਖ਼ਬਾਰ ਵਿਚ ਛਪੇ ਉਸ ਆਰਟੀਕਲ ਦੀ ਇੱਕ ਕਾਪੀ ਮੈਂ ਮਿਲਖਾ ਸਿੰਘ ਜੀ ਦੇ ਘਰ ਦੇ ਪਤੇ 'ਤੇ ਭੇਜ ਦਿੱਤੀ। ਕੁੱਝ ਦਿਨਾਂ ਬਾਅਦ ਉਨ੍ਹਾਂ ਦੀ ਧਰਮਪਤਨੀ ਸ੍ਰੀਮਤੀ ਨਿਰਮਲ ਕੌਰ ਜੀ ਦਾ ਫੋਨ ਆਇਆ ਕਿ ਤੁਸੀਂ ਬਹੁਤ ਵਧੀਆ ਆਰਟੀਕਲ ਲਿਖਿਆ ਹੈ। ਕਦੇ ਸਾਡੇ ਘਰ ਮਿਲਣ ਆਓ। ਇਹ ਸੁਣ ਕੇ ਮੇਰੀ ਖੁਸ਼ੀ ਦਾ ਠਿਕਾਣਾ ਨਾ ਰਿਹਾ ਤੇ ਮੈਂ ਉਨ੍ਹਾਂ ਦੀ ਧਰਮ ਪਤਨੀ ਤੋਂ ਫੋਨ 'ਤੇ ਮਿਲਣ ਦਾ ਸਮਾਂ ਲੈ ਕੇ ਚੰਡੀਗੜ੍ਹ ਨੂੰ ਚੱਲ ਪਿਆ। ਮੇਰੇ ਨਾਲ ਮੇਰੇ ਵਿਭਾਗ ਦੇ ਦੋ ਅਧਿਆਪਕ ਵੀ ਤਿਆਰ ਹੋ ਗਏ ਚੱਲਣ ਲਈ। ਅਸੀਂ ਤਿੰਨੇ ਜਣੇ ਜਦੋਂ ਉਨ੍ਹਾਂ ਦੀ ਕੋਠੀ ਪਹੁੰਚੇ ਤਾਂ ਮਿਲਖਾ ਸਿੰਘ ਜੀ ਵਿਹੜੇ ਵਿਚ ਪਈ ਆਲੂਆਂ ਦੀ ਬੋਰੀ 'ਤੇ ਬੈਠੇ ਸਿਆਲ ਦੀ ਨਿੱਘੀ ਧੁੱਪ ਸੇਕ ਰਹੇ ਸਨ। ਮੈਨੂੰ ਪੁੱਛਿਆ ਕਿ ਹਾਂ ਜੀ ਬੇਟਾ ਤੁਸੀਂ ਕਿਵੇਂ? ਤਾਂ ਮੈਂ ਸਾਰੀ ਗੱਲ ਦੱਸੀ ਤੇ ਉਨ੍ਹਾਂ ਨੇ ਲਾਅਨ ਵਿਚਲੀਆਂ ਕੁਰਸੀਆਂ 'ਤੇ ਸਾਨੂੰ ਬਿਠਾ ਲਿਆ ਅਤੇ ਆਪਣੀ ਜ਼ਿੰਦਗੀ ਦੀਆਂ ਕਾਫੀ ਗੱਲਾਂ ਦੱਸੀਆਂ। ਮੈਂ ਵੀ ਆਪਣੇ ਖੇਡ ਜੀਵਨ ਬਾਰੇ ਤੇ ਲਿਖਣ ਦੇ ਸ਼ੌਕ ਬਾਰੇ ਦੱਸਿਆ, ਜਿਸ ਨੂੰ ਸੁਣ ਕੇ ਉਹ ਬਹੁਤ ਖੁਸ਼ ਹੋਏ ਅਤੇ ਮੈਨੂੰ ਕਿਹਾ ਕਿ ਚੰਗਾ ਲਿਖੋ ਤੇ ਬੱਚਿਆਂ ਨੂੰ ਉਤਸ਼ਾਹਿਤ ਕਰਨ ਵਾਲਾ ਲਿਖੋ। ਬਸ ਉਸ ਦਿਨ ਤੋਂ ਮੈਂ ਬੱਚਿਆਂ ਤੇ ਨੌਜਵਾਨਾਂ ਨੂੰ ਖੇਡਾਂ ਤੇ ਸਰੀਰਕ ਸਿੱਖਿਆ ਦੇ ਵਿਸ਼ੇ ਪ੍ਰਤੀ ਜਾਗਰੂਕ ਕਰਨ ਲਈ ਆਪਣੀ ਸਮਰੱਥਾ ਮੁਤਾਬਕ ਕਲਮ ਚਲਾ ਰਿਹਾ ਹਾਂ।

ਮਨਦੀਪ ਸੁਨਾਮ ਅੱਜ-ਕੱਲ੍ਹ ਅਜਨਾਲੇ ਲਾਗੇ ਬਾਰਡਰ ਦੇ ਕਿਸੇ ਪੇਂਡੂ ਸਕੂਲ ਵਿਚ ਡੀਪੀਈ ਦੀ ਨੌਕਰੀ ਕਰ ਰਿਹਾ ਹੈ। ਬਾਰਾਂ ਸਾਲ ਦੀ ਉਮਰੇ ਆਪਣੇ ਪਹਿਲੇ ਪੰਜਾਬ ਸਬ-ਜੂਨੀਅਰ ਮੁਕਾਬਲਿਆਂ ਵਿਚੋਂ ਉਸ ਨੇ ਸੋਨੇ ਦਾ ਤਗਮਾ ਜਿੱਤਿਆ ਸੀ। ਉਸ ਸਮੇਂ ਉਹ ਐਨਾ ਭੋਲਾ ਸੀ ਕਿ ਨਿਕਲ ਦੇ ਸਾਧਾਰਨ ਤਗਮੇ ਨੂੰ ਖਰੇ ਸੋਨੇ ਦਾ ਹੀ ਸਮਝੀ ਗਿਆ। ਉਸ ਨੂੰ ਸਾਂਭ-ਸਾਂਭ ਕੇ ਰੱਖਦਾ ਕਿ ਚੋਰੀ ਨਾ ਹੋ ਜਾਵੇ। ਫਿਰ ਹੋਰ ਸੋਨ ਤਗਮੇ ਜਿੱਤਦਾ ਸਕੂਲਾਂ ਦਾ ਬਿਹਤਰੀਨ ਮੁੱਕੇਬਾਜ਼ ਐਲਾਨਿਆ ਗਿਆ ਤੇ ਬੰਗਲੌਰ ਵਿਖੇ ਰਾਸ਼ਟਰੀ ਮੁਕਾਬਲਿਆਂ ਵਿਚ ਭਾਗ ਲਿਆ। ਓਦੂੰ ਬਾਅਦ ਉਸ ਨੇ ਖੇਡਾਂ ਨੂੰ ਹੀ ਆਪਣੀ ਜ਼ਿੰਦਗੀ ਦੀ ਮੰਜ਼ਿਲ ਮੰਨ ਲਿਆ ਅਤੇ ਇਸੇ ਖੇਤਰ ਵਿਚ ਹੀ ਪੜ੍ਹਾਈ ਕਰਨ ਦੀ ਠਾਣ ਲਈ।



ਲੇਖਕ ਮਨਦੀਪ ਸਿੰਘ ਸੁਨਾਮ

ਫਿਰ ਉਸ ਨੇ ਸਰਕਾਰੀ ਮਹਿੰਦਰਾ ਕਾਲਜ ਵਿਚ ਦਾਖਲਾ ਲੈਣ ਪਿੱਛੋਂ ਐਨਆਈਐਸ ਪਟਿਆਲਾ ਵਿਖੇ ਮੁੱਕੇਬਾਜ਼ੀ ਦੀ ਟ੍ਰੇਨਿੰਗ ਲੈਣੀ ਸ਼ੁਰੂ ਕਰ ਦਿੱਤੀ। ਉਥੇ ਅੰਤਰਰਾਸ਼ਟਰੀ ਅਥਲੀਟਾਂ ਨੂੰ ਦੇਖਣਾ, ਮਿਲਣਾ ਤੇ ਉਨ੍ਹਾਂ ਨਾਲ ਟ੍ਰੇਨਿੰਗ ਕਰਦੇ ਹੋਏ ਆਪਣੇ ਆਪ 'ਤੇ ਮਾਣ ਮਹਿਸੂਸ ਕਰਨਾ। ਉਥੇ ਟ੍ਰੇਨਿੰਗ ਕਰਦਿਆਂ ਬੜੇ ਤਜਰਬੇ ਹੋਏ। ਉਸੇ ਸਾਲ ਮਨੀਪੁਰੀਏ ਮੁੱਕੇਬਾਜ਼ ਡਿੰਕੋ ਸਿੰਘ ਨੇ ਏਸ਼ੀਅਨ ਖੇਡਾਂ ਦਾ ਗੋਲਡ ਮੈਡਲ ਜਿੱਤ ਕੇ ਖਲਬਲੀ ਮਚਾ ਦਿੱਤੀ ਸੀ। ਉਥੇ ਉਸ ਨੇ ਡਿੰਕੋ ਸਿੰਘ ਦਾ ਸਾਥ ਮਾਣਿਆ ਤੇ ਉਸ ਤੋਂ ਮੁੱਕੇਬਾਜ਼ੀ ਦੇ ਕਈ ਗੁਰ ਸਿੱਖੇ। ਉਥੇ ਉਹ ਉੱਚ ਕੋਟੀ ਦਾ ਮੁੱਕੇਬਾਜ਼ ਬਣ ਗਿਆ। ਮਹਿੰਦਰਾ ਕਾਲਜ ਵਿਚ ਪੜ੍ਹਦਿਆਂ ਫਿਰ ਕਾਲਜ ਨੂੰ ਤੇ ਪੰਜਾਬੀ ਯੂਨੀਵਰਸਿਟੀ ਨੂੰ ਤਗਮੇ ਜਿਤਾਏ ਤੇ ਕਾਲਜ ਦਾ ਰੋਲ ਆਫ ਆਨਰ ਲਿਆ।


ਬੀਏ ਕਰਨ ਮਗਰੋਂ ਉਸ ਦਾ ਟੀਚਾ ਡੀਪੀਐਡ ਵਿਚ ਦਾਖਲਾ ਲੈਣ ਦਾ ਸੀ। ਉਸ ਸਮੇਂ ਪੰਜਾਬ ਵਿਚ ਕੇਵਲ ਤਿੰਨ ਸਰੀਰਕ ਸਿੱਖਿਆ ਕਾਲਜ ਸਨ, ਜਿਨ੍ਹਾਂ 'ਚ ਦਾਖਲਾ ਬੜਾ ਮੁਸ਼ਕਲ ਮਿਲਦਾ ਸੀ। ਮਹਾਰਾਸ਼ਟਰ ਦੇ ਸ਼ਹਿਰ ਨਾਗਪੁਰ ਵਿਚ ਸਰੀਰਕ ਸਿੱਖਿਆ ਦੇ ਕਾਲਜ ਦੁਕਾਨਾਂ ਵਾਂਗ ਚੱਲ ਰਹੇ ਸਨ। ਉਥੋਂ ਪੰਜਾਬ ਦੇ ਤੇ ਹੋਰ ਸੂਬਿਆਂ ਦੇ ਸਾਧਾਰਨ ਵਿਦਿਆਰਥੀ ਵੀ ਥੋਕ ਦੇ ਭਾਅ ਡੀਪੀਐਡ/ਬੀਪੀਐਡ ਦੀਆਂ ਡਿਗਰੀਆਂ ਗਲਾਂ ਵਿਚ ਲਟਕਾ ਕੇ ਗੱਡੀ ਚੜ੍ਹ ਆਉਂਦੇ ਪਰ ਸਾਨੂੰ ਜਾਪਦਾ ਸੀ ਕਿ ਪੰਜਾਬ ਵਿਚ ਡਿਗਰੀ ਕਰਨ ਵਾਲਿਆਂ ਨੂੰ ਨੌਕਰੀ ਵਿਚ ਪਹਿਲ ਮਿਲੇਗੀ ਸੋ ਪੰਜਾਬ ਤੋਂ ਹੀ ਡਿਗਰੀ ਕਰਾਂਗੇ।

ਖੇਡਾਂ ਵਿਚ ਤਗਮੇ ਜਿੱਤਣ ਕਾਰਨ ਆਖ਼ਰ ਧੱਕੇ ਖਾ-ਖੂ ਕੇ ਪੰਜਾਬੀ ਯੂਨੀਵਰਸਿਟੀ ਦੇ ਨੈਸ਼ਨਲ ਕਾਲਜ ਆਫ ਫਿਜ਼ੀਕਲ ਐਜੂਕੇਸ਼ਨ ਵਿਚ ਦਾਖਲਾ ਮਿਲ ਗਿਆ ਤੇ ਉਮੀਦ ਜਾਗੀ ਕਿ ਚਲੋ ਹੁਣ ਡੀਪੀਈ ਦੀ ਸਰਕਾਰੀ ਨੌਕਰੀ ਤਾਂ ਮਿਲ ਹੀ ਜਾਊ। 2006 ਵਿਚ ਜਦੋਂ ਪੰਜਾਬ ਸਰਕਾਰ ਨੇ ਸਰੀਰਕ ਸਿੱਖਿਆ ਦੇ ਅਧਿਆਪਕਾਂ ਲਈ ਸਿਰਫ ਪੰਜਾਹ ਨੌਕਰੀਆਂ ਹੀ ਕੱਢੀਆਂ ਤਾਂ ਉਹ ਨਾਗਪੁਰ ਦੀ ਡਿਗਰੀ ਵਾਲੇ ਲੈ ਗਏ। ਉਸ ਵੇਲੇ ਬੜੇ ਪਛਤਾਏ, ਕਾਸ਼! ਅਸੀਂ ਵੀ ਨਾਗਪੁਰ ਤੋਂ ਡਿਗਰੀ ਲੈ ਆਉਂਦੇ। ਜਿੱਥੇ ਪੰਜਾਬ ਦੇ ਕਾਲਜਾਂ ਦੀ ਮੈਰਿਟ ਖਤਮ ਹੁੰਦੀ ਸੀ, ਉਥੋਂ ਨਾਗਪੁਰ ਦੇ ਕਾਲਜਾਂ ਦੀ ਸ਼ੁਰੂ ਹੁੰਦੀ ਸੀ। ਇਨ੍ਹਾਂ ਪੋਸਟਾਂ ਦੀ ਭਰਤੀ ਲਈ ਨਿਰੀ ਡਿਗਰੀਆਂ ਦੇ ਅੰਕਾਂ ਦੀ ਹੀ ਮੈਰਿਟ ਰੱਖੀ ਗਈ ਸੀ। ਇੰਜ ਸਾਰੇ ਦੇ ਸਾਰੇ ਨਾਗਪੁਰੀਏ ਭਰਤੀ ਹੋ ਗਏ। ਹਾਰ ਕੇ 2005 ਤੋਂ ਲੈ ਕੇ 20 ਤੱਕ ਪ੍ਰਾਈਵੇਟ ਸਕੂਲਾਂ ਵਿਚ ਨੌਕਰੀ ਕੀਤੀ। ਨਾਲ ਲਿਖਣਾ ਸ਼ੁਰੂ ਕਰ ਲਿਆ। ਮੁੱਕੇਬਾਜ਼ ਮੁਹੰਮਦ ਅਲੀ ਬਾਰੇ ਲਿਖਿਆ ਲੇਖ ਪੜ੍ਹ ਕੇ ਮੁੱਕੇਬਾਜ਼ੀ ਬਾਰੇ ਲਿਖਣ ਲਈ ਪ੍ਰੇਰਿਆ ਗਿਆ। ਉਸ ਲੇਖ ਦੀਆਂ ਮੁੱਢਲੀਆਂ ਸਤਰਾਂ ਮੈਨੂੰ ਹੁਣ ਵੀ ਯਾਦ ਹਨ:

ਮੁੱਕੇਬਾਜ਼ੀ ਦਾ ਸ਼ਹਿਨਸ਼ਾਹ ਮੁਹੰਮਦ ਅਲੀ

ਮੁਹੰਮਦ ਅਲੀ ਬਾਰੇ ਲਿਖਣਾ ਲਫਜ਼ਾਂ ਨਾਲ ਘੁਲਣਾ ਹੈ। ਉਹਦੇ ਇਕ-ਇਕ ਭੇੜ ਦੀ ਕੀਮਤ ਕਰੋੜਾਂ ਰੁਪਿਆਂ ਤਕ ਪੁੱਜਦੀ ਰਹੀ। ਉਹਦੇ ਬਾਰੇ ਸੈਂਕੜੇ ਕਲਮਾਂ ਨੇ ਲੱਖਾਂ ਲਫ਼ਜ਼ ਲਿਖੇ ਤੇ ਮੁਹੰਮਦ ਅਲੀ ਦੇ ਨਾਂ ਦੀਆਂ ਹਜ਼ਾਰਾਂ ਸੁਰਖ਼ੀਆਂ ਲੱਗੀਆਂ। ਜਦੋਂ ਉਹਦਾ ਮੁੱਕੇਬਾਜ਼ੀ ਦਾ ਭੇੜ ਹੁੰਦਾ ਸੀ ਤਾਂ ਅਰਬ ਤੋਂ ਵੱਧ ਅੱਖਾਂ ਟੀਵੀ ਦੇ ਪਰਦਿਆਂ 'ਤੇ ਉਹਦਾ ਮੁਕਾਬਲਾ ਵੇਖਦੀਆਂ ਸਨ। ਮੁਹੰਮਦ ਅਲੀ ਅਨੇਕਾਂ ਪੱਖਾਂ ਤੋਂ ਅਲੋਕਾਰ ਆਦਮੀ ਸੀ। ਉਹਨੇ ਧਰਮ ਬਦਲਿਆ, ਕੋਚ ਬਦਲੇ, ਨਾਂ ਬਦਲਿਆ, ਸ਼ੌਕ ਬਦਲੇ, ਇਥੋਂ ਤਕ ਕਿ ਪਤਨੀਆਂ ਬਦਲ ਕੇ ਚਾਰ ਵਿਆਹ ਕਰਵਾਏ। ਉਹ ਵੀਹ ਵਰ੍ਹੇ ਮੁੱਕੇਬਾਜ਼ੀ ਦੇ ਰਿੰਗਾਂ ਦਾ ਸ਼ਿੰਗਾਰ ਰਿਹਾ। ਉਹਨੇ ਵਿਸ਼ਵ ਪੱਧਰ ਦੇ ਦਰਜਨਾਂ ਭੇੜ ਭਿੜੇ, ਤਿੰਨ ਵਾਰ ਮੁੱਕੇਬਾਜ਼ੀ ਦਾ ਵਿਸ਼ਵ ਖ਼ਿਤਾਬ ਜਿੱਤਿਆ, ਤਿੰਨ ਪਤਨੀਆਂ ਨੂੰ ਤਲਾਕ ਦਿੱਤੇ ਅਤੇ ਨੌਂ ਬੱਚਿਆਂ ਦਾ ਬਾਪ ਬਣਿਆ। ਉਹਦੀ ਧੀ ਲੈਲਾ ਨੇ ਮੁੱਕੇਬਾਜ਼ੀ ਵਿਚ ਵਿਸ਼ਵ ਪੱਧਰ 'ਤੇ ਨਾਮਣਾ ਖੱਟਿਆ। ਚੁਤਾਲੀ ਸਾਲਾਂ ਦੀ ਉਮਰ ਵਿਚ ਉਹਨੇ ਅਠਾਈ ਸਾਲਾਂ ਦੀ ਯੋਲੰਡਾ ਨਾਲ ਚੌਥਾ ਵਿਆਹ ਕਰਵਾਇਆ ਸੀ। ਮੁਹੰਮਦ ਅਲੀ ਦਾ ਮੁਢਲਾ ਨਾਂ ਕੈਸੀਅਸ ਕਲੇਅ ਸੀ। ਉਹਦਾ ਜਨਮ ਅਮਰੀਕਾ ਵਿਚ ਲੂਈਸਵਿਲੇ ਦੇ ਹਸਪਤਾਲ 'ਚ 17 ਜਨਵਰੀ, 1942 ਨੂੰ ਸ਼ਾਮ ਦੇ 6.35 ਵਜੇ ਹੋਇਆ ਸੀ। ਉਹ ਮਾਪਿਆਂ ਦਾ ਪਹਿਲਾ ਬੱਚਾ ਸੀ। ਤਿੰਨ ਸਾਲ ਦੀ ਉਮਰ ਵਿਚ ਉਹ ਪੰਜਾਂ ਸਾਲਾਂ ਦਾ ਲੱਗਦਾ ਸੀ, ਜਿਸ ਕਰਕੇ ਉਹਦੀ ਮਾਂ ਨੂੰ ਬੱਸ/ਗੱਡੀ ਦੀ ਉਹਦੀ ਟਿਕਟ ਲੈਣੀ ਪੈਂਦੀ ਸੀ। ਇਕ ਵਾਰ ਗੋਦੀ ਵਿਚ ਦੁੱਧ ਚੁੰਘਦੇ ਨੇ ਮਾਂ ਦੇ ਅਜਿਹਾ ਘਸੁੰਨ ਮਾਰਿਆ ਕਿ ਉਹਦਾ ਦੰਦ ਨਿਕਲ ਗਿਆ। ਗੀ-ਗੀ ਉਹਦੇ ਪਹਿਲੇ ਬੋਲ ਸਨ ਜਿਨ੍ਹਾਂ ਦੇ ਅਰਥ ਬਾਅਦ ਵਿਚ ਕਿਸੇ ਨੇ 'ਗੋਲਡਨ ਗਲੱਵਜ਼' ਕੱਢੇ ਤੇ ਕਿਸੇ ਨੇ 'ਗਿਫਟ ਆਫ਼ ਗਾਡ'। ਪੇਸ਼ ਹਨ ਮਨਦੀਪ ਸੁਨਾਮ ਦੀਆਂ ਖੇਡ ਲਿਖਤਾਂ ਦੇ ਕੁਝ ਅੰਸ਼:

### ਮੁੱਕੇਬਾਜ਼ੀ ਇੱਕ ਪ੍ਰਾਚੀਨ ਖੇਡ




ਕਿਤਾਬ ਮੁੱਕੇਬਾਜ਼ੀ ਇੱਕ ਪ੍ਰਾਚੀਨ ਅਤੇ ਮਹਾਨ ਖੇਡ ਦਾ ਮੁਖੜਾ।

ਮੁੱਕੇਬਾਜ਼ੀ ਸੰਸਾਰ ਦੀਆਂ ਪ੍ਰਾਚੀਨ ਖੇਡਾਂ ਵਿਚੋਂ ਇੱਕ ਹੈ। ਆਦਿ ਕਾਲ ਸਮੇਂ ਜਦੋਂ ਬਚਾਅ ਲਈ ਮਨੁੱਖ ਕੋਲ ਕੋਈ ਹਥਿਆਰ ਨਹੀਂ ਸਨ ਤਾਂ ਆਪਣੇ ਮੁੱਕਿਆਂ ਨਾਲ ਹੀ ਇੱਕ ਦੂਜੇ ਤੋਂ ਬਚਾਅ ਕਰਨ ਦੀ ਖੇਡ ਦਾ ਵਿਕਾਸ ਹੋਇਆ। ਈਸਾ ਤੋਂ 400 ਸਾਲ ਪਹਿਲਾਂ ਦੇ ਚਿੱਤਰਾਂ ਤੋਂ ਪਤਾ ਲੱਗਦਾ ਹੈ ਕਿ ਮਿਸਰ ਦੇ ਸੈਨਿਕ ਮੁੱਕੇਬਾਜ਼ੀ ਵਿਚ ਨਿਪੁੰਨ ਸਨ ਤੇ ਇਨ੍ਹਾਂ ਕੋਲੋਂ ਹੀ ਯੂਨਾਨੀਆਂ ਨੇ ਮੁੱਕੇਬਾਜ਼ੀ ਦੀ ਕਲਾ ਸਿੱਖੀ। ਪ੍ਰਾਚੀਨ ਓਲੰਪਿਕ ਖੇਡਾਂ ਜੋ ਕਿ ਈਸਾ ਤੋਂ 776 ਸਾਲ ਪਹਿਲਾਂ ਸ਼ੁਰੂ ਹੋਈਆਂ ਉਨ੍ਹਾਂ ਵਿਚ ਮੁੱਕੇਬਾਜ਼ੀ ਦੀ ਖੇਡ ਵੀ ਸ਼ਾਮਿਲ ਸੀ। ਉਨ੍ਹਾਂ ਮਹਾਨ ਪ੍ਰਾਚੀਨ ਖੇਡਾਂ ਵਿਚ ਮੁੱਕੇਬਾਜ਼ੀ 668 ਬੀ.ਸੀ ਵਿਚ ਸ਼ਾਮਲ ਕੀਤੀ ਗਈ। ਰੋਮਨ ਸਾਮਰਾਜ ਵਿਚ ਮੁੱਕੇਬਾਜ਼ੀ ਨੂੰ ਮਨੋਰੰਜਨ ਦਾ ਸਾਧਨ ਮੰਨਿਆ ਜਾਂਦਾ ਸੀ। ਸੋ ਇਸ ਗੱਲ ਤੋਂ ਇਹ ਸਹਿਜੇ ਹੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਮੁੱਕੇਬਾਜ਼ੀ ਸੰਸਾਰ ਦੀ ਬਹੁਤ ਪੁਰਾਣੀ ਖੇਡ ਹੈ।

ਆਧੁਨਿਕ ਸਮੇਂ ਨਵੀਨਤਮ ਮੁੱਕੇਬਾਜ਼ੀ ਦੀ ਸ਼ੁਰੂਆਤ ਇੰਗਲੈਂਡ ਵਿਚ ਹੋਈ। ਸ਼ੁਰੂਆਤੀ ਦਿਨਾਂ ਵਿਚ ਇਸ ਨੂੰ 'ਫਿਸਟ ਫਾਈਟਿੰਗ' ਕਿਹਾ ਜਾਂਦਾ ਸੀ। ਉਥੇ ਜੇਤੂਆਂ ਨੂੰ ਇਨਾਮ ਵਿਚ ਧਨ ਰਾਸ਼ੀ ਮਿਲਦੀ ਸੀ ਤੇ ਇੰਗਲੈਂਡ ਦੇ ਜੇਮਸਫਿਗ ਮੁੱਕੇਬਾਜ਼ੀ ਦੇ ਪਹਿਲੇ ਵਿਜੇਤਾ ਮੰਨੇ ਜਾਂਦੇ ਹਨ। ਸੰਨ 1868 ਵਿਚ ਕਵੀਂਸਬਰੀ ਦੇ ਡਗਲਸ ਨੇ ਮੁੱਕੇਬਾਜ਼ੀ ਦੇ ਨਿਯਮ ਤਿਆਰ ਕੀਤੇ, ਜਿਨ੍ਹਾਂ ਨੂੰ 1889 ਵਿਚ ਪੂਰੇ ਇੰਗਲੈਂਡ ਵਿਚ ਮਾਨਤਾ ਪ੍ਰਾਪਤ ਹੋਈ ਅਤੇ ਵਰਤਮਾਨ ਵਿਚ ਵੀ ਇਹੋ ਨਿਯਮ ਮੁੱਕੇਬਾਜ਼ੀ ਦਾ ਆਧਾਰ ਹਨ। ਹਾਲਾਂਕਿ ਸਮੇਂ ਸਮੇਂ ਇਨ੍ਹਾਂ ਨਿਯਮਾਂ ਵਿਚ ਬਦਲਾਅ ਆਂਉਦੇ ਰਹੇ ਹਨ। ਕਵੀਂਸਬਰੀ ਦੇ ਨਿਯਮਾਂ ਨੇ ਹੀ ਮੁੱਕੇਬਾਜ਼ੀ ਦੇ ਘਾਤਕ ਰੂਪ ਨੂੰ ਖਤਮ ਕਰ ਕੇ ਹੱਥਾਂ ਵਿਚ ਦਸਤਾਨੇ ਪਾਉਣ ਅਤੇ ਤਿੰਨ-ਤਿੰਨ ਮਿੰਟ ਦੇ ਰਾਊਂਡਾਂ ਵਿਚ ਲੜਨ ਦੀ ਪ੍ਰਣਾਲੀ ਵਿਕਸਿਤ ਕੀਤੀ। ਵਰਤਮਾਨ ਸਮੇਂ ਇਹ ਖੇਡ ਦੋ ਰੂਪਾਂ ਵਿਚ ਵਿਕਸਿਤ ਹੈ। ਪਹਿਲੀ ਪੇਸ਼ੇਵਰ ਮੁੱਕੇਬਾਜ਼ੀ ਤੇ ਦੂਜੀ ਸ਼ੌਕੀਆ ਮੁੱਕੇਬਾਜ਼ੀ। ਪ੍ਰਾਚੀਨ ਅਤੇ ਆਧੁਨਿਕ ਮੁੱਕੇਬਾਜ਼ੀ ਵਿਚ ਬਹੁਤ ਅੰਤਰ ਹੈ। ਉਦੋਂ ਅਜੋਕੇ ਸਮੇਂ ਵਾਂਗ ਰੱਖਿਆਤਮਕ ਕਵਚ ਨਹੀਂ ਸਨ ਪਹਿਨੇ ਜਾਂਦੇ।

ਆਧੁਨਿਕ ਓਲੰਪਿਕ ਖੇਡਾਂ ਵਿਚ ਮੁੱਕੇਬਾਜ਼ੀ ਨੂੰ 1904 ਦੀਆਂ ਸੇਂਟ ਲੁਈਸ (ਅਮਰੀਕਾ) ਖੇਡਾਂ ਵਿਚ ਸ਼ਾਮਲ ਕੀਤਾ ਗਿਆ ਤੇ ਵਰਲਡ ਬਾਕਸਿੰਗ ਕਾਉਂਸਲ 1963 ਵਿਚ ਹੋਂਦ ਵਿਚ ਆਈ ਅਤੇ ਇਸ ਦਾ ਦਫਤਰ ਮੈਕਸੀਕੋ ਵਿਚ ਹੈ। ਦੁਨੀਆਂ ਦੇ ਪ੍ਰਸਿੱਧ ਮੁੱਕੇਬਾਜ਼ ਜੈਕ ਡੈਂਪਸੀ, ਮੁਹੰਮਦ ਅਲੀ, ਮਾਈਕ ਟਾਈਸਨ, ਰੌਕੀ ਮਾਰਸੀਆਨੋ ਆਦਿ ਰਹੇ ਹਨ, ਜਿਨ੍ਹਾਂ ਨੇ ਆਪਣੇ ਮੁੱਕਿਆਂ ਨਾਲ ਸੰਸਾਰ ਫਤਹਿ ਕੀਤਾ ਸੀ। ਭਾਰਤ ਵਿਚ ਵੀ ਇਸ ਸਮੇਂ ਮੁੱਕੇਬਾਜ਼ੀ ਸਿਖਰਾਂ ਤੇ ਹੈ। ਵਿਜੇਂਦਰ ਸਿੰਘ ਨੇ ਜਦੋਂ 2008 ਦੀਆਂ ਬੀਜਿੰਗ ਓਲੰਪਿਕ ਖੇਡਾਂ ਵਿਚ ਤਾਂਬੇ ਦਾ ਤਗਮਾ ਜਿੱਤਿਆ ਸੀ ਉਸ ਤੋਂ ਬਾਅਦ ਭਾਰਤ ਵਿਚ ਮੁੱਕੇਬਾਜ਼ੀ ਦੇ ਖੇਤਰ ਵਿਚ ਕਾਫੀ ਤਰੱਕੀ ਹੋਈ ਅਤੇ ਵਿਸ਼ਵ ਪੱਧਰ 'ਤੇ ਭਾਰਤੀ ਸ਼ੇਰਨੀ ਐਮਸੀ ਮੈਰੀਕਾਮ ਨੇ ਦੁਨੀਆਂ ਭਰ ਦੀਆਂ ਮੁੱਕੇਬਾਜ਼ਾਂ ਨੂੰ ਧੂੜ ਚਟਾ ਕੇ ਸਾਰਾ ਵਿਸ਼ਵ ਫਤਹਿ ਕੀਤਾ। 2008 ਦੀਆਂ ਓਲੰਪਿਕ ਖੇਡਾਂ ਵਿਚ ਤਗਮਾ ਜਿੱਤਣ ਮਗਰੋਂ ਹਰ ਓਲੰਪਿਕ ਵਿਚ ਭਾਰਤ ਤਗਮਾ ਜਿੱਤਦਾ ਆ ਰਿਹਾ ਹੈ ਤੇ ਹੁਣ ਭਾਰਤ ਵਿਚ ਇਹ ਖੇਡ ਬੁਲੰਦੀਆਂ ਨੂੰ ਛੋਹ ਰਹੀ ਹੈ। ਸੋ ਮੁੱਕੇਬਾਜ਼ੀ ਦੇ ਪ੍ਰਾਚੀਨ ਇਤਿਹਾਸ ਨੂੰ ਦੇਖਦੇ ਹੋਏ ਇਹ ਗੱਲ ਸਾਫ ਹੈ ਕਿ ਇਸ ਖੇਡ ਨੇ ਜਿੱਥੇ ਆਦਿ ਕਾਲ ਵਿਚ ਮਨੁੱਖ ਨੂੰ ਆਪਣੀ ਰੱਖਿਆ ਕਰਨਾ ਸਿਖਾਇਆ ਉਥੇ ਹੀ ਇਹ ਖੇਡ ਪ੍ਰਾਚੀਨ ਓਲੰਪਿਕਸ ਤੋਂ ਹੀ ਵਿਸ਼ਵ ਖੇਡ ਖੇਤਰ ਦਾ ਸ਼ਿੰਗਾਰ ਰਹੀ ਹੈ।

### ਓਲੰਪਿਕ ਚੈਂਪੀਅਨ ਨੀਰਜ ਚੋਪੜਾ

ਭਾਵੇਂ ਸਾਡਾ ਦੇਸ਼ ਦੁਨੀਆਂ ਦੀ ਦੂਸਰੀ ਸਭ ਤੋਂ ਵੱਡੀ ਆਬਾਦੀ ਵਾਲਾ ਦੇਸ਼ ਹੈ ਪਰ ਜੇ ਦੁਨੀਆਂ ਦੇ ਖੇਡ ਖੇਤਰ ਦੀ ਗੱਲ ਕੀਤੀ ਜਾਵੇ ਤਾਂ ਅਸੀਂ ਅਜੇ ਵੀ ਖੇਡਾਂ ਦੇ ਫਾਡੀ ਦੇਸ਼ਾਂ ਦੀ ਕਤਾਰ ਵਿਚ ਹੀ ਖੜ੍ਹੇ ਹਾਂ। ਚੀਨ ਭਾਵੇਂ ਦੁਨੀਆਂ ਦੀ ਸਭ ਤੋਂ ਵੱਧ ਆਬਾਦੀ ਲਈ ਬੈਠਾ ਹੈ ਪਰ ਉਹ ਇਸ ਆਬਾਦੀ ਨੂੰ ਖੇਡਾਂ ਦੇ ਖੇਤਰ ਵਿਚ ਭਰਪੂਰ ਲਾਮਬੰਦ ਕਰਨ ਵਿਚ ਸਫਲ ਹੋਇਆ ਹੈ। ਉਸ ਦੇ ਨੌਜਵਾਨ ਮੁੰਡੇ-ਕੁੜੀਆਂ ਨੇ ਦੁਨੀਆਂ ਦੇ ਖੇਡ ਨਕਸ਼ੇ 'ਤੇ ਆਪਣੇ ਆਪ ਨੂੰ ਐਸਾ ਸਾਬਤ ਕੀਤਾ ਹੈ ਅਤੇ ਉਹ ਓਲੰਪਿਕ ਖੇਡਾਂ ਦੀਆਂ ਪਹਿਲੀਆਂ ਤਿੰਨ ਪੁਜ਼ੀਸ਼ਨਾਂ ਵਿਚ ਹੀ ਚਲਦੇ ਆ ਰਹੇ ਹਨ। ਬੀਤੀਆਂ ਟੋਕੀਓ ਓਲੰਪਿਕ ਖੇਡਾਂ ਜੋ 2021 ਵਿਚ ਨੇਪਰੇ ਚੜ੍ਹੀਆਂ ਹਨ, ਵਿਚ ਭਾਰਤ ਨੇ ਭਾਵੇਂ ਅੱਜ ਤੱਕ ਦੇ ਬਿਹਤਰੀਨ ਪ੍ਰਦਰਸ਼ਨ ਵਜੋਂ 7 ਤਗਮੇ ਜਿੱਤੇ ਹਨ, ਪਰ ਕੀ ਏਨੀ ਵੱਡੀ ਆਬਾਦੀ ਵਾਲੇ ਮੁਲਕ ਲਈ ਇਹ ਤਗਮੇ ਕਾਫੀ ਹਨ? ਇਨ੍ਹਾਂ ਖੇਡਾਂ ਵਿਚ ਜੋ ਇਤਿਹਾਸਕ ਘਟਨਾਕ੍ਰਮ ਘਟਿਆ ਉਹ ਸੀ ਨੀਰਜ ਚੋਪੜਾ ਦਾ ਇਤਿਹਾਸਕ ਸੋਨ ਤਗਮਾ ਜੋ ਕਿ ਕਿਸੇ ਵੀ ਭਾਰਤੀ ਅਥਲੀਟ ਵੱਲੋਂ ਅਥਲੈਟਿਕਸ ਦੇ ਕਿਸੇ ਵੀ ਈਵੈਂਟ ਵਿਚ ਜਿੱਤਿਆ ਗਿਆ ਪਹਿਲਾ ਸੋਨ ਤਗਮਾ ਹੈ। ਆਓ ਇਸ ਤਗਮੇ ਦੇ ਜਿੱਤਣ ਬਾਅਦ ਭਾਰਤੀ ਖੇਡ ਖੇਤਰ ਵਿਚ ਕੀ ਪ੍ਰਭਾਵ ਪਏ ਹਨ ਜਾਂ ਪੈ ਸਕਦੇ ਹਨ ਬਾਰੇ ਵਿਚਾਰ ਚਰਚਾ ਕਰੀਏ।

ਭਾਰਤ ਦੀ ਸਵਾ ਅਰਬ ਤੋਂ ਵੱਧ ਜਨਸੰਖਿਆ ਵਿਚੋਂ ਪਹਿਲੀ ਵਾਰ ਇੱਕ 23 ਸਾਲ ਦੇ ਹਰਿਆਣਵੀ ਛੋਰੇ ਨੇ ਅਥਲੈਟਿਕਸ ਦਾ ਸੋਨ ਤਗਮਾ ਜਿੱਤਿਆ ਹੈ। ਇਸ ਜਿੱਤ ਨੇ ਭਾਰਤੀ ਅਥਲੈਟਿਕਸ ਨੂੰ ਦੁਨੀਆਂ ਦੇ ਖੇਡ ਨਕਸ਼ੇ 'ਤੇ ਉਭਾਰ ਜ਼ਰੂਰ ਦਿੱਤਾ ਹੈ, ਜਿਸ ਕਰਕੇ ਹੁਣ ਇਹ ਖਿਡਾਰੀ ਗਲੈਮਰਸ ਖੇਡ ਕ੍ਰਿਕਟ ਦੇ ਖਿਡਾਰੀਆਂ ਨੂੰ ਪ੍ਰਸਿੱਧੀ ਅਤੇ ਕਮਾਈ ਦੇ ਖੇਤਰ ਵਿਚ ਟੱਕਰ ਦੇ ਰਿਹਾ ਹੈ। ਪਰ ਕੀ ਇਸ ਪ੍ਰਾਪਤੀ ਨਾਲ ਭਾਰਤ ਵਿਚ ਖੇਡ ਕ੍ਰਾਂਤੀ ਆ ਸਕਦੀ ਹੈ, ਇਹ ਵੱਡਾ ਸਵਾਲ ਖੜ੍ਹਾ ਹੁੰਦਾ ਹੈ? 23 ਸਾਲ ਦੇ ਇਸ ਛੈਲ ਛਬੀਲੇ ਗੱਭਰੂ ਦੇ ਭਾਲੇ ਨੇ ਜਿਸ ਤਰ੍ਹਾਂ ਓਲੰਪਿਕ ਖੇਡਾਂ ਦੇ ਸੋਨ ਤਗਮੇ 'ਤੇ ਨਿਸ਼ਾਨਾ ਲਾਇਆ, ਉਸ ਤੋਂ ਇੱਕ ਵਾਰ ਤਾਂ ਸਾਰਾ ਦੇਸ਼ ਹੀ ਝੂਮ ਉੱਠਿਆ ਸੀ ਅਤੇ ਹਰ ਪਾਸੇ ਬੱਚਾ-ਬੱਚਾ ਜੈਵਲਿਨ ਚੁੱਕੀ ਫਿਰਦਾ ਸੀ। ਪਰ ਕੀ ਜ਼ਮੀਨੀ ਪੱਧਰ 'ਤੇ ਦੇਸ਼ ਵਿਚੋਂ ਯੋਗ ਬੱਚਿਆਂ ਨੂੰ ਚੁਣ ਕੇ ਦੇਸ਼ ਲਈ ਹੋਰ ਨੀਰਜ ਚੋਪੜੇ ਤਿਆਰ ਕੀਤੇ ਜਾ ਸਕਦੇ ਹਨ? ਕੀ ਜੈਵਲਿਨ ਤੋਂ ਬਿਨਾਂ ਅਥਲੈਟਿਕਸ ਦੇ ਹੋਰ ਈਵੈਂਟਾਂ ਵਿਚੋਂ ਵੀ ਦੁਨੀਆਂ ਦੀ ਦੂਸਰੀ ਵੱਡੀ ਆਬਾਦੀ ਦੇ ਮੁਲਕ ਵਿਚੋਂ ਹੋਰ ਖੇਡ ਸਿਤਾਰੇ ਤਿਆਰ ਕੀਤੇ ਜਾ ਸਕਦੇ ਹਨ?

ਸਵਾਲ ਬਹੁਤ ਹਨ ਪਰ ਜਵਾਬ ਜ਼ਮੀਨੀ ਪੱਧਰ 'ਤੇ ਹੀ ਜਾ ਕੇ ਮਿਲਦੇ ਹਨ ਕਿਉਂਕਿ ਆਪਣੀ ਹੱਡ ਭੰਨਵੀਂ ਮਿਹਨਤ ਨਾਲ ਖੇਡਾਂ ਦੀ ਦੁਨੀਆਂ ਦੇ ਸਿਖਰ 'ਤੇ ਪਹੁੰਚਣ ਵਾਲਾ ਨੀਰਜ ਚੋਪੜਾ ਜਾਂ ਉਸ ਦੇ ਗੁਰੂ ਹੀ ਜਾਣ ਸਕਦੇ ਹਨ ਕਿ ਉਸ ਨੇ ਇਸ ਪ੍ਰਾਪਤੀ ਲਈ ਕਿੰਨੀ ਘਾਲਣਾ ਘਾਲੀ ਹੈ? ਪਰ ਕੀ ਸਾਡੇ ਦੇਸ਼ ਦੇ ਛੋਟੇ-ਛੋਟੇ ਬੱਚੇ ਜੋ ਕਿ ਨਿੱਕੇ ਹੁੰਦੇ ਹੀ ਸਮਾਰਟ ਫੋਨਾਂ ਦੀ ਦੁਨੀਆਂ ਵਿਚ ਗੁੰਮ ਹੋ ਕੇ ਜਾਂ ਮੋਟਰਸਾਈਕਲਾਂ ਤੇ ਚੜ੍ਹ ਕੇ ਗੇੜੀਆਂ ਲਾਉਣ ਨੂੰ ਹੀ ਜ਼ਿੰਦਗੀ ਦਾ ਟੀਚਾ ਮੰਨੀ ਬੈਠੇ ਹਨ, ਉਹ ਖੂਨ ਪਸੀਨਾ ਇੱਕ ਕਰਨ ਲਈ ਤਿਆਰ ਹਨ? ਸਵਾਲ ਦੇਸ਼ ਦੀ ਖੇਡ ਨੀਤੀ 'ਤੇ ਵੀ ਹੈ ਕਿ ਕਿਵੇਂ ਜ਼ਮੀਨੀ ਪੱਧਰ 'ਤੇ ਇੱਕ ਇਹੋ ਜਿਹੀ ਨੀਤੀ ਤਿਆਰ ਕੀਤੀ ਜਾਵੇ। ਸਕੂਲੀ ਪੱਧਰ 'ਤੇ ਹੀ ਖੇਡਾਂ ਦੇ ਹੀਰਿਆਂ ਨੂੰ ਪਰਖ ਕੇ ਉਨ੍ਹਾਂ ਨੂੰ ਮਿਹਨਤ ਦੀ ਭੱਠੀ ਵਿਚ ਤਪਾਉਣ ਲਈ ਇਕ ਇਹੋ ਜਿਹਾ ਸਰੀਰਕ ਤੇ ਮਨੋਵਿਗਿਆਨਕ ਖਾਕਾ ਤਿਆਰ ਕੀਤਾ ਜਾਵੇ ਕਿ ਉਹ ਆਪਣੇ ਆਪ ਨੂੰ ਖੇਡਾਂ ਦੇ ਉਸ ਮੁਕਾਮ 'ਤੇ ਖੜ੍ਹਾ ਦੇਖਣ ਦਾ ਸੁਪਨਾ ਸਜਾ ਲੈਣ। ਉਨ੍ਹਾਂ ਨੂੰ ਉੱਠਦੇ ਬੈਠਦੇ ਸਿਰਫ਼ ਦੁਨੀਆਂ ਦਾ ਸਿਖਰਲਾ ਮੁਕਾਮ ਹੀ ਯਾਦ ਰਹੇ।

ਆਮ ਤੌਰ 'ਤੇ ਸਾਡੇ ਦੇਸ਼ ਦੇ ਖਿਡਾਰੀਆਂ ਨੂੰ ਉਦੋਂ ਤੱਕ ਖੇਡਾਂ ਵਿਚ ਮੱਲਾਂ ਮਾਰਨ ਦਾ ਚਾਅ ਰਹਿੰਦਾ ਹੈ ਜਦੋਂ ਤੱਕ ਉਨ੍ਹਾਂ ਨੂੰ ਕੋਈ ਰੁਜ਼ਗਾਰ ਨਹੀਂ ਮਿਲ ਜਾਂਦਾ। ਬਹੁਤਿਆਂ ਦਾ ਨਿਸ਼ਾਨਾ ਖੇਡਾਂ ਦੇ (ਬਾਕੀ ਸਫਾ 27 'ਤੇ)

# ਜ਼ਿੰਦਗੀ ਦੇ ਰੰਗ...

## ਸਵੈ-ਜੀਵਨੀ ਅੰਸ਼

***ਲਹਿੰਦੇ ਪੰਜਾਬ ਦੇ ਉਘੇ ਵਿਚਵਾਨ ਡਾ. ਮਨਜ਼ੂਰ ਏਜਾਜ਼ ਦੀ ਇਹ ਲਿਖਤ ਉਨ੍ਹਾਂ ਦੀ ਸਵੈ-ਜੀਵਨੀ 'ਜਿੰਦੜੀਏ ਤਣ ਦੇਸਾਂ ਤੇਰਾ ਤਾਣਾ' ਵਿਚੋਂ ਲਈ ਗਈ ਹੈ। ਇਸ ਵਿਚ ਉਨ੍ਹਾਂ ਆਪਣੀ ਜ਼ਿੰਦਗੀ ਦੇ ਕੁਝ ਖਾਸ ਵਾਕਿਆਤ ਬਾਰੇ ਗੱਲਾਂ ਕੀਤੀਆਂ ਹਨ। ਇਸ ਤੋਂ ਪਹਿਲਾਂ ਦੀ ਕਿਤਾਬ 'ਪੰਜਾਬ ਦਾ ਲੋਕ ਇਤਿਹਾਸ' ਵਾਹਵਾ ਚਰਚਾ ਵਿਚ ਰਹੀ ਹੈ।***



### ਡਾ. ਮਨਜ਼ੂਰ ਏਜਾਜ਼


ਮੈਂ ਬਰਾਬਰ ਪੰਜਾਬੀ ਅਦਬੀ ਸੰਗਤ ਜਾਂਦਾ ਸਾਂ ਜਿੱਥੇ ਕਈ ਵਾਰੀ ਨਜਮ ਹੁਸੈਨ ਸਈਅਦ ਨਾਲ ਸਿੰਗ ਫਸ ਜਾਂਦੇ ਸਨ। ਪਤਾ ਨਹੀਂ ਕਿਉਂ ਅਸੀਂ ਨਜਮ ਹੁਸੈਨ ਸਈਅਦ ਨੂੰ ਰੂਸੀਆਂ ਦਾ ਹਾਮੀ ਮੰਨਦਿਆਂ ਉਨ੍ਹਾਂ ਦੀ ਮੁਖਾਲਫਤ ਨੂੰ ਫਰਜ਼ ਸਮਝਦੇ ਸਾਂ ਪਰ ਜਦੋਂ ਮੈਂ ਉਨ੍ਹਾਂ ਦੀ ਸ਼ਾਹ ਹੁਸੈਨ ਕਾਲਜ ਵਿਚ ਡਰਾਮੇ 'ਤਖਤ ਲਾਹੌਰ' ਦੀ ਰੀਡਿੰਗ ਸੁਣੀ ਤਾਂ ਮੇਰਾ ਉਨ੍ਹਾਂ ਬਾਰੇ ਤਾਅਸੁਬ ਢਹਿ ਗਿਆ। ਮੈਂ ਉਨ੍ਹਾਂ ਦੀ ਫਨਕਾਰੀ ਤੇ ਪੇਂਡੂ ਸਮਾਜ ਦੀ ਜਾਣਕਾਰੀ ਦੇਖ ਕੇ ਹੈਰਾਨ ਹੋ ਗਿਆ ਸਾਂ ਤੇ ਮੈਨੂੰ ਯਾਦ ਹੈ ਜੋ ਉਥੋਂ ਨਿਕਲਦਿਆਂ ਸੜਕ 'ਤੇ ਖਲੋ ਕੇ ਮੈਂ ਉਨ੍ਹਾਂ ਪੁੱਛਿਆ ਸੀ ਕਿ ਸ਼ਹਿਰੀ ਅਫਸਰ ਹੁੰਦਿਆਂ ਵੀ ਉਹ ਪੰਜਾਬੀ ਸਮਾਜ ਦੇ ਧੁਰ ਅੰਦਰ ਦੇ ਪੇਚਾਂ ਨੂੰ ਇੰਨਾ ਕਿਵੇਂ ਜਾਣਦੇ ਹਨ? ਫਿਰ ਆਸਿਫ ਸ਼ਾਹਕਾਰ ਹੋਰੀਂ ਇੱਕ ਦਿਨ ਮੈਨੂੰ ਉਨ੍ਹਾਂ ਦੇ 49 ਜੇਲ੍ਹ ਰੋਡ ਵਾਲੇ ਘਰ ਲੈ ਗਏ ਤੇ ਉਨ੍ਹਾਂ ਨਾਲ ਮੇਲਜੋਲ ਸ਼ੁਰੂ ਹੋ ਗਿਆ।

ਉਨ੍ਹਾਂ ਦਿਨਾਂ ਵਿਚ ਨਜਮ ਹੁਸੈਨ ਸਈਅਦ ਹੋਰਾਂ ਦਾ ਦਫਤਰ ਲਾਹੌਰ ਏ.ਜੀ. ਆਫਿਸ ਵਿਚ ਸੀ ਜਿੱਥੇ ਰੰਗ ਰੰਗ ਦੇ ਪੰਜਾਬੀ ਲਿਖਾਰੀ ਉਨ੍ਹਾਂ ਦੇ ਦਫਤਰ ਵਿਚ ਮਜਲਿਸ ਲਾਈ ਰੱਖਦੇ ਸਨ। ਸ਼ਰੀਫ ਸਾਬਰ, ਅਹਿਮਦ ਸਲੀਮ ਤੇ ਹੋਰ ਕਈਆਂ ਨਾਲ ਉਨ੍ਹਾਂ ਦੇ ਦਫਤਰ ਵਿਚ ਹੀ ਮਿਲਣੀ ਹੋਈ। ਮੁਸ਼ਤਾਕ ਸੂਫੀ ਦੀ ਸ਼ਾਇਰੀ ਦੀ ਪਹਿਲੀ ਕਿਤਾਬ 'ਸਾਵੀ ਦਾ ਢੋਲਾ' ਛਪੀ ਸੀ ਜਿਸ 'ਤੇ ਬਹੁਤ ਰੌਲਾ ਪਿਆ ਸੀ। ਮੈਨੂੰ ਯਾਦ ਹੈ ਕਿ ਮੈਂ ਮੁਸ਼ਤਾਕ ਸੂਫੀ ਦੀ ਸ਼ਾਇਰੀ 'ਤੇ ਕਰੜੀ ਤਨਕੀਦ (ਆਲੋਚਨਾ) ਕਰਦਾ ਸਾਂ ਤੇ ਨਜਮ ਹੋਰੀਂ ਭਰਵੇਂ ਤਰੀਕੇ ਨਾਲ ਉਨ੍ਹਾਂ ਦੇ ਹੱਕ ਵਿਚ ਦਲੀਲਾਂ ਦੇ ਕੇ ਉਨ੍ਹਾਂ ਨੂੰ ਵਡਿਆਂਦੇ ਸਨ। ਮੇਰੀ ਪੰਜਾਬੀ ਨਾਲ ਦਿਨੋ-ਦਿਨ ਜੁੜਤ ਪੱਕੀ ਹੁੰਦੀ ਗਈ ਤੇ ਮੈਂ ਉਰਦੂ ਵਿਚ ਲਿਖਣਾ ਬੰਦ ਕਰ ਦਿੱਤਾ।

ਇੱਥੇ ਮੈਂ ਅਹਿਮਦ ਸਲੀਮ ਹੋਰਾਂ ਦਾ ਵੀ ਜ਼ਿਕਰ ਕਰਦਾ ਜਾਵਾਂ ਜਿਨ੍ਹਾਂ ਦੇ ਨਾਲ ਚੰਗੀ ਦੋਸਤੀ ਸੀ। ਉਹ ਲਾਹੌਰ ਵਿਚ ਚੌਬੁਰਜੀ ਦੇ ਕੋਲ ਰਹਿੰਦੇ ਸਨ ਤੇ ਪੰਜਾਬੀ ਅਦਬੀ ਮਰਕਜ਼ ਦੇ ਜ਼ਮਾਨੇ ਵਿਚ ਕਾਫੀ ਮਿਲਣ ਲਈ ਆਉਂਦੇ ਸਨ। ਮੈਂ ਉਨ੍ਹਾਂ ਕੋਲ ਜਾ ਕੇ ਪਹਿਲੀ ਵਾਰ ਇਸਲਾਮ ਅਬਾਦ ਵੇਖਿਆ ਜਿੱਥੇ ਉਹ ਕੌਮੀ ਲੋਕ ਵਿਰਸਾ ਦੀ ਨੌਕਰੀ ਕਰਦੇ ਸਨ। ਉਥੇ ਹੀ ਸਿੱਧੀ ਸੂਝਵਾਨ ਇਕਬਾਲ ਜਤੋਈ ਨਾਲ ਵੀ ਮਿਲਣੀ ਹੋਈ ਸੀ। ਉਦੋਂ ਇਸਲਾਮ ਆਬਾਦ ਨਿੱਕਾ ਜਿਹਾ ਸੀ ਤੇ ਉਥੇ ਸਿਰਫ ਸਰਕਾਰੀ ਨੌਕਰ ਹੀ ਰਹਿੰਦੇ ਸਨ। ਕਿਹਾ ਜਾਂਦਾ ਸੀ ਜੋ ਇਸਲਾਮ ਆਬਾਦ ਦੀਆਂ ਸੜਕਾਂ 'ਤੇ ਬੰਦੇ ਨਹੀਂ, ਫਾਈਲਾਂ ਫਿਰਦੀਆਂ ਹਨ। ਮੈਂ ਕੁਝ ਹੀ ਦਿਨਾਂ ਵਿਚ ਇੰਨਾ ਅਵਾਜ਼ਾਰ ਹੋ ਗਿਆ ਸਾਂ ਜੋ ਉਥੋਂ ਨਿਕਲ ਕੇ ਮੈਨੂੰ ਲੱਗਾ ਕਿ ਮੈਂ ਕਿਸੇ ਜੇਲ੍ਹ ਵਿਚੋਂ ਛੁੱਟ ਕੇ ਆਇਆ ਹਾਂ।

ਫਿਰ ਉਹ ਮੈਨੂੰ ਇਕ ਵਾਰੀ ਪਿਸ਼ਾਵਰ ਘੁਮਾਉਣ ਲੈ ਗਏ। ਅਸੀਂ ਲਿਖਾਰੀ ਰਜ਼ਾ ਹਮਦਾਨੀ ਹੋਰਾਂ ਕੋਲ ਠਹਿਰੇ ਸਾਂ ਤੇ ਉਨ੍ਹਾਂ ਸਾਨੂੰ ਦੱਸਿਆ ਸੀ ਕਿ ਫਿਲਮ ਸਟਾਰ ਰੰਗੀਲਾ ਉਨ੍ਹਾਂ ਦੇ ਘਰ ਵਿਚ ਹੀ ਪਲਿਆ ਸੀ। ਮੈਨੂੰ ਯਾਦ ਹੈ, ਉਹ ਰੋਜ਼ਿਆਂ ਦੇ ਦਿਨ ਸਨ ਤੇ ਪੂਰੇ ਸ਼ਹਿਰ ਪਿਸ਼ਾਵਰ ਵਿਚ ਦਿਨ ਵੇਲੇ ਖਾਣਾ ਨਹੀਂ ਸੀ ਲੱਭਦਾ। ਉਥੇ ਸਾਨੂੰ ਉਰਦੂ ਸ਼ਾਇਰ ਜੋਹਰ ਮੀਰ ਹੋਰੀਂ ਵਲ-ਵਲੇਵਿਆਂ 'ਚੋਂ ਲੰਘਾ ਕੇ ਇੰਟਰਕਾਂਟੀਨੈਂਟਲ ਹੋਟਲ ਦੇ ਬਾਵਰਚੀ ਖਾਨੇ ਵਿਚ ਲੈ ਗਏ ਸਨ ਜਿੱਥੇ ਕੁਝ ਖਾਣ ਨੂੰ ਲੱਭਾ ਸੀ। ਉਸੇ ਹੀ ਫੇਰੇ ਵਿਚ ਮੈਂ ਉਰਦੂ ਅਤੇ ਹਿੰਦਕੋ ਮਸ਼ਹੂਰ ਸ਼ਾਇਰ ਫਾਰਗ ਬੁਖਾਰੀ ਹੋਰਾਂ ਨੂੰ ਉਨ੍ਹਾਂ ਦੀ ਪ੍ਰਿੰਟਿੰਗ ਪ੍ਰੈਸ ਵਿਚ ਜਾ ਕੇ ਮਿਲਿਆ ਤੇ ਉਨ੍ਹਾਂ ਆਪਣੀ ਹਿੰਦਕੋ ਸ਼ਾਇਰੀ ਸੁਣਾਈ ਵੀ ਤੇ ਆਪਣੀ ਕਿਤਾਬ ਵੀ ਦਿੱਤੀ। ਅਹਿਮਦ ਸਲੀਮ ਹੋਰਾਂ ਦੇ ਹੀ ਵਾਸਤੇ ਨਾਲ ਮੈਂ ਹੈਦਰਾਬਾਦ ਦੀ ਸਿੰਧ ਯੂਨੀਵਰਸਿਟੀ ਵਿਚ ਸਿੰਧ ਦੇ ਸਭ ਤੋਂ ਮਸ਼ਹੂਰ ਸ਼ਾਇਰ ਸ਼ੇਖ ਅਯਾਜ਼ ਨੂੰ ਮਿਲਿਆ ਜਿਹੜੇ ਭੁੱਟੋ ਹਕੂਮਤ ਬਣਨ ਤੋਂ ਬਾਅਦ ਵਾਈਸ ਚਾਂਸਲਰ ਲੱਗੇ ਹੋਏ ਸਨ। ਮੈਂ ਦੋ ਵਾਰੀ ਲਾਹੌਰ ਤੋਂ ਕਰਾਂਚੀ ਬੱਸ ਤੇ ਸਫਰ ਕਰ ਕੇ ਗਿਆ ਹਾਂ। ਪਹਿਲੀ ਵਾਰੀ ਮੈਂ ਲਾਹੌਰ ਤੋਂ ਮੁਲਤਾਨ ਪਹੁੰਚਿਆ ਤੇ ਉਥੇ ਸਰਾਇਕੀ ਲਿਖਾਰੀਆਂ ਨਾਲ ਮਿਲਣੀ ਹੋਈ। ਯਾਦ ਨਹੀਂ, ਅਹਸਮ ਵਾਹਗਾ, ਅਸਲਮ ਰਸੂਲਪੁਰੀ, ਇਰਸ਼ਾਦ ਤੌਂਸਵੀ ਤੇ ਆਬਿਦ ਅਮੀਕ ਹੋਰਾਂ ਵਿਚੋਂ ਕੀਹਦੇ ਨਾਲ ਮਿਲਣੀ ਹੋਈ ਸੀ ਕਿਉਂਜੋ ਇਹ ਉਹ ਸਰਾਇਕੀ ਸੱਜਣ ਹਨ ਜਿਨ੍ਹਾਂ ਨੂੰ ਮੈਂ ਜਾਣਦਾ ਹਾਂ। ਮੁਲਤਾਨੋਂ ਬੱਸ ਬਹਿ ਕੇ ਮੈਂ ਖੈਰਪੁਰ ਗਿਆ ਸਾਂ ਜਿੱਥੇ ਮੇਰੀ ਭੈਣ ਬਸ਼ੀਰਾਂ ਰਹਿੰਦੀ ਸੀ ਤੇ ਉਸ ਦਾ ਘਰ ਵਾਲਾ ਨਿਸਾਰ ਥਾਣੇਦਾਰ ਲੱਗਾ ਹੋਇਆ ਸੀ। ਖੈਰਪੁਰ ਵਿਚ ਮੈਂ ਸਿੰਧੀ ਦੇ ਵੱਡੇ ਸ਼ਾਇਰ ਤਨਵੀਰ ਅੱਬਾਸੀ ਹੋਰਾਂ ਨਾਲ ਉਨ੍ਹਾਂ ਦੇ ਘਰ ਮਿਲਣੀ ਕੀਤੀ ਸੀ। ਖੈਰਪੁਰ ਕੁਝ ਦਿਨ ਰਹਿ ਕੇ ਮੈਂ ਹੈਦਰਾਬਾਦ ਵਿਚ ਅਹਿਮਦ ਸਲੀਮ ਹੋਰਾਂ ਕੋਲ ਪਹੁੰਚ ਗਿਆ। ਉਨ੍ਹਾਂ ਦਿਨਾਂ ਵਿਚ ਅਹਿਮਦ ਸਲੀਮ ਸ਼ੇਖ ਅਯਾਜ਼ ਦੇ ਸਿੰਧੀ ਕਲਾਮ ਦਾ ਤਰਜਮਾ ਕਰ ਰਹੇ ਸਨ ਜਿਹੜਾ ਬਾਅਦ ਵਿਚ 'ਜੋ ਬੀਜਲ ਨੇ ਆਖਿਆ' ਨਾਂ ਦੀ ਕਿਤਾਬ ਦੀ ਸ਼ਕਲ ਵਿਚ ਛਪਿਆ ਸੀ। ਸਿੰਧ ਯੂਨੀਵਰਸਿਟੀ ਵਿਚ ਸਿੰਧਿਆਲੋਜੀ ਡਿਪਾਰਟਮੈਂਟ ਵਾਲਿਆਂ ਨਾਲ ਵੀ ਮਿਲਣੀ ਹੋਈ ਜਿਸ ਵਿਚ ਅਸਾਂ ਮਿਥਿਆ ਕਿ ਮੈਂ ਪੰਜਾਬੀ ਬੋਲਾਂਗਾ ਤੇ ਉਹ ਸਿੰਧੀ ਵਿਚ ਗੱਲ ਕਰਨਗੇ।





*ਲਾਹੌਰ ਵਿਚ ਨਜਮ ਹੁਸੈਨ ਸਈਦ (ਸੱਜੇ) ਦੇ ਘਰ ਸਜੀ ਸੰਗਤ ਦੀ ਝਲਕ।*

ਇੱਕ ਰਾਤ ਸ਼ੇਖ ਅਯਾਜ਼ ਹੋਰਾਂ ਸਾਨੂੰ ਆਪਣੇ ਘਰ ਖਾਣ 'ਤੇ ਸੱਦਿਆ। ਉਨ੍ਹਾਂ ਬਹੁਤ ਕੁਝ ਦੱਸਿਆ ਜਿਹਦੇ ਵਿਚ ਇੱਕ ਗੱਲ ਬੜੀ ਯਾਦਗੀਰੀ ਵਾਲੀ ਸੀ। ਉਨ੍ਹਾਂ ਦੱਸਿਆ ਕਿ ਭੁੱਟੋ ਹਕੂਮਤ ਦੇ ਸਿੰਧੀ ਜ਼ੁਬਾਨ ਨੂੰ ਬਹਾਲ ਕਰਨ 'ਤੇ ਜਿਹੜੀ ਮਾਰਾ-ਮਾਰੀ ਹੋਈ ਸੀ, ਉਸ ਨਾਲ ਨਜਿੱਠਣ ਲਈ ਸਿੰਧੀਆਂ ਦੀ ਤਿੰਨ ਰੁਕਨੀ ਕਮੇਟੀ ਬਣੀ ਸੀ ਜਿਹਦੇ ਉਹ ਮੈਂਬਰ ਸਨ (ਪੀਰ ਅਲੀ ਮੁਹੰਮਦ ਰਾਸ਼ਦੀ ਵੀ ਮੈਂਬਰ ਸਨ)। ਉਨ੍ਹਾਂ ਦੱਸਿਆ ਕਿ ਅਸੀਂ ਭੁੱਟੋ ਹੋਰਾਂ ਦੇ ਸਾਹਮਣੇ ਸਲਾਹ ਰੱਖੀ ਕਿ ਤੁਸੀਂ ਪੰਜਾਬੀ ਨੂੰ ਕੌਮੀ ਜ਼ਬਾਨ ਬਣਾ ਦਿਓ, ਅਸੀਂ ਇਹ ਸੋਚ ਕੇ ਪੜ੍ਹ ਲਵਾਂਗੇ ਕਿ ਇਹ ਅਕਸਰੀਅਤ (ਬਹੁਗਿਣਤੀ) ਦੀ ਜ਼ਬਾਨ ਹੈ। ਭੁੱਟੋ ਹੋਰਾਂ ਦਾ ਜਵਾਬ ਸੀ ਕਿ ਇਹ ਸਲਾਹ ਪੰਜਾਬੀਆਂ ਨੇ ਹੀ ਨਹੀਂ ਮੰਨਣੀ। ਅਸੀਂ ਜ਼ੋਰ ਪਾਇਆ ਤਾਂ ਭੁੱਟੋ ਹੋਰਾਂ ਕਿਹਾ ਕਿ ਮੈਂ ਪੰਜਾਬ ਦੇ ਕਲਚਰ ਦੇ ਸਭ ਤੋਂ ਵੱਡੇ ਹਾਮੀ ਨੂੰ ਸੱਦ ਲੈਣਾ ਤੇ ਤੁਸੀਂ ਗੱਲ ਕਰ ਲਉ। ਮਲਿਕ ਮਿਅਰਾਜ ਖਾਲਿਦ ਹੋਰੀਂ ਕਹਿਣ ਲੱਗੇ ਕਿ ਇਹ ਕਿਵੇਂ ਹੋ ਸਕਦਾ ਹੈ, ਤੇ ਗੱਲ ਉਥੇ ਹੀ ਮੁੱਕ ਗਈ।

ਮੈਂ ਹੈਦਰਾਬਾਦ ਤੋਂ ਕਰਾਚੀ ਡਾ. ਫੈਰੋਜ਼ ਅਹਿਮਦ ਹੋਰਾਂ ਕੋਲ ਜਦ ਪਹੁੰਚਿਆ ਤੇ ਕਾਫੀ ਹਨੇਰਾ ਹੋ ਗਿਆ ਹੋਇਆ ਸੀ। ਉਨ੍ਹਾਂ ਨੂੰ ਪਤਾ ਸੀ ਜੋ ਮੈਨੂੰ ਸਮੁੰਦਰ ਦਿਖਾਉਣ ਲੈ ਗਏ। ਮੈਨੂੰ ਕੁਝ ਨਜ਼ਰ ਤਾਂ ਆਇਆ ਨਹੀਂ ਪਰ ਜਦ ਪਹਿਲੀ ਵਾਰੀ ਸਮੁੰਦਰ ਦੀ ਸ਼ੂਕਰ ਸੁਣੀ ਤਾਂ ਕੁਝ ਡਰ ਜਿਹਾ ਲੱਗਿਆ। ਮੈਂ ਡਾ. ਫੈਰੋਜ਼ ਅਹਿਮਦ ਹੋਰਾਂ ਦੇ ਕੰਮ ਨੂੰ ਉਦੋਂ ਤੋਂ ਜਾਣਦਾ ਸੀ, ਜਦ ਉਹ ਕੈਨੇਡਾ ਤੋਂ ਪਾਕਿਸਤਾਨ ਫੋਰਮ ਕੱਢਦੇ ਸਨ। ਉਨ੍ਹਾਂ ਦਿਨਾਂ ਵਿਚ ਡਾ. ਫੈਰੋਜ਼ ਅਹਿਮਦ, ਡਾ. ਇਕਬਾਲ ਅਹਿਮਦ ਤੇ ਇਜਾਜ਼ ਅਹਿਮਦ ਹੋਰਾਂ ਦੇ ਜੁੱਟ ਦੀ ਖੱਬੇ ਪੱਖ ਵਿਚ ਕਾਫੀ ਮਸ਼ਹੂਰੀ ਸੀ। ਉਨ੍ਹਾਂ ਮਸ਼ਰਿਕੀ (ਪੂਰਬੀ) ਪਾਕਿਸਤਾਨ ਵਿਚ ਫੌਜੀ ਐਕਸ਼ਨ ਦੀ ਵੀ ਮੁਖਾਲਫਤ ਕੀਤੀ ਸੀ। ਫਿਰ ਡਾ. ਫੈਰੋਜ਼ ਹੋਰੀਂ ਪਾਕਿਸਤਾਨ ਸ਼ਿਫਟ ਹੋ ਗਏ ਤੇ ਉਨ੍ਹਾਂ ਨਾਲ ਚੰਗੀ ਦੋਸਤੀ ਹੋ ਗਈ।

ਗੱਲ ਅਹਿਮਦ ਸਲੀਮ ਹੋਰਾਂ ਦੀ ਹੋ ਰਹੀ ਸੀ। ਅਹਿਮਦ ਸਲੀਮ ਬੜੇ ਬਾਦਸ਼ਾਹ ਬੰਦੇ ਸਨ। ਜਦ ਮੈਂ ਪੰਜਾਬ ਯੂਨੀਵਰਸਿਟੀ ਫਲਸਫਾ ਡਿਪਾਰਟਮੈਂਟ ਵਿਚ ਪੜ੍ਹਾ ਰਿਹਾ ਸਾਂ ਤਾਂ ਮੇਰੀ ਕਲਾਸ ਸਵੇਰੇ-ਸਵੇਰੇ ਹੁੰਦੀ ਸੀ। ਇੱਕ ਦਿਨ ਮੈਂ ਕਲਾਸ ਪੜ੍ਹਾ ਕੇ ਉਤੇ ਆਪਣੇ ਕਮਰੇ ਵਿਚ ਆਇਆ ਤਾਂ ਉਥੇ ਅਨਜਾਣ ਜਿਹੀ ਕੁੜੀ ਬੈਠੀ ਹੋਈ ਸੀ। ਮੈਂ ਉਨ੍ਹਾਂ ਨੂੰ ਪੁੱਛਿਆ ਕਿ ਤੁਸੀਂ ਕੌਣ ਹੋ ਤੇ ਮੇਰੇ ਕਮਰੇ ਵਿਚ ਕਿਵੇਂ ਬੈਠੇ ਹੋ ਤਾਂ ਉਹ ਕਹਿਣ ਲੱਗੀ ਕਿ ਮੈਂ ਫਹਿਮੀਦਾ ਰਿਆਜ਼ ਹਾਂ ਤੇ ਅਹਿਮਦ ਸਲੀਮ ਮੈਨੂੰ ਇੱਥੇ ਬਿਠਾ ਕੇ ਗਏ ਹਨ। ਇਹ ਫਹਿਮੀਦਾ ਰਿਆਜ਼ ਦੀ ਚੜ੍ਹਤ ਦਾ ਜ਼ਮਾਨਾ ਸੀ ਤੇ ਮੈਂ ਉਨ੍ਹਾਂ ਦੀ ਸ਼ਾਇਰੀ ਦਾ ਜਾਣੂ ਸਾਂ। ਮੈਂ ਪੁੱਛਿਆ, ਤੁਸੀਂ ਨਾਸ਼ਤਾ ਕੀਤਾ ਤਾਂ ਉਨ੍ਹਾਂ ਨਾਂਹ ਵਿਚ ਜਵਾਬ ਦਿੱਤਾ। ਮੈਂ ਝਬਦੇ ਕੰਟੀਨ ਤੋਂ ਨਾਸ਼ਤਾ ਤੇ ਚਾਹ ਮੰਗਵਾ ਕੇ ਉਨ੍ਹਾਂ ਦੀ ਖਾਤਰਦਾਰੀ ਕਰਨ ਦੀ ਕੋਸ਼ਿਸ਼ ਕੀਤੀ। ਅਹਿਮਦ ਸਲੀਮ ਹੋਰਾਂ ਨਾਲ ਆਖਰੀ ਮਿਲਣੀ 27 ਅਕਤੂਬਰ 2007 ਨੂੰ ਉਨ੍ਹਾਂ ਲਈ 'ਅਪਨਾ' ਦੇ ਦਿੱਤੇ ਹੋਏ ਡਿਨਰ ਤੇ ਸਪਰਿੰਗ ਫੀਲਡ ਵਰਜੀਨੀਆ ਵਿਚ ਹੋਈ ਸੀ।



*ਉਘੇ ਸ਼ਾਇਰ ਅਹਿਮਦ ਸਲੀਮ।*

ਜ਼ਾਹਿਰ ਗੱਲ ਹੈ, ਸਾਰੀ ਮਹਿਫਲ ਵਿਚੋਂ ਮੈਂ ਹੀ ਉਨ੍ਹਾਂ ਨੂੰ ਪੁਰਾਣੇ ਵੇਲਿਆਂ ਤੋਂ ਜਾਣਦਾ ਸਾਂ ਤੇ ਮੈਂ ਉਨ੍ਹਾਂ ਦੇ ਕੀਤੇ ਕੰਮ ਤੇ ਚਾਨਣ ਪਾਇਆ ਤੇ ਖੋਲ੍ਹ ਕੇ ਦਿਲ ਤੋਂ ਤਾਰੀਫ ਕੀਤੀ।

ਮੈਂ 1970 ਵਿਚ ਐਮ.ਏ. ਕਰ ਲਿਆ ਸੀ ਪਰ ਕਿਤੇ ਨੌਕਰੀ ਨਹੀਂ ਸੀ ਲੱਭ ਰਹੀ। ਉਨ੍ਹਾਂ ਹੀ ਜ਼ਮਾਨਿਆਂ ਵਿਚ ਕਿਸੇ ਰੇਡੀਓ ਜਾਂ ਟੀ.ਵੀ. ਪ੍ਰੋਗਰਾਮ ਵਿਚ ਗੌਰਮਿੰਟ ਕਾਲਜ ਦੇ ਪ੍ਰਿੰਸੀਪਲ ਡਾ. ਨਜ਼ੀਰ ਹੋਰਾਂ ਨਾਲ ਟਾਕਰਾ ਹੋਇਆ। ਉਨ੍ਹਾਂ ਦੇ ਪੁੱਛਣ 'ਤੇ ਮੈਂ ਦੱਸਿਆ ਕਿ ਨੌਕਰੀ ਲੱਭ ਰਿਹਾ ਹਾਂ ਪਰ ਕਿਤੇ ਗੱਲ ਨਹੀਂ ਬਣ ਰਹੀ। ਕਹਿਣ ਲੱਗੇ, ਮੇਰਾ ਇੱਕ ਜਾਗੀਰਦਾਰ ਜਾਨਣ ਵਾਲਾ ਆਪਣੇ ਨਿਆਣਿਆਂ ਲਈ ਟਿਊਟਰ ਲੱਭ ਰਿਹਾ, ਜੇ ਤੁਸੀਂ ਚਾਹੋ ਤਾਂ ਮੈਂ ਤੁਹਾਨੂੰ ਉਨ੍ਹਾਂ ਕੋਲ ਘੱਲ ਦਿਆਂ। ਮੈਂ ਗੱਲ ਨਹੀਂ ਗੌਲੀ ਕਿਉਂਜੋ ਮੈਂ (ਗਲਤ ਜਾਂ ਸਹੀ) ਕਿਸੇ ਜਾਗੀਰਦਾਰ ਦੀ ਨੌਕਰੀ ਨਹੀਂ ਕਰਨਾ ਚਾਹੁੰਦਾ ਸਾਂ। ਫਲਸਫਾ ਡਿਪਾਰਟਮੈਂਟ ਵਿਚ ਇੱਕ ਸੀਟ ਖਾਲੀ ਪਈ ਸੀ ਤੇ ਮੈਂ ਵਾਈਸ ਚਾਂਸਲਰ ਅੱਲਾਮਾ ਅਲਾਉਦ-ਦੀਨ ਸਿੱਦੀਕੀ ਹੋਰਾਂ ਨੂੰ ਇਸ ਸਿਲਸਿਲੇ ਵਿਚ ਮਿਲਿਆ। ਜ਼ਾਹਿਰ ਗੱਲ ਹੈ, ਮੇਰੀ ਭੈੜੀ ਸ਼ੋਹਰਤ ਪਾਰੋਂ ਉਹ ਮੈਨੂੰ ਕਿਵੇਂ ਨੌਕਰੀ ਦਿੰਦੇ ਪਰ ਉਨ੍ਹਾਂ ਮੈਨੂੰ ਕਿਹਾ ਕਿ ਤੂੰ ਚਾਹਵੇਂ ਤਾਂ ਮੈਂ ਤੁਹਾਨੂੰ ਅਮਰੀਕਾ ਵਗੈਰਾ ਵਿਚ ਵਜ਼ੀਫੇ 'ਤੇ ਘੱਲ ਸਕਨਾਂ। ਮੈਂ ਉਨ੍ਹਾਂ ਦਾ ਮਖੌਲ ਬਣਾਉਂਦਿਆਂ ਕਿਹਾ ਕਿ ਮੈਂ ਅਮਰੀਕਾ ਕਿਉਂ ਜਾਵਾਂਗਾ? ਉਸ ਵੇਲੇ ਤਾਂ ਸਾਡੇ ਲਈ ਸਾਮਰਾਜੀ ਅਮਰੀਕਾ ਜਾਣਾ ਮਿਹਣਾ ਸੀ ਪਰ ਇਹ ਪਤਾ ਨਹੀਂ ਸੀ ਜੋ ਆਉਣ ਵਾਲੇ ਵੇਲਿਆਂ ਵਿਚ ਕੀ ਹੋਣਾ ਹੈ ਤੇ ਮੈਂ ਕਿਵੇਂ ਅਮਰੀਕਾ ਹੀ ਜਾਣਾ ਹੈ।

ਇਕ ਦਿਨ ਮੈਂ ਯੂਨੀਵਰਸਿਟੀ ਕੰਟੀਨ 'ਤੇ ਬੜਾ ਨਿਰਾਸ਼ ਬੈਠਾ ਹੋਇਆ ਸਾਂ ਤੇ ਅਸ਼ਰਫ ਰਜ਼ਾ ਹੋਰੀਂ ਆ ਗਏ। ਉਹ ਉਨ੍ਹਾਂ ਜ਼ਮਾਨਿਆਂ ਵਿਚ ਆਪਣੇ ਆਪ ਨੂੰ ਖੁੱਲ੍ਹਮ-ਖੁੱਲਾ ਹਮ-ਜਿਨਸ ਦੱਸਦੇ ਸਨ ਤੇ ਇਕ ਯੂਥ ਆਰਗਨਾਈਜ਼ੇਸ਼ਨ ਚਲਾਉਂਦੇ ਸਨ ਜਿਹਦੀ ਸਦਰ ਗਜ਼ਾਲਾ ਹਯਾਤ ਖਾਨ ਸੀ। ਉਨ੍ਹਾਂ ਦੀ ਤਨਜ਼ੀਮ ਨੇ ਇੱਕ ਵਾਰੀ ਇੰਟਰਕਾਂਟੀਨੈਂਟਲ ਹੋਟਲ (ਅੱਜ ਕੱਲ੍ਹ ਪਰਲ ਕਾਂਟੀਨੈਂਟਲ) ਵਿਚ ਜਲਸਾ ਕਰਵਾਇਆ ਸੀ ਜਿੱਥੇ ਮੈਨੂੰ ਅਨਵਰ ਅਜ਼ੀਜ਼ ਚੌਧਰੀ ਦੀ ਤਕਰੀਰ ਬੜੀ ਚੰਗੀ ਲੱਗੀ ਸੀ। ਅਸ਼ਰਫ ਰਜ਼ਾ ਗਜ਼ਾਲਾ ਹਯਾਤ ਖਾਨ ਹੋਰਾਂ ਦੀ ਵਜ੍ਹਾ ਨਾਲ ਵੀ ਮੇਰਾ ਬੜਾ ਆਦਰ ਕਰਦੇ ਸਨ ਤੇ ਨਾਲ ਇਹ ਵੀ ਸੀ ਕਿ ਉਨ੍ਹਾਂ ਵਰਗੇ ਬੰਦਿਆਂ ਨੂੰ ਜਮਾਤੀਏ ਤਾਂ ਝੱਲ ਨਹੀਂ ਸਨ ਸਕਦੇ ਤੇ ਉਨ੍ਹਾਂ ਸਾਡੇ ਕੋਲ ਹੀ ਬਹਿਣਾ ਉਠਣਾ ਹੁੰਦਾ ਸੀ।

ਅਸ਼ਰਫ ਰਜ਼ਾ ਹੋਰੀਂ ਮੇਰੇ ਨਾਲ ਸੱਚੀਆਂ ਗੱਲਾਂ ਸਾਂਝੀਆਂ ਕਰਦੇ ਸਨ ਤੇ ਇਹ ਵੀ ਦੱਸਦੇ ਸਨ ਕਿ ਉਹ ਦੋ ਬਹੁਤ ਹੀ ਵੱਡੇ ਸਿਆਸਤਦਾਨਾਂ ਜਿਨ੍ਹਾਂ ਦਾ ਮੈਂ ਨਾਂ ਨਹੀਂ ਲੈ ਰਿਹਾ, ਕੋਲ ਮੁੰਡੇ ਲੈ ਕੇ ਜਾਂਦੇ ਹਨ। ਮੈਂ ਉਨ੍ਹਾਂ ਨੂੰ ਕਿਹਾ ਕਿ ਨੌਕਰੀ ਨਹੀਂ ਲੱਭ ਰਹੀ ਤੇ ਉਹ ਕੁਝ ਕਰਨ। ਕਹਿਣ ਲੱਗੇ, ਗੱਲ ਹੀ ਕੋਈ ਨਹੀਂ ਤੇ ਮੈਨੂੰ ਰਿਕਸ਼ੇ ਵਿਚ ਬਿਠਾ ਕੇ ਲਾਹੌਰ ਸਟੇਸ਼ਨ ਲਾਗੇ ਇੱਕ ਅੰਗਰੇਜ਼ੀ ਮੀਡੀਅਮ ਸਕੂਲ ਵਿਚ ਲੈ ਗਏ। ਮੈਂ ਬਾਹਰ ਬੈਠਾ ਰਿਹਾ ਤੇ ਉਹ ਚੋਖਾ ਚਿਰ ਬਾਅਦ ਪ੍ਰਿੰਸੀਪਲ ਨਾਲ ਬਾਹਰ ਨਿਕਲੇ। ਪ੍ਰਿੰਸੀਪਲ ਨੇ ਦੱਸਿਆ ਕਿ ਮੇਰੀ ਨੌਕਰੀ ਹੋ ਗਈ ਹੈ ਤੇ ਮੈਂ ਕੁਝ ਦਿਨਾਂ ਬਾਅਦ ਆ ਕੇ ਪੜ੍ਹਾਉਣਾ ਸ਼ੁਰੂ ਕਰ ਦਿਆਂ। ਮੈਨੂੰ ਯਾਦ ਨਹੀਂ ਕਿ ਤਨਖਾਹ ਬਾਰੇ ਕੋਈ ਗੱਲ ਹੋਈ ਸੀ ਜਾਂ ਨਹੀਂ ਪਰ ਉਨ੍ਹਾਂ ਦਿਨਾਂ ਵਿਚ 1971 ਦੀ ਜੰਗ ਪਾਰੋਂ ਸਕੂਲ ਬੰਦ ਹੋ ਗਏ, ਮੈਂ ਪਿੰਡ ਚਲਾ ਗਿਆ ਤੇ ਉਸ ਸਕੂਲ ਵਿਚ ਕਦੀ ਪੜ੍ਹਾਉਣ ਨਾ ਗਿਆ।

1971 ਦੀ ਜੰਗ ਦੀ ਬਰਬਾਦੀ ਮਗਰੋਂ ਜ਼ੁਲਫਿਕਾਰ ਅਲੀ ਭੁੱਟੋ ਹੋਰਾਂ ਹਕੂਮਤ ਸੰਭਾਲ ਲਈ ਤਾਂ ਮੈਂ ਵੀ ਪਿੰਡੋਂ ਪਰਤ ਕੇ ਲਾਹੌਰ ਆ ਗਿਆ। ਇਕ ਦਿਨ ਪਤਾ ਲੱਗਾ ਕਿ ਪੀਪਲਜ਼ ਪਾਰਟੀ ਦੇ ਵੱਡੇ ਲੀਡਰ ਮਿਅਰਾਜ ਮੁਹੰਮਦ ਖਾਨ ਲਾਹੌਰ ਦੇ ਚੰਬਾ ਹਾਊਸ ਵਿਚ ਠਹਿਰੇ ਹੋਏ ਨੇ। ਅਸ਼ਰਫ ਰਜ਼ਾ, ਆਰਿਫ ਰਾਜਾ ਤੇ ਕੁਝ ਹੋਰ ਸਾਥੀ ਮੈਨੂੰ ਲੈ ਕੇ ਚੰਬਾ ਹਾਊਸ ਪਹੁੰਚ ਗਏ ਤੇ ਵਜ਼ੀਰ ਹੋਰਾਂ ਦੀ ਉਡੀਕ ਵਿਚ ਉਥੇ ਬਹਿ ਗਏ। ਜਦ ਵਜ਼ੀਰ ਹੋਰੀਂ ਬਾਹਰ ਨਿਕਲੇ ਤਾਂ ਉਹ ਮਿਅਰਾਜ ਮੁਹੰਮਦ ਖਾਨ ਨਹੀਂ ਸਗੋਂ ਮਲਿਕ ਮਿਅਰਾਜ ਖਾਲਿਦ ਸਨ। ਅਸੀਂ ਉਨ੍ਹਾਂ ਨੂੰ ਦੱਸਿਆ ਕਿ ਅਸੀਂ ਮਿਅਰਾਜ ਮੁਹੰਮਦ ਖਾਨ ਹੋਰਾਂ ਨੂੰ ਮਿਲਣ ਆਏ ਸਾਂ, ਉਨ੍ਹਾਂ ਕਿਹਾ ਕਿ ਕੋਈ ਫਰਕ ਨਹੀਂ ਪੈਂਦਾ, ਜਿਹੜਾ ਕੰਮ ਉਨ੍ਹਾਂ ਕਰਨਾ ਹੈ, ਉਹ ਮੈਂ ਹੀ ਕਰ ਦਿਆਂਗਾ। ਜਦ ਉਨ੍ਹਾਂ ਨੂੰ ਮੇਰੀ ਨੌਕਰੀ ਬਾਰੇ ਦੱਸਿਆ ਗਿਆ ਤਾਂ ਉਨ੍ਹਾਂ ਝਬਦੇ ਹੀ ਵਾਈਸ ਚਾਂਸਲਰ ਅੱਲਾਮਾ ਅਲਾਉਦ-ਦੀਨ ਸਿੱਦੀਕੀ ਨੂੰ ਫੋਨ ਕਰ ਦਿੱਤਾ ਤੇ ਅੱਲਾਮਾ ਸਾਹਿਬ ਨੇ ਪੱਕੀ ਹਾਮੀ ਭਰ ਲਈ। ਅਸੀਂ ਜਦ ਵਾਪਸ ਨਿਊ ਕੈਂਪਸ ਪਹੁੰਚੇ ਤਾਂ ਪਤਾ ਲੱਗਾ ਕਿ ਫਲਸਫਾ ਡਿਪਾਰਟਮੈਂਟ ਵਾਲੇ ਤੇ ਵਾਈਸ ਚਾਂਸਲਰ ਦੇ ਬੰਦੇ ਮੈਨੂੰ ਲੱਭ ਰਹੇ ਹਨ। ਮੈਂ ਜਾ ਕੇ ਅੱਲਾਮਾ ਅਲਾਉਦ-ਦੀਨ ਸਿੱਦੀਕੀ ਹੋਰਾਂ ਨੂੰ ਮਿਲਿਆ ਤੇ ਉਨ੍ਹਾਂ ਮੈਨੂੰ ਦੱਸਿਆ ਜੋ ਉਹ ਤੇ ਚਿਰੋਕਣੇ ਇਸਲਾਮੀ ਸੋਸ਼ਲਿਜ਼ਮ ਦੇ ਹੱਕ ਵਿਚ ਲਿਖ ਚੁੱਕੇ ਹਨ ਤੇ ਉਨ੍ਹਾਂ ਮੈਨੂੰ ਇਸ ਬਾਰੇ ਆਪਣੀ ਕਿਤਾਬ ਵੀ ਦਿਖਾਈ। ਜ਼ਾਹਿਰ ਗੱਲ ਹੈ, ਨਵੀਂ-ਨਵੀਂ ਹਕੂਮਤ ਵਿਚ ਆਈ ਪੀਪਲਜ਼ ਪਾਰਟੀ ਦਾ ਬੜਾ ਡਰ ਸੀ ਤੇ ਇਸੇ ਘੱਸ ਵਿਚ ਮੇਰਾ ਕੰਮ ਹੋ ਗਿਆ।

ਮੈਂ ਫਲਸਫਾ ਡਿਪਾਰਟਮੈਂਟ ਵਿਚ ਜਦੀਦ (ਆਧੁਨਿਕ) ਫਲਸਫਾ ਇਕਬਾਲ ਦੇ ਲੈਕਚਰ (ਰੀਕੰਸਟਰੱਕਸ਼ਨ ਆਫ ਰਿਲੀਜੀਅਸ ਥੌਟ ਇਨ ਇਸਲਾਮ) 'ਤੇ ਇੱਕ ਸਾਲ ਲਈ ਮਨਤਕੀ (ਫਿਲਾਸਫੀ) ਪੜ੍ਹਾਈ। ਜਦੀਦ ਫਲਸਫਾ ਵਿਚ ਵਜੂਦੀਅਤ ਅਤੇ ਮਨਤਕੀ ਅਸਬਾਤੀਅਤ ਤਾਂ ਪਹਿਲਾਂ ਹੀ ਪੜ੍ਹਾਏ ਜਾਂਦੇ ਸਨ, ਮੇਰੇ ਕਹਿਣ 'ਤੇ ਮਾਰਕਸਿਜ਼ਮ ਵੀ ਨਿਸਾਬ ਵਿਚ ਸ਼ਾਮਿਲ ਕਰ ਲਿਆ ਗਿਆ। ਵਜੂਦੀਅਤ ਮੈਂ ਦਿਲੋਂ ਪੜ੍ਹਾਉਂਦਾ ਸਾਂ ਤੇ ਮਾਰਕਸਿਜ਼ਮ ਤਾਂ ਮੈਂ ਪ੍ਰੋ. ਖਾਲਿਦ ਮਹਿਮੂਦ ਹੋਰਾਂ ਦੀ ਸਲਾਹ ਨਾਲ ਮੌਰਿਸ ਕੌਰਨਫੋਰਥ ਦੀਆਂ ਦੋ ਕਿਤਾਬਾਂ ਹਿਸਟੌਰੀਕਲ ਮੈਟੀਰੀਆਲਇਜ਼ਮ ਅਤੇ ਡਾਇਲੈਕਟੀਕਲ ਮੈਟੀਰੀਅਲਇਜ਼ਮ ਸਿਲੇਬਸ ਵਿਚ ਲਾ ਦਿੱਤੀਆਂ। ਇਹ ਦੋਵੇਂ ਕਿਤਾਬਾਂ ਮਾਰਕਸਿਜ਼ਮ ਦੇ ਨਵੇਂ ਪੜ੍ਹਿਆਰਾਂ ਲਈ ਅੱਜ ਵੀ ਸਭ ਤੋਂ ਵਧੀਆ ਹਨ। ਮਨਤਕ 'ਤੇ ਮੇਰੀ ਪਕੜ ਢਿੱਲੀ ਸੀ, ਇਸ ਲਈ ਮੈਂ ਠੀਕ ਪੜ੍ਹਾ ਨਹੀਂ ਸਕਿਆ। ਮਨਤਕ 'ਤੇ ਡਾ. ਅਬਦੁਲ ਖਾਲਿਕ ਦੀ ਚੰਗੀ ਜਾਣਕਾਰੀ ਸੀ ਤੇ ਉਹੋ ਹੀ ਚੰਗਾ ਪੜ੍ਹਾ ਸਕਦੇ ਸਨ। ਡਿਪਾਰਟਮੈਂਟ ਵਿਚ ਡਾ. ਨਈਮ ਅਹਿਮਦ ਮੇਰੇ ਉਸਤਾਦ ਵੀ ਸਨ ਤੇ ਉਨ੍ਹਾਂ ਨਾਲ ਗੂੜ੍ਹਾ ਯਾਰਾਨਾ ਵੀ ਸੀ। ਡਿਪਾਰਟਮੈਂਟ ਦੇ ਹੈੱਡ ਖ਼ੁਆਜਾ ਗੁਲਾਮ ਸਾਦਿਕ ਸਨ ਤੇ ਆਪਣੀ ਰਵਾਇਤ-ਪਸੰਦ ਵਿਚਾਰਧਾਰਾ ਦੇ ਬਾਵਜੂਦ ਬੜੇ ਮਿਹਰਬਾਨ ਸਨ ਤੇ ਇਮਤਿਹਾਨਾਂ ਵਿਚ ਕਿਸੇ ਨਾਲ ਡੰਡੀ ਨਹੀਂ ਸਨ ਮਾਰਦੇ। ਇੱਕ ਅਜੀਬ ਗੱਲ ਇਹ ਸੀ ਕਿ ਮਾਰਕਸਿਜ਼ਮ ਦੇ ਦਿੱਤੇ ਗਏ ਇਮਤਿਹਾਨਾਂ ਵਿਚ ਇਸਲਾਮੀ ਜਮੀਅਤ ਤਲਬਾ ਦੀ ਹਮਦਰਦ ਮੁਲਤਾਨੋਂ ਆਈ ਕੁੜੀ ਸ਼ਾਇਸਤਾ ਨਿਆਜ਼ੀ ਹਮੇਸ਼ ਫਸਟ ਆਉਂਦੀ ਸੀ। ਖੱਬੇ ਪੱਖ ਦੇ ਮੇਰੇ ਪੜ੍ਹਿਆਰ ਮੈਨੂੰ ਇਮਤਿਹਾਨਾਂ ਵਿਚ ਇਮਦਾਦ ਕਰਨ ਲਈ ਜ਼ੋਰ ਲਾਉਂਦੇ ਪਰ ਮੈਂ ਕਹਿੰਦਾ ਸਾਂ ਕਿ ਉਸਤਾਦ ਦੇ ਤੌਰ 'ਤੇ ਮੈਂ ਕਿਸੇ ਨਾਲ ਡੰਡੀ ਨਹੀਂ ਮਾਰ ਸਕਦਾ; ਜੇ ਸ਼ਾਇਸਤਾ ਨਿਆਜ਼ੀ ਦੂਜਿਆਂ ਨਾਲੋਂ ਬਹੁਤਾ ਠੀਕ ਜਵਾਬ ਲਿਖਦੀ ਹੈ ਤਾਂ ਉਹ ਫਸਟ ਆਵੇਗੀ। ਮੈਂ ਪੜ੍ਹਿਆਰਾਂ ਨੂੰ ਪੰਜਾਬੀ ਵੱਲ ਵੀ ਲਿਆਉਣ ਦੀ ਕੋਸ਼ਿਸ਼ ਕੀਤੀ। ਇਸੇ ਲਈ ਇੱਕ ਕੁੜੀ ਨੁਜ਼ਹਤ ਨੇ ਵਾਰਿਸ ਸ਼ਾਹ ਉਤੇ ਅਤੇ ਦੂਜੀ ਪ੍ਰਵੀਨ ਜ਼ੈਦੀ ਨੇ ਬੁੱਲ੍ਹੇ ਸ਼ਾਹ ਉਤੇ ਮਕਾਲੇ (ਥੀਸਿਸ) ਲਿਖੇ।

(ਬਾਕੀ ਸਫਾ 30 'ਤੇ)

# ਭਗਤ ਰਵਿਦਾਸ ਜੀ

**ਜਨਮ ਦਿਹਾੜੇ ’ਤੇ ਵਿਸ਼ੇਸ਼**

ਡਾ. ਚਰਨਜੀਤ ਸਿੰਘ ਗੁਮਟਾਲਾ
ਫੋਨ: 91-94175-33060



ਭਗਤ ਰਵਿਦਾਸ ਜੀ ਭਗਤੀ ਲਹਿਰ ਦੇ ਪ੍ਰਮੁੱਖ ਸੰਤਾਂ ਵਿਚੋਂ ਇੱਕ ਸਨ। ਉਹ ਭਾਵੇਂ ਅਖੌਤੀ ਸ਼ੂਦਰ ਵਰਗ ਵਿਚੋਂ ਸਨ, ਪਰ ਉਹ ਉੱਚ ਕੋਟੀ ਦੇ ਸੰਤ ਸਨ, ਜਿਨ੍ਹਾਂ ਨੇ ਸਮੁੱਚੀ ਮਾਨਵਤਾ ਲਈ ਬਾਣੀ ਰਚੀ। ਰਾਮਾਨੰਦ ਜੀ ਤੇ ਵੱਲਭਾਚਾਰੀਆ ਨੇ ਜਿਸ ਭਗਤੀ ਲਹਿਰ ਦਾ ਮੁੱਢ ਬੰਨ੍ਹਿਆ, ਉਸ ਨੂੰ ਭਗਤ ਰਵਿਦਾਸ ਜੀ, ਭਗਤ ਕਬੀਰ ਜੀ, ਭਗਤ ਨਾਮਦੇਵ ਜੀ ਆਦਿ ਭਗਤਾਂ ਨੇ ਅੱਗੇ ਤੋਰਿਆ ਤੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਿਖਰ ‘ਤੇ ਪਹੁੰਚਾਇਆ।

ਭਗਤ ਰਵਿਦਾਸ ਜੀ ਨੇ ਮਾਘ ਸੁਦੀ 15 ਬਿਕ੍ਰਮੀ ਸੰਮਤ 1433 (2 ਜਨਵਰੀ 1377 ਈ.) ਨੂੰ ਅਵਤਾਰ ਧਾਰਿਆ। ਆਪ ਜੀ ਦੇ ਪਿਤਾ ਦਾ ਨਾਂ ਸੰਤੋਖ ਦਾਸ ਤੇ ਮਾਤਾ ਜੀ ਦਾ ਨਾਂ ਬੀਬੀ ਕਲਸਾਂ ਦੇਵੀ ਸੀ, ਜੋ ਬਨਾਰਸ ਦੇ ਨਜ਼ਦੀਕ ਪਿੰਡ ਸੀਰ ਗੋਵਰਧਨ ਵਿਖੇ ਰਹਿੰਦੇ ਸਨ। ਆਪ ਜੀ ਦਾ ਵਿਆਹ 12-13 ਸਾਲ ਦੀ ਉਮਰ ਵਿਚ ਬੀਬੀ ਲੋਨਾ ਨਾਲ ਹੋਇਆ। ਆਪ ਜੀ ਨੇ ਕੋਈ ਗੁਰੂ ਧਾਰਨ ਨਹੀਂ ਕੀਤਾ। ਇਸ ਲਈ ਆਪ ਜੀ ਨੂੰ ਪ੍ਰਮਾਤਮਾ ਦਾ ਭਗਤ ਮੰਨਿਆ ਜਾਂਦਾ ਹੈ। ਆਪ ਜੀ ਦੇ ਸਮੇਂ ਸਮਾਜ ਜਾਤ-ਪਾਤ ਵਿਚ ਵੰਡਿਆ ਹੋਇਆ ਸੀ ਤੇ ਪੜ੍ਹਨ-ਪੜ੍ਹਾਉਣ ਤੇ ਪੂਜਾ ਪਾਠ ਦਾ ਹੱਕ ਕੇਵਲ ਉੱਚੀ ਜਾਤ ਵਾਲਿਆਂ ਨੂੰ ਸੀ, ਇਸ ਲਈ ਆਪ ਜੀ ਨੇ ਕਿਸੇ ਆਸ਼ਰਮ ਵਿਚ ਵਿੱਦਿਆ ਪ੍ਰਾਪਤ ਨਹੀਂ ਸੀ ਕੀਤੀ। ਪਰ ਉਨ੍ਹਾਂ ਦੀ ਬਾਣੀ ਵਿਚੋਂ ਵੇਦਾਂ, ਪੁਰਾਣਾਂ, ਸਿਮ੍ਰਤੀਆਂ, ਪੌਰਾਣਿਕ ਅਤੇ ਇਤਿਹਾਸਿਕ ਅਤੇ ਮਿਥਿਹਾਸਕ ਘਟਨਾਵਾਂ ਦੇ ਹਵਾਲੇ ਮਿਲਦੇ ਹਨ, ਜਿਸ ਤੋਂ ਪਤਾ ਲੱਗਦਾ ਹੈ ਕਿ ਆਪ ਬਹੁਤ ਹੀ ਗਿਆਨਵਾਨ ਅਤੇ ਅਨੁਭਵੀ ਸ਼ਖਸੀਅਤ ਦੇ ਮਾਲਕ ਸਨ। ਆਪ ਜੀ ਨੇ ਪਿਤਾ-ਪੁਰਖੀ ਕਿੱਤਾ ਢੇਰ ਢੋਣਾ, ਜੁੱਤੀਆਂ ਗੰਢਣਾਂ ਅਪਣਾਇਆ, ਜਿਸ ਦੀ ਗਵਾਹੀ ਆਪ ਜੀ ਦੀ ਬਾਣੀ ਵਿਚੋਂ ਮਿਲਦੀ ਹੈ:

ਚਮਰਟਾ ਗਾਂਠਿ ਨ ਜਨਈ ॥
ਲੋਗੁ ਗਠਾਵੈ ਪਨਹੀ ॥ ॥ ਰਹਾਉ ॥
ਮੇਰੀ ਜਾਤਿ ਕੁਟ ਬਾਂਢਲਾ ਢੋਰ ਢੋਵੰਤਾ
ਨਿਤਹਿ ਬਨਾਰਸੀ ਆਸਾ ਪਾਸਾ ॥

ਭਾਈ ਗੁਰਦਾਸ ਜੀ ਨੇ ਜਿੱਥੇ ਆਪ ਜੀ ਦੀ ਉਸਤਤ ਕੀਤੀ ਹੈ, ਉੱਥੇ ਆਪ ਜੀ ਦੇ ਪੇਸ਼ੇ ਬਾਰੇ ਵੀ ਲਿਖਿਆ ਹੈ:

ਭਗਤ ਭਗਤ ਜਗਿ ਵਜਿਆ
ਚਹੁ ਚਕਾਂ ਦੇ ਵਿੱਚ ਚਮਰੇਟਾ,
ਪਾਣਾ ਗੰਢੇ ਰਾਹ ਵਿਚਿ ਕੁਲਾ
ਧਰਮ ਢੋਇ, ਢੋਰ ਸਮੇਟਾ।

ਹੋਰਨਾਂ ਭਗਤਾਂ ਵਾਂਗ ਆਪ ਜੀ ਨੇ ਅੰਧੇਰੇ ਵਿਚ ਭਟਕ ਰਹੀ ਲੋਕਾਈ ਨੂੰ ਗਿਆਨ ਦਾ ਚਾਨਣ ਵੰਡਣ ਲਈ ਬਿਹਾਰ, ਮਹਾਂਰਾਸ਼ਟਰ, ਮੱਧ ਪ੍ਰਦੇਸ਼, ਗੁਜਰਾਤ, ਰਾਜਸਥਾਨ ਤੇ ਹੋਰ ਪ੍ਰਦੇਸਾਂ ਦੀ ਯਾਤਰਾ ਕੀਤੀ।

ਆਪ ਜੀ ਦੇ 40 ਪਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ ਜੋ ਕਿ 16 ਰਾਗਾਂ ਵਿਚ ਹਨ। ਇਨ੍ਹਾਂ ਤੋਂ ਇਲਾਵਾ ਆਪ ਜੀ ਦੁਆਰਾ ਰਚੀ ਬਾਣੀ ਦੇ ਹੱਥ ਲਿਖਤ ਖਰੜੇ ਅਤੇ ਪ੍ਰਕਾਸ਼ਿਤ ਪੁਸਤਕਾਂ ਦੀ ਸੂਚੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਪ੍ਰਕਾਸ਼ਿਤ ਪੁਸਤਕ ‘ਭਗਤ ਰਵਿਦਾਸ ਸ੍ਰੋਤ ਪੁਸਤਕ’ ਤੋਂ ਵੇਖੀ ਜਾ ਸਕਦੀ ਹੈ।

ਆਪ ਤੀਖਣ ਬੁੱਧੀ ਦੇ ਮਾਲਕ ਸਨ। ਆਪ ਜੀ ਨੇ ਸਾਦਗੀ ਭਰੀ ਜ਼ਿੰਦਗੀ ਬਤੀਤ ਕੀਤੀ ਤੇ ਹੱਥੀਂ ਕਿਰਤ ਕਰ ਕੇ ਨਿਰਬਾਹ ਕੀਤਾ। ਆਪ ਨਿਰਗੁਣ ਬ੍ਰਹਮ ਦੇ ਉਪਾਸ਼ਕ ਸਨ। ਆਪ ਜੀ ਨੇ ਬ੍ਰਹਮ ਨੂੰ ਓਅੰਕਾਰ ਰੂਪ ਵਿਚ ਚਿਤਰਿਆ ਹੈ, ਜਿਸ ਦਾ ਤਿੰਨ ਲੋਕਾਂ ਵਿਚ ਵਾਸਾ ਹੈ:

ਬਟਕ ਬੀਜ ਜੈਸਾ ਓਅੰਕਾਰ ॥
ਪਸਰਿਯੋ ਤੀਨ ਲੋਕ ਵਿਸਤਾਰ ॥
ਅਖਰ ਅਨਾਦਿ ਏਕ ਉਂਕਾਰਾ ॥
ਤੀਨ ਲੋਕ ਜਿਨ ਕਿਆ ਪਸਾਰਾ ॥

ਇਹ ਬ੍ਰਹਮ ਮਾਇਆ ਰਹਿਤ ਹੈ, ਜਿਸ ਦਾ ਕੋਈ ਸਰੂਪ ਨਹੀਂ ਤੇ ਨਾ ਹੀ ਕੋਈ ਜਾਤਿ ਹੈ। ਉਸ ਨੂੰ ਸਿਮਰਨ ਕਰ ਕੇ ਗੁਰੂ ਦੀ ਕਿਰਪਾ ਨਾਲ ਹੀ ਪ੍ਰਾਪਤ ਕੀਤਾ ਜਾ ਸਕਦਾ ਹੈ:

ਤੂੰ ਸਰਗੁਣ ਨਿਗੁਣ
ਨਿਰਾਮਈ ਨਿਰਵਿਕਾਰ ॥
ਹਰਿ ਅੰਜਨ ਨਿਰੰਜਨ ਬਿਮਲ ਅਪ੍ਰਮੇਵ ॥
ਕਹਿ ਰਵਿਦਾਸ ਨਿਰੰਜਨ ਧਯਾਊਂ ॥
ਗੁਰ ਪ੍ਰਸਾਦਿ ਨਿਰੰਜਨ ਪਾਵਉ ॥

ਭਗਤ ਰਵਿਦਾਸ ਜੀ ਬ੍ਰਹਮ ਨੂੰ ਇਸ ਸੰਸਾਰ ਦਾ ਕਰਤਾ ਮੰਨਦੇ ਹਨ, ਜੋ ਸਾਰਿਆ ਵਿਚ ਵੱਸ ਰਿਹਾ ਹੈ:

ਬਹੁ ਬਿਧਿ ਨਰਮ ਨਿਰੂਪੀਐ
ਕਰਤਾ ਦੀਸੈ ਸਭ ਲੋਇ ॥
ਸਰਬੈ ਏਕੁ ਅਨੇਕੈ ਸੁਆਮੀ
ਸਭ ਘਟ ਭੋਗਵੈ ਸੋਈ ॥

ਪ੍ਰਮਾਤਮਾ ਇੱਕ ਹੀ ਹੈ ਜੋ ਅਨੇਕਾਂ ਰੂਪਾਂ ਵਿਚ ਇਸ ਸੰਸਾਰ ਵਿਚ ਵਿਚਰ ਰਿਹਾ ਹੈ:

ਏਕ ਹੀ ਏਕ ਅਨੇਕ ਹੋਇ ਬਿਸਥਰਿਓ
ਆਨ ਰੇ ਆਨ ਭਰਪੂਰਿ ਸੋਊ ॥

ਇਹ ਜਗਤ ਸਤਿ ਵੀ ਹੈ ਤੇ ਅਸਤਿ ਵੀ। ਪ੍ਰਮਾਤਮਾ ਦੀ ਕਿਰਤ ਹੋਣ ਕਰਕੇ ਜਗਤ ਸਤਿ ਹੈ। ਇਸ ਜਗਤ ਦੀ ਹਰ ਚੀਜ਼ ਨਾਸ਼ਮਾਨ ਹੈ, ਇਸ ਲਈ ਇਹ ਜਗਤ ਅਸਤਿ ਹੈ। ਭਗਤ ਰਵਿਦਾਸ ਜਗਤ ਨੂੰ ਫ਼ਾਨੀ ਦਰਸਾਉਂਦੇ ਹੋਏ ਲਿਖਦੇ ਹਨ:

ਜੋ ਦਿਨ ਆਵਹਿ ਸੋ ਦਿਨ ਜਾਹੀ ॥
ਕਰਨਾ ਕੂਚੁ ਰਹਨੁ ਥਿਰੁ ਨਾਹੀ ॥
ਸੰਗੁ ਚਲਤ ਹੈ ਹਮ ਭੀ ਚਲਨਾ ॥
ਦੂਰਿ ਗਵਨੁ ਸਿਰ ਊਪਰਿ ਮਰਨਾ ॥1॥
ਕਿਆ ਤੂ ਸੋਇਆ ਜਾਗੁ ਇਆਨਾ ॥
ਤੈ ਜੀਵਨੁ ਜਗਿ ਸਚੁ ਕਰਿ ਜਾਨਾ ॥1॥
ਰਹਾਉ ॥ ....



ਕਹਿ ਰਵਿਦਾਸ ਨਿਦਾਨਿ ਦਿਵਾਨੇ ॥
ਚੇਤਸਿ ਨਾਹੀ ਦੁਨੀਆ ਫਨ ਖਾਨੇ ॥

ਇਸ ਜਗਤ ਵਿਚ ਜੋ ਦਿਸ ਰਿਹਾ ਹੈ, ਸਭ ਨਾਸ਼ਮਾਨ ਹੈ। ਉਹ ਲਿਖਦੇ ਹਨ :

ਬਿਨ ਦੇਖੈ ਉਪਜੈ ਨਹੀ ਆਸਾ ॥
ਜੋ ਦੀਜੈ ਸੋ ਹੋਇ ਬਿਨਾਸਾ ॥

ਭਗਤ ਰਵਿਦਾਸ ਜੀ ਅਨੁਸਾਰ ਇਸ ਜਗਤ ਦਾ ਰੰਗ ਕਸੁੰਭੜੇ ਵਾਂਗ ਕੱਚਾ ਭਾਵ ਅਸਥਿਰ ਹੈ ਜਦ ਕਿ ਪ੍ਰਮਾਤਮਾ ਮਜੀਠ ਦੇ ਰੰਗ ਵਾਂਗ ਪੱਕਾ ਜਾਂ ਸਥਿਰ ਹੈ:

ਜੈਸਾ ਰੰਗੁ ਕਸੁੰਭ ਕਾ ਤੈਸਾ ਇਹੁ ਸੰਸਾਰੁ ॥
ਮੇਰੇ ਰਮਈਏ ਰੰਗੁ ਮਜੀਠ ਕਾ ਕਹੁ
ਰਵਿਦਾਸ ਚਮਾਰ ॥

ਰਵਿਦਾਸ ਜੀ ਨੇ ਇਸ ਜਗਤ ਨੂੰ ਬਾਜ਼ੀ ਤੇ ਪ੍ਰਮਾਤਮਾ ਨੂੰ ਬਾਜ਼ੀਗਰ ਦੀ ਸੰਗਿਆ ਦਿੱਤੀ ਹੈ। ਇਹ ਸੰਸਾਰ ਬਾਜ਼ੀਗਰ ਰੂਪੀ ਪ੍ਰਮਾਤਮਾ ਦੀ ਬਾਜ਼ੀ ਭਾਵ ਖੇਡ ਹੈ:

ਕਹਿ ਰਵਿਦਾਸ ਬਾਜੀ ਜਗੁ ਭਾਈ ॥
ਬਾਜੀਗਰ ਸਉ ਮੋਹਿ ਪ੍ਰੀਤਿ ਬਨਿ ਆਈ ॥

ਆਪ ਪ੍ਰਮਾਤਮਾ ਨੂੰ ਸਰਬ-ਵਿਆਪਕ ਮੰਨਦੇ ਹਨ, ਜੋ ਅਨੇਕ ਰੂਪ ਬਣਾ ਕੇ ਸਾਰਿਆ ਵਿਚ ਵਸਦਾ ਹੈ। ਜੋ ਕੁਝ ਵੀ ਹੋ ਰਿਹਾ ਹੈ, ਉਸ ਦੀ ਰਜ਼ਾ ਵਿਚ ਹੋ ਰਿਹਾ ਹੈ:

ਸਰਬੈ ਏਕ ਅਨੇਕੈ ਸੁਆਮੀ,
ਸਭ ਘਟ ਭੂਗਾਵੈ ਸੋਈ ॥
ਕਹਿ ਰਵਿਦਾਸ ਹਾਥ ਪੈ
ਨੇਰੈ ਸਹਜੇ ਹੋਇ ਸੁ ਹੋਈ ॥

ਇਸ ਤਰ੍ਹਾਂ ਆਪ ਨਿਰਗੁਣ ਧਾਰਾ ਦੇ ਸੰਤ ਕਵੀ ਸਨ, ਜਿਨ੍ਹਾਂ ਨੇ ਪੂਰਵ ਪ੍ਰਚਲਿਤ ਦਾਰਸ਼ਨਿਕ ਮਾਨਤਾਵਾਂ ਨੂੰ ਆਪਣੇ ਅਨੁਭਵ ਅਨੁਸਾਰ ਮੌਲਿਕ ਰੂਪ ਵਿਚ ਪੇਸ਼ ਕੀਤਾ। ਆਪ ਜੀ ਦਾ ਸੰਦੇਸ਼ ਜਨ-ਸਾਧਾਰਨ ਲਈ ਸੀ, ਜੋ ਅਖੌਤੀ ਭੇਖੀਆਂ, ਅੰਧ-ਵਿਸ਼ਵਾਸੀਆਂ ਤੇ ਧਰਮ ਦੇ ਠੇਕੇਦਾਰਾਂ ਦੀ ਘਿਰਣਾ ਦਾ ਸ਼ਿਕਾਰ ਸੀ।

ਆਪ ਜੀ ਨੇ ਉਸ ਸਮੇਂ ਪ੍ਰਚਲਿਤ ਕਰਮ ਕਾਂਡਾਂ ਦੀ ਥਾਂ ‘ਤੇ ਭਗਤੀ ਮਾਰਗ ਨੂੰ ਸਰਵ ਸ੍ਰੇਸ਼ਟ ਦੱਸਿਆ। ਤੀਰਥ ਇਸ਼ਨਾਨ ਨੂੰ ਹਾਥੀ ਦੇ ਇਸ਼ਨਾਨ ਵਾਂਗ ਬਾਹਰਮੁਖੀ ਕਰਾਰ ਦਿੱਤਾ। ਆਪ ਜੀ ਅਨੁਸਾਰ ਲੋਕ ਆਪਣੇ ਵੱਲੋਂ ਸੁੱਚਾ ਜਲ, ਦੁੱਧ, ਫਲ ਆਦਿ ਵਸਤੂਆਂ ਨਾਲ ਦੇਵੀ ਦੇਵਤਿਆਂ ਦੀ ਪੂਜਾ ਕਰ ਕੇ, ਉਨ੍ਹਾਂ ਨੂੰ ਪ੍ਰਸੰਨ ਕਰਨ ਦਾ ਯਤਨ ਕਰਦੇ ਹਨ ਪਰ ਇਹ ਵਸਤੂਆਂ ਪਹਿਲਾਂ ਹੀ ਜੂਠੀਆਂ ਹੁੰਦੀਆਂ ਹਨ। ਦੁੱਧ ਵੱਛੇ ਦੇ ਥਣਾਂ ਤੋਂ ਜੂਠਾ ਕੀਤਾ ਹੁੰਦਾ ਹੈ, ਫੁੱਲ ਭੌਰੇ ਨੇ ਜੂਠੇ ਕੀਤੇ ਹੁੰਦੇ ਹਨ ਤੇ ਜਲ ਮਛਲੀ ਨੇ ਖ਼ਰਾਬ ਕੀਤਾ ਹੁੰਦਾ ਹੈ। ਇਸ ਲਈ ਇਹ ਵਸਤੂਆਂ ਭੇਟ ਕਰਨ ਯੋਗ ਨਹੀਂ। ਪੂਜਾ ਦੀਆਂ ਬਾਕੀ ਵਸਤੂਆਂ ਚੰਦਨ, ਧੂਫ, ਦੀਪ, ਨੈਵੇਦਾ ਵੀ ਜੂਠੀਆਂ ਹੁੰਦੀਆਂ ਹਨ। ਚੰਦਨ ਦੇ ਬੂਟੇ ਨੂੰ ਸੱਪ ਚੰਬੜੇ ਹੁੰਦੇ ਹਨ। ਧੂਫ, ਦੀਪ ਤੇ ਨੈਵੇਦਾ ਸੁਗੰਧੀ ਆ ਜਾਣ ਕਰਕੇ ਜੂਠੇ ਹੁੰਦੇ ਹਨ। ਪੂਜਾ ਸਮੇਂ ਦੇਵਤਿਆਂ ਦੀਆਂ ਮੂਰਤੀਆਂ ਅੱਗੇ ਆਰਤੀ ਕੀਤੀ ਜਾਂਦੀ ਹੈ। ਇਸ ਕਰਮ-ਕਾਂਡ ਨੂੰ ਆਪ ਜੀ ਨੇ ਅਪ੍ਰਵਾਨ ਕੀਤਾ ਹੈ ਤੇ ਕਿਹਾ ਕਿ ਅਸਲ ਆਰਤੀ ਪ੍ਰਮਾਤਮਾ ਦਾ ਨਾਮ ਹੈ। ਰਾਗ ਧਨਾਸਰੀ ਵਿਚ ਉਚਾਰੇ ਸ਼ਬਦ ਤੋਂ ਆਪ ਜੀ ਦੀ ਭਗਤੀ ਸਪੱਸ਼ਟ ਹੋ ਜਾਂਦੀ ਹੈ। ਆਪ ਜੀ ਅਨੁਸਾਰ ਪ੍ਰਮਾਤਮਾ ਦਾ ਨਾਮ ਹੀ ਆਰਤੀ ਹੈ। ਹਰਿ ਦੇ ਬਿਨਾਂ ਸਾਰੇ ਅਡੰਬਰ ਕੂੜੇ ਹਨ:

ਨਾਮ ਤੈਰੋ ਆਰਤੀ ਮਜਨੁ ਮੁਰਾਰੇ ॥
ਹਰਿ ਕੇ ਨਾਮ ਬਿਨੁ ਝੈਠੇ ਸਗਲ ਪਸਾਰੇ ॥

ਇਸ ਸ਼ਬਦ ਦੇ ਅੰਤ ਵਿਚ ਕਹਿੰਦੇ ਹਨ ਕਿ ਹੇ ਪ੍ਰਭੂ! ਤੇਰਾ ਨਾਮ ਹੀ ਮੇਰੇ ਲਈ ਤੇਰੀ ਆਰਤੀ ਹੈ ਤੇ ਸਦਾ ਕਾਇਮ ਰਹਿਣ ਵਾਲੇ ਨਾਮ ਦਾ ਹੀ ਭੋਗ ਮੈਂ ਤੈਨੂੰ ਲਾਉਂਦਾ ਹਾਂ:

ਕਹੈ ਰਵਿਦਾਸ ਨਾਮ ਤੇਰੋ ਆਰਤੀ ॥
ਸਤਿ ਨਾਮੁ ਹੈ ਹਰਿ ਭੋਗ ਤੁਹਾਰੈ ॥4॥3॥

ਆਪ ਮੂਰਤੀ ਪੂਜਾ ਦੇ ਵਿਰੁੱਧ ਸਨ। ਆਪ ਅਨੁਸਾਰ ਸਿਮਰਨ ਕਰਨ ਨਾਲ ਹੀ ਮੁਕਤੀ ਮਿਲਦੀ ਹੈ ਤੇ ਨਰਕ ਤੋਂ ਛੁਟਕਾਰਾ ਮਿਲਦਾ ਹੈ। ਆਪ ਜੀ ਸੰਸਾਰਕ ਝਮੇਲਿਆਂ ਵਿਚੋਂ ਨਿਕਲ ਕੇ ਐਸੀ ਦੁਨੀਆ ਵਿਚ ਜਾਣਾ ਲੋਚਦੇ ਹਨ, ਜਿਸ ਨੂੰ ਆਪ ਜੀ ਬੇਗਮਪੁਰਾ ਕਹਿੰਦੇ ਹਨ, ਜਿੱਥੇ ਨਾ ਕੋਈ ਦੁੱਖ ਹੈ, ਨਾ ਚਿੰਤਾ ਹੈ ਅਤੇ ਨਾ ਹੀ ਕੋਈ ਘਬਰਾਹਟ ਹੈ। ਉੱਥੇ ਦੁਨੀਆ ਵਾਲੀ ਜਾਇਦਾਦ ਨਹੀਂ ਅਤੇ ਨਾ ਹੀ ਉਸ ਜਾਇਦਾਦ ਨੂੰ ਕੋਈ ਮਸੂਲ ਹੈ। ਉਸ ਅਵਸਥਾ ਵਿਚ ਪਾਪ ਕਰਨ ਦਾ ਕੋਈ ਖ਼ਤਰਾ ਨਹੀਂ, ਕੋਈ ਗਿਰਾਵਟ ਨਹੀਂ:

ਬੇਗਮ ਪੁਰਾ ਸਹਰ ਕੋ ਨਾਉ ॥
ਦੂਖੁ ਅੰਦੋਹੁ ਨਹੀ ਤਿਹਿ ਠਾਉ ॥
ਨਾਂ ਤਸਵੀਸ ਖਿਰਾਜੁ ਨ ਮਾਲੁ ॥
ਖਉਫੁ ਨ ਖਤਾ ਨਾ ਤਰਸੁ ਜਵਾਲੁ ॥

ਆਪ 151 ਸਾਲ ਦੀ ਆਯੂ ਭੋਗ ਕੇ 1528 ਈ. (1583 ਬਿਕਰਮੀ) ਨੂੰ ਪ੍ਰਲੋਕ ਸਿਧਾਰ ਗਏ।

# ਸੰਯੁਕਤ ਸਮਾਜ ਮੋਰਚਾ ਅਤੇ ਚੋਣਾਂ

ਅਮਰਜੀਤ ਬਾਜੇਕੇ
ਫੋਨ: +91-98157-27360

ਪੰਜਾਬ ਵਿਚ ਵਿਧਾਨ ਸਭਾ ਚੋਣਾਂ ਦਾ ਅਖਾੜਾ ਭਖ ਚੁੱਕਿਆ ਹੈ। ਇਸ ਵਾਰ ਮੁਕਾਬਲਾ ਪੰਜ ਫਰੰਟਾਂ ਵਿਚਕਾਰ ਹੈ। ਇਨ੍ਹਾਂ ਵਿਚ ਸ਼੍ਰੋਮਣੀ ਅਕਾਲੀ ਦਲ (ਬਾਦਲ) ਤੇ ਬਸਪਾ ਗੱਠਜੋੜ; ਅਕਾਲੀ ਦਲ (ਸੰਯੁਕਤ), ਕੈਪਟਨ ਅਮਰਿੰਦਰ ਸਿੰਘ ਦੀ ਪੰਜਾਬ ਲੋਕ ਕਾਂਗਰਸ ਤੇ ਬੀ.ਜੇ.ਪੀ. ਗੱਠਜੋੜ; ਆਮ ਆਦਮੀ ਪਾਰਟੀ, ਕਾਂਗਰਸ ਅਤੇ ਸੰਯੁਕਤ ਸਮਾਜ ਮੋਰਚਾ ਚੋਣ ਮੈਦਾਨ ਵਿਚ ਹੈ। ਸੰਯੁਕਤ ਸਮਾਜ ਮੋਰਚੇ ਨੂੰ ਛੱਡ ਕੇ ਬਾਕੀ ਪਾਰਟੀਆਂ ਅਤੇ ਗੱਠਜੋੜਾਂ ਬਾਰੇ ਲੋਕ ਜਾਣੂ ਹਨ ਪਰ ਸੰਯੁਕਤ ਸਮਾਜ ਮੋਰਚਾ ਪੰਜਾਬ ਹੁਣ ਹੋਂਦ ਵਿਚ ਆਇਆ ਹੈ।

ਸੰਯੁਕਤ ਸਮਾਜ ਮੋਰਚੇ ਦਾ ਪੈਦਾ ਹੋਣਾ: ਸਤੰਬਰ 2022 ਤੋਂ ਦਸੰਬਰ 2021 ਤੱਕ ਲੜਿਆ ਕਿਸਾਨ ਸੰਘਰਸ਼ ਸਭ ਨੂੰ ਯਾਦ ਹੈ। ਇਹ ਕਿਸਾਨ ਸੰਘਰਸ਼ ਸੰਯੁਕਤ ਕਿਸਾਨ ਮੋਰਚੇ ਦੀ ਅਗਵਾਈ ਵਿਚ ਲੜਿਆ ਗਿਆ ਜਿਸ ਵਿਚ ਪੰਜਾਬ ਦੀਆਂ 30+2 ਕਿਸਾਨ ਜਥੇਬੰਦੀਆਂ ਸ਼ਾਮਿਲ ਸਨ। ਕਿਸਾਨ ਸੰਘਰਸ਼ ਦੀਆਂ ਮੁੱਖ ਮੰਗਾਂ ਮੰਨੇ ਜਾਣ ਤੋਂ ਬਾਅਦ ਸੰਘਰਸ਼ ਦਸੰਬਰ 2021 ਵਿਚ ਮੁਲਤਵੀ ਕਰ ਦਿੱਤਾ ਗਿਆ। ਇਨ੍ਹਾਂ 32 ਕਿਸਾਨ ਜਥੇਬੰਦੀਆਂ ਵਿਚੋਂ 22 ਕਿਸਾਨ ਜਥੇਬੰਦੀਆਂ ਨੇ ਸੰਯੁਕਤ ਸਮਾਜ ਮੋਰਚਾ, ਪੰਜਾਬ ਦੀ ਸਥਾਪਨਾ ਕੀਤੀ ਅਤੇ ਬਲਬੀਰ ਸਿੰਘ ਰਾਜੇਵਾਲ ਦੀ ਅਗਵਾਈ ਹੇਠ ਪੰਜਾਬ ਵਿਧਾਨ ਸਭਾ ਚੋਣਾਂ ਲੜਨ ਦਾ ਐਲਾਨ ਕੀਤਾ ਹੈ। ਇਸ ਮੋਰਚੇ ਵਿਚ ਸ਼ਾਮਿਲ 22 ਜਥੇਬੰਦੀਆਂ ਵਿਚ ਖੱਬੇ-ਪੱਖੀ ਪਾਰਲੀਮਾਨੀ ਪਾਰਟੀਆਂ ਦੇ ਕਿਸਾਨ ਫਰੰਟ ਵੀ ਸ਼ਾਮਿਲ ਹਨ। ਇਸ ਤੋਂ ਇਲਾਵਾ ਜ਼ਿਆਦਾਤਰ ਜੱਥੇਬੰਦੀਆਂ ਦੋਆਬਾ ਆਧਾਰਿਤ ਹਨ ਜਿਨ੍ਹਾਂ ਦਾ ਇਤਿਹਾਸ ਕੋਈ ਜ਼ਿਆਦਾ ਪੁਰਾਣਾ ਨਹੀਂ। 2016 ਵਿਚ ਗੰਨਾ ਸੰਘਰਸ਼ ਕਮੇਟੀ ਦੀ ਅਗਵਾਈ ਵਿਚ ਵੱਡਾ ਸੰਘਰਸ਼ ਲੜਿਆ ਗਿਆ ਸੀ। ਇਸ ਵਿਚ ਗੰਨਾ ਫੈਕਟਰੀਆਂ ਅਧੀਨ ਪੈਂਦੀ ਗੰਨਾ ਕਾਸ਼ਤਕਾਰ ਕਿਸਾਨ ਬੈਲਟ ਨੇ ਸਾਂਝਾ ਸੰਘਰਸ਼ ਲੜਿਆ। ਇਸ ਸੰਘਰਸ਼ ਤੋਂ ਬਾਅਦ ਇਹ ਗੰਨਾ ਸੰਘਰਸ਼ ਕਮੇਟੀ ਵੱਖ ਵੱਖ ਫੈਕਟਰੀਆਂ ਅਧੀਨ ਪੈਂਦੇ ਇਲਾਕਿਆਂ ਵਿਚ ਵੰਡੀ ਗਈ। ਇਨ੍ਹਾਂ 22 ਜਥੇਬੰਦੀਆਂ ਵਿਚ ਵੱਡੀ ਗਿਣਤੀ ਗੰਨਾ ਉਤਪਾਦਕ ਕਿਸਾਨ ਜਥੇਬੰਦੀਆਂ ਦੀ ਹੈ। ਇਹ ਜਥੇਬੰਦੀਆਂ ਗੰਨਾ ਫੈਕਟਰੀ ਦੀਆਂ ਕਿਸਾਨ ਟਰੇਡ ਯੂਨੀਅਨ ਵਰਗੀਆਂ ਹਨ।

ਬਲਬੀਰ ਸਿੰਘ ਰਾਜੇਵਾਲ ਦੀ ਪਿਛੋਕੜ: ਬਲਬੀਰ ਸਿੰਘ ਰਾਜੇਵਾਲ ਭਾਰਤੀ ਕਿਸਾਨ ਯੂਨੀਅਨ (ਰਾਜੇਵਾਲ) ਦੇ ਸੂਬਾ ਪ੍ਰਧਾਨ ਹੈ। ਸੰਯੁਕਤ ਕਿਸਾਨ ਮੋਰਚੇ ਵਿਚ ਆਉਣ ਤੋਂ ਪਹਿਲਾਂ ਇਹ ਕਾਂਗਰਸ ਪੱਖੀ ਜਥੇਬੰਦੀ ਵਜੋਂ ਜਾਣੀ ਜਾਂਦੀ ਸੀ। ਇਸ ਦੇ ਉਲਟ ਅਜਮੇਰ ਸਿੰਘ ਲੱਖੋਵਾਲ ਭਾਰਤੀ ਕਿਸਾਨ ਯੂਨੀਅਨ (ਲੱਖੋਵਾਲ) ਅਕਾਲੀ ਪੱਖੀ ਕਿਸਾਨ ਜਥੇਬੰਦੀ ਮੰਨੀ ਜਾਂਦੀ ਹੈ। ਇਹ ਦੋਵੇਂ ਜਥੇਬੰਦੀਆਂ ਲੰਮਾ ਸਮਾਂ ਅਕਾਲੀ ਅਤੇ ਕਾਂਗਰਸ ਕਿਸਾਨ ਵਿੰਗ ਵਜੋਂ ਜਾਣੀਆਂ ਜਾਂਦੀਆਂ ਰਹੀਆਂ ਹਨ। ਰਾਜੇਵਾਲ ਜੀ ਇਸ ਸਮੇਂ ਦੌਰਾਨ ਅਤੇ 2017 ਵਿਚ ਵੀ ਆਮ ਆਦਮੀ ਪਾਰਟੀ ਨਾਲ ਨੇੜਤਾ ਬਣਾਉਣ ਦੀ ਕੋਸ਼ਿਸ ਕਰ ਚੁੱਕੇ ਹਨ।

ਸੰਯੁਕਤ ਸਮਾਜ ਮੋਰਚਾ, ਪੰਜਾਬ ਦੀ ਰਾਜਨੀਤਕ ਆਰਥਿਕਤਾ: 1960 ਤੋਂ ਬਾਅਦ ਪੰਜਾਬ ਵਿਚ ਹਰੇ ਇਨਕਲਾਬ ਦਾ ਤਜਰਬਾ ਕੀਤਾ ਗਿਆ। ਇਸ ਤਜਰਬੇ ਨਾਲ ਜਿੱਥੇ ਖੇਤੀ ਲਾਗਤਾਂ ਅਤੇ ਪੈਦਾਵਾਰ ਵਿਚ ਅਥਾਹ ਵਾਧਾ ਹੋਇਆ, ਉੱਥੇ ਵਧ ਰਹੀਆਂ ਖੇਤੀ ਲਾਗਤਾਂ ਨਾਲ ਦਰਮਿਆਨੇ ਅਤੇ ਛੋਟੇ ਕਿਸਾਨ ਕਰਜ਼ੇ ਹੇਠ ਦੱਬੇ ਗਏ। ਦੂਜੇ ਪਾਸੇ ਵਾਧੂ ਪੈਦਾਵਾਰ ਦਾ ਧਨੀ ਕਿਸਾਨ ਅਤੇ ਵੱਡੇ ਜ਼ਿਮੀਦਾਰਾਂ ਨੂੰ ਜ਼ਿਆਦਾ ਫਾਇਦਾ ਹੋਇਆ ਅਤੇ ਇਸ ਵਾਧੂ ਪੈਦਾਵਾਰ ਦੇ ਮੁਨਾਫੇ ਨਾਲ ਇਹ ਤਬਕਾ ਪੰਜਾਬ ਵਿਚ ਇਕ ਜਮਾਤ ਵਜੋਂ ਉੱਭਰਿਆ। 1970-80 ਵਿਚ ਇਸ ਜਮਾਤ ਦੀ ਅਗਵਾਈ ਕਰਕੇ ਅਕਾਲੀ ਦਲ ਸ਼ਕਤੀਸ਼ਾਲੀ ਖੇਤਰੀ ਪਾਰਟੀ ਵਜੋਂ ਉਭਰਿਆ। ਦੂਜੇ ਪਾਸੇ ਕਾਂਗਰਸ ਨੇ ਵੀ ਪਿੰਡ ਦੀ ਵੱਡੀ ਜ਼ਿਮੀਂਦਾਰ ਜਮਾਤ ਨੂੰ ਕਾਂਗਰਸ ਵਿਚ ਭਰਤੀ ਕੀਤਾ। ਇਸ ਤਰ੍ਹਾਂ ਹਰੇ ਇਨਕਲਾਬ ਨੇ ਵੱਡੀ ਜ਼ਿਮੀਂਦਾਰ ਜਮਾਤ ਵਿਚੋਂ ਇਕ ਹਿੱਸੇ ਨੂੰ ਰਾਜਨੀਤਕ ਆਧਾਰ ਮੁਹੱਈਆ ਕੀਤਾ ਅਤੇ ਇਹ ਜਮਾਤ ਅਕਾਲੀ ਦਲ ਤੇ ਕਾਂਗਰਸ ਵਿਚ ਜਜ਼ਬ ਹੋ ਗਈ। ਅਕਾਲੀ ਦਲ ਅਤੇ ਕਾਂਗਰਸ ਦਾ ਪਿੰਡਾਂ ਵਿਚ ਮੁੱਖ ਆਧਾਰ ਅੱਜ ਵੀ ਇਹ ਜਮਾਤਾਂ ਹਨ।

1990 ਵਿਚ ਉਦਾਰੀਕਰਨ, ਨਿੱਜੀਕਰਨ ਅਤੇ ਸੰਸਾਰੀਕਰਨ ਦੀਆਂ ਨੀਤੀਆਂ ਨੇ ਵੀ ਵੱਡੀ ਕਿਸਾਨੀ ਵਿਚੋਂ ਇਕ ਹਿੱਸੇ ਨੂੰ ਖੇਤੀ ਆਧਾਰਿਤ ਆਰਥਿਕ ਕਾਰੋਬਾਰਾਂ ਨਾਲ ਜੋੜਿਆ ਜਿਸ ਵਿਚ ਆੜ੍ਹਤ, ਰੇਹ ਸਪਰੇਅ, ਕਰਿਆਨਾ ਸਟੋਰ, ਖਾਦ ਸਟੋਰ, ਪੈਟਰੋਲ ਪੰਪ, ਟਰਾਂਸਪੋਰਟ, ਹੋਟਲ ਆਦਿ ਕਾਰੋਬਾਰ ਸ਼ਾਮਿਲ ਹਨ। ਇਨ੍ਹਾਂ ਕਾਰੋਬਾਰਾਂ ਵਿਚ ਆਧੁਨਿਕ ਬੀਜ ਲੈਬਾਰਟਰੀਆਂ, ਬੀਜ ਦੁਕਾਨਾਂ ਅਤੇ ਖੇਤੀ ਨਾਲ ਸੰਬੰਧਿਤ ਮਸ਼ੀਨੀ ਸਨਅਤ ਨਾਲ ਜੁੜੇ ਹੋਰ ਕਾਰੋਬਾਰ ਵਿਚ ਵੱਡੀ ਕਿਸਾਨੀ ਦੇ ਇਕ ਹਿੱਸੇ ਨੇ ਨਿਵੇਸ਼ ਕੀਤਾ ਹੈ। ਪਿਛਲੇ 30 ਸਾਲਾਂ ਵਿਚ ਇਸ ਤਰ੍ਹਾਂ ਦੇ ਕਾਰੋਬਾਰ ਨਾਲ ਜੁੜੇ ਵੱਡੇ ਕਿਸਾਨਾਂ ਨੇ ਆਪਣੀ ਜ਼ਮੀਨ ਅਤੇ ਕਾਰੋਬਾਰ ਵਿਚ ਵਾਧਾ ਕੀਤਾ ਹੈ ਅਤੇ ਇਹ ਹਿੱਸਾ ਇਕ ਜਮਾਤ ਵਜੋਂ ਉੱਭਰਿਆ ਹੈ। ਸੰਯੁਕਤ ਸਮਾਜ ਮੋਰਚੇ ਦਾ ਮੁੱਖ ਆਗੂ ਆਧਾਰ ਇਹ ਜਮਾਤ ਹੀ ਹੈ।


ਸੰਯੁਕਤ ਸਮਾਜ ਮੋਰਚੇ ਦਾ ਸਮਾਜਿਕ ਅਤੇ ਸੱਭਿਆਚਾਰਕ ਆਧਾਰ: ਪੰਜਾਬ ਵਿਚ ਕਰੀਬ 26 ਲੱਖ ਕਿਸਾਨ ਕਾਸ਼ਤਕਾਰ ਹਨ। ਇਨ੍ਹਾਂ ਵਿਚੋਂ 80 ਫੀਸਦੀ ਤੋਂ ਵੱਧ ਕਿਸਾਨ ਜੱਟ ਸਿੱਖ ਕਿਸਾਨ ਹਨ। ਇਨ੍ਹਾਂ ਕਿਸਾਨਾਂ ਕੋਲ ਪੰਜਾਬ ਦੀ 90 ਫੀਸਦੀ ਜ਼ਮੀਨ ਉੱਤੇ ਮਾਲਕੀ ਹੈ। ਪੰਜਾਬ ਵਿਚ 20 ਲੱਖ ਕਿਸਾਨਾਂ ਕੋਲ 10 ਏਕੜ ਤੋਂ ਘੱਟ ਜ਼ਮੀਨ ਹੈ। ਇਸ ਦੇ ਉਲਟ 0.46 ਫੀਸਦੀ ਕਿਸਾਨਾਂ ਦੀ 22 ਫੀਸਦੀ ਜ਼ਮੀਨ ਉੱਤੇ ਮਾਲਕੀ ਹੈ। ਕੁੱਲ 10,3,74,000 ਵਿਚੋਂ 23,00,000 ਏਕੜ ਜ਼ਮੀਨ 11,500 ਪਰਿਵਾਰਾਂ ਕੋਲ ਹੈ। 100 ਏਕੜ ਤੋਂ ਲੈ ਕੇ 250 ਤੋਂ ਵੱਧ ਏਕੜ ਜ਼ਮੀਨ ਵਾਲੇ ਪਰਿਵਾਰਾਂ ਦੀ ਗਿਣਤੀ 11,500 ਦੇ ਕਰੀਬ ਬਣਦੀ ਹੈ। ਪੰਜਾਬ ਦੀ ਕੁੱਲ ਵਸੋਂ ਵਿਚੋਂ 58 ਫੀਸਦੀ ਸਿੱਖ ਵਸੋਂ ਹੈ ਅਤੇ ਕੁੱਲ ਵਸੋਂ ਦਾ 19 ਫੀਸਦੀ ਜੱਟ ਸਿੱਖ ਵਸੋਂ ਹੈ। ਪੰਜਾਬ ਦੀ ਰਾਜਨੀਤਕ ਸੱਤਾ ਵਿਚ ਹਿੱਸੇਦਾਰੀ ਦਾ ਮੁਕਾਬਲਾ ਇਸ ਜਮਾਤ ਵਿਚਕਾਰ ਹੈ।

ਪੰਜਾਬ ਦੀਆਂ ਚੋਣਾਂ ਵਿਚ ਸੰਯੁਕਤ ਸਮਾਜ ਮੋਰਚੇ ਦੀ ਭੂਮਿਕਾ: ਸੰਯੁਕਤ ਸਮਾਜ ਮੋਰਚਾ ਧਨੀ ਕਿਸਾਨੀ ਵਿਚੋਂ ਪੜ੍ਹੇ-ਲਿਖੇ ਅਤੇ ਜਾਗਰੂਕ ਤਬਕੇ ਨੂੰ ਆਪਣੇ ਉਮੀਦਵਾਰ ਐਲਾਨ ਰਿਹਾ ਹੈ। ਇਸ ਦਾ ਮੈਨੀਫੈਸਟੋ ਅਜੇ ਤੱਕ ਨਹੀਂ ਆਇਆ ਪਰ ਮੌਜੂਦਾ ਚੋਣਾਂ ਵਿਚ ਵੋਟ ਵੰਡ ਅਤੇ ਸ਼ਕਤੀਆਂ ਦੇ ਸਮਤੋਲ ਮੁਤਾਬਿਕ ਇਸ ਮੋਰਚੇ ਦੀ ਭੂਮਿਕਾ ਦਾ ਅੰਦਾਜ਼ਾ ਲਾਇਆ ਜਾ ਸਕਦਾ ਹੈ। ਅਕਾਲੀ ਦਲ ਮੌਜੂਦਾ ਚੋਣਾਂ ਵਿਚ 2017 ਦੀਆਂ ਚੋਣਾਂ ਤੋਂ ਵੱਧ ਪੱਛੜਿਆ ਹੋਇਆ ਲੱਗ ਰਿਹਾ ਹੈ ਪਰ ਉਸ ਦਾ ਪੱਕਾ ਚੋਣ ਆਧਾਰ ਬਰਕਰਾਰ ਹੈ। ਸੰਯੁਕਤ ਅਕਾਲੀ ਦਲ, ਕੈਪਟਨ ਅਤੇ ਬੀ.ਜੇ.ਪੀ., ਪੰਜਾਬ ਦੇ ਸਮੂਹਿਕ ਲੋਕ-ਵਿਰੋਧ ਦਾ ਸਾਹਮਣਾ ਕਰ ਰਹੇ ਹਨ। ਆਮ ਆਦਮੀ ਪਾਰਟੀ ਪਿਛਲੀ ਵਾਰ ਤੋਂ ਵਧੀਆ ਪ੍ਰਦਰਸ਼ਨ ਕਰਨ ਦੀ ਹਾਲਤ ਨਾਲ ਜੂਝ ਰਹੀ ਹੈ। ਸੱਤਾ ਵਿਚ ਹੋਣ ਕਰਕੇ ਕਾਂਗਰਸ ਦਾ ਪੇਂਡੂ ਆਧਾਰ ਪਹਿਲਾਂ ਵਾਂਗ ਹੀ ਕਾਇਮ ਹੈ ਅਤੇ ਚਰਨਜੀਤ ਸਿੰਘ ਚੰਨੀ ਦੇ ਮੁੱਖ ਮੰਤਰੀ ਬਣਨ ਨਾਲ ਦਲਿਤ ਸਮਾਜ ਵਿਚ ਕਾਂਗਰਸ ਨੇ ਆਪਣੀ ਥਾਂ ਬਣਾਈ ਹੈ। 32 ਫੀਸਦੀ ਦਲਿਤ ਆਬਾਦੀ ਵਿਚੋਂ ਗਿਣਨਯੋਗ ਹਿੱਸਾ ਪ੍ਰਭਾਵਿਤ ਹੋਣ ਦੀ ਆਸ ਕਾਂਗਰਸ ਵਾਸਤੇ ਬਣਦੀ ਦਿਸ ਰਹੀ ਹੈ। ਸੰਯੁਕਤ ਸਮਾਜ ਮੋਰਚਾ ਕੁੱਲ ਮਿਲਾ ਕੇ ਅਕਾਲੀ ਦਲ ਅਤੇ ਆਮ ਆਦਮੀ ਪਾਰਟੀ ਦੇ ਚੋਣ ਆਧਾਰ ਨੂੰ ਖ਼ੋਰਾ ਲਾਉਂਦਾ ਦਿਸ ਰਿਹਾ ਹੈ। ਮੱਧ ਵਰਗੀ ਸ਼ਹਿਰੀ ਅਤੇ ਪੇਂਡੂ ਜਮਾਤਾਂ ਦਾ ਇਕ ਹਿੱਸਾ ਜੋ ਤਬਦੀਲੀ ਦੀ ਆਸ ਨਾਲ 'ਆਪ' ਵੱਲ ਝੁਕਿਆ ਹੋਇਆ ਸੀ, ਉਹ ਸੰਯੁਕਤ ਸਮਾਜ ਮੋਰਚੇ ਵੱਲ ਉਲਾਰ ਹੁੰਦਾ ਲੱਗ ਰਿਹਾ ਹੈ। ਇਸ ਗੱਲ ਦਾ ਪ੍ਰਤੱਖ ਸਬੂਤ ਸੰਯੁਕਤ ਸਮਾਜ ਮੋਰਚੇ ਅਤੇ 'ਆਪ' ਵਿਚਕਾਰ ਚੱਲ ਰਹੇ ਭੇੜ ਤੋਂ ਦੇਖਿਆ ਜਾ ਸਕਦਾ ਹੈ। ਇਸ ਦੇ ਉਲਟ ਜੱਟ ਸਿੱਖ ਕਿਸਾਨੀ ਅਤੇ ਦਲਿਤ ਸਮਾਜ ਦੀ ਜਾਤੀ ਵਿਰੋਧਤਾਈ ਦਾ ਫਾਇਦਾ ਵੀ ਕਾਂਗਰਸ ਨੂੰ ਜਾਣ ਦੇ ਆਸਾਰ ਹਨ। ਕੁੱਲ ਮਿਲਾ ਕੇ ਸੰਯੁਕਤ ਸਮਾਜ ਮੋਰਚਾ ਵੋਟਾਂ ਤਾਂ ਹਾਸਿਲ ਕਰ ਸਕਦਾ ਹੈ ਪਰ ਸੀਟਾਂ ਜਿੱਤਣ ਦੇ ਆਸਾਰ ਘੱਟ ਹਨ।

# ਮੰਗੋਲ 'ਧਾੜਾਂ' ਦੀ ਕਥਾ

## ਕਲਾ ਪਰਿਕਰਮਾ

ਮੱਧਯੁੱਗੀ ਇਤਿਹਾਸ ਵਿਚ ਮੰਗੋਲਾਂ ਨੂੰ ਖਲਨਾਇਕਾਂ ਅਤੇ ਜ਼ਾਲਮ ਜਾਂਗਲੀਆਂ ਵਜੋਂ ਪੇਸ਼ ਕੀਤਾ ਜਾਂਦਾ ਰਿਹਾ ਹੈ। ਚੰਗੇਜ਼ ਖਾਨ, ਹਲਾਕੂ ਖਾਨ ਤੇ ਤੈਮੂਰਲੰਗ ਦਾ ਅਕਸ ਅੱਜ ਵੀ ਧਾੜਵੀਆਂ ਵਾਲਾ ਹੈ। ਇਹ ਅਕਸ ਯੂਰਪੀ ਇਤਿਹਾਸਕਾਰਾਂ ਦੀ ਦੇਣ ਹੈ। ਗੋਰੀਆਂ ਨਸਲਾਂ ਨੂੰ ਉਦਾਰਵਾਦੀ ਅਤੇ ਨਰਮਗੋਸ਼ਾ ਪੇਸ਼ ਕਰਨ ਅਤੇ ਦੋਵਾਂ ਅਮਰੀਕੀ ਮਹਾਂਦੀਪਾਂ, ਏਸ਼ੀਆ, ਅਫਰੀਕਾ ਤੇ ਓਸ਼ਨੀਆ ਉਪਰ ਸਾਮਰਾਜੀ ਗਲਬੇ ਨੂੰ ਸਹੀ ਦਰਸਾਉਣ ਦੀ ਲਲਕ ਤਹਿਤ ਪਿਛਲੀਆਂ ਚਾਰ ਸਦੀਆਂ ਤੋਂ ਵੱਧ ਸਮੇਂ ਤਕ ਏਸ਼ਿਆਈ



ਹੁਕਮਰਾਨਾਂ ਨੂੰ ਦੁਸ਼ਟਾਂ ਤੇ ਜ਼ਾਲਮਾਂ ਵਾਲੇ ਸਾਂਚੇ ਵਿਚ ਫਿੱਟ ਕੀਤਾ ਜਾਂਦਾ ਰਿਹਾ। ਇਨ੍ਹਾਂ ਤੱਥਾਂ ਨੂੰ ਲਗਾਤਾਰ ਵਿਸਾਰਿਆ ਜਾਂਦਾ ਰਿਹਾ ਕਿ

**ਸੁਰਿੰਦਰ ਸਿੰਘ ਤੇਜ**
**ਫੋਨ: +91-98555-01488**

ਏਸ਼ਿਆਈ ਹੁਕਮਰਾਨ ਵੀ ਇਨਸਾਫਪਸੰਦ ਤੇ ਕੁਸ਼ਲ ਪ੍ਰਸ਼ਾਸਕ ਸਨ ਅਤੇ ਸਭਿਅਤਾਵਾਂ ਤੇ ਸਭਿਆਚਾਰਾਂ ਦੇ ਪੁੰਗਰਨ-ਮੌਲਣ ਵਿਚ ਉਨ੍ਹਾਂ ਦਾ ਵੀ ਵੱਡਾ ਯੋਗਦਾਨ ਸੀ। ਪਿਛਲੀ ਅੱਧੀ ਸਦੀ ਤੋਂ ਇਤਿਹਾਸ ਦੀ ਸੁਧਾਈ ਦਾ ਜੋ ਸਿਲਸਿਲਾ ਸ਼ੁਰੂ ਹੋਇਆ ਹੈ, ਫਰਾਂਸੀਸੀ ਇਤਿਹਾਸਕਾਰ ਮਰੀਅ ਫਾਵਰੋ (ਅੰਗਰੇਜ਼ੀ ਉਚਾਰਨ ਮੇਰੀ ਫੈਵਰੋ) ਦੀ ਕਿਤਾਬ 'ਦਿ ਹੋਰਡ' ਉਸੇ ਸਿਲਸਿਲੇ ਦੀ ਕੜੀ ਹੈ। ਇਹ ਕਿਤਾਬ ਫਰਾਂਸੀਸੀ ਭਾਸ਼ਾ ਵਿਚ 2019 ਵਿਚ ਛਪੀ। ਹੁਣ ਇਸ ਦਾ ਅੰਗਰੇਜ਼ੀ ਅਨੁਵਾਦ ਪ੍ਰਕਾਸ਼ਿਤ ਹੋਇਆ ਹੈ। ਕਿਤਾਬ ਦਾ ਉਪ ਸਿਰਲੇਖ ਹੈ 'ਮੰਗੋਲਾਂ ਨੇ ਸੰਸਾਰ ਕਿਵੇਂ ਬਦਲਿਆ'। ਇਸ ਸਿਰਲੇਖ ਨੂੰ ਕਿਤਾਬ ਸਾਰਥਿਕ ਸਿੱਧ ਕਰਦੀ ਹੈ।

ਅੰਗਰੇਜ਼ੀ ਸ਼ਬਦ 'ਹੋਰਡ' ਦੇ ਸਿੱਧੇ ਅਰਥ ਹਨ: ਹੋੜ੍ਹ, ਧਾੜ, ਦਲ ਜਾਂ ਹਮਲਾਵਰ ਹਜੂਮ। ਇਸ ਸ਼ਬਦ ਨੂੰ ਖਾਨਾਬਦੋਸ਼ਾਂ ਦੀ ਹਕੂਮਤ ਲਈ ਵੀ ਵਰਤਿਆ ਜਾਂਦਾ ਹੈ। ਇਹ ਸ਼ਬਦ ਦਰਅਸਲ ਮੰਗੋਲਿਆਈ ਭਾਸ਼ਾ ਦੇ 'ਓਰਡਾ' ਸ਼ਬਦ ਦਾ ਵਿਗੜਿਆ ਰੂਪ ਹੈ। ਓਰਡਾ ਤੋਂ ਭਾਵ ਹੈ ਸਾਮਰਾਜ, ਆਰਡਰ (ਪ੍ਰਬੰਧ), ਪ੍ਰਸ਼ਾਸਨ ਆਦਿ। ਕਿਤਾਬ ਮੁੱਖ ਤੌਰ 'ਤੇ ਚੰਗੇਜ਼ ਖਾਨ (ਜਿਸ ਨੂੰ ਯੂਰਪੀ ਗੈਂਗਿਜ਼ ਖਾਨ ਲਿਖਦੇ ਹਨ) ਅਤੇ ਉਸ ਦੇ ਪੁੱਤਰਾਂ ਦੇ ਰਾਜ ਬਾਰੇ ਹੈ। ਮੰਗੋਲੀਆ ਵਿਚ ਚੰਗੇਜ਼ ਨੂੰ ਚਿੰਗਿਸ ਖਾਨ ਬੋਲਿਆ ਅਤੇ ਲਿਖਿਆ ਜਾਂਦਾ ਹੈ। ਬੜਾ ਵੱਡਾ ਸੀ ਚੰਗੇਜ਼ਾਂ ਦਾ ਸਾਮਰਾਜ।

ਮਨੁੱਖੀ ਇਤਿਹਾਸ ਵਿਚ ਇਸ ਤੋਂ ਵੱਡਾ ਸਾਮਰਾਜ ਸਿਰਫ ਬ੍ਰਿਟਿਸ਼ਾਂ ਦਾ ਸੀ ਪਰ ਉਹ ਸਿਰਫ ਇਕ ਖਿੱਤੇ ਵਿਚ ਕੇਂਦਰਤ ਨਹੀਂ ਸੀ। ਮੰਗੋਲ ਸਾਮਰਾਜ ਦੋ ਮਹਾਂਦੀਪਾਂ ਵਿਚ ਫੈਲਿਆ ਹੋਇਆ ਸੀ। ਅੱਧਾ ਯੂਰਪ ਅਤੇ ਤਿੰਨ-ਚੌਥਾਈ ਏਸ਼ੀਆ ਇਕ ਸਮੇਂ ਇਸ ਸਾਮਰਾਜ ਦੇ ਅੰਦਰ ਸਮਾਇਆ ਹੋਇਆ ਸੀ।

ਅਜਿਹਾ ਸਾਮਰਾਜ ਕੀ ਸਿਰਫ ਤੇ ਸਿਰਫ ਤਲਵਾਰ ਦੇ ਜ਼ੋਰ ਨਾਲ ਸਥਾਪਿਤ ਕੀਤਾ ਜਾ ਸਕਦਾ ਸੀ? ਕੀ ਦੁਨੀਆ ਦੀ ਦੋ-ਤਿਹਾਈ ਵਸੋਂ ਨੂੰ ਜਬਰ-ਜ਼ੁਲਮ ਰਾਹੀਂ ਡੇਢ ਸਦੀ ਤੋਂ ਵੱਧ ਸਮੇਂ ਤੱਕ ਦਬਾਅ ਕੇ ਰੱਖਿਆ ਜਾ ਸਕਦਾ ਸੀ? ਮਰੀਅ ਫਾਵਰੋ ਦੀ ਕਿਤਾਬ ਅਜਿਹੇ ਦਰਜਨਾਂ ਸਵਾਲਾਂ ਦੇ ਜਵਾਬ ਬੜੇ ਖੋਜਪੂਰਨ ਢੰਗ ਨਾਲ ਦਿੰਦੀ ਹੈ। ਨਾਲ ਹੀ ਦੱਸਦੀ ਹੈ ਕਿ ਚੰਗੇਜ਼ੀ ਮੰਗੋਲਾਂ ਦੇ ਰਾਜ ਪ੍ਰਬੰਧ ਦੇ ਕਈ ਅਹਿਮ ਫੀਚਰ ਅੱਜ ਵੀ ਸਾਡੇ ਸੰਸਾਰ ਦੇ ਰਾਜਸੀ ਪ੍ਰਬੰਧਾਂ, ਆਰਥਿਕ ਲੈਣ-ਦੇਣ ਤੇ ਵਣਜ ਵਪਾਰ ਦਾ ਮੁੱਖ ਹਿੱਸਾ ਹਨ। ਰੇਸ਼ਮੀ ਰਾਹ ਮੰਗੋਲ ਸਾਮਰਾਜ ਸਮੇਂ ਹੋਂਦ 'ਚ ਆਏ। ਵਪਾਰ ਲਈ ਸਮਾਨ ਟੈਕਸ ਦਰਾਂ ਵੀ ਇਸੇ ਸਾਮਰਾਜ ਦਾ ਮੁੱਖ ਯੋਗਦਾਨ ਸੀ। ਕਾਬਲੀਅਤ ਤੇ ਹੁਨਰਮੰਦੀ ਦੀ ਕਦਰ ਅਤੇ ਰਾਜ ਪ੍ਰਬੰਧ ਵਿਚ ਧਰਮ-ਨਿਰਪੇਖਤਾ ਦੀ ਅਹਿਮੀਅਤ ਵਰਗੇ ਸਿਧਾਂਤ ਵੀ ਚੰਗੇਜ਼ ਖਾਨ ਤੇ ਉਸ ਦੇ ਪੁੱਤਾਂ ਵੱਲੋਂ ਸਥਾਪਿਤ ਸਾਮਰਾਜ ਦੀ ਦੇਣ ਹਨ।


ਚੀਨ ਤੇ ਰੂਸ ਦੀ ਸਰਹੱਦ ਨੇੜੇ ਸਥਿਤ ਨਿੱਕੇ ਜਿਹੇ ਭੂਗੋਲਿਕ ਖਿੱਤੇ ਤੋਂ ਉੱਠੀ ਸੀ ਚੰਗੇਜ਼ ਖਾਨ (ਮੌਤ 1227) ਦੀ ਧਾੜ। ਸ਼ੁਰੂ ਵਿਚ ਪੰਜ ਹਜ਼ਾਰ ਤੋਂ ਘੱਟ ਘੋੜਸਵਾਰਾਂ ਵਾਲੀ। ਅੱਧੀ ਸਦੀ ਦੇ ਅੰਦਰ ਇਨ੍ਹਾਂ ਮੰਗੋਲਾਂ ਦਾ ਸਾਮਰਾਜ ਪੂਰਬ ਵਿਚ ਪੂਰੇ ਸਾਇਬੇਰੀਆ, ਦੱਖਣ-ਪੂਰਬ ਵਿਚ ਵੀਅਤਨਾਮ ਤੋਂ ਲੈ ਕੇ ਦੱਖਣ ਵਿਚ ਹਿਮਾਲਿਆ ਅਤੇ ਦੱਖਣ-ਪੱਛਮ ਵਿਚ ਓਮਾਨ ਦੀ ਖਾੜੀ ਤੱਕ ਫੈਲ ਗਿਆ। ਉੱਤਰ-ਪੱਛਮ ਵਿਚ ਇਸ ਦੀ ਹੱਦ ਬਾਲਟਿਕ ਸਾਗਰ ਸੀ। ਪੱਛਮ ਵਿਚ ਇਹ ਆਸਟਰੀਆ ਦੀਆਂ ਹੱਦਾਂ ਛੋਂਹਦਾ ਸੀ। ਕਾਲਾ ਸਾਗਰ ਤੇ ਕੈਸਪੀਅਨ ਸਾਗਰ ਇਸ ਸਾਮਰਾਜ ਦਾ ਹਿੱਸਾ ਸਨ। ਦੱਖਣੀ ਚੀਨ ਸਾਗਰ, ਅਰਬ ਸਾਗਰ, ਬਾਲਟਿਕ ਸਾਗਰ ਤੇ ਮੱਧ ਸਾਗਰ ਦੀਆਂ ਕਈ ਬੰਦਰਗਾਹਾਂ ਇਸ ਦੇ ਕੰਟਰੋਲ ਹੇਠ ਸਨ। ਕੀ ਜਾਂਗਲੀ ਬਿਰਤੀ ਜਾਂ ਜਬਰ-ਜ਼ੁਲਮ ਦੇ ਸਹਾਰੇ ਇਹ ਸਾਮਰਾਜ ਖੜ੍ਹਾ ਕਰਨਾ ਸੰਭਵ ਸੀ?

ਕਿਤਾਬ ਦੱਸਦੀ ਹੈ ਕਿ ਮੰਗੋਲ ਆਪਣੇ ਵਿਰੋਧੀਆਂ ਨਾਲ ਮੁੱਢ ਵਿਚ ਧਾੜਵੀਆਂ ਵਾਂਗ ਹੀ ਪੇਸ਼ ਆਉਂਦੇ ਸਨ। ਕਤਲੇਆਮ, ਸਾੜ-ਫੂਕ ਤੇ ਲੁੱਟ-ਮਾਰ ਆਪਣਾ ਦਬਦਬਾ ਪੈਦਾ ਕਰਨ ਦੇ ਮੁੱਖ ਹਥਿਆਰ ਸਨ ਪਰ ਇਕ ਵਾਰ ਦਬਦਬਾ ਕਾਇਮ ਹੋਣ ਮਗਰੋਂ ਲੋਕਾਂ ਨੂੰ ਅਮਨ ਚੈਨ ਨਾਲ ਰਹਿਣ ਦਿੱਤਾ ਜਾਂਦਾ ਸੀ; ਜਿੱਤੀ ਹੋਈ ਰਿਆਸਤ ਹਾਰੇ ਹੋਏ ਹੁਕਮਰਾਨ ਨੂੰ ਮੋੜ ਦਿੱਤੀ ਜਾਂਦੀ ਸੀ। ਸਿਰਫ ਇਕ ਸ਼ਰਤ ਬਦਲੇ ਕਿ ਜੰਗੀ ਤਾਵਾਨ ਤੇ ਛਿਮਾਹੀ ਖਿਰਾਜ ਉਸ ਵੱਲੋਂ ਬਾਕਾਇਦਗੀ ਨਾਲ ਅਦਾ ਕੀਤਾ ਜਾਂਦਾ ਰਹੇਗਾ। ਚੰਗੇਜ਼ ਖਾਨ ਸ਼ਮਨਵਾਦੀ ਸੀ ਭਾਵ ਰੂਹਾਂ ਤੇ ਦੇਵਤਿਆਂ ਨੂੰ ਪੂਜਣ ਵਾਲਾ। ਉਸ ਦੇ ਵੰਸ਼ਜਾਂ ਵਿਚੋਂ ਕੋਈ ਬੋਧੀ ਬਣ ਗਿਆ, ਕੋਈ ਮੁਸਲਿਮ ਤੇ ਕੋਈ ਇਸਾਈ। ਕੁਝ ਵੰਸ਼ਜ ਤਾਂ ਯਜ਼ੀਦੀ ਤੇ ਯਹੂਦੀ ਵੀ ਬਣੇ। ਕੁਝ ਸ਼ਮਨਵਾਦੀ ਹੀ ਰਹੇ। ਮੰਗੋਲ ਸ਼ਾਸਕਾਂ ਨੇ ਆਪਣਾ ਰਾਜ ਧਰਮ ਆਪਣੀ ਰਿਆਇਆ 'ਤੇ ਠੋਸਣ ਤੋਂ ਗੁਰੇਜ਼ ਕੀਤਾ। ਚੰਗੇਜ਼ ਦੇ ਸੱਤ ਪੁੱਤਰ ਸਨ ਪਰ ਆਪਣਾ ਸਾਮਰਾਜ ਉਸ ਨੇ ਚਾਰ ਪੁੱਤਰਾਂ ਜੋਚੀ, ਚਗਤਾਈ, ਉਗੋਦੇਈ ਤੇ ਤੋਲੂਈ ਵਿਚ ਵੰਡਿਆ ਕਿਉਂਕਿ ਇਹ ਚਾਰੋਂ ਉਸ ਦੀ ਪਟਰਾਣੀ ਬੋਰਾਤ ਤੋਂ ਸਨ। ਰਾਜ ਵੰਡਣ ਵੇਲੇ ਚੰਗੇਜ਼ ਨੇ ਸ਼ਰਤ ਇਕੋ ਰੱਖੀ ਕਿ ਉਹ ਆਪੋ-ਆਪਣੇ ਸਾਮਰਾਜਾਂ ਦਾ ਪਾਸਾਰ-ਵਿਸਥਾਰ ਕਰਨਗੇ ਪਰ ਇਕ ਦੂਜੇ ਦਾ ਇਲਾਕਾ ਨਹੀਂ ਦੱਬਣਗੇ। ਇਹ ਸ਼ਰਤ ਪੁੱਤਰਾਂ ਨੇ ਪੂਰੀ ਨਿਭਾਈ, ਪੋਤਿਆਂ ਨੇ ਨਹੀਂ। ਸਾਮਰਾਜ ਬਿਖਰਿਆ ਵੀ ਇਸੇ ਕਾਰਨ। ਉਪਰੋਂ 13ਵੀਂ ਸਦੀ ਵਿਚ ਕਾਲੇ ਪਲੇਗ ਨੇ ਵੀ ਮੰਗੋਲਾਂ ਉਪਰ ਚੋਖਾ ਕਹਿਰ ਢਾਹਿਆ।

**ਆਂਚਲ ਮਲਹੋਤਰਾ ਦੀ ਕਿਤਾਬ:** ਸੰਤਾਲੀ ਵਾਲੇ ਦੁਖਾਂਤ ਨਾਲ ਜੁੜੀਆਂ ਸੈਂਕੜੇ ਕਿਤਾਬਾਂ ਹਿੰਦ-ਪਾਕਿ ਤੋਂ ਇਲਾਵਾ ਬ੍ਰਿਟੇਨ, ਅਮਰੀਕਾ, ਕੈਨੇਡਾ ਆਦਿ ਮੁਲਕਾਂ ਵਿਚ ਛਪ ਚੁੱਕੀਆਂ ਹਨ। ਇਸ ਤ੍ਰਾਸਦਿਕ ਸਾਕੇ ਬਾਰੇ ਬਣੀਆਂ ਫੀਚਰ ਤੇ ਦਸਤਾਵੇਜ਼ੀ ਫਿਲਮਾਂ ਦੀ ਗਿਣਤੀ ਵੀ ਦਰਜਨਾਂ ਵਿਚ ਹੈ। ਇਕ ਉਪ ਮਹਾਂਦੀਪ ਦੀ ਵੰਡ ਜਿੰਨੀ ਕਾਹਲ ਤੇ ਬੇਤਰਤੀਬੀ ਨਾਲ ਹੋਈ, ਉਸ ਨੇ ਇਕੋ ਰਾਤ ਘਰਾਂ ਵਾਲਿਆਂ ਨੂੰ ਬੇਘਰੇ ਅਤੇ ਥਾਵਿਆਂ ਨੂੰ ਨਿਥਾਵੇਂ ਬਣਾ ਦਿੱਤਾ। ਅਜਿਹੇ ਆਲਮ ਵਿਚ ਜਿਸ ਦੇ ਹੱਥ ਵਿਚ ਅਤੀਤ ਨਾਲ ਜੁੜਿਆ ਜੋ ਕੁਝ ਵੀ ਰਹਿ ਗਿਆ, ਉਹ ਉਸ ਵਾਸਤੇ ਬੇਸ਼ਕੀਮਤੀ ਬਣ ਗਿਆ- ਅਤੀਤ ਦੀ ਸਥਾਈ ਨਿਸ਼ਾਨੀ। ਅਜਿਹੀਆਂ ਨਿਸ਼ਾਨੀਆਂ ਨੂੰ ਆਧਾਰ ਬਣਾ ਕੇ ਸੰਤਾਲੀ ਦੀ ਦਾਸਤਾਂ ਬਿਆਨ ਕਰਦੀ ਹੈ ਆਂਚਲ ਮਲਹੋਤਰਾ ਦੀ ਕਿਤਾਬ 'ਬਟਵਾਰੇ ਦੀ ਕਹਾਣੀ, ਵਸਤਾਂ ਦੀ ਜ਼ੁਬਾਨੀ'। ਇਹ ਕਿਤਾਬ 'ਰੈਮਨੈਂਟਸ ਆਫ ਏ ਸੈਪਰੇਸ਼ਨ' ਦੇ ਨਾਮ ਹੇਠ ਅੰਗਰੇਜ਼ੀ ਵਿਚ 2017 ਵਿਚ ਪ੍ਰਕਾਸ਼ਿਤ ਹੋਈ ਸੀ। ਹੁਣ ਇਸ ਦਾ ਪੰਜਾਬੀ ਰੂਪ ਸਾਡੇ ਸਾਹਮਣੇ ਆਇਆ ਹੈ।


ਆਂਚਲ ਮਲਹੋਤਰਾ ਮਹਿਜ਼ 32 ਵਰ੍ਹਿਆਂ ਦੀ ਹੈ। ਲੇਖਕ ਹੈ, ਇਤਿਹਾਸਕਾਰ ਵੀ ਹੈ। ਇਹ ਦੋਵੇਂ ਰੰਗ ਕਿਤਾਬ ਦੀ ਬਣਤਰ ਤੇ ਬੁਣਤਰ ਦੀ ਮੁੱਖ ਖੂਬੀ ਹਨ। 21 ਵਸਤਾਂ ਅਤੇ ਉਨ੍ਹਾਂ ਨੂੰ ਸਾਂਭਣ ਵਾਲਿਆਂ ਦੀਆਂ ਯਾਦਾਂ ਨੂੰ ਉਸ ਨੇ ਜਜ਼ਬਾਤੀ ਤੇ ਅਪਣੱਤ ਭਰੇ ਲਹਿਜੇ ਨਾਲ ਇਸ ਕਿਤਾਬ ਦੇ ਰੂਪ ਵਿਚ ਪਰੋਸਿਆ ਹੈ। ਇਨ੍ਹਾਂ ਵਸਤਾਂ ਵਿਚ ਆਪਣੇ ਨਾਨੇ ਤੋਂ ਮਿਲਿਆ ਗਜ਼ ਅਤੇ ਨਾਨੀ ਵਾਲੀ ਚਾਟੀ ਵੀ ਸ਼ਾਮਲ ਹੈ ਅਤੇ ਲੁਧਿਆਣੇ ਜੰਮੀ, ਜਲੰਧਰ ਵਿਚ ਵੱਡੀ ਹੋਈ ਅਤੇ ਫਿਰ ਉੱਜੜ ਕੇ ਲਾਹੌਰ ਜਾ ਵਸੀ ਅਜ਼ਰਾ ਹੱਕ ਦਾ ਮੋਤੀਆਂ ਦਾ ਹਾਰ ਤੇ ਕਾਂਟੇ ਵੀ। ਇਹ ਮੋਤੀ ਬੀਕਾਨੇਰ ਦੇ ਮਹਾਰਾਜਾ ਗੰਗਾ ਸਿੰਘ ਵੱਲੋਂ ਦਿੱਤਾ ਗਿਆ ਤੋਹਫਾ ਸਨ। ਦਿੱਲੀ ਦੇ ਮਸ਼ਹੂਰ ਕਿਤਾਬਫਰੋਸ਼ ਬਲਰਾਜ ਬਾਹਰੀ ਕੋਲ ਮੌਜੂਦ ਰਸੋਈ ਦੇ ਭਾਂਡੇ ਅਤੇ ਮੀਆਂ ਫੈਜ਼ ਰੱਬਾਨੀ ਦੀ ਪੱਥਰ ਦੀ ਤਖਤੀ ਨਾਲ ਜੁੜਿਆ ਕਥਾ-ਬਿਰਤਾਂਤ ਵੀ ਇਸ ਕਿਤਾਬ ਦਾ ਹਿੱਸਾ ਹਨ। ਹੋਰ ਵਸਤਾਂ ਤੇ ਉਨ੍ਹਾਂ ਨਾਲ ਜੁੜੀਆਂ ਯਾਦਾਂ ਵੀ ਜ਼ਿਕਰਯੋਗ ਹਨ।

ਕਿਤਾਬ ਦੇ ਅਨੁਵਾਦ 'ਤੇ ਬੜੀ ਮਿਹਨਤ ਕੀਤੀ ਗਈ ਹੈ ਪਰ ਮੂਲ ਲਿਖਤ ਵਾਲੀ ਰਵਾਨੀ ਦੀ ਘਾਟ ਕਿਤੇ-ਕਿਤੇ ਸਿੱਧੀ ਰੜਕਦੀ ਹੈ। ਉਪਰੋਂ ਪਰੂਫ ਰੀਡਿੰਗ ਦੀਆਂ ਗਲਤੀਆਂ! ਅਜਿਹੀਆਂ ਖਾਮੀਆਂ ਦੇ ਬਾਵਜੂਦ ਇਹ ਪੰਜਾਬੀ ਪੁਸਤਕ ਪ੍ਰੇਮੀਆਂ ਲਈ ਤੋਹਫ਼ੇ ਵਾਂਗ ਹੈ।



*ਮੇਰੀ ਫੈਵਰੋ ਦੀ ਕਿਤਾਬ 'ਦਿ ਹੋਰਡ' ਦਾ ਮੁਖੜਾ।*


*ਮੇਰੀ ਫੈਵਰੋ*




*ਆਂਚਲ ਮਲਹੋਤਰਾ ਦੀ ਕਿਤਾਬ।*

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 19 ਫਰਵਰੀ 2022 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-521



**ਇਕੱਠੀਆਂ ਹੋ ਸੁਆਣੀਆਂ, ਵਿਚ ਵਿਹੜੇ ਤੰਦੂਰ ਤਪਾਇਆ,**
**ਹੱਸਣ ਖੇਡਣ ਚੁਣ ਚੁਣ ਪੇੜੇ, ਪਰ ਹਾਲੇ ਮਾਹੀ ਨਾ ਆਇਆ।**
**ਇਹ ਵਿਰਾਸਤ ਦੀ ਨਿਸ਼ਾਨੀ, ਘਰਾਂ ਵਿਚੋਂ ਗੁੰਮ ਹੋ ਰਹੀ ਹੈ,**
**ਗੁਆਚੇ ਨੇ ਫੁਰਸਤ ਦੇ ਪਲ, ਵਿਚ ਹੋਟਲਾਂ ਧੁੰਮ ਹੋ ਰਹੀ ਹੈ।**

## ਕੈਪਸ਼ਨ ਮੁਕਾਬਲਾ-519



ਬੜੀ ਤਰ੍ਹਾਂ ਦੇ ਚੁੱਲ੍ਹੇ ਵੇਖੇ,
ਨਵੀਂ ਪਿਰਤ ਆਹ ਪਾਈ,
ਮੂੰਹ ਦੇ ਵਿਚੋਂ ਅੱਗ ਖਾਂਵਦਾ,
ਪਤੀਲੀ ਸਿਰ ਟਿਕਾਈ।
ਨੱਕ, ਕੰਨ ਤੇ ਅੱਖਾਂ ਲਾਈਆਂ
ਮੂੰਹੋਂ ਕਲਾ ਬੁਲਾਈ।
*-ਜਗਮੀਤ ਸਿੰਘ ਪੰਧੇਰ*
*ਕਲਾਹੜ (ਲੁਧਿਆਣਾ)*
*ਫੋਨ: 98783-37222*

---

ਕਲਾਕਾਰ ਦਾ ਅੰਦਰ
ਕਲਾ 'ਚੋਂ ਝਾਉਲਾ ਪੈਂਦਾ
ਜੋ ਉਸ ਨੇ ਪੂਰੇ ਤਾਣ ਅਤੇ ਮਾਣ
ਨਾਲ ਬਣਾਇਆ ਹੁੰਦਾ।
ਚੁਲ੍ਹਾ ਤਾਂ ਦੋ ਇੱਟਾਂ ਰੱਖ ਕੇ ਵੀ ਬਣ ਜਾਂਦਾ
ਪਰ ਕਲਾ ਕਲਾ ਹੀ ਹੁੰਦੀ ਹੈ
ਬੁਲ੍ਹੇ ਨਾਲੋਂ ਚੁਲ੍ਹਾ ਚੰਗਾ
ਜਿਸ ਉਪਰ ਤਾਮ ਪਕਾਈਦਾ
ਸੁੱਕੀਆਂ ਲੱਕੜਾਂ ਦਾ ਤਾਅ ਜੇ ਚੜ੍ਹ
ਸਿੱਧਾ ਤੋੜੀ ਨੂੰ
ਮਾਰੂ ਸਾਗ ਫਿਰ ਲਪਟਾਂ
ਪਾ ਮੱਖਣ, ਲੈ ਮੱਕੀ ਦੀ ਰੋਟੀ
ਨਾਲ ਗੰਦਲਾਂ ਦਾ ਰਿੱਝਿਆ ਸਾਗ
ਮਾਰੋ ਡਕਾਰ ਲੈ ਲੱਸੀ ਦਾ ਛੰਨਾ
ਯਾਦ ਆਊ ਪੰਜਾਬ
ਪੰਜਾਬੀਅਤ ਦਾ ਵਿਰਸਾ।
*-ਦਰਸ਼ਨ ਪਾਲ ਦੁਸਾਂਝ*

---

ਸੱਤ ਸਮੁੰਦਰੋਂ ਪਾਰ
ਡੇਰੇ ਲਾ ਲਏ ਭਾਵੇਂ
ਪਰ ਪੰਜਾਬੀਆਂ
ਆਪਣਾ ਵਿਰਸਾ ਨਈਂ ਵਿਸਾਰਿਆ
ਪਰਿਵਾਰ ਦੀਆਂ ਤ੍ਰੀਮਤਾਂ
ਜੁਗ ਜੁਗ ਜੀਊਣ
ਚੁਲ੍ਹੇ ਉਤੇ ਚਾੜ੍ਹ ਹਾਂਡੀ
ਸਾਗ ਹੈ ਬਣਾ ਲਿਆ।
ਪੋਹ ਮਾਘ ਦੇ ਮਹੀਨੇ ਲੱਸੀ
ਮੱਖਣ ਰੋਟੀ ਮੱਕੀ ਦੀ
ਕੁਦਰਤੀ ਊਰਜਾ ਦਾ
ਭੰਡਾਰਾ ਹੈ ਚਲਾ ਲਿਆ
ਨਿਕਲਦੇ ਅੱਦ ਦੇ
ਭੰਬੂਕੇ ਗਵਾਹੀ ਭਰਦੇ
ਰਾਖਸ਼ ਦੇ ਸਿਰ ਨੂੰ
ਜਿਵੇਂ ਕਾਬੂ ਕਰ ਕੇ ਚੁਲ੍ਹਾ ਬਣਾ ਲਿਆ।
*-ਅਮਰਜੀਤ ਸਿੰਘ ਤੂਰ*
*ਕੁਲਬੁਰਛਾ (ਪਟਿਆਲਾ)*
*98784-69639*

# ਠਹਿਰ ਉਇ ਜੁਆਨਾ, ਪੈਦਲ ਨਾ ਜਾ!

## ਮਾਨਸ ਤੋਂ ਦੇਵਤਾ

***ਦਿੱਲੀ ਵੱਸਦੇ ਲਿਖਾਰੀ ਗੁਰਬਚਨ ਸਿੰਘ ਭੁੱਲਰ ਕਿਸੇ ਜਾਣ-ਪਛਾਣ ਦੇ ਮੁਥਾਜ ਨਹੀਂ। ਉਨ੍ਹਾਂ ਆਪਣੀਆਂ ਕਹਾਣੀਆਂ ਨਾਲ ਪੰਜਾਬੀ ਸਾਹਿਤ ਜਗਤ ਵਿਚ ਵੱਖਰੀ ਪਛਾਣ ਬਣਾਈ ਹੈ। ਕੁਝ ਸਾਲ ਪਹਿਲਾਂ ਆਏ ਉਨ੍ਹਾਂ ਦੇ ਪਲੇਠੇ ਨਾਵਲ 'ਇਹੁ ਜਨਮੁ ਤੁਮਹਾਰੇ ਲੇਖੇ' ਜੋ ਪ੍ਰਸਿੱਧ ਲਿਖਾਰੀ ਅੰਮ੍ਰਿਤਾ ਪ੍ਰੀਤਮ ਦੇ ਜੀਵਨ 'ਤੇ ਆਧਾਰਿਤ ਸੀ, ਨਾਲ ਵੀ ਉਨ੍ਹਾਂ ਸਾਹਤਿਕ ਹਲਕਿਆਂ ਵਿਚ ਵਾਹਵਾ ਹਲਚਲ ਮਚਾਈ ਸੀ। ਅੱਜ ਕੱਲ੍ਹ ਉਹ ਬਹੁਤਾ ਧਿਆਨ ਵਾਰਤਕ ਵੱਲ ਲਾ ਰਹੇ ਹਨ। ਅਸੀਂ ਉਨ੍ਹਾਂ ਦੀ ਵਾਰਤਕ ਦੀ ਇਕ ਵੰਨਗੀ 'ਮਾਨਸ ਤੋਂ ਦੇਵਤਾ' ਦੇ ਰੂਪ ਵਿਚ ਆਪਣੇ ਪਾਠਕਾਂ ਦੇ ਰੂ-ਬ-ਰੂ ਕਰ ਰਹੇ ਹਾਂ ਜਿਸ ਵਿਚ ਉਨ੍ਹਾਂ ਕੁਝ ਅਸਾਧਾਰਨ ਸ਼ਖਸੀਅਤਾਂ ਦੇ ਦਿਲਚਸਪ ਅਤੇ ਨਿਆਰੇ ਸ਼ਬਦ ਚਿੱਤਰ ਉਲੀਕੇ ਹਨ।***

ਅੱਜ ਦਾ ਰਾਮਪੁਰਾ ਫੂਲ ਉਨ੍ਹਾਂ ਮੰਡੀਆਂ ਵਿਚੋਂ ਹੈ ਜੋ ਰਿਆਸਤੀ ਰਾਜਿਆਂ ਨੇ ਵਪਾਰਕ ਕੇਂਦਰਾਂ ਦੀ ਲੋੜ ਮਹਿਸੂਸ ਕਰਦਿਆਂ ਬਹੁਤ ਪਹਿਲਾਂ ਕਾਇਮ ਕੀਤੀਆਂ ਸਨ। 'ਅੱਜ ਦਾ' ਸ਼ਬਦ ਮੈਂ ਇਸ ਵਾਸਤੇ ਵਰਤੇ ਹਨ ਕਿਉਂਕਿ ਮੇਰੇ ਬਚਪਨ ਵਿਚ ਸਿਰਫ਼ ਰੇਲਵੇ ਸਟੇਸ਼ਨ ਦਾ ਨਾਂ ਰਾਮਪੁਰਾ ਫੂਲ ਸੀ, ਸਟੇਸ਼ਨ ਦੇ ਦੁਆਲੇ ਦੀ ਆਬਾਦੀ ਦਾ ਨਹੀਂ। ਇਸ ਸ਼ਹਿਰ ਦਾ ਭੂਗੋਲ ਅਤੇ ਇਸ ਦੇ ਨਾਂ ਦਾ ਇਤਿਹਾਸ ਜਾਣਨਾ ਦਿਲਚਸਪ ਹੋਵੇਗਾ। ਪਾਠਕ ਨੂੰ ਉਸ ਤੋਂ ਇਹ ਵੀ ਪਤਾ ਲੱਗੇਗਾ ਕਿ ਰਿਆਸਤਾਂ ਕਿਵੇਂ ਇਕ ਦੂਜੀ ਵਿਚ ਗੁੰਦੀਆਂ ਹੋਈਆਂ ਹੁੰਦੀਆਂ ਸਨ।

ਰਾਮਪੁਰਾ ਫੂਲ ਸ਼ਹਿਰ ਦੇ ਵਿਚਕਾਰੋਂ ਰੇਲ ਦੀ ਲੀਹ ਲੰਘਦੀ ਹੈ। ਸ਼ਹਿਰ ਵਿਚਲੀ ਇਹ ਲੀਹ ਨਾਭਾ ਤੇ ਪਟਿਆਲਾ ਰਿਆਸਤਾਂ ਵਿਚਕਾਰ ਸਰਹੱਦ ਦਾ ਕੰਮ ਦਿੰਦੀ ਸੀ। ਲੀਹ ਤੋਂ ਚੜ੍ਹਦੇ ਵੱਲ ਦੇ ਹਿੱਸੇ ਨੂੰ ਲੋਕ ਪਟਿਆਲਾ ਮੰਡੀ ਆਖਦੇ ਸਨ ਕਿਉਂਕਿ ਉਹ ਪਟਿਆਲਾ



**ਗੁਰਬਚਨ ਸਿੰਘ ਭੁੱਲਰ**
**ਫੋਨ: +807-636-3058**

ਰਿਆਸਤ ਵਿਚ ਸੀ। ਛਿਪਦੇ ਵੱਲ ਦਾ ਹਿੱਸਾ ਨਾਭਾ ਰਿਆਸਤ ਵਿਚ ਹੋਣ ਸਦਕਾ ਨਾਭਾ ਮੰਡੀ ਕਿਹਾ ਜਾਂਦਾ ਸੀ। ਨਾਭਾ ਮੰਡੀ ਕਾਗ਼ਜ਼ਾਂ ਵਿਚ ਮੰਡੀ ਫੂਲ ਸੀ। ਇਹ ਉਸ ਪਾਸੇ ਤਿੰਨ ਕੋਹ ਵਾਟ ਪ੍ਰਸਿੱਧ ਪਿੰਡ ਫੂਲ ਹੋਣ ਕਰਕੇ ਸੀ। ਸਰਕਾਰੀ ਹਾਈ ਸਕੂਲ ਵੀ ਇਸੇ ਮੰਡੀ ਵਿਚ ਸੀ ਜਿਸ ਵਿਚ ਦੋਵਾਂ ਮੰਡੀਆਂ ਦੇ ਤੇ ਚੁਫੇਰੇ ਦੇ ਪਿੰਡਾਂ ਦੇ ਮੁੰਡੇ ਪੜ੍ਹਦੇ ਸਨ। ਮੈਂ ਵੀ ਦਸਵੀਂ ਇਸੇ ਸਕੂਲ ਵਿਚੋਂ ਪਾਸ ਕੀਤੀ। ਓਦੋਂ ਉਹਦਾ ਨਾਂ ਸਟੇਟ ਹਾਈ ਸਕੂਲ, ਮੰਡੀ ਫੂਲ ਸੀ। ਇਸੇ ਤਰ੍ਹਾਂ ਪਟਿਆਲਾ ਮੰਡੀ ਦਾ ਲਿਖਤੀ ਨਾਂ ਅੱਧਾ ਕੋਹ ਵਾਟ ਪਿੰਡ ਰਾਮਪੁਰਾ ਹੋਣ ਕਰਕੇ ਰਾਮਪੁਰਾ ਮੰਡੀ ਸੀ। ਜਦੋਂ ਰੇਲ ਆਈ, ਸਟੇਸ਼ਨ ਨੂੰ ਦੋਵਾਂ ਮੰਡੀਆਂ ਦੀ ਹੱਦ ਉਤੇ ਹੋਣ ਕਾਰਨ ਮਿੱਸਾ ਨਾਂ ਰਾਮਪੁਰਾ ਫੂਲ ਦੇ ਦਿੱਤਾ ਗਿਆ।

ਜਦੋਂ ਰਿਆਸਤਾਂ ਖ਼ਤਮ ਹੋ ਗਈਆਂ, ਕੁਦਰਤੀ ਸੀ, ਨਾ ਕੋਈ ਨਾਭਾ ਮੰਡੀ ਰਹੀ ਤੇ ਨਾ ਪਟਿਆਲਾ ਮੰਡੀ। ਦੋਵੇਂ ਹਿੱਸਿਆਂ ਦੇ ਪੂਰੇ ਸ਼ਹਿਰ ਦਾ ਨਾਂ ਸਟੇਸ਼ਨ ਦੇ ਨਾਂ ਵਾਂਗ ਸਾਂਝਾ ਰਾਮਪੁਰਾ ਫੂਲ ਕਰ ਦਿੱਤਾ ਗਿਆ। ਉਥੋਂ ਮੇਰਾ ਪਿੰਡ ਪਿੱਥੋ ਤਿੰਨ ਕੋਹ ਵਾਟ ਹੈ। ਉਥੋਂ ਏਨੀ ਹੀ ਵਾਟ ਮੰਡੀ ਕਲਾਂ ਹੈ। ਤੇ ਸਬੱਬ ਨਾਲ ਇਨ੍ਹਾਂ ਦੋਵਾਂ ਪਿੰਡਾਂ ਦੀ ਵਾਟ ਵੀ ਏਨੀ, ਤਿੰਨ ਕੁ ਕੋਹ ਹੀ ਹੈ। ਇਉਂ ਰਾਮਪੁਰਾ ਫੂਲ, ਪਿੱਥੋ ਤੇ ਮੰਡੀ ਕਲਾਂ ਦੀ ਇਕੋ ਜਿੰਨੀਆਂ ਲੰਮੀਆਂ ਬਾਹੀਆਂ ਵਾਲੀ ਤਿਕੋਣ ਬਣ ਜਾਂਦੀ ਹੈ।

ਪਿੰਡਾਂ ਦੇ ਨਾਂ ਟਿਕਣ ਦਾ ਇਤਿਹਾਸ ਵੀ ਬੜਾ ਦਿਲਚਸਪ ਹੈ। ਕਿਸੇ ਯੂਨੀਵਰਸਿਟੀ ਦੇ ਵਿਦਿਆਰਥੀ ਨੂੰ ਇਸ ਬਾਰੇ ਜ਼ਰੂਰ ਖੋਜ ਕਰਨੀ ਚਾਹੀਦੀ ਹੈ। ਉਹਨੂੰ ਪੀ-ਐਚ. ਡੀ. ਦੀ ਡਿਗਰੀ ਮਿਲ ਜਾਵੇਗੀ ਅਤੇ ਇਤਿਹਾਸ ਨੂੰ ਇਕ ਬਿਲਕੁਲ ਨਵੇਕਲੇ ਵਿਸ਼ੇ ਸੰਬੰਧੀ ਬਹੁਤ ਮਹੱਤਵਪੂਰਨ ਵੇਰਵਾ ਮਿਲ ਜਾਵੇਗਾ। ਰਾਮਪੁਰਾ, ਨਾਨਕਪੁਰਾ, ਹਰਰਾਇਪੁਰ, ਕ੍ਰਿਸ਼ਣ ਨਗਰ, ਗੋਬਿੰਦਪੁਰਾ ਜਿਹੇ ਨਾਂ ਇਤਿਹਾਸ ਤੇ ਧਰਮ ਦੀ ਦੇਣ ਹਨ। ਤੂਤਾਂ ਵਾਲਾ, ਅੱਕਾਂ ਵਾਲੀ, ਮੱਝਾਂ ਵਾਲੀ, ਮੋਰਾਂਵਾਲੀ, ਕੁੱਤੀਵਾਲ, ਆਦਿ ਨਾਂਵਾਂ ਦੇ ਆਪਣੇ ਵਿਚੋਂ ਹੀ ਉਨ੍ਹਾਂ ਦਾ ਪਿਛੋਕੜ ਦਿੱਸ ਪੈਂਦਾ ਹੈ। ਪਰ, ਸ਼ਾਇਦ, ਸਭ ਤੋਂ ਬਹੁਤੇ ਪਿੰਡਾਂ ਦੇ ਨਾਂ ਉਨ੍ਹਾਂ ਦੇ ਮੋਢੀ ਬੰਦਿਆਂ ਦੇ ਨਾਂ ਸਦਕਾ ਟਿਕੇ ਹੋਏ ਹਨ। ਗੰਡਾ ਸਿੰਘ ਵਾਲਾ, ਚੜ੍ਹਤ ਸਿੰਘ ਵਾਲਾ, ਆਦਿ ਨਾਂ ਉਨ੍ਹਾਂ ਪਿੰਡਾਂ ਦੀ ਮੋਹੜੀ ਗੱਡਣ ਵਾਲੇ ਬੰਦਿਆਂ ਦੇ ਨਾਂ ਸਦਕਾ ਰੱਖੇ ਗਏ। ਫੂਲ ਵੀ, ਜਿਵੇਂ ਸਭ ਜਾਣਦੇ ਹੀ ਹਨ, ਫੂਲਕੀਆਂ ਰਿਆਸਤਾਂ ਦੇ ਵਡੇਰੇ ਬਾਬਾ ਫੂਲ ਦਾ ਨਾਂ ਸੀ। ਪਿੱਥੋ ਵੀ ਸਾਡੇ ਪਿੰਡ ਦੇ ਮੋੜ੍ਹੀ-ਗੱਡ ਬਜ਼ੁਰਗ ਦਾ ਨਾਂ ਹੀ ਦਸਦੇ ਹਨ। ਸਦੀਆਂ ਪਹਿਲਾਂ ਦੇ ਉਸ ਜ਼ਮਾਨੇ ਵਿਚ ਬੰਦਿਆਂ ਦੇ ਨਾਂ ਅਜਿਹੇ ਹੀ ਹੁੰਦੇ ਸਨ।

ਕੁਛ ਬੰਦੇ ਅਜਿਹੇ ਮਸ਼ਹੂਰ ਹੋ ਜਾਂਦੇ ਜਾਂ, ਕਹਿ ਲਵੋ, ਕਰਮਾਂ ਵਾਲੇ ਹੁੰਦੇ ਕਿ ਪਿੰਡ ਦਾ ਨਾਂ ਸਦੀਆਂ ਤੋਂ ਕੋਈ ਹੋਰ ਹੁੰਦਾ, ਪਰ ਉਸ ਮੂਲ ਨਾਂ ਨਾਲ ਉਨ੍ਹਾਂ ਦਾ ਨਾਂ ਵੀ ਜੁੜ ਜਾਂਦਾ। ਕਈ ਮਸ਼ਹੂਰ ਬੰਦਿਆਂ ਦਾ ਨਾਂ ਤਾਂ ਉਨ੍ਹਾਂ ਦੇ ਜਿਉਂਦੇ-ਜੀਅ ਹੀ ਉਨ੍ਹਾਂ ਦੇ ਪਿੰਡ ਦਾ ਨਾਂ ਬਣ ਜਾਂਦਾ। ਇਸ ਦੀ ਇਕ ਪ੍ਰਸਿੱਧ ਮਿਸਾਲ ਪਿੰਡ ਪੱਤੋ ਹੈ। ਇਸ ਪੁਰਾਣੇ ਨਾਂ ਨਾਲ ਉਥੋਂ ਦੀ ਉਘੀ ਸ਼ਖ਼ਸੀਅਤ ਹੀਰਾ ਸਿੰਘ ਦਾ ਨਾਂ ਉਹਦੇ ਜਿਉਂਦੇ-ਜੀਅ ਹੀ ਜੁੜ ਕੇ ਪਿੰਡ 'ਪੱਤੋ ਹੀਰਾ ਸਿੰਘ' ਹੋ ਗਿਆ। ਬਿਲਕੁਲ ਇਸੇ ਤਰ੍ਹਾਂ ਸਾਡੇ ਗੁਆਂਢੀ ਪਿੰਡ ਮੰਡੀ ਕਲਾਂ ਦਾ ਨਾਂ ਉਥੋਂ ਦੇ ਪ੍ਰਸਿੱਧ ਮਹਾਜਨ ਗੁਲਾਬ ਚੰਦ ਸਦਕਾ, ਜਿਸ ਨੂੰ ਲੋਕ ਆਮ ਕਰਕੇ ਗੁਲਾਬੂ ਸੇਠ ਆਖਦੇ ਸਨ, ਉਹਦੇ ਜਿਉਂਦੇ-ਜੀਅ ਹੀ 'ਗੁਲਾਬੂ ਕੀ ਮੰਡੀ' ਹੋ ਗਿਆ।

ਸਰਕਾਰੀ ਦਫ਼ਤਰਾਂ ਵਿਚ ਲੰਮੇ ਸਮੇਂ ਤੋਂ ਉਰਦੂ-ਫ਼ਾਰਸੀ ਦਾ ਬੋਲਬਾਲਾ ਰਿਹਾ ਸੀ। ਇਸ ਕਾਰਨ ਜੇ ਨੇੜੇ-ਨੇੜੇ ਇਕ ਨਾਂ ਵਾਲੇ ਦੋ ਪਿੰਡ ਹੁੰਦੇ, ਕਾਗ਼ਜ਼ਾਂ ਵਿਚ ਵੱਡੇ ਪਿੰਡ ਨਾਲ 'ਵੱਡੇ' ਦੇ ਬਰਾਬਰ ਦਾ ਫ਼ਾਰਸੀ ਸ਼ਬਦ 'ਕਲਾਂ' ਅਤੇ ਛੋਟੇ ਪਿੰਡ ਨਾਲ 'ਛੋਟੇ' ਦੇ ਬਰਾਬਰ ਦਾ ਫ਼ਾਰਸੀ ਸ਼ਬਦ 'ਖ਼ੁਰਦ' ਜੋੜ ਦਿੱਤਾ ਜਾਂਦਾ ਸੀ। ਪਰ ਇਹ ਸ਼ਬਦ ਕਦੀ ਵੀ ਬਹੁਤੇ ਪ੍ਰਚਲਿਤ ਨਾ ਹੋਏ ਤੇ ਲੋਕਾਂ ਦੀ ਜ਼ਬਾਨ ਉਤੇ ਨਾ ਚੜ੍ਹੇ। ਲੋਕ ਅਜਿਹੇ ਪਿੰਡਾਂ ਨਾਲ ਛੋਟਾ-ਵੱਡਾ ਹੀ ਲਾਉਂਦੇ। ਮੰਡੀ ਕਲਾਂ ਨੂੰ ਵੀ ਲੋਕ ਵੱਡੀ ਮੰਡੀ ਆਖਦੇ। ਜਿਉਂ ਹੀ ਗੁਲਾਬ ਚੰਦ, ਜੋ ਲੋਕਾਂ ਲਈ ਗੁਲਾਬੂ ਸੀ, ਆਪਣੇ ਕਾਰੋਬਾਰ ਦੀ ਚੜ੍ਹਦੀ ਕਲਾ ਸਦਕਾ ਦੂਰ-ਦੂਰ ਤੱਕ ਮਸ਼ਹੂਰ ਹੋਇਆ, ਇਲਾਕੇ ਦੇ ਲੋਕਾਂ ਲਈ ਪਿੰਡ ਦਾ ਨਾਂ ਮੰਡੀ ਕਲਾਂ ਜਾਂ ਵੱਡੀ ਮੰਡੀ ਦੀ ਥਾਂ ਗੁਲਾਬੂ ਕੀ ਮੰਡੀ ਹੋ ਗਿਆ।

ਗੁਲਾਬੂ ਸ਼ਾਇਦ ਮੇਰੇ ਦਾਦੇ ਦੇ ਸਮੇਂ ਜਾਂ ਉਸ ਤੋਂ ਵੀ ਕੁਛ ਪਹਿਲਾਂ ਹੋਇਆ ਹੈ। ਬਚਪਨ ਵਿਚ ਮੈਂ ਆਪਣੇ ਬਜ਼ੁਰਗਾਂ ਤੋਂ ਉਹਦੀ ਇਕ ਕਹਾਣੀ ਸੁਣੀ ਸੀ। ਓਦੋਂ ਤਾਂ ਉਹ ਸਿਰਫ਼ ਦਿਲਚਸਪ ਹੀ ਲੱਗੀ ਸੀ, ਮਗਰੋਂ ਵੱਡੇ ਹੋ ਕੇ ਉਹਦਾ ਮਾਨਵੀ ਤੇ ਸਭਿਆਚਾਰਕ ਅਰਥ ਸਮਝ ਵਿਚ ਆਇਆ ਤਾਂ ਸੇਠ ਗੁਲਾਬ ਚੰਦ ਦੀ ਪੰਜਾਬੀਅਤ ਦੇਖ ਕੇ ਮੇਰੇ ਮੂੰਹੋਂ 'ਵਾਹ' ਨਿੱਕਲਣਾ ਕੁਦਰਤੀ ਸੀ।

ਜਿਨ੍ਹਾਂ ਪਿੰਡਾਂ ਦਾ ਨਾਂ ਮੰਡੀ ਪਿਆ ਹੋਇਆ ਹੈ, ਸ਼ਾਇਦ ਉਥੇ, ਓਦੋਂ ਸ਼ਹਿਰੀ ਬਾਜ਼ਾਰ ਅਜੇ ਜ਼ਿਆਦਾ ਵਿਕਸਤ ਨਾ ਹੋਏ ਹੋਣ ਕਾਰਨ, ਸਥਾਨਕ ਪੈਦਾਵਾਰਾਂ ਤੇ ਹੋਰ ਚੀਜ਼ਾਂ ਦਾ ਵਣਜ ਜਾਂ ਵਟਾਂਦਰਾ ਹੁੰਦਾ ਹੋਵੇਗਾ। ਦਸਦੇ ਹਨ, ਗੁਲਾਬੂ ਦਾ ਕਾਰੋਬਾਰ ਖਾਸਾ ਵਧਿਆ ਹੋਇਆ ਸੀ। ਉਹਦੀ ਹੱਟ ਪਿੰਡ ਦੇ ਲੋਕਾਂ ਦੀਆਂ ਲੋੜਾਂ ਤਾਂ ਪੂਰੀਆਂ ਕਰਦੀ ਹੀ, ਨੇੜੇ ਦੇ ਪਿੰਡਾਂ ਦੇ ਆਮ ਲੋਕ ਤੇ ਛੋਟੇ ਦੁਕਾਨਦਾਰ ਵੀ ਉਹਤੋਂ ਮਾਲ ਖਰੀਦਦੇ। ਉਹ ਭਾਅ ਵੀ ਠੀਕ ਲਾਉਂਦਾ ਅਤੇ ਲੈਣ-ਦੇਣ ਦਾ ਵੀ ਖਰਾ ਸੀ। ਔਖ-ਸੌਖ ਵੇਲੇ ਉਹ ਲੋਕਾਂ ਦੇ ਕੰਮ ਆਉਣਾ ਵੀ ਆਪਣਾ ਫ਼ਰਜ਼ ਸਮਝਦਾ ਸੀ ਅਤੇ ਹੁਧਾਰ ਦੇ ਦਿੰਦਾ ਸੀ। ਹੁਧਾਰ ਉਤੇ ਸੂਦ ਲਾਉਣ ਦੇ ਸੰਬੰਧ ਵਿਚ ਵੀ ਉਹ ਲਹੂ-ਚੂਸ ਨਹੀਂ ਸੀ। ਕੁੱਲ ਮਿਲਾ ਕੇ ਉਹ ਇੱਜ਼ਤਦਾਰ ਤੇ ਭਲਾ ਆਦਮੀ ਸਮਝਿਆ ਜਾਂਦਾ ਸੀ। ਇਸ ਕਰਕੇ ਉਹਦੀ ਪਤ ਆਲ਼ੇ-ਦੁਆਲ਼ੇ ਦੂਰ-ਦੂਰ ਤੱਕ ਬਣੀ ਹੋਈ ਸੀ।

ਕਈ ਛੋਟੇ ਪਿੰਡ ਤਾਂ ਇਕ ਬਜ਼ੁਰਗ ਦੀ ਪੀੜ੍ਹੀ-ਦਰ-ਪੀੜ੍ਹੀ ਵਧੀ-ਫੁੱਲੀ ਔਲਾਦ ਨਾਲ ਹੀ ਵਸੇ ਹੋਏ ਹੁੰਦੇ ਸਨ। ਪਰ ਜੇ ਕਿਸੇ ਪਿੰਡ ਦੀ ਸਮਾਜਕ ਬਣਤਰ ਵੰਨ-ਸੁਵੰਨੀ ਵੀ ਹੁੰਦੀ, ਤਾਂ ਵੀ ਉਹ ਸਭਿਆਚਾਰਕ, ਸੰਸਕਾਰੀ, ਭਾਈਚਾਰਕ ਤੇ ਜਜ਼ਬਾਤੀ ਪੱਖੋਂ ਇਕਸਾਰ ਤੇ ਇਕਰੂਪ ਹੀ ਹੁੰਦਾ। ਇਕ ਦੀ ਰਿਸ਼ਤੇਦਾਰੀ ਸਭ ਦੀ ਰਿਸ਼ਤੇਦਾਰੀ ਹੁੰਦੀ। ਖਾਸ ਕਰਕੇ ਧੀ ਨੂੰ ਤਾਂ ਸਾਰੇ ਪਿੰਡ ਦੀ ਧੀ ਹੀ ਸਮਝਿਆ ਜਾਂਦਾ। ਕੁਦਰਤੀ ਸੀ, ਜਦੋਂ ਉਹ ਵਿਆਹੀ ਜਾਂਦੀ, ਉਹਦਾ ਪਤੀ ਸਿਰਫ਼ ਉਸ ਘਰ ਦਾ ਜੁਆਈ ਹੋਣ ਦੀ ਥਾਂ ਪਿੰਡ ਦਾ ਜੁਆਈ ਅਖਵਾਉਂਦਾ। ਤੇ ਜਦੋਂ ਕੁੜੀ ਬਾਲ-ਬੱਚੇ ਵਾਲੀ ਹੋ ਜਾਂਦੀ, ਉਹਦੇ ਧੀਆਂ-ਪੁੱਤ ਪੂਰੇ ਪਿੰਡ ਲਈ ਦੋਹਤੀਆਂ-ਦੋਹਤੇ ਹੁੰਦੇ। ਜੁਆਈ ਲਈ ਸਤਿਕਾਰ ਤੇ ਦੋਹਤੇ-ਦੋਹਤੀ ਲਈ ਪਿਆਰ ਆਪਣੀ ਮਿਸਾਲ ਆਪ ਹੀ ਹੁੰਦਾ ਸੀ। ਉਹਦੇ ਸਹੁਰੇ ਘਰ ਕਿੰਨੀਆਂ ਵੀ ਦੁਧਾਰੂ ਮੱਝਾਂ-ਗਾਈਆਂ ਹੋਣ, ਜੁਆਈ ਲਈ ਆਂਢੀ-ਗੁਆਂਢੀ ਅਣਘਾਲ਼ੇ ਦੁੱਧ ਦੀ ਗੜਵੀ ਜ਼ਰੂਰ ਦੇ ਕੇ ਜਾਂਦੇ। ਦੋਹਤੇ-ਦੋਹਤੀ ਲਈ ਤਾਂ ਕੋਈ ਗੰਨਿਆਂ ਦੀ ਥੱਬੀ ਸੁੱਟ ਜਾਂਦਾ, ਕੋਈ ਮੱਕੀ ਦੀਆਂ ਛੱਲੀਆਂ ਦੀ ਝੋਲੀ ਦੇ ਜਾਂਦਾ।

ਓਦੋਂ ਸੜਕਾਂ ਹੈ ਨਹੀਂ ਸਨ। ਨਾ ਟਾਂਗਾ ਹੁੰਦਾ ਸੀ, ਨਾ ਬਸ। ਕੱਚੇ ਰਾਹੀਂ ਲੋਕ ਪੈਦਲ ਜਾਂਦੇ ਜਾਂ ਵਾਹੀ-ਖੇਤੀ ਵਾਲੇ ਬੋਤਿਆਂ ਅਤੇ ਬਲ੍ਹਦ-ਗੱਡਿਆਂ ਉਤੇ। ਸਰਦੇ-ਪੁਜਦੇ ਬੰਦੇ ਆਉਣ-ਜਾਣ ਵਾਸਤੇ, ਤੇ ਕਿਸੇ ਹੱਦ ਤੱਕ ਸ਼ਾਨ ਵਾਸਤੇ, ਘੋੜਾ ਜਾਂ ਘੋੜੀ ਰਖਦੇ। ਗੁਲਾਬੂ ਸੇਠ ਨੇ ਵੀ ਆਉਣ-ਜਾਣ ਲਈ ਘੋੜੀ ਰੱਖੀ ਹੋਈ ਸੀ। ਇਕ ਦਿਨ ਉਹ ਆਪਣੀ ਘੋੜੀ 'ਤੇ ਚੜ੍ਹਿਆ ਮੰਡੀ ਫੂਲ ਤੋਂ ਪਿੰਡ ਨੂੰ ਜਾ ਰਿਹਾ ਸੀ। ਕੁਛ ਦੂਰ ਜਾ ਕੇ ਉਹ ਪੈਦਲ ਜਾ ਰਹੇ ਇਕ ਨੌਜਵਾਨ ਨਾਲ ਜਾ ਮਿਲਿਆ। ਮੁੰਡੇ ਨੇ ਵਾਹਵਾ ਸ਼ੁਕੀਨੀ ਲਾਈ ਹੋਈ ਸੀ। ਕਿਤੇ ਰਿਸ਼ਤੇਦਾਰੀ ਵਿਚ ਚੱਲਿਆ ਲਗਦਾ ਸੀ। ਸ਼ੁਕੀਨੀ ਤਾਂ ਇਹ ਸੋਅ ਵੀ ਦਿੰਦੀ ਸੀ ਕਿ ਸ਼ਾਇਦ ਸਹੁਰੀਂ ਹੀ ਚੱਲਿਆ ਹੋਵੇ।

ਮੁੰਡੇ ਦੀ ਟੌਹਰ ਦੇਖ ਕੇ ਗੁਲਾਬੂ ਨੇ ਕੁਛ ਮਖੌਲੀ ਰੰਗ ਵਿਚ ਪੁੱਛਿਆ, "ਦੌਲਤਖਾਨਾ ਕਿਹੜਾ ਹੈ ਜੁਆਨ ਦਾ?"

ਉਹਨੇ ਆਪਣੇ ਪਿੰਡ ਦਾ ਨਾਂ ਦੱਸ ਦਿੱਤਾ।

ਸੇਠ ਨੇ ਉਹਦੀ ਮੰਜ਼ਿਲ ਪੁੱਛੀ, "ਤਿਆਰੀ ਕਿਥੋਂ ਦੀ ਖਿੱਚੀ ਐ?"

ਮੁੰਡਾ ਬੋਲਿਆ, "ਐਹ ਗੁਲਾਬੂ ਕੀ ਮੰਡੀ ਜਾਣੈ।"

ਗੁਲਾਬੂ ਦਾ ਤੀਜਾ ਸਵਾਲ ਸੀ, "ਕੀ ਰਿਸ਼ਤੇਦਾਰੀ ਹੈ ਤੇਰੀ ਬਈ ਜੁਆਨਾ ਗੁਲਾਬੂ ਕੀ ਮੰਡੀ?"

ਉਹਨੇ ਜਵਾਬ ਦਿੱਤਾ, "ਮੈਂ ਜੀ ਗੁਲਾਬੂ ਕੀ ਮੰਡੀ ਦਾ ਜੁਆਈ ਹਾਂ।"

ਮੁੰਡੇ ਦੇ ਮੂੰਹੋਂ 'ਗੁਲਾਬੂ ਕੀ ਮੰਡੀ ਦਾ ਜੁਆਈ' ਸੁਣ ਕੇ ਗੁਲਾਬੂ ਦਾ ਮਖੌਲੀ ਰੰਗ ਝੱਟ ਗੰਭੀਰਤਾ ਵਿਚ ਬਦਲ ਗਿਆ। ਉਹ ਬੋਲਿਆ, "ਠਹਿਰ ਬਈ ਜੁਆਨਾ।" ਤੇ ਘੋੜੀ ਤੋਂ ਉਤਰ ਕੇ ਕਹਿੰਦਾ, "ਜੇ ਗੁਲਾਬੂ ਕੀ ਮੰਡੀ ਦਾ ਜੁਆਈ ਹੈਂ, ਫੇਰ ਤੂੰ ਪੈਦਲ ਨਾ ਜਾ। ਐਹ ਘੋੜੀ ਲੈ ਜਾ। ਮੈਂ ਆਪੇ ਪੈਦਲ ਆ ਜਾਊਂ।...ਜਾਣਾ ਕਿਹੜੇ ਘਰ ਐ?"

ਮੁੰਡੇ ਨੇ ਲਗਾਮ ਫੜਨੋਂ ਝਿਜਕਦਿਆਂ ਦੱਸਿਆ, "ਜੀ, ਪਰਤਾਪੇ ਰਵੀਦਾਸੀਏ ਦੇ।"

ਗੁਲਾਬੂ ਨੇ ਲਗਾਮ ਉਹਦੇ ਹੱਥ ਵਿਚ ਫੜਾਈ, "ਪਰਤਾਪ ਸਿਉਂ ਨੂੰ ਕਹੀਂ, ਘੋੜੀ ਸੇਠਾਂ ਦੇ ਘਰ ਦੇ ਆ।"

ਮੁੰਡਾ ਘੋੜੀ ਨੂੰ ਅੱਡੀ ਲਾ ਕੇ ਅੱਗੇ ਨਿੱਕਲ ਗਿਆ! ਗੁਲਾਬੂ ਸੇਠ ਪਿੱਛੇ-ਪਿੱਛੇ ਪੈਦਲ ਤੁਰ ਪਿਆ।

# ਮਾਫੀਆ-ਕਲਚਰ ਵਿਰੁੱਧ ਨਵਜੋਤ ਸਿੱਧੂ ਦੀ ਜੰਗ 'ਆਪਣਿਆਂ' ਵਿਰੁੱਧ ਵੀ

ਦੋਸਤੋ! ਪੰਜਾਬ ਵਿਚ ਹੋ ਰਹੇ ਚੋਣ ਪ੍ਰਚਾਰ ਦੌਰਾਨ ਜਿਹੜਾ ਇਕ ਸ਼ਬਦ ਬਹੁਤ ਮਹੱਤਤਾ ਅਖ਼ਤਿਆਰ ਕਰਦਾ ਜਾ ਰਿਹਾ ਹੈ, ਉਹ ਹੈ "ਮਾਫ਼ੀਆ"। ਵੈਸੇ ਤਾਂ ਇਹ ਸ਼ਬਦ ਅਕਾਲੀ ਦਲ ਦੇ ਰਾਜ ਦੌਰਾਨ ਵੀ ਆਮ ਵਰਤਿਆ ਗਿਆ ਸੀ ਪਰ ਇਸ ਸ਼ਬਦ ਨੂੰ ਜਿਹੜੇ ਨਵੇਂ ਅਰਥ ਦਿੱਤੇ ਗਏ, ਨਵੇਂ ਮਤਲਬ ਸਮਝਾਏ ਗਏ ਅਤੇ ਜਿਹੜੇ ਅਰਥ ਜਨਤਾ ਦੇ ਦਿਲਾਂ ਵਿਚ ਥਾਂ ਬਣਾ ਗਏ, ਉਸ ਦਾ ਸਿਹਰਾ ਨਵਜੋਤ ਸਿੰਘ ਸਿੱਧੂ ਨੂੰ ਜਾਂਦਾ ਹੈ। ਵੈਸੇ ਭਗਵੰਤ ਮਾਨ ਵੀ ਕਦੇ ਕਦੇ ਇਨ੍ਹਾਂ ਸ਼ਬਦਾਂ ਦੀ ਵਰਤੋਂ ਕਰਦਾ ਰਿਹਾ ਹੈ ਪਰ ਉਹ ਸ਼ਬਦ ਇਕ ਤਰ੍ਹਾਂ ਨਾਲ ਕੁਰੱਪਸ਼ਨ-ਕਲਚਰ ਤਕ ਹੀ ਸੀਮਤ ਰਹਿੰਦੇ ਸਨ।

ਨਵਜੋਤ ਸਿੱਧੂ ਨੇ ਅਕਸਰ ਹੀ ਵਿਧਾਨ ਸਭਾ ਦੇ ਅੰਦਰ ਅਤੇ ਵਿਧਾਨ ਸਭਾ ਤੋਂ ਬਾਹਰ ਚਾਰ ਤਰ੍ਹਾਂ



**ਕਰਮਜੀਤ ਸਿੰਘ**
**ਫੋਨ: 99150-91063**

ਦੇ ਮਾਫ਼ੀਏ ਜਨਤਾ ਦੇ ਸਾਹਮਣੇ ਵਾਰ ਵਾਰ ਅਤੇ ਮਿੱਥ ਕੇ ਲਿਆਂਦੇ। ਇਕ ਰੇਤ ਮਾਫ਼ੀਆ, ਦੂਜਾ ਨਸ਼ਾ ਮਾਫੀਆ ਜਾਂ ਸ਼ਰਾਬ ਮਾਫੀਆ, ਤੀਜਾ ਟਰਾਂਸਪੋਰਟ ਮਾਫੀਆ ਅਤੇ ਚੌਥਾ ਕੇਬਲ ਮਾਫੀਆ। ਵੈਸੇ ਭੂ-ਮਾਫੀਆ ਵੀ ਕਾਫੀ ਜ਼ੋਰਾ ਫੜ ਗਿਆ ਹੈ। ਸੋਚਣ ਵਾਲੀ ਗੱਲ ਜਿਹੜੀ ਸਿੱਧੂ ਨੇ ਉਭਾਰ ਕੇ ਸਾਹਮਣੇ ਲਿਆਂਦੀ-ਤੱਥਾਂ ਤੇ ਅੰਕੜਿਆਂ ਸਮੇਤ ਵੀ ਅਤੇ ਕਦੇ ਕਦੇ ਜਜ਼ਬਿਆਂ ਦੇ ਜ਼ੋਰ ਨਾਲ ਵੀ, ਉਹ ਇਹ ਸੀ ਕਿ ਇਹ ਸਾਰੇ ਮਾਫੀਆ ਕਿਸੇ ਨਾ ਕਿਸੇ ਰੂਪ ਵਿਚ ਬਾਦਲ ਦਲ ਨਾਲ ਜਾਂ ਖ਼ਾਸ ਕਰਕੇ ਬਾਦਲ ਪਰਿਵਾਰ ਨਾਲ ਜੁੜੇ ਹੋਏ ਹਨ।

ਇੱਥੇ ਹੀ ਬਸ ਨਹੀਂ ਸਗੋਂ ਨਵਜੋਤ ਸਿੱਧੂ ਨੇ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੀ ਘਟਨਾ ਬਾਰੇ ਵੀ ਇਹੋ ਵਿਚਾਰ ਸੰਗਤ ਦੇ ਸਾਹਮਣੇ ਲਿਆਂਦਾ ਕਿ ਇਸ ਘਟਨਾ ਦੀਆਂ ਤਾਰਾਂ ਵੀ ਬਾਦਲ ਪਰਿਵਾਰ ਨਾਲ ਹੀ ਜੁੜੀਆਂ ਹੋਈਆਂ ਹਨ।

ਦੋਸਤੋ! ਵੈਸੇ ਮਾਫੀਆ ਹੁੰਦਾ ਕੀ ਹੈ? ਕੀ ਪੰਜਾਬ ਦੇ ਸਿਆਸਤਦਾਨਾਂ ਦੇ ਸਬੰਧ ਵਿਚ ਇਹ ਸ਼ਬਦ ਵਰਤਣਾ ਕਾਨੂੰਨੀ ਰੂਪ ਵਿਚ ਵਾਜਬ ਵੀ ਹੈ? ਜਾਂ ਕਿਸੇ ਹੋਰ ਸ਼ਬਦ ਦੀ ਵਰਤੋਂ ਕੀਤੀ ਜਾਵੇ ਜੋ ਮਾਫੀਆ ਦੇ ਅਰਥਾਂ ਤੋਂ ਵੱਖਰਾ ਹੋਵੇ ਪਰ ਸਿਆਸਤਦਾਨਾਂ ਦੇ ਗਿੱਟਿਆਂ 'ਤੇ ਵੱਜੇ? ਪੰਜਾਬ ਅੰਦਰ ਮਾਫੀਆ ਦੇ ਕੰਮ ਇਕੋ ਪਾਰਟੀ ਨਾਲ ਜੁੜੇ ਹੋਏ ਹਨ ਜਾਂ ਮਾਫੀਆ ਦੇ ਕਈ ਰੂਪ ਰੰਗ ਹੋਰ ਪਾਰਟੀਆਂ ਨਾਲ ਵੀ ਕਿਸੇ ਨਾ ਕਿਸੇ ਢੰਗ ਤਰੀਕੇ ਨਾਲ ਸਬੰਧ ਰੱਖਦੇ ਹਨ?

ਇੱਥੇ ਅਜੇ ਦੋਸਤੋ, ਮਾਫੀਆ ਦੀ ਪਰਿਭਾਸ਼ਾ ਬਾਰੇ ਇੰਨਾ ਹੀ ਦੱਸਣਾ ਕਾਫ਼ੀ ਹੈ ਕਿ ਗੈਰਕਾਨੂੰਨੀ ਕਾਰਵਾਈਆਂ ਕਰਨ ਵਾਲੀ ਕਿਸੇ ਗੁਪਤ ਸੰਸਥਾ ਨੂੰ ਮਾਫੀਆ ਕਹਿੰਦੇ ਹਨ। ਹਾਲਾਂਕਿ ਇਹ ਪਰਿਭਾਸ਼ਾ ਆਪਣੇ ਆਪ ਵਿਚ ਮੁਕੰਮਲ ਨਹੀਂ ਹੈ ਕਿਉਂਕਿ ਮਾਫ਼ੀਆ-ਕਲਚਰ ਦੂਰ ਦੂਰ ਤਕ ਕਈ ਤਰੀਕਿਆਂ ਨਾਲ ਫੈਲਿਆ ਹੋਇਆ ਹੈ। ਮਿਸਾਲ ਵਜੋਂ ਦਾਊਦ ਇਬਰਾਹੀਮ ਦੀ ਸੰਸਥਾ ਡੀ-ਕੰਪਨੀ ਇਕ ਤਰ੍ਹਾਂ ਨਾਲ ਮਾਫ਼ੀਆ ਹੈ।

ਮਾਫੀਆ ਸ਼ਬਦ ਕਿੱਥੋਂ ਆਇਆ? ਇਟਲੀ ਵਿਚ ਸਿਸਲੀਅਨ ਖੇਤਰ ਦੇ ਕਲਚਰ ਨਾਲ ਇਸ ਦੇ ਕੀ ਭਾਵਕ ਰਿਸ਼ਤੇ ਹਨ? ਸੰਸਾਰ ਵਿਚ ਵੱਡੇ ਡਾਨ ਕਿਹੜੇ ਹਨ? ਉਨ੍ਹਾਂ ਦਾ ਨੈੱਟਵਰਕ ਕਿਸ ਤਰ੍ਹਾਂ ਦਾ ਹੈ? ਭਾਰਤ ਵਿਚ ਮਾਫੀਆ ਡਾਨ ਕੀ



ਕਰਦੇ ਹਨ? ਇਨ੍ਹਾਂ ਦਾ ਚੋਟੀ ਦੇ ਸਿਆਸਤਦਾਨਾਂ ਨਾਲ ਕੀ ਸਬੰਧ ਹੈ? ਇਹ ਦਿਲਚਸਪ ਸਵਾਲ ਜਵਾਬ ਕਿਸੇ ਹੋਰ ਸਮੇਂ ਕੀਤੇ ਜਾਣਗੇ। ਵੈਸੇ ਇਹ ਵੀ ਕਿਹਾ ਜਾਂਦਾ ਹੈ ਕਿ ਕਿਸੇ ਤਾਕਤਵਰ ਬੰਦੇ ਜਾਂ ਸੰਸਥਾ ਵਿਰੁੱਧ ਆਵਾਜ਼ ਬੁਲੰਦ ਕਰਨ ਵਾਲੇ ਜਾਂ ਉਨ੍ਹਾਂ ਵਿਰੁੱਧ ਕਾਰਵਾਈ ਕਰਨ ਵਾਲੇ ਜਾਂ ਉਨ੍ਹਾਂ ਨੂੰ ਸਬਕ ਸਿਖਾਉਣ ਵਾਲੀ ਸੰਸਥਾ ਵੀ ਮਾਫੀਆ ਅਖਵਾ ਸਕਦੀ ਹੈ। ਇਸ ਸਬੰਧ ਵਿਚ ਅਨੇਕਾਂ ਫਿਲਮਾਂ ਵੀ ਬਣੀਆਂ ਹਨ ਜਿਨ੍ਹਾਂ ਵਿਚ ਦੱਸਿਆ ਗਿਆ ਹੈ ਕਿ ਇਹ ਮਾਫੀਆ ਡਾਨ ਜ਼ਾਲਮ ਹੀ ਨਹੀਂ ਹੁੰਦੇ ਸਗੋਂ ਚੰਗੇ ਕੰਮ ਵੀ ਕਰਦੇ ਹਨ। ਉਹ ਮੇਹਰਬਾਨ ਵੀ ਹੁੰਦੇ ਹਨ ਜਾਂ ਹੋ ਸਕਦੇ ਹਨ। ਇਸ ਲਈ ਪੰਜਾਬ ਵਿਚ ਮਾਫੀਆ ਕਿਵੇਂ ਕੰਮ ਕਰਦੇ ਹਨ, ਇਨ੍ਹਾਂ ਦਾ ਸਿਆਸਤ ਨਾਲ ਕੀ ਰਿਸ਼ਤਾ ਹੈ, ਇਹ ਧਰਮ ਦੀ ਕਿਸ ਤਰ੍ਹਾਂ ਹਮਾਇਤ ਲੈਂਦੇ ਹਨ, ਇਹ ਸਵਾਲ ਖੋਜ ਦਾ ਵਿਸ਼ਾ ਹੈ।

ਦੋਸਤੋ, ਪੰਜਾਬ ਦੀਆਂ ਇਨ੍ਹਾਂ ਚੋਣਾਂ ਨੂੰ ਜੇ ਇਕ ਵਾਕ ਵਿਚ ਪੇਸ਼ ਕਰਨਾ ਹੋਵੇ ਤਾਂ ਇਹ ਇਸ ਸਮੇਂ ਰਾਜਨੀਤਕ ਚੇਤਨਾ ਦੀ ਵਗਦੀ ਨਦੀ ਹੈ, ਜਿਸ ਵਿਚ ਕਿਸਾਨ ਮੋਰਚੇ ਦਾ ਵੱਡਾ ਹਿੱਸਾ ਹੈ ਜਾਂ ਇਉਂ ਕਹਿ ਲਵੋ ਕਿ ਕਿਸਾਨ ਮੋਰਚੇ ਨੇ ਪੰਜਾਬ ਦੀ ਧਰਤੀ 'ਤੇ ਰਾਜਨੀਤਕ ਚੇਤਨਾ ਦਾ ਨਵਾਂ ਦਰਿਆ ਵਗਾ ਦਿੱਤਾ ਹੈ ਅਤੇ ਦਿਲਚਸਪ ਸਚਾਈ ਇਹ ਹੈ ਕਿ ਕਿਸਾਨ ਆਗੂਆਂ ਨੂੰ ਵੀ ਇਸ ਮਹਾਨ ਚੇਤਨਾ ਦੀਆਂ ਗੁੰਝਲਦਾਰ ਪਰਤਾਂ ਬਾਰੇ ਕੁਝ ਵੀ ਨਹੀਂ ਪਤਾ। ਉਨ੍ਹਾਂ ਨੂੰ ਨਹੀਂ ਪਤਾ ਕਿ "ਚੇਤਨਾ ਦਾ ਮੱਠ" ਜੋ ਉਨ੍ਹਾਂ ਨੇ ਸਥਾਪਤ ਕੀਤਾ ਹੈ, ਉਸ ਦੇ ਦੂਰ ਰਸ ਨਤੀਜੇ ਕੀ ਨਿਕਲ ਸਕਦੇ ਹਨ? ਪੰਜਾਬ ਵਿਚ ਜਗੀ ਚੇਤਨਾ ਇਨ੍ਹਾਂ ਚੋਣਾਂ ਵਿਚ ਕਿਹੜਾ ਰੁਝਾਨ ਅਖਤਿਆਰ ਕਰੇਗੀ, ਮਾਹਰਾਂ ਨੂੰ ਵੀ ਅਜੇ ਇਹ ਜਵਾਬ ਨਹੀਂ ਮਿਲ ਰਿਹਾ।

ਦੋਸਤੋ! ਇਸੇ ਰਾਜਨੀਤਕ ਚੇਤਨਾ ਨੂੰ ਹੋਰ ਤੇਜ਼ ਤੇ ਪ੍ਰਭਾਵਸ਼ਾਲੀ ਕਰਨ ਲਈ ਨਵਜੋਤ ਸਿੱਧੂ ਮੈਦਾਨ ਵਿਚ ਉਤਰਿਆ ਹੈ ਅਤੇ ਉਹ ਇਹ ਜੰਗ ਇਕੱਲਾ ਹੀ ਲੜ ਰਿਹਾ ਹੈ। ਕਾਰਨ? ਮੌਜੂਦਾ ਰਾਜਨੀਤਕ ਸਥਿਤੀ ਦਾ ਅਜਬ ਵਿਅੰਗ ਇਹ ਹੈ ਕਿ ਉਪਰੋਕਤ ਚਾਰ ਮਾਫ਼ੀਆ ਵਿਚ ਹਰ ਉਸ ਕਿਸੇ ਦਾ ਹਿੱਸਾ ਹੈ ਜੋ ਰਾਜ ਦੀ ਸਮਾਜਿਕ ਜਾਂ "ਰਾਜਨੀਤਕ ਟੀਸੀ ਦਾ ਬੇਰ" ਹਨ। ਅਸੀਂ ਇਹ ਤਾਂ ਕਹਿ ਸਕਦੇ ਹਾਂ ਕਿ ਬਾਦਲ ਪਰਿਵਾਰ ਜਾਂ ਸਾਥੀ ਇਸ ਹਿੱਸੇ ਵਿਚ ਸਭ ਤੋਂ ਅੱਗੇ ਹੈ ਜਾਂ ਇਉਂ ਕਹੋ ਕਿ ਬਹੁਤ ਹੀ ਅੱਗੇ ਹੈ, ਪਰ ਦੂਜੇ ਵੀ ਪਿੱਛੇ ਪਿੱਛੇ ਤੁਰੇ ਆ ਰਹੇ ਹਨ। ਨਵਜੋਤ ਸਿੱਧੂ ਦੀ ਇਕ ਜੰਗ ਚੁੱਪ ਚੁਪੀਤੇ ਪਾਰਟੀ ਦੇ ਅੰਦਰ ਵੀ ਚੱਲ ਰਹੀ ਹੈ। ਮਿਸਾਲ ਵਜੋਂ ਚੋਟੀ ਦੇ ਆਗੂ ਦੇ ਰਿਸ਼ਤੇਦਾਰ ਦਾ ਰੇਤ ਮਾਫੀਏ ਵਿਚ ਸ਼ਾਮਲ ਹੋਣਾ ਅਤੇ ਦਸ ਕਰੋੜ ਤੇ ਹੋਰ ਕੀਮਤੀ ਵਸਤਾਂ ਬਰਾਮਦ ਹੋਣ ਦਾ "ਅਸਲ ਮਤਲਬ" ਕੀ ਹੈ? ਉਸ ਵਿਅਕਤੀ ਨੂੰ ਵੱਡੀ ਸੁਰੱਖਿਆ ਛਤਰੀ ਦੇਣ ਦੇ ਡੂੰਘੇ ਅਰਥ ਕੀ ਹਨ। ਦਸ ਕਰੋੜ ਦੀ ਰਕਮ ਵਿਚ ਹੋਰ ਕਿਸੇ ਵੱਡੇ ਬੰਦੇ ਦਾ ਹੱਥ ਨਾ ਹੋਵੇ ਇਹ ਗੱਲ ਹਜ਼ਮ ਹੋਣੀ ਮੁਸ਼ਕਲ ਹੈ। ਕੀ ਇਸ ਨੂੰ "ਬਦਲੇ ਦੀ ਕਾਰਵਾਈ" ਦੱਸ ਕੇ ਦੋਸ਼ੀਆਂ ਨੂੰ ਬਰੀ ਕੀਤਾ ਜਾ ਸਕਦਾ ਹੈ? ਇਸੇ ਤਰ੍ਹਾਂ ਟਰਾਂਸਪੋਰਟ ਮਾਫ਼ੀਆ ਵਿਚ ਹਾਕਮ ਪਾਰਟੀ ਕੀ ਸ਼ਾਮਲ ਨਹੀਂ? ਕੀ ਆਮ ਆਦਮੀ ਪਾਰਟੀ ਦੇ ਵੱਡੇ ਬੰਦੇ ਵੀ ਰਾਜ ਭਾਗ ਮਿਲਣ ਦੀ ਸੂਰਤ ਵਿਚ ਨਿੱਕੇ ਮੋਟੇ ਮਾਫ਼ੀਏ ਬਣਨ ਦੀਆਂ ਤਿਆਰੀਆਂ ਕਰ ਰਹੇ ਹਨ?

ਨਵਜੋਤ ਸਿੱਧੂ ਵਿਰੁੱਧ ਜੋ ਆਵਾਜ਼ਾਂ ਅੰਦਰੋਂ ਬਾਹਰੋਂ ਉਠ ਰਹੀਆਂ ਹਨ ਤੇ ਜਥੇਬੰਦ ਹੋ ਕੇ ਜਿਵੇਂ ਉਠ ਰਹੀਆਂ ਹਨ, ਉਸ ਤੋਂ ਇਹੋ ਗੱਲ ਸਾਹਮਣੇ ਆ ਰਹੀ ਹੈ ਕਿ ਮਾਫੀਆ-ਕਲਚਰ ਅੱਜ ਰਾਜਨੀਤਿਕ ਪਾਰਟੀਆਂ ਦੀ ਜਿੰਦ ਜਾਨ ਬਣ ਗਈ ਹੈ। ਦੂਜੇ ਸ਼ਬਦਾਂ ਵਿਚ ਇਸ ਨੂੰ ਨੈਤਿਕਤਾ ਦਾ ਰੂਪ ਦੇਣ ਵਿਚ ਸਾਰੇ ਸਹਿਮਤ ਹੋ ਗਏ ਜਾਪਦੇ ਹਨ। ਆਓ ਸਾਰੇ ਕਿਸੇ ਸ਼ਾਇਰ ਦੀਆਂ ਇਨ੍ਹਾਂ ਸਤਰਾਂ ਨਾਲ ਸਾਂਝ ਪਾਈਏ:

ਯਾਰ ਤੇ ਵੈਰੀ ਰਜ਼ਾਮੰਦ ਹੋ ਗਏ,
ਜ਼ਿੰਦਗੀ ਦਾ ਮੁੱਲ ਪਾ ਦਿੱਤਾ ਗਿਆ।

# ਲਤਾ ਮੰਗੇਸ਼ਕਰ ਦੇ ਸੰਗੀਤ ਸਫਰ ਬਾਰੇ ਕੁਝ ਖਾਸ ਗੱਲਾਂ

***ਲਤਾ ਮੰਗੇਸ਼ਕਰ ਨੇ ਭਾਵੇਂ ਆਪਣੀ ਜੀਵਨ ਯਾਤਰਾ ਪੂਰੀ ਕਰ ਲਈ ਪਰ ਕਈ ਦਹਾਕੇ ਪਹਿਲਾਂ ਸ਼ੁਰੂ ਹੋਇਆ ਉਨ੍ਹਾਂ ਦਾ ਸੰਗੀਤ ਸਫਰ ਅਮੁੱਕ ਹੈ। ਉਹ ਸੰਗੀਤ ਦੇ ਇਤਿਹਾਸ ਦੀ ਅਜਿਹੀ ਯਾਤਰੀ ਹੈ ਜਿਸ ਦੀ ਯਾਤਰਾ ਸ਼ਾਇਦ ਹੀ ਕਦੀ ਖਤਮ ਹੋਵੇ। ਉਘੇ ਪੱਤਰਕਾਰ ਰੇਹਾਨ ਫਜ਼ਲ ਨੇ ਇਸ ਲੇਖ ਵਿਚ ਲਤਾ ਮੰਗੇਸ਼ਕਰ (28 ਸਤੰਬਰ 1929-6 ਫਰਵਰੀ 2022) ਦੇ ਜੀਵਨ ਅਤੇ ਕਲਾ-ਜੀਵਨ ਬਾਰੇ ਵਿਸਥਾਰ ਸਹਿਤ ਚਰਚਾ ਕੀਤੀ ਹੈ। ਇਸ ਵਿਚ ਉਨ੍ਹਾਂ ਦੀ ਜ਼ਿੰਦਗੀ ਦੇ ਬਹੁਤ ਸਾਰੇ ਅਣਛੋਹੇ ਵਾਕਿਆਤ ਦੀ ਬਾਤ ਪਾਈ ਗਈ ਹੈ।***

ਜਵਾਹਰਲਾਲ ਨਹਿਰੂ ਬਾਰੇ ਮਸ਼ਹੂਰ ਸੀ ਕਿ ਉਹ ਨਾ ਤਾਂ ਕਦੇ ਜਨਤਕ ਰੂਪ ਵਿਚ ਰੋਂਦੇ ਸਨ ਅਤੇ ਨਾ ਹੀ ਕਿਸੇ ਦੂਜੇ ਦਾ ਇਸ ਤਰ੍ਹਾਂ ਰੋਣਾ ਪਸੰਦ ਕਰਦੇ ਸਨ ਪਰ 27 ਜਨਵਰੀ, 1963 ਨੂੰ ਜਦੋਂ ਲਤਾ ਮੰਗੇਸ਼ਕਰ ਨੇ ਕਵੀ ਪ੍ਰਦੀਪ ਦਾ ਲਿਖਿਆ ਗੀਤ 'ਐ ਮੇਰੇ ਵਤਨ ਕੇ ਲੋਗੋ" ਗਾਇਆ ਤਾਂ ਨਹਿਰੂ ਆਪਣੇ ਅੱਥਰੂ ਰੋਕ ਨਾ ਸਕੇ।

ਗਾਣੇ ਤੋਂ ਬਾਅਦ ਜਦੋਂ ਲਤਾ ਸਟੇਜ ਦੇ ਪਿੱਛੇ ਬੈਠੇ ਸਨ ਤਾਂ ਨਿਰਦੇਸ਼ਕ ਮਹਿਬੂਬ ਖਾਨ ਨੇ ਲਤਾ ਨੂੰ ਕਿਹਾ ਕਿ ਨਹਿਰੂ ਜੀ ਸੱਦ ਰਹੇ ਹਨ। ਮਹਿਬੂਬ ਨੇ ਲਤਾ ਨੂੰ ਨਹਿਰੂ ਦੇ ਸਾਹਮਣੇ ਲਿਜਾ ਕਿ ਕਿਹਾ, "ਇਹ ਹੈ ਸਾਡੀ ਲਤਾ, ਤੁਹਾਨੂੰ ਕਿਵੇਂ ਲੱਗਿਆ ਇਸ ਦਾ ਗਾਣਾ?" ਨਹਿਰੂ ਨੇ ਕਿਹਾ, "ਬਹੁਤ ਵਧੀਆ। ਇਸ ਲੜਕੀ ਨੇ ਮੇਰੀਆਂ ਅੱਖਾਂ ਵਿਚ ਪਾਣੀ ਲਿਆ ਦਿੱਤਾ।" ਇਹ ਕਹਿ ਕੇ ਨਹਿਰੂ ਨੇ ਲਤਾ ਨੂੰ ਗਲ ਨਾਲ ਲਗਾ ਲਿਆ।



**ਰੇਹਾਨ ਫਜ਼ਲ**

ਫੌਰਨ ਹੀ ਇਸ ਗਾਣੇ ਦੀ ਮਾਸਟਰ ਟੇਪ ਨੂੰ ਵਿਵਿਧ ਭਾਰਤੀ ਦੇ ਸਟੇਸ਼ਨ ਪਹੁੰਚਾਇਆ ਗਿਆ ਅਤੇ ਰਿਕਾਰਡ ਸਮੇਂ ਵਿਚ ਐਚ.ਐਮ.ਵੀ. ਉਸ ਦਾ ਰਿਕਾਰਡ ਬਣਵਾ ਕੇ ਮਾਰਕੀਟ ਵਿਚ ਲੈ ਆਈ। ਦੇਖਦੇ ਹੀ ਦੇਖਦੇ ਗਾਣਾ ਪੂਰੇ ਦੇਸ਼ ਵਿਚ ਛਾਅ ਗਿਆ ਤੇ 'ਨੈਸ਼ਨਲ ਰੇਜ' ਬਣ ਗਿਆ। 1964 ਵਿਚ ਜਦੋਂ ਨਹਿਰੂ ਮੁੰਬਈ ਆਏ ਤਾਂ ਲਤਾ ਨੇ ਉਨ੍ਹਾਂ ਦੇ ਸਾਹਮਣੇ ਬ੍ਰੇਬੋਰਨ ਸਟੇਡੀਅਮ ਵਿਚ ਆਰਜ਼ੂ ਫਿਲਮ ਦਾ ਗਾਣਾ 'ਅਜੀ ਰੂਠ ਕਰ ਅਬ ਕਹਾਂ ਜਾਈਏਗਾ' ਗਾਇਆ ਸੀ। ਉਸ ਸਮੇਂ ਨਹਿਰੂ ਨੇ ਚਿੱਟ ਭੇਜ ਕੇ ਮੁੜ ਤੋਂ 'ਐ ਮੇਰੇ ਵਤਨ ਕੇ ਲੋਗੋ" ਗਾਉਣ ਦੀ ਮੰਗ ਰੱਖੀ ਤੇ ਲਤਾ ਨੇ ਉਹ ਪੂਰੀ ਕੀਤੀ।

1949 ਵਿਚ 'ਅੰਦਾਜ਼' ਰਿਲੀਜ਼ ਹੋਣ ਤੋਂ ਬਾਅਦ ਸੰਗੀਤ ਚਾਰਟ ਦੇ ਪਹਿਲੇ ਪੰਜ ਸਥਾਨ ਹਮੇਸ਼ਾ ਲਤਾ ਮੰਗੇਸ਼ਕਰ ਦੇ ਹੀ ਨਾਮ ਰਹੇ। ਜਦੋਂ ਲਤਾ ਮੰਗੇਸ਼ਕਰ 80 ਸਾਲ ਦੇ ਹੋਏ ਤਾਂ ਉਨ੍ਹਾਂ ਨੇ ਕਿਹਾ ਕਿ ਉਨ੍ਹਾਂ ਦੇ ਕਰੀਅਰ ਨੂੰ ਖੰਭ ਲੱਗੇ ਰਾਜ ਕਪੂਰ-ਨਰਗਿਸ ਦੀ ਫਿਲਮ 'ਬਰਸਾਤ' ਦੇ ਆਉਣ ਤੋਂ ਬਾਅਦ।

ਲਤਾ ਬਾਰੇ ਮਦਨ ਮੋਹਨ ਨੇ ਸੋਲਾਂ ਆਨੇ ਸੱਚੀ ਗੱਲ ਕਹੀ, ਉਨ੍ਹਾਂ ਨੇ ਲਿਖਿਆ, "1965 ਵਿਚ ਮੈਟਰੋ-ਮਰਫੀ ਵੱਲੋਂ ਸਾਨੂੰ ਸੰਗੀਤਕਾਰਾਂ ਨੂੰ ਪ੍ਰਤਿਭਾ ਪਛਾਨਣ ਲਈ ਪੂਰੇ ਦੇਸ਼ ਵਿਚ ਭੇਜਿਆ ਗਿਆ, ਅਸੀਂ ਕੋਈ ਵੀ ਅਜਿਹਾ ਨਹੀਂ ਲੱਭ ਸਕੇ ਜੋ ਪ੍ਰਤਿਭਾ ਦੇ ਮਾਮਲੇ ਵਿਚ ਨੇੜੇ-ਤੇੜੇ ਵੀ ਹੋਵੇ। ਇਹ ਸਾਡੀ ਖੁਸ਼ਕਿਸਮਤੀ ਸੀ ਕਿ ਲਤਾ ਸਾਡੇ ਜ਼ਮਾਨੇ ਵਿਚ ਪੈਦਾ ਹੋਏ।"

ਲਤਾ ਮੰਗੇਸ਼ਕਰ ਨੇ ਸ਼ੁਰੂਆਤੀ ਸਮੇਂ ਵਿਚ ਅਦਾਕਾਰੀ ਕਰਨ ਦੀ ਵੀ ਕੋਸ਼ਿਸ਼ ਕੀਤੀ। ਅਸਲ ਵਿਚ ਜਦੋਂ 1948 ਵਿਚ 'ਮਹਿਲ' ਰਿਲੀਜ਼ ਹੋਈ ਤਾਂ ਗੀਤਾ ਰਾਏ ਨੂੰ ਛੱਡ ਕੇ ਇੱਕ-ਇੱਕ ਕਰਕੇ ਲਤਾ ਮੰਗੇਸ਼ਕਰ ਦੇ ਸਾਰੇ ਮੁਕਾਬਲੇਦਾਰ ਸ਼ਮਸ਼ਾਦ ਬੇਗਮ, ਜ਼ੋਹਰਾਬਾਈ ਅੰਬਾਲਾਵਾਲੀ ਤੇ ਪਾਰੁਲ ਘੋਸ਼ ਅਤੇ ਅਮੀਰਬਾਈ ਕਰਨਾਟਕੀ ਉਨ੍ਹਾਂ ਦੇ ਰਸਤੇ ਤੋਂ ਪਾਸੇ ਹੁੰਦੇ ਗਏ। ਜਦੋਂ 1950 ਵਿਚ ਉਨ੍ਹਾਂ ਨੇ 'ਆਏਗਾ ਆਨੇ ਵਾਲਾ' ਗੀਤ ਗਾਇਆ ਤਾਂ ਆਲ ਇੰਡੀਆ ਰੇਡੀਓ ਉਪਰ ਫਿਲਮ ਸੰਗੀਤ ਬਜਾਉਣ ਦੀ ਪਾਬੰਦੀ ਸੀ। ਉਸ ਸਮੇਂ ਰੇਡੀਓ ਸੀਲੋਨ ਵੀ ਨਹੀਂ ਸੀ। ਭਾਰਤ ਵਾਸੀਆਂ ਨੇ ਪਹਿਲੀ ਵਾਰ ਰੇਡੀਓ ਗੋਆ ਤੋਂ ਲਤਾ ਦੀ ਆਵਾਜ਼ ਸੁਣੀ। ਗੋਆ ਉਸ ਸਮੇਂ ਪੁਰਤਗਾਲ ਦੇ ਕਬਜ਼ੇ ਵਿਚ ਸੀ। ਭਾਰਤ ਨੇ ਇਸ ਨੂੰ 1961 ਵਿਚ ਆਜ਼ਾਦ ਕਰਵਾਇਆ।

ਉਘੇ ਸ਼ਾਸਤਰੀ ਸੰਗੀਤ ਗਾਇਕ ਪੰਡਿਤ ਜਸਰਾਜ ਦਿਲਚਸਪ ਕਿੱਸਾ ਸੁਣਾਉਂਦੇ ਹਨ, "ਇੱਕ ਵਾਰ ਮੈਂ ਬੜੇ ਗੁਲਾਮ ਅਲੀ ਖਾਨ ਨੂੰ ਮਿਲਣ ਅੰਮ੍ਰਿਤਸਰ ਗਿਆ। ਅਸੀਂ ਗੱਲਾਂ ਹੀ ਕਰ ਰਹੇ ਸਨ ਕਿ ਟਰਾਂਜ਼ਿਸਟਰ 'ਤੇ ਲਤਾ ਦਾ ਗਾਣਾ 'ਯੇ ਜ਼ਿੰਦਗੀ ਉਸੀ ਕੀ ਹੈ ਜੋ ਕਿਸੀ ਕਾ ਹੋ ਗਿਆ' ਸੁਣਨ ਵਿਚ ਆਇਆ। ਖਾਨ ਸਾਹਿਬ ਗੱਲ ਕਰਦੇ-ਕਰਦੇ ਇੱਕਦਮ ਰੁਕ ਗਏ ਤੇ ਜਦੋਂ ਗਾਣਾ ਮੁੱਕਿਆ ਤਾਂ ਮੈਨੂੰ ਕਹਿੰਦੇ, ਕਮਬਖਤ ਕਦੇ ਬੇਸੁਰੀ ਹੁੰਦੀ ਹੀ ਨਹੀਂ। ਇਸ ਟਿੱਪਣੀ ਵਿਚ ਪਿਤਾ ਦਾ ਪਿਆਰ ਵੀ ਸੀ ਤੇ ਕਲਾਕਾਰ ਦੀ ਈਰਖਾ ਵੀ।"

ਲਤਾ ਦੇ ਗਾਉਣ ਦੀ ਸ਼ੁਰੂਆਤ ਪੰਜ ਸਾਲ ਦੀ ਉਮਰ ਵਿਚ ਹੋਈ ਸੀ। ਨਸਰੀਨ ਮੁੰਨੀ ਕਬੀਰ ਦੀ ਕਿਤਾਬ 'ਲਤਾ ਇਨ ਹਰ ਓਨ ਵਰਡਸ' ਵਿਚ ਖੁਦ ਲਤਾ ਦੱਸਦੇ ਹਨ, "ਮੈਂ ਆਪਣੇ ਪਿਤਾ ਦੀਨਾਨਾਥ ਮੰਗੇਸ਼ਕਰ ਨੂੰ ਗਾਉਂਦਿਆਂ ਸੁਣਦੀ ਸੀ ਪਰ ਉਨ੍ਹਾਂ ਦੇ ਸਾਹਮਣੇ ਗਾਉਣ ਦੀ ਹਿੰਮਤ ਨਹੀਂ ਪੈਂਦੀ ਸੀ। ਇੱਕ ਵਾਰ ਉਹ ਆਪਣੇ ਕਿਸੇ ਸ਼ਾਗਿਰਦ ਨੂੰ ਰਾਗ ਪੂਰੀਆ ਧਨਾਸ਼੍ਰੀ ਸਿਖਾ ਰਹੇ ਸਨ। ਕਿਸੇ ਕਾਰਨ ਉਹ ਥੋੜ੍ਹੀ ਦੇਰ ਲਈ ਕਮਰੇ ਤੋਂ ਬਾਹਰ ਚਲੇ ਗਏ। ਮੈਂ ਬਾਹਰ ਖੇਡ ਰਹੀ ਸੀ। ਮੈਂ ਬਾਬਾ ਦੇ ਵਿਦਿਆਰਥੀ ਨੂੰ ਗਾਉਂਦੇ ਹੋਏ ਸੁਣਿਆ। ਮੈਨੂੰ ਲੱਗਿਆ, ਮੁੰਡਾ ਢੰਗ ਨਾਲ ਨਹੀਂ ਗਾ ਰਿਹਾ। ਮੈਂ ਉਸ ਕੋਲ ਗਈ ਤੇ ਉਸ ਦੇ ਸਾਹਮਣੇ ਗਾ ਕੇ ਦੱਸਿਆ ਕਿ ਇਸ ਨੂੰ ਕਿਵੇਂ ਗਾਇਆ ਜਾਂਦਾ ਹੈ। ਜਦੋਂ ਮੇਰੇ ਪਿਤਾ ਵਾਪਸ ਆਏ ਤਾਂ ਉਨ੍ਹਾਂ ਨੇ ਦਰਵਾਜ਼ੇ ਦੀ ਓਟ ਵਿਚੋਂ ਮੈਨੂੰ ਗਾਉਂਦੀ ਨੂੰ ਸੁਣਿਆ। ਉਨ੍ਹਾਂ ਨੇ ਮੇਰੀ ਮਾਂ ਨੂੰ ਬੁਲਾ ਕੇ ਕਿਹਾ- 'ਸਾਨੂੰ ਇਹ ਪਤਾ ਹੀ ਨਹੀਂ ਸੀ ਕਿ ਸਾਡੇ ਘਰ ਵਿਚ ਵੀ ਚੰਗੀ ਗਾਇਕਾ ਹੈ'। ਅਗਲੇ ਦਿਨ ਸਵੇਰੇ ਛੇ ਵਜੇ ਜਗਾ ਕੇ ਮੇਰੇ ਪਿਤਾ ਨੇ ਮੈਨੂੰ ਕਿਹਾ- ਤਾਨਪੁਰਾ ਚੁੱਕੋ, ਅੱਜ ਤੋਂ ਤੂੰ ਗਾਣਾ ਸਿੱਖੇਂਗੀ। ਉਨ੍ਹਾਂ ਨੇ ਪੂਰੀਆ ਧਨਾਸ਼੍ਰੀ ਰਾਗ ਤੋਂ ਹੀ ਸ਼ੁਰੂ ਕੀਤਾ। ਉਸ ਸਮੇਂ ਮੇਰੀ ਉਮਰ ਮਹਿਜ਼ ਪੰਜ ਸਾਲ ਦੀ ਸੀ।"

ਉਂਝ ਤਾਂ ਲਤਾ ਮੰਗੇਸ਼ਕਰ ਨੇ ਕਈ ਸੰਗੀਤਕਾਰਾਂ ਨਾਲ ਕੰਮ ਕੀਤਾ ਹੈ ਪਰ ਗੁਲਾਮ ਹੈਦਰ ਦੇ ਲਈ ਉਨ੍ਹਾਂ ਦੇ ਮਨ ਵਿਚ ਖਾਸ ਥਾਂ ਸੀ। ਉਨ੍ਹਾਂ ਨੇ ਉਨ੍ਹਾਂ ਨੂੰ ਸਿੱਖਿਆ ਦਿੱਤੀ ਸੀ ਕਿ ਬੀਟ 'ਤੇ ਆਉਣ ਵਾਲੇ ਸ਼ਬਦਾਂ ਉਪਰ ਥੋੜ੍ਹਾ ਜ਼ਿਆਦਾ ਜ਼ੋਰ ਦੇਣਾ ਹੈ। ਇਸੇ ਨਾਲ ਗਾਣਾ ਉਠਦਾ ਹੈ।"

ਹਰੀਸ਼ ਭਿਵਾਨੀ ਆਪਣੀ ਕਿਤਾਬ 'ਲਤਾ ਦੀਦੀ ਅਜੀਬ ਦਾਸਤਾਨ ਹੈ' ਵਿਚ ਲਿਖਦੇ ਹਨ, "ਅਨਿਲ ਦਾ ਇਸ ਗੱਲ ਉਪਰ ਬਹੁਤ ਜ਼ੋਰ ਦਿੰਦੇ ਸਨ ਕਿ ਗੀਤ ਗਾਉਂਦੇ ਸਮੇਂ ਸਾਂਹ ਕਿੱਥੇ ਤੋੜਨੀ ਚਾਹੀਦੀ ਹੈ ਤਾਂ ਜੋ ਸੁਣਨ ਵਾਲੇ ਨੂੰ ਰੜਕੇ ਨਾ। ਅਨਿਲ ਬਿਸਵਾਸ ਨੇ ਲਤਾ ਨੂੰ ਸਿਖਾਇਆ ਕਿ ਦੋ ਸ਼ਬਦਾਂ ਦੇ ਵਿਚਕਾਰ ਸਾਹ ਲੈਂਦੇ ਸਮੇਂ ਹੌਲੀ ਜਿਹੇ ਮੂੰਹ ਮਾਈਕ੍ਰੋਫੋਨ ਤੋਂ ਪਰੇ ਲੈ ਜਾਓ। ਸਾਹ ਲਓ ਤੇ ਤੁਰੰਤ ਉਸੇ ਥਾਂ ਆ ਕੇ ਗਾਣਾ ਜਾਰੀ ਰੱਖੋ। ਮਾਈਕ ਤੋਂ ਲੁਕਣ-ਮੀਟੀ ਦੀ ਇਸ ਪ੍ਰਕਿਰਿਆ ਵਿਚ ਆਖਰੀ ਸ਼ਬਦ ਦਾ ਅੰਤਿਮ ਅੱਖਰ ਅਤੇ ਨਵੇਂ ਸ਼ਬਦ ਦਾ ਪਹਿਲਾ ਅੱਖਰ ਦੋਵਾਂ ਨੂੰ ਜ਼ਰਾ ਜ਼ੋਰ ਨਾਲ ਗਾਉਣਾ ਚਾਹੀਦਾ ਹੈ।"

ਲਤਾ ਦੇ ਸੁਰੀਲੇਪਨ ਦੇ ਇਲਾਵਾ ਉਨ੍ਹਾਂ ਦੇ ਉਰਦੂ ਭਾਸ਼ਾ ਦੇ ਬਿਹਤਰੀਨ ਉਚਾਰਨ ਨੇ ਵੀ ਹਰ ਕਿਸੇ ਦਾ ਧਿਆਨ ਉਨ੍ਹਾਂ ਵੱਲ ਖਿੱਚਿਆ। ਅਸਲ 'ਚ ਇਸ ਦਾ ਸਿਹਰਾ ਦਲੀਪ ਕੁਮਾਰ ਨੂੰ ਜਾਣਾ ਜਾਣਾ ਚਾਹੀਦਾ ਹੈ। ਹਰੀਸ਼ ਭਿਮਾਨੀ ਆਪਣੀ ਕਿਤਾਬ 'ਲਤਾ ਦੀਦੀ ਅਜੀਬ ਦਾਸਤਾਨ ਹੈਂ" ਵਿਚ ਲਿਖਦੇ ਹਨ, "ਇੱਕ ਦਿਨ ਅਨਿਲ ਬਿਸਵਾਸ ਅਤੇ ਲਤਾ ਮੁੰਬਈ ਦੀ ਲੋਕਲ ਟ੍ਰੇਨ ਰਾਹੀਂ ਗੋਰੇਗਾਓਂ ਜਾ ਰਹੇ ਸਨ। ਇਤਫਾਕ ਨਾਲ ਉਸੇ ਰੇਲਗੱਡੀ 'ਚ ਬਾਂਦਰਾ ਸਟੇਸ਼ਨ ਤੋਂ ਦਲੀਪ ਕੁਮਾਰ ਚੜ੍ਹੇ। ਜਦੋਂ ਅਨਿਲ ਬਿਸਵਾਸ ਨੇ ਦਲੀਪ ਕੁਮਾਰ ਨਾਲ ਨਵੀਂ ਗਾਇਕਾ ਦੀ ਜਾਣ-ਪਛਾਣ ਕਰਵਾਈ ਤਾਂ ਉਨ੍ਹਾਂ ਨੇ ਕਿਹਾ- 'ਮਰਾਠੀ ਲੋਕਾਂ ਦੇ ਮੂੰਹ 'ਚੋਂ ਦਾਲ-ਭਾਤ ਦੀ ਖੁਸ਼ਬੂ ਆਉਂਦੀ ਹੈ। ਉਨ੍ਹਾਂ ਨੂੰ ਉਰਦੂ ਬਾਰੇ ਕੀ ਪਤਾ?'... ਲਤਾ ਨੇ ਇਸ ਗੱਲ ਨੂੰ ਚੁਣੌਤੀ ਵਾਂਗ ਸਵੀਕਾਰ ਕੀਤਾ। ਇਸ ਤੋਂ ਬਾਅਦ ਸਫੀ ਸਾਹਿਬ ਨੇ ਉਨ੍ਹਾਂ ਲਈ ਮੌਲਵੀ ਉਸਤਾਦ ਦਾ ਪ੍ਰਬੰਧ ਕੀਤਾ ਜਿਨ੍ਹਾਂ ਦਾ ਨਾਮ ਮਹਿਬੂਬ ਸੀ। ਲਤਾ ਨੇ ਉਨ੍ਹਾਂ ਤੋਂ ਹੀ ਉਰਦੂ ਦੀਆਂ ਬਾਰੀਕੀਆਂ ਦਾ ਗਿਆਨ ਹਾਸਿਲ ਕੀਤਾ।"



ਇਸ ਤੋਂ ਕੁਝ ਸਮੇਂ ਬਾਅਦ ਫਿਲਮ ਲਾਹੌਰ ਦੀ ਸ਼ੂਟਿੰਗ ਚੱਲ ਰਹੀ ਸੀ ਜਿੱਥੇ ਜੱਦਨਬਾਈ ਅਤੇ ਉਨ੍ਹਾਂ ਦੀ ਧੀ ਨਰਗਿਸ ਵੀ ਮੌਜੂਦ ਸਨ। ਲਤਾ ਨੇ ਸਟੂਡੀਓ 'ਚ 'ਦੀਪਕ ਬਗੈਰ ਕੈਸੇ ਪਰਵਾਨੇ ਜਲ ਰਹੇਂ ਹੈ' ਗੀਤ ਦੀ ਰਿਕਾਰਡਿੰਗ ਸ਼ੁਰੂ ਕੀਤੀ। ਰਿਕਾਰਡਿੰਗ ਤੋਂ ਬਾਅਦ ਜੱਦਨਬਾਈ ਨੇ ਲਤਾ ਨੂੰ ਬੁਲਾ ਕੇ ਕਿਹਾ, "ਮਾਸ਼ਾਅੱਲ੍ਹਾ ਕਿੰਨਾ ਸੋਹਣਾ ਗਾਇਆ ਹੈ। ਅਜਿਹਾ ਤਲਫ਼ੁੱਜ਼ ਹਰ ਕਿਸੇ ਦਾ ਨਹੀਂ ਹੁੰਦਾ ਹੈ ਬੇਟਾ।"

ਲਤਾ ਦੀ ਆਵਾਜ਼ ਦੀ ਇੱਕ ਹੋਰ ਖਾਸੀਅਤ ਇਹ ਸੀ ਕਿ ਉਨ੍ਹਾਂ ਦੀ ਆਵਾਜ਼ ਸਮਾਂ ਬੀਤਣ ਦੇ ਨਾਲ-ਨਾਲ ਹੋਰ ਸੁਰੀਲੀ ਅਤੇ ਜਵਾਨ ਹੁੰਦੀ ਜਾ ਰਹੀ ਸੀ। 1961 'ਚ ਆਈ ਜੰਗਲੀ ਫਿਲਮ 'ਚ ਜਦੋਂ ਉਨ੍ਹਾਂ ਨੇ ਸਾਇਰਾ ਬਾਨੋ ਲਈ 'ਕਾਸ਼ਮੀਰ ਕੀ ਕਲੀ ਹੂੰ ਮੈਂ" ਗਾਇਆ ਸੀ ਤਾਂ ਜੋ ਸੁਰੀਲਾਪਨ ਉਸ ਸਮੇਂ ਉਨ੍ਹਾਂ ਦੀ ਆਵਾਜ਼ 'ਚ ਸੀ, ਓਨਾ ਹੀ ਪੱਕਾ ਸੁਰ 12 ਸਾਲ ਬਾਅਦ ਫਿਲਮ ਅਨਾਮਿਕਾ 'ਚ ਵੀ ਲੱਗਾ ਸੀ। ਅਨਾਮਿਕਾ ਫਿਲਮ 'ਚ ਉਨ੍ਹਾਂ ਨੇ ਜਯਾ ਭਾਦੁੜੀ ਦੇ ਲਈ 'ਬਾਹੋਂ ਮੇਂ ਚਲੇ ਆਓ' ਗਾਇਆ ਸੀ।

ਉਨ੍ਹਾਂ ਬਾਰੇ 'ਚ ਇੱਕ ਹੋਰ ਕਹਾਣੀ ਮਸ਼ਹੂਰ ਹੈ ਕਿ 1958 'ਚ ਮਹਿਬੂਬ ਖਾਨ ਅਮਰੀਕਾ 'ਚ ਆਸਕਰ ਸਮਾਰੋਹ 'ਚ ਸ਼ਾਮਲ ਹੋਣ ਲਈ ਲਾਸ ਏਂਜਲਸ ਗਏ ਸਨ। ਸਮਾਰੋਹ ਤੋਂ ਦੋ ਦਿਨ ਬਾਅਦ ਹੀ ਉਨ੍ਹਾਂ ਨੂੰ ਦਿਲ ਦਾ ਦੌਰਾ ਪਿਆ ਸੀ।

ਰਾਜੂ ਭਾਰਤਨ ਲਤਾ ਮੰਗੇਸ਼ਕਰ ਦੀ ਜੀਵਨੀ 'ਚ ਲਿਖਦੇ ਹਨ, "ਲਤਾ ਨੇ ਉਨ੍ਹਾਂ ਨੂੰ ਮੁੰਬਈ ਤੋਂ ਫੋਨ ਕੀਤਾ। ਠੀਕ ਹੋਣ ਤੋਂ ਬਾਅਦ ਮਹਿਬੂਬ ਸਾਹਿਬ ਨੇ ਲਤਾ ਨੂੰ ਕਿਹਾ ਕਿ ਤੁਹਾਡਾ ਇੱਕ ਗੀਤ ਸੁਣਨ ਨੂੰ ਬਹੁਤ ਮਨ ਕਰ ਰਿਹਾ ਹੈ ਪਰ ਇਸ ਦੇਸ਼ 'ਚ ਉਸ ਦਾ ਰਿਕਾਰਡ ਕਿੱਥੋਂ ਲਿਆਵਾਂ? ਲਤਾ ਨੇ ਉਨ੍ਹਾਂ ਤੋਂ ਪੁੱਛਿਆ ਕਿ ਤੁਸੀਂ ਕਿਹੜਾ ਗੀਤ ਸੁਣਨਾ ਚਾਹੁੰਦੇ ਹੋ ਤੇ ਫਿਰ ਮਹਿਬੂਬ ਸਾਹਿਬ ਦੇ ਕਹਿਣ 'ਤੇ ਲਤਾ ਨੇ ਟੈਲੀਫੋਨ 'ਤੇ ਹੀ 'ਰਸਿਕ ਬਲਮਾ' ਗੀਤ ਉਨ੍ਹਾਂ ਨੂੰ ਸੁਣਾਇਆ।

ਇੱਕ ਹਫਤੇ ਬਾਅਦ ਲਤਾ ਨੇ ਇੱਕ ਵਾਰ ਫਿਰ ਉਹੀ ਗਾਣਾ ਮਹਿਬੂਬ ਸਾਹਿਬ ਨੂੰ ਸੁਣਾਇਆ। ਮਹਿਬੂਬ ਸਾਹਿਬ ਦੇ ਠੀਕ ਹੋਣ 'ਚ ਇਸ ਗਾਣੇ ਦਾ ਕਿੰਨਾ ਯੋਗਦਾਨ ਹੈ , ਇਹ ਤਾਂ ਰੱਬ ਹੀ ਦੱਸ ਸਕਦਾ ਹੈ ਪਰ ਉਦੋਂ ਤੋਂ ਹੀ ਲਤਾ ਲਈ ਇਹ ਗੀਤ ਬਹੁਤ ਖਾਸ ਹੋ ਗਿਆ ਸੀ।

ਪਹਿਲਾਂ ਭਾਰਤ 'ਚ ਰਹੇ ਅਤੇ ਫਿਰ ਪਾਕਿਸਤਾਨ ਚਲੇ ਗਈ ਨੂਰਜਹਾਂ ਅਤੇ ਲਤਾ ਮੰਗੇਸ਼ਕਰ 'ਚ ਗੂੜ੍ਹੀ ਦੋਸਤੀ ਸੀ। ਇੱਕ ਵਾਰ ਜਦੋਂ ਲਤਾ 1952 'ਚ ਅੰਮ੍ਰਿਤਸਰ ਗਏ ਤਾਂ ਉਨ੍ਹਾਂ ਦੀ ਇੱਛਾ ਸੀ ਕਿ ਉਹ ਨੂਰਜਹਾਂ ਨੂੰ ਮਿਲਣ ਜੋ ਮਹਿਜ ਦੋ ਘੰਟੇ ਦੀ ਦੂਰੀ 'ਤੇ ਲਾਹੌਰ (ਪਾਕਿਸਤਾਨ) 'ਚ ਰਹਿੰਦੇ ਸਨ। ਤੁਰੰਤ ਹੀ ਨੂਰ ਜਹਾਂ ਨੂੰ ਫੋਨ ਮਿਲਾਇਆ ਗਿਆ ਅਤੇ ਦੋਵਾਂ ਨੇ ਘੰਟਿਆਂਬੱਧੀ ਫੋਨ 'ਤੇ ਗੱਲਬਾਤ ਕੀਤੀ ਅਤੇ ਫਿਰ ਤੈਅ ਹੋਇਆ ਕਿ ਦੋਵੇਂ ਭਾਰਤ-ਪਾਕਿਸਤਾਨ ਸਰਹੱਦ 'ਤੇ ਇੱਕ ਦੂਜੇ ਨੂੰ ਮਿਲਣਗੇ। ਮਸ਼ਹੂਰ ਸੰਗੀਤਕਾਰ ਸੀ ਰਾਮਚੰਦਰ ਆਪਣੀ ਸਵੈ-ਜੀਵਨੀ 'ਚ ਲਿਖਦੇ ਹਨ, "ਮੈਂ ਆਪਣੇ ਸੰਪਰਕਾਂ ਨਾਲ ਇਸ ਮੁਲਾਕਾਤ ਦਾ ਪ੍ਰਬੰਧ ਕਰਵਾਇਆ ਸੀ। ਇਹ ਮੁਲਾਕਾਤ ਵਾਹਗਾ ਸਰਹੱਦ ਦੇ ਨਜ਼ਦੀਕ ਉਸ ਥਾਂ 'ਤੇ ਹੋਈ ਸੀ ਜਿਸ ਨੂੰ ਫੌਜ ਦੀ ਭਾਸ਼ਾ 'ਚ 'ਨੋ ਮੈਨਜ਼ ਲੈਂਡ' ਕਿਹਾ ਜਾਂਦਾ ਹੈ।... ਜਿਵੇਂ ਹੀ ਨੂਰਜਹਾਂ ਨੇ ਲਤਾ ਨੂੰ ਦੇਖਿਆ ਤਾਂ ਉਹ ਦੌੜਦੀ ਹੋਏ ਆਈ ਅਤੇ ਕਿਸੇ ਵਿਛੜੇ ਹੋਏ ਦੋਸਤ ਵਾਂਗ ਉਨ੍ਹਾਂ ਨੂੰ ਘੁੱਟ ਕੇ ਗਲਵੱਕੜੀ ਪਾ ਲਈ। ਦੋਵਾਂ ਦੀਆਂ ਅੱਖਾਂ 'ਚ ਹੰਝੂ ਵਹਿ ਤੁਰੇ। ਉਥੇ ਮੌਜੂਦ ਹਰ ਕੋਈ ਇਹ ਨਜ਼ਾਰਾ ਦੇਖ ਕੇ ਆਪਣੇ ਹੰਝੂਆਂ ਨੂੰ ਰੋਕ ਨਾ ਸਕਿਆ। ਇੱਥੋਂ ਤੱਕ ਕਿ ਦੋਵਾਂ ਪਾਸਿਆਂ ਦੇ ਸੈਨਿਕ ਵੀ ਭਾਵੁਕ ਹੋ ਗਏ ਸਨ। ਨੂਰਜਹਾਂ ਲਤਾ ਦੇ ਲਈ ਲਾਹੌਰ ਤੋਂ ਬਿਰਯਾਨੀ ਲਿਆਏ ਸਨ। ਨੂਰਜਹਾਂ ਦੇ ਪਤੀ ਵੀ ਉਨ੍ਹਾਂ ਦੇ ਨਾਲ ਆਏ ਸਨ। ਲਤਾ ਦੇ ਨਾਲ ਉਨ੍ਹਾਂ ਦੀਆਂ ਦੋਵੇਂ ਭੈਣਾਂ ਮੀਨਾ ਅਤੇ ਊਸ਼ਾ ਤੇ ਉਨ੍ਹਾਂ ਦੀ ਇੱਕ ਸਹੇਲੀ ਮੰਗਲਾ ਸਨ। ਇਹ ਘਟਨਾ ਦਰਸਾਉਂਦੀ ਹੈ ਕਿ ਸੰਗੀਤ ਲਈ ਕੋਈ ਵੀ ਸੀਮਾ ਜਾਂ ਰੁਕਾਵਟ ਨਹੀਂ ਹੁੰਦੀ ਹੈ।"

ਵੈਸੇ ਤਾਂ ਲਤਾ ਨੇ ਕਈ ਗਾਇਕਾਂ ਨਾਲ ਕੰਮ ਕੀਤਾ ਹੈ ਪਰ ਮੁਹੰਮਦ ਰਫੀ ਨਾਲ ਗਾਏ ਉਨ੍ਹਾਂ ਦੇ ਗੀਤ ਲੋਕਾਂ ਵੱਲੋਂ ਵਧੇਰੇ ਪਸੰਦ ਕੀਤੇ ਗਏ ਹਨ। ਰਫੀ ਦੇ ਬਾਰੇ 'ਚ ਗੱਲ ਕਰਦਿਆਂ ਇੱਕ ਵਾਰ ਲਤਾ ਨੇ ਦਿਲਚਸਪ ਕਿੱਸਾ ਸੁਣਾਇਆ ਸੀ, "ਇੱਕ ਵਾਰ ਮੈਂ ਅਤੇ ਰਫੀ ਸਾਹਿਬ ਸਟੇਜ ਤੋਂ ਗਾ ਰਹੇ ਸੀ । ਗੀਤ ਦੀਆਂ ਲਾਈਨਾਂ ਸਨ- 'ਐਸੇ ਹਸ-ਹਸ ਕੇ ਨਾ ਦੇਖਾ ਕਰੋ ਤੁਮ ਸਬ ਕੀ ਤਰਫ, ਲੋਗ ਐਸੀ ਹੀ ਅਦਾਓਂ ਪਰ ਫਿਦਾ ਹੋਤੇ ਹੈਂ"। ਰਫੀ ਸਾਹਿਬ ਨੇ ਇਸ ਲਾਈਨ ਨੂੰ ਕੁਝ ਇੰਝ ਪੜ੍ਹਿਆ- 'ਲੋਗ ਐਸੇ ਹੀ ਫਿਦਾਓਂ ਪਰ ਅਦਾ ਹੋਤੇ ਹੈਂ"। ਇਹ ਸੁਣਦਿਆਂ ਹੀ ਲੋਕ ਉਚੀ-ਉਚੀ ਹੱਸਣ ਲੱਗ ਪਏ। ਰਫੀ ਸਾਹਿਬ ਵੀ ਹੱਸਣ ਲੱਗੇ ਅਤੇ ਫਿਰ ਮੈਂ ਵੀ ਆਪਣਾ ਹਾਸਾ ਨਾ ਰੋਕ ਸਕੀ। ਨਤੀਜਾ ਇਹ ਨਿੱਕਲਿਆ ਕਿ ਅਸੀਂ ਇਸ ਗੀਤ ਨੂੰ ਪੂਰਾ ਹੀ ਨਾ ਕਰ ਸਕੇ ਅਤੇ ਪ੍ਰਬੰਧਕਾਂ ਨੂੰ ਪਰਦਾ ਖਿੱਚ ਕੇ ਉਸ ਨੂੰ ਖਤਮ ਕਰਵਾਉਣਾ ਪਿਆ।"

ਸੱਠ ਦੇ ਦਹਾਕੇ 'ਚ ਉਨ੍ਹਾਂ ਦੇ ਗਾਣਿਆਂ ਦੀ ਰਾਇਲਟੀ ਨੂੰ ਲੈ ਕੇ ਲਤਾ ਅਤੇ ਰਫੀ ਸਾਹਿਬ ਵਿਚਾਲੇ ਮਤਭੇਦ ਹੋ ਗਏ ਸਨ। ਉਸ ਲੜਾਈ 'ਚ ਮੁਕੇਸ਼, ਤਲਤ ਮਹਿਮੂਦ, ਕਿਸ਼ੋਰ ਕੁਮਾਰ ਅਤੇ ਮੰਨਾ ਡੇ, ਲਤਾ ਦੇ ਨਾਲ ਸਨ ਜਦਕਿ ਆਸ਼ਾ ਭੌਂਸਲੇ ਮੁਹੰਮਦ ਰਫੀ ਦੇ ਹੱਕ 'ਚ ਸਨ। ਚਾਰ ਸਾਲਾਂ ਤੱਕ ਦੋਵਾਂ ਨੇ ਇੱਕ ਦੂਜੇ ਦਾ ਬਾਈਕਾਟ ਕੀਤਾ ਅਤੇ ਫਿਰ ਸਚਿਨਦੇਵ ਬਰਮਨ ਦੇ ਦੋਵਾਂ ਦੀ ਸੁਲ੍ਹਾ ਕਰਵਾਈ।

ਸਚਿਨਦੇਵ ਬਰਮਨ ਵੀ ਲਤਾ ਨੂੰ ਬਹੁਤ ਪਸੰਦ ਕਰਦੇ ਸਨ। ਜਦੋਂ ਵੀ ਉਨ੍ਹਾਂ ਦੇ ਗੀਤ ਤੋਂ ਖੁਸ਼ ਹੁੰਦੇ ਤਾਂ ਉਨ੍ਹਾਂ ਦੀ ਪਿੱਠ ਥਾਪੜਦੇ ਸਨ ਅਤੇ ਲਤਾ ਨੂੰ ਪਾਨ ਪੇਸ਼ ਕਰਦੇ ਸਨ। ਸਚਿਨ ਪਾਨ ਦੇ ਬਹੁਤ ਸ਼ੌਕੀਨ ਸਨ ਅਤੇ ਉਨ੍ਹਾਂ ਨਾਲ ਪਾਨਦਾਨ ਚੱਲਦਾ ਹੁੰਦਾ ਸੀ ਪਰ ਉਹ ਕਿਸੇ ਨੂੰ ਵੀ ਪਾਨ ਨਹੀਂ ਦਿੰਦੇ ਸਨ। ਜੇਕਰ ਉਹ ਕਿਸੇ ਨੂੰ ਆਪਣਾ ਪਾਨ ਪੇਸ਼ ਕਰਦੇ ਤਾਂ ਇਸ ਦਾ ਮਤਲਬ ਇਹ ਸੀ ਕਿ ਉਹ ਤੁਹਾਡੇ ਤੋਂ ਬਹੁਤ ਖੁਸ਼ ਹਨ।

ਇੱਕ ਵਾਰ ਸਚਿਨਦੇਵ ਬਰਮਨ ਅਤੇ ਲਤਾ ਵਿਚਾਲੇ ਲੜਾਈ ਹੋ ਗਈ ਸੀ। ਹੋਇਆ ਇਹ ਸੀ ਕਿ ਲਤਾ ਨੇ 'ਮਿਸ ਇੰਡੀਆ' ਫਿਲਮ 'ਚ ਗਾਣਾ ਗਾਇਆ ਸੀ। ਬਰਮਨ ਨੇ ਕਿਹਾ ਕਿ ਉਹ ਚਾਹੁੰਦੇ ਹਨ ਕਿ ਲਤਾ ਇਸ ਗਾਣੇ ਨੂੰ 'ਸੌਫਟ ਮੂਡ' ਵਿਚ ਗਾਵੇ। ਲਤਾ ਨੇ ਕਿਹਾ- ਠੀਕ ਹੈ, ਮੈਂ ਗਾ ਦੇਵਾਂਗੀ ਪਰ ਅਜੇ ਮੈਂ ਥੋੜ੍ਹਾ ਰੁੱਝੀ ਹੋਈ ਹਾਂ।

ਫਿਰ ਕੁਝ ਦਿਨਾਂ ਬਾਅਦ ਬਰਮਨ ਨੇ ਰਿਕਾਰਡਿੰਗ ਦੀ ਤਰੀਕ ਤੈਅ ਕਰਨ ਲਈ ਲਤਾ ਕੋਲ ਕਿਸੇ ਨੂੰ ਭੇਜਿਆ। ਉਸ ਵਿਅਕਤੀ ਨੇ

***(ਬਾਕੀ ਅਗਲੇ ਸਫੇ 'ਤੇ)***






*ਲਤਾ ਮੰਗੇਸ਼ਕਰ ਦੀ ਜਵਾਨੀ ਵੇਲੇ ਦੀ ਤਸਵੀਰ ਅਤੇ (ਸੱਜੇ) ਆਪਣੇ ਬਾਰੇ ਲਿਖੀ ਨਸਰੀਨ ਮੁੰਨੀ ਕਬੀਰ ਦੀ ਕਿਤਾਬ ਨਾਲ।*

# ਹਿਮਯੁਗਾਂ ਦੀ ਦਾਸਤਾਨ



ਸਰਦੀਆਂ ਦੀ ਰੁੱਤੇ ਕਾਂਗੜਾ ਵਾਦੀ ਵਿਚੋਂ ਲੰਘਦੇ ਹੋਏ ਧਰਮਸ਼ਾਲਾ, ਪਾਲਮਪੁਰ, ਬੈਜਨਾਥ ਜਾਂ ਹੋਰ ਅੱਗੇ ਜਾਓ ਤਾਂ ਖੱਬੇ ਪਾਸੇ ਲਗਾਤਾਰ ਦਿਸਦੇ ਧੌਲਧਾਰ ਪਰਬਤ ਬਰਫਾਂ ਨਾਲ ਲੱਦੇ ਨਜ਼ਰ ਆਉਂਦੇ ਹਨ। ਉਸ ਤੋਂ ਉਰ੍ਹਾਂ ਹਰੇ ਨੀਲੇ ਰੰਗਾਂ ਦੀਆਂ ਲਘੂ (ਜਾਂ ਨਿਮਨ) ਹਿਮਾਲਾ ਦੀਆਂ ਪਹਾੜੀ ਚੋਟੀਆਂ ਹਨ ਤੇ ਹੇਠਾਂ ਉਨ੍ਹਾਂ ਦੀਆਂ ਢਲਾਣਾਂ ਦਿਸਦੀਆਂ ਹਨ। ਉਨ੍ਹਾਂ ਢਲਾਣਾਂ ਉਪਰ ਨੀਵੇਂ ਥਾਵਾਂ ਤੱਕ ਕਾਲੇ ਜਿਹੇ ਦਿਸਦੇ ਵੱਡੇ-ਵੱਡੇ ਗੋਲ ਪੱਥਰ ਅਤੇ ਕੋਠੇ ਦੇ ਆਕਾਰ ਦੀਆਂ ਚੱਟਾਨਾਂ ਥਾਂ-ਥਾਂ ਨਜ਼ਰ ਆਉਂਦੀਆਂ ਹਨ। ਇਉਂ ਲੱਗਦਾ ਹੈ, ਜਿਵੇਂ ਕਿਸੇ ਨੇ ਸਭ ਪਾਸੇ ਉਹ ਵੱਡ-ਆਕਾਰੀ ਪੱਥਰ ਖਿਲਾਰ ਦਿੱਤੇ ਹੋਣ। ਨਿਮਨ ਹਿਮਾਲਾ ਪਹਾੜੀਆਂ ਨੂੰ ਕੱਟ ਕੇ ਹੇਠਾਂ ਆ ਰਹੀਆਂ ਨਦੀਆਂ ਵਿਚ ਵੀ ਇਹ ਵੱਡੇ ਗੋਲ ਪੱਥਰ ਵਗ ਕੇ ਆਏ ਹੋਏ ਹਨ।

ਪਠਾਨਕੋਟ ਤੋਂ ਕਾਂਗੜੇ ਜਾਂਦਿਆਂ ਕੋਟਲੇ ਨੇੜੇ ਸੜਕ ਦੇ ਨਾਲ-ਨਾਲ ਨਦੀ ਵਗਦੀ ਹੈ। ਉਸ ਵਿਚ ਵੀ ਕਈ ਥਾਂ ਵੱਡੇ-ਵੱਡੇ ਗੋਲ ਪੱਥਰ ਪਏ ਹਨ। ਅੱਗੇ ਤ੍ਰਿਲੋਕਪੁਰ ਕੋਲ ਗੁਫਾ ਵਿਚ ਮੰਦਰ ਬਣਿਆ ਹੈ। ਉਸ ਦੇ ਸਾਹਮਣੇ ਵੀ ਨਦੀ ਵਿਚ ਵਿਸ਼ਾਲ ਚੱਟਾਨ ਪਈ ਹੈ। ਇਹ ਚੱਟਾਨਾਂ ਅਤੇ



**ਡਾ. ਵਿਦਵਾਨ ਸਿੰਘ ਸੋਨੀ**
ਫੋਨ: +91-98143-48697

ਵੱਡੇ ਗੋਲ ਪੱਥਰ ਆਲੇ-ਦੁਆਲੇ ਦੀਆਂ ਪਹਾੜੀਆਂ ਤੋਂ ਟੁੱਟ ਕੇ ਨਹੀਂ ਡਿੱਗੇ ਅਤੇ ਨਾ ਹੀ ਪਾਣੀਆਂ ਨੇ ਰੋੜ੍ਹ ਕੇ ਇੱਥੇ ਲਿਆਂਦੇ ਹਨ। ਇਨ੍ਹਾਂ ਦੀ ਅੰਦਰੂਨੀ ਬਣਤਰ ਚੌਗਿਰਦੇ ਦੀ ਕਿਸੇ ਚੱਟਾਨ ਵਰਗੀ ਨਹੀਂ ਹੈ ਤੇ ਨਾ ਹੀ ਇਹ ਧਰਮਸ਼ਾਲਾ ਦੀ ਪਿਛੋਕੜ ਵਾਲੀਆਂ ਚੱਟਾਨਾਂ ਵਰਗੀ ਹੈ। ਸਾਰੀ ਕਾਂਗੜਾ ਵਾਦੀ ਵਿਚ ਦਿਸਦੇ ਅਜਿਹੇ ਵੱਡੇ ਗੋਲ ਪੱਥਰਾਂ ਦੀ ਬਣਤਰ ਅੰਦਰੂਨੀ 'ਉਚ-ਹਿਮਾਲਾ' ਦੀਆਂ ਚੱਟਾਨਾਂ ਵਾਲੀ ਹੈ। ਇਨ੍ਹਾਂ ਵਿਸ਼ਾਲ ਗੋਲ ਪੱਥਰਾਂ ਜਾਂ ਚੱਟਾਨਾਂ ਨੂੰ ਇਰੈਟਿਕ (ਵਿਸਥਾਪਿਤ) ਕਿਹਾ ਜਾਂਦਾ ਹੈ ਜੋ ਬੀਤੇ ਸਮੇਂ ਦੇ ਗੁਜ਼ਰੇ ਕਿਸੇ ਵੱਡੇ ਹਿਮਯੁੱਗ ਦੀ ਕਹਾਣੀ ਸੁਣਾਉਂਦੀਆਂ ਹਨ।

ਜਦੋਂ ਕਿਸੇ ਹਿਮਯੁੱਗ ਤੋਂ ਬਾਅਦ ਗਰਮ ਕਾਲ ਆਉਂਦਾ ਹੈ ਤਾਂ ਹਿਮ ਨਦੀਆਂ ਤੇਜ਼ੀ ਨਾਲ ਹੇਠਾਂ ਵੱਲ ਸਰਕਣ ਲੱਗਦੀਆਂ ਹਨ। ਵੱਡੇ ਭਾਰੇ ਗਲੇਸ਼ੀਅਰ ਚੱਟਾਨਾਂ ਨੂੰ ਤੋੜ ਕੇ ਆਪਣਾ ਰਾਹ ਬਣਾਉਂਦੇ ਹਨ। ਇੰਜ ਕਰਦਿਆਂ ਉਹ ਚੱਟਾਨਾਂ ਦੇ ਟੁਕੜਿਆਂ ਨੂੰ ਆਪਣੇ ਨਾਲ ਸੁੱਟ ਲੈਂਦੇ ਹਨ। ਇਹ ਚੱਟਾਨਾਂ ਵਿਚ ਡੁੱਬ ਕੇ ਹੇਠਾਂ ਬੈਠ ਜਾਂਦੀਆਂ ਹਨ ਤੇ ਗਲੇਸ਼ੀਅਰ ਦੇ ਨਾਲ ਨਾਲ ਹੀ ਸਰਕਦੀਆਂ ਰਹਿੰਦੀਆਂ ਹਨ। ਲੰਬੇ ਸਫਰ ਦੌਰਾਨ ਰਗੜਾਂ ਕਾਰਨ ਉਨ੍ਹਾਂ ਦੇ ਕੰਢੇ ਗੋਲ ਹੋ ਜਾਂਦੇ ਹਨ। ਗਲੇਸ਼ੀਅਰਾਂ ਨਾਲ ਇਨ੍ਹਾਂ ਦਾ ਵਿਸਥਾਪਨ ਹੋਇਆ ਹੋਣ ਕਾਰਨ ਇਨ੍ਹਾਂ ਨੂੰ ਵਿਸਥਾਪਿਤ ਬੋਲਡਰ ਵੀ ਕਿਹਾ ਜਾਂਦਾ ਹੈ। ਕਾਂਗੜਾ ਵਾਦੀ ਵਿਚਲੇ ਇਰੈਟਿਕ ਬੋਲਡਰ ਧੌਲਧਾਰ ਦੀਆਂ ਅੰਦਰੂਨੀ ਚੱਟਾਨਾਂ ਅਤੇ ਰਾਹ ਵਿਚਲੀਆਂ ਹੋਰ ਚੱਟਾਨਾਂ ਤੋਂ ਟੁੱਟ ਕੇ ਆਏ ਹਨ। ਪਿਛਲੇ ਕੋਈ 24-25 ਲੱਖ ਸਾਲ ਦੌਰਾਨ ਕਈ ਵਾਰ ਧਰਤੀ 'ਤੇ ਗਲੇਸ਼ੀਏਸ਼ਨ (ਬਰਫ ਦੀਆਂ ਮੋਟੀਆਂ ਤਹਿਆਂ ਵਿਛਣਾ) ਹੋਇਆ ਹੈ, ਪਰ ਉਨ੍ਹਾਂ ਵਿਚਲਾ ਅੰਤਰਾਲ ਲੰਮੇਰੇ ਸਮੇਂ ਦੇ ਗਰਮ ਕਾਲ ਦਾ ਹੁੰਦਾ ਸੀ। ਇਹ ਸਮਾਂ ਸੀ 'ਪਲਾਈਸਟੋਸੀਨ ਮਹਾਂਯੁੱਗ' ਜਿਸ ਨੂੰ ਹਿਮ ਮਹਾਂਯੁੱਗ ਵੀ ਕਿਹਾ ਜਾਂਦਾ ਹੈ। ਸਾਰੀ ਧਰਤੀ ਅਤੇ ਹਿਮਾਲਾ 'ਤੇ ਆਇਆ ਆਖਰੀ ਹਿਮਯੁੱਗ ਕੋਈ 24-25 ਹਜ਼ਾਰ ਸਾਲ ਲੰਬਾ ਸੀ ਜੋ 11 ਕੁ ਹਜ਼ਾਰ ਸਾਲ ਪਹਿਲਾਂ ਖਤਮ ਹੋਇਆ। ਲਗਭਗ 18 ਹਜ਼ਾਰ ਸਾਲ ਪਹਿਲਾਂ ਇਹ ਹਿਮਯੁੱਗ ਆਪਣੇ ਸਿਖਰ 'ਤੇ ਸੀ, ਜਦੋਂ ਅੰਦਰੂਨੀ ਹਿਮਾਲਾ ਉਪਰ ਹਜ਼ਾਰ ਫੁੱਟ ਤੋਂ ਵਧੇਰੇ ਮੋਟੀਆਂ ਤਹਿਆਂ ਜੰਮ ਗਈਆਂ ਸਨ ਤੇ ਸੈਂਕੜੇ ਫੁੱਟ ਬਰਫ ਹੇਠਲੀਆਂ ਪਹਾੜੀਆਂ 'ਤੇ ਵੀ ਸਾਰਾ ਸਾਲ ਜੰਮੀ ਰਹਿੰਦੀ ਸੀ।

ਸਾਡੀ ਧਰਤੀ ਦੇ ਸਾਢੇ ਚਾਰ ਅਰਬ ਸਾਲ ਲੰਮੇ ਜੀਵਨ ਕਾਲ ਦੌਰਾਨ ਇਸ ਉਪਰ ਕਈ ਵਾਰ ਹਿਮਯੁੱਗ ਆਏ ਹਨ। ਕਦੇ ਤਾਂ ਧਰਤੀ ਬਿਲਕੁਲ ਬਰਫ ਦਾ ਗੋਲਾ ਹੀ ਬਣ ਗਈ ਸੀ ਪਰ ਹਰ ਵਾਰ ਇੰਜ ਨਹੀਂ ਹੋਇਆ। ਕਈ ਵਾਰ ਇਸ ਦੀ ਸਤ੍ਹਾ ਦੇ ਬਹੁਤੇ ਭਾਗ 'ਤੇ ਹੀ ਬਰਫ ਫੈਲਦੀ ਸੀ। ਫਿਰ ਜਦੋਂ ਹੌਲੀ-ਹੌਲੀ ਬਰਫ ਪਿਘਲਦੀ, ਇਹ ਮੁੜ ਨੀਲੀ ਹਰਿਆਲੀ ਧਰਤੀ ਬਣ ਜਾਂਦੀ। ਬਰਫ ਉਤਰੀ ਦੱਖਣੀ ਧਰੁਵਾਂ ਨੇੜੇ ਹੀ ਰਹਿ ਜਾਂਦੀ ਅਤੇ ਜਾਂ ਫਿਰ ਉਚੇ ਪਹਾੜਾਂ 'ਤੇ ਗਲੇਸ਼ੀਅਰਾਂ ਦੇ ਰੂਪ ਵਿਚ ਬਚੀ ਰਹਿੰਦੀ। ਹਿਮਯੁੱਗਾਂ ਤੋਂ ਬਾਅਦ ਲਗਭਗ ਹਰ ਵਾਰ ਧਰਤੀ 'ਤੇ ਵੱਖਰਾ ਅਤੇ ਨਵਾਂ ਜੀਵਨ ਉਗਮਦਾ ਰਿਹਾ।

ਧਰਤੀ ਨੂੰ ਬਣਿਆਂ ਤਕਰੀਬਨ 2.4 ਅਰਬ ਸਾਲ ਹੋਏ ਸਨ ਤਾਂ ਇਸ ਉਪਰ ਪਹਿਲਾ ਵੱਡਾ ਬਰਫਾਨੀ ਯੁੱਗ ਆਇਆ ਜਿਸ ਨੂੰ ਹੁਰੋਨੀਅਨ ਹਿਮਯੁੱਗ ਕਿਹਾ ਜਾਂਦਾ ਹੈ। ਉਦੋਂ ਧਰਤੀ ਉਪਰ ਅਜੇ ਇੱਕ-ਸੈੱਲਾ ਜੀਵ ਹੀ ਪ੍ਰਗਟ ਹੋਏ ਸਨ। ਹੁਰੋਨੀਅਨ ਹਿਮਯੁੱਗ ਦੇ ਪਹਿਲੇ 10 ਕਰੋੜ ਸਾਲ ਬਹੁਤ ਹੀ ਤੀਬਰ-ਬਰਫਾਂ ਵਾਲੇ ਸਨ। ਉਦੋਂ ਸਾਰੀ ਧਰਤੀ ਬਰਫ ਦਾ ਗੋਲਾ ਬਣ ਗਈ। ਅਜਿਹਾ ਪਹਿਲੀ ਵਾਰ ਹੋਇਆ ਸੀ। ਇਸ ਦਾ ਕਾਰਨ ਇਹ ਸੀ ਕਿ ਤਕਰੀਬਨ 25 ਕਰੋੜ ਸਾਲ ਤੱਕ ਧਰਤੀ 'ਤੇ ਕੋਈ ਜਵਾਲਾਮੁਖੀ ਨਾ ਫਟੇ ਤੇ ਵਾਯੂਮੰਡਲ ਵਿਚ ਕਾਰਬਨ ਡਾਇਆਕਸਾਈਡ ਬਿਲਕੁਲ ਨਾ ਬਣੀ। ਧਰਤੀ ਦੀ ਤਪਸ਼ ਨੂੰ ਵਾਯੂਮੰਡਲ ਵਿਚ ਰੋਕ ਕੇ ਰੱਖਣ ਵਾਲਾ ਗਰੀਨ-ਹਾਊਸ ਪ੍ਰਭਾਵ ਖਤਮ ਹੋ ਗਿਆ ਅਤੇ ਧਰਤੀ ਦੀ ਸਤ੍ਹਾ ਠੰਢੀ ਹੁੰਦੀ ਗਈ। ਇਸ 'ਤੇ ਡਿੱਗਦੀਆਂ ਰਹੀਆਂ ਬਰਫਾਂ ਲੰਮੇ ਸਮੇਂ ਤੱਕ ਨਾ ਪਿਘਲੀਆਂ ਤੇ ਇਸ 'ਤੇ ਸਾਲਾਂਬੱਧੀ ਹਜ਼ਾਰਾਂ ਫੁੱਟ ਮੋਟੀਆਂ ਬਰਫ ਦੀਆਂ ਤਹਿਆਂ ਜੰਮ ਗਈਆਂ।

ਫਿਰ ਦੀਰਘ ਬਰਫਾਨੀ ਯੁੱਗਾਂ ਦਾ ਸਮਾਂ ਇੱਕ ਵਾਰੀ ਹੋਰ ਆਇਆ। ਉਸ ਸਮੇਂ ਨੂੰ 'ਕਰਾਇਓਜੈਨਿਕ' ਕਲਪ ਕਿਹਾ ਜਾਂਦਾ ਹੈ ਜੋ 75 ਕਰੋੜ ਤੋਂ ਕਰੀਬ 63.5 ਕਰੋੜ ਸਾਲ ਪੂਰਵ ਤੱਕ ਚੱਲਿਆ। ਉਸ ਦੌਰਾਨ ਦੋ ਵੱਡੇ ਬਰਫਾਨੀ ਯੁੱਗ ਆਏ: 'ਸੈਚੂਰੀਅਨ ਹਿਮਯੁੱਗ' (ਜੋ 75 ਤੋਂ 70 ਕਰੋੜ ਸਾਲ ਪਹਿਲਾਂ ਤੱਕ ਚੱਲਿਆ) ਤੇ 'ਮੈਰੀਨੋਅਨ ਹਿਮਯੁੱਗ' (ਜੋ 66 ਤੋਂ 63.5 ਕਰੋੜ ਸਾਲ ਤੱਕ ਚੱਲਿਆ)। ਇਸ ਗੱਲ ਦੇ ਕਈ ਸਬੂਤ ਮਿਲ ਚੁੱਕੇ ਹਨ ਕਿ ਇਨ੍ਹਾਂ 'ਮਹਾਂ-ਜਮਾਓ' ਦੇ ਸਮਿਆਂ ਦੌਰਾਨ ਧਰਤੀ ਵਾਰ ਵਾਰ ਬਰਫ ਦਾ ਗੋਲਾ ਬਣੀ ਸੀ।

ਇਸ ਤੋਂ ਬਾਅਦ 46 ਤੋਂ 43 ਕਰੋੜ ਸਾਲ ਪੂਰਵ ਤੱਕ 'ਐਂਡੀਅਨ-ਸਹਾਰਾਨ' ਨਾਮੀਂ ਹਿਮਯੁੱਗ ਆਇਆ, ਜਦੋਂ ਪੈਂਜੀਆ ਦੇ ਬਹੁਤ ਸਾਰੇ ਮਹਾਂਦੀਪ ਦੱਖਣੀ ਧਰੁਵ ਦੇ ਨੇੜੇ ਸਥਿਤ ਸਨ। ਸਾਗਰਾਂ ਦਾ ਪਾਣੀ ਧਰਾਤਲ 'ਤੇ ਬਰਫ ਬਣ ਕੇ ਜੰਮ ਗਿਆ ਤੇ ਸਾਗਰ ਸੈਂਕੜੇ ਫੁੱਟ ਹੇਠਾਂ ਲਹਿ ਗਏ। ਸਿਲੀਕੇਟ ਦੀਆਂ ਚੱਟਾਨਾਂ ਉਪਰ ਉਠ ਆਈਆਂ ਜਿਨ੍ਹਾਂ ਨੇ ਵਾਯੂਮੰਡਲ ਦੀ ਕਾਰਬਨ ਡਾਇਆਕਸਾਈਡ ਸੋਖ ਲਈ। ਇੰਜ ਗਰੀਨ-ਹਾਊਸ ਪ੍ਰਭਾਵ ਘਟਣ ਕਾਰਨ ਬਹੁਤ ਠੰਢ ਹੋ ਗਈ ਤੇ ਹਿਮਯੁੱਗ ਫਿਰ ਆ ਗਿਆ। ਉਸ ਨਾਲ ਧਰਤੀ 'ਤੇ ਬਹੁਤ ਭਿਅੰਕਰ ਮਹਾਮਾਰੀ ਹੋਈ। ਗ੍ਰੈਪਟੋਲਾਈਟ (ਸਾਰੇ ਸਾਗਰੀ ਜੀਵ) 10 ਕੁ ਲੱਖ ਸਾਲਾਂ ਦੌਰਾਨ ਲੋਪ ਹੋ ਗਏ। ਕੋਈ 86 ਫੀਸਦੀ ਜੀਵ ਜਾਤੀਆਂ ਧਰਤੀ ਤੋਂ ਸਦਾ ਲਈ ਖਤਮ ਹੋ ਗਈਆਂ।

36 ਕੁ ਕਰੋੜ ਤੋਂ 26 ਕਰੋੜ ਸਾਲ ਪੂਰਵ ਤੱਕ 'ਕਾਰੂ ਹਿਮਯੁੱਗ' ਆਇਆ। ਉਦੋਂ ਸਾਰੀ ਧਰਤੀ ਉਪਰ ਪੌਦੇ ਬਹੁਤ ਫੈਲ ਗਏ ਸਨ ਜਿਨ੍ਹਾਂ ਨੇ ਵਾਯੂਮੰਡਲ ਵਿਚੋਂ ਕਾਫੀ ਮਾਤਰਾ ਵਿਚ ਕਾਰਬਨ ਡਾਇਆਕਸਾਈਡ ਸੋਖ ਲਈ। ਧਰਤੀ ਦਾ ਗਰੀਨ-ਹਾਊਸ ਪ੍ਰਭਾਵ ਫਿਰ ਖਤਮ ਹੋ ਗਿਆ ਤੇ ਹਿਮਯੁੱਗ ਆ ਗਿਆ। ਇਹ ਹਿਮਯੁੱਗ ਦੋ ਕਿਸ਼ਤਾਂ ਵਿਚ ਆਇਆ, ਪਹਿਲਾ 36 ਕਰੋੜ ਤੋਂ ਕਰੀਬ 32 ਕਰੋੜ ਸਾਲ ਪੂਰਵ ਤੱਕ ਤੇ ਦੂਜਾ, 30 ਕਰੋੜ ਸਾਲ ਤੋਂ 26 ਕਰੋੜ ਸਾਲ ਪੂਰਵ ਤੱਕ।

ਸਭ ਤੋਂ ਆਖਰੀ ਹਿਮਯੁੱਗ ਲੜੀ, ਜਿਸ ਨੂੰ ਧਰਤੀ ਦੇ ਲੰਬੇ ਇਤਿਹਾਸ ਵਿਚ ਤਾਜ਼ਾ ਮੰਨਿਆ ਜਾਂਦਾ ਹੈ, ਦੌਰਾਨ ਗਲੇਸ਼ੀਏਸ਼ਨ ਵਿਚ ਕਈ ਉਤਰਾਅ-ਚੜ੍ਹਾਅ ਆਏ ਹਨ। ਹਿਮਾਲਾ ਪਰਬਤ ਦੇ ਸਾਗਰ 'ਚੋਂ ਉਠਣ ਨਾਲ ਵੀ ਧਰਤੀ ਦੇ ਆਖਰੀ ਹਿਮਯੁੱਗ ਪ੍ਰਭਾਵਿਤ ਹੋਏ। ਕੋਈ ਇੱਕ ਕਰੋੜ ਸਾਲ ਪਹਿਲਾਂ ਭਾਰਤੀ ਪਟਲ ਪਲੇਟ ਨੇ ਹਿਮਾਲਾ ਨੂੰ ਉਠਾ ਕੇ ਨਾਲ ਹੀ ਤਿੱਬਤੀ ਪਠਾਰ ਨੂੰ ਵੀ ਕੋਈ ਡੇਢ ਕਿਲੋਮੀਟਰ ਉਚਾ ਚੁੱਕ ਦਿੱਤਾ ਤਾਂ ਮੌਨਸੂਨ 'ਤੇ ਵੀ ਪ੍ਰਭਾਵ ਪਿਆ। ਹਿਮਾਲਾ ਦੀਆਂ ਤਾਜ਼ਾ ਚੱਟਾਨਾਂ ਖੁਰਨ ਨਾਲ ਵਾਯੂਮੰਡਲ ਦੀ ਕਾਫੀ ਕਾਰਬਨ ਡਾਇਆਕਸਾਈਡ ਸੋਖ ਲਈ ਗਈ। ਫਿਰ ਠੰਢੇ ਮੌਸਮ ਨੂੰ ਸੱਦਾ ਮਿਲ ਗਿਆ। ਇੰਜ 25 ਲੱਖ ਸਾਲ ਪੂਰਵ ਤੋਂ ਬਾਅਦ ਲੜੀਵਾਰ ਕਈ ਬਰਫਾਨੀ ਯੁੱਗ ਆਉਣ ਲੱਗੇ। ਪਹਿਲੇ ਕੁਝ ਲੱਖ ਸਾਲ ਤਾਂ ਬਰਫਾਂ ਧਰਤੀ 'ਤੇ ਹਰ 41 ਹਜ਼ਾਰ ਸਾਲ ਬਾਅਦ ਕਈ ਮਹਾਂਦੀਪਾਂ ਵਿਚ ਵਿਛਦੀਆਂ ਤੇ ਪਿੱਛੇ ਹਟਦੀਆਂ ਰਹੀਆਂ, ਪਰ ਕੋਈ ਦਸ ਕੁ ਲੱਖ ਸਾਲ ਤੋਂ ਇਹ ਚੱਕਰ ਲਗਭਗ ਇੱਕ ਲੱਖ ਸਾਲ ਦਾ ਬਣ ਗਿਆ।

ਇਸ ਬਰਫਾਨੀ ਯੁੱਗ ਦੌਰਾਨ ਮਨੁੱਖ ਨੇ ਹੋਮੋ-ਇਰੈਕਟਸ ਤੋਂ ਨਿਅੰਡਰਥਲ ਅਤੇ ਆਧੁਨਿਕ ਮਨੁੱਖ ਤੱਕ ਵਿਕਾਸ ਕੀਤਾ ਤੇ ਫਿਰ ਤਕਰੀਬਨ ਵੀਹ ਹਜ਼ਾਰ ਸਾਲ ਪਹਿਲਾਂ (ਹਿਮਯੁੱਗ ਦੇ ਨਿਕਟ ਸਮੇਂ) ਨਿਅੰਡਰਥਲ, ਸ਼ਾਇਦ ਤਿੱਖੀ ਸਰਦੀ ਨੂੰ ਨਾ ਸਹਿ ਸਕਣ ਕਾਰਨ ਧਰਤੀ ਤੋਂ ਲੋਪ ਹੋ ਗਿਆ, ਜਾਂ ਵੱਧ ਵਿਕਸਿਤ ਆਧੁਨਿਕ ਮਾਨਵ ਦਾ ਮੁਕਾਬਲਾ ਨਾ ਕਰ ਸਕਣ ਕਾਰਨ ਖਤਮ ਹੋ ਗਿਆ। ਕੜਾਕੇ ਦੀ ਠੰਢ ਕਾਰਨ ਪਲਾਈਸਟੋਸੀਨ ਮਹਾਂਯੁੱਗ ਦੇ ਆਖਰੀ ਸਮੇਂ ਉਤਰੀ ਖੰਡਾਂ ਦੇ ਜੰਮੇ ਹੋਏ ਭਾਗਾਂ ਵਿਚ ਹਾਥੀਆਂ ਉਪਰ ਵੀ ਜੱਤ ਉਗ ਆਈ। ਅਜਿਹੇ ਹਾਥੀ ਉਤਰੀ ਅਮਰੀਕਾ ਅਤੇ ਸਾਇਬੇਰੀਆ ਵਿਚ ਕੋਈ ਦਸ ਹਜ਼ਾਰ ਸਾਲ ਪੂਰਵ ਤੱਕ ਵਿਚਰਦੇ ਰਹੇ ਹਨ। ਇਨ੍ਹਾਂ ਦੇ ਜੰਮੇ ਹੋਏ ਸਰੀਰ ਜਾਂ ਅੰਗ 17ਵੀਂ ਸਦੀ ਦੇ ਅੰਤ ਵਿਚ ਮਿਲਣੇ ਸ਼ੁਰੂ ਹੋਏ ਸਨ। ਅਜੋਕੇ ਸਮਿਆਂ ਵਿਚ ਇਨ੍ਹਾਂ ਦੇ ਕਈ ਪਥਰਾਟ ਜੱਤ ਸਮੇਤ ਵੀ ਮਿਲੇ ਹਨ। 2012 ਵਿਚ ਸਾਇਬੇਰੀਆ 'ਚੋਂ ਯੂਕਾ ਨਾਂ ਦਾ ਜੰਮਿਆ ਹੋਇਆ ਹਾਥੀ ਦਾ ਬੱਚਾ ਮਿਲਿਆ ਜਿਸ ਦੇ ਸਰੀਰ 'ਤੇ ਵਾਲ ਬਿਲਕੁਲ ਤਾਜ਼ੇ ਲੱਗਦੇ ਸਨ। ਇਹ ਹਾਥੀ ਦਾ ਬੱਚਾ ਕੋਈ 39 ਹਜ਼ਾਰ ਸਾਲ ਤੋਂ ਬਰਫ ਵਿਚ ਦੱਬਿਆ ਪਿਆ ਸੀ। ਵਿਗਿਆਨੀਆਂ ਇਨ੍ਹਾਂ ਦੇ ਬਚੇ ਹੋਏ ਸਰੀਰਾਂ ਦੇ ਡੀ.ਐਨ.ਏ. ਸੈਂਪਲ ਵੀ ਲਏ ਹਨ, ਇਸ ਆਸ ਨਾਲ ਕਿ ਸ਼ਾਇਦ ਅਜਿਹੇ ਹਾਥੀਆਂ ਦਾ ਰੂਪ ਮੁੜ ਜੀਵਤ ਕੀਤਾ ਜਾ ਸਕੇ।

ਬਰਫਾਨੀ ਯੁੱਗਾਂ ਦੇ ਆਖਰੀ ਪੜਾਅ ਦਾ ਤਕਰੀਬਨ 11 ਹਜ਼ਾਰ ਸਾਲ ਪਹਿਲਾਂ ਅੰਤ ਹੋਇਆ। ਉਦੋਂ ਧਰਤੀ ਦੇ ਹਿਮਯੁੱਗ ਪ੍ਰਭਾਵਿਤ ਇਲਾਕਿਆਂ ਵਿਚ ਬੜੇ ਹੜ੍ਹ ਆਏ। ਗਲੇਸ਼ੀਅਰਾਂ ਦੇ ਰੋੜ ਕੇ ਲਿਆਂਦੇ ਇਰੈਟਿਕ ਤਾਂ ਕਾਂਗੜਾ ਵਾਦੀ ਵਿਚ ਪਹਾੜੀ ਢਲਾਣਾਂ 'ਤੇ ਪਏ ਹਨ, ਪਰ ਪਿਘਲਦੇ ਗਲੇਸ਼ੀਅਰਾਂ ਨੇ ਮਣਾਂ-ਮੂੰਹੀਂ ਤਲਛੱਟ, ਚੱਟਾਨਾਂ ਦੇ ਟੁਕੜੇ ਪਹਾੜਾਂ ਤੋਂ ਹੇਠਾਂ ਵੱਲ ਰੋੜ੍ਹੇ। ਉਹ ਚੱਟਾਨੀ ਟੁਕੜੇ ਗੋਲ ਹੋ ਕੇ ਉਤਰੀ ਜਾਂ ਉਤਰ-ਪੱਛਮੀ ਭਾਰਤ ਦੇ ਤਰਾਈ ਦੇ ਇਲਾਕਿਆਂ ਵਿਚ ਧਰਤੀ ਵਿਚ ਹਜ਼ਾਰਾਂ ਫੁੱਟ ਡੂੰਘਾਈ ਤੱਕ ਜੰਮੇ ਰੰਗ-ਬਿਰੰਗੇ ਛੋਟੇ ਗੋਲ ਪੱਥਰਾਂ ਜਾਂ ਕੋਬਲ ਪੱਥਰਾਂ ਦੇ ਰੂਪ ਵਿਚ ਦੇਖੇ ਜਾ ਸਕਦੇ ਹਨ। ਹੁਣ ਦਸ ਕੁ ਹਜ਼ਾਰ ਸਾਲ ਤੋਂ ਗਰਮ ਕਾਲ ਸ਼ੁਰੂ ਹੋ ਚੁੱਕਾ ਹੈ ਜੋ ਅੱਜਕੱਲ੍ਹ ਕੁਝ ਜ਼ਿਆਦਾ ਤੇਜ਼ੀ ਨਾਲ ਵਧ ਰਿਹਾ ਹੈ। ਇਸ ਦਾ ਇੱਕ ਕਾਰਨ ਮਨੁੱਖ ਵੱਲੋਂ ਵਾਤਾਵਰਨ ਨੂੰ ਦੂਸ਼ਿਤ ਕਰਨਾ ਵੀ ਹੈ। ਸੂਰਜ ਦੀ ਗਰਮੀ ਵੀ ਕਦੇ ਘਟਦੀ ਵਧਦੀ ਰਹਿੰਦੀ ਹੈ ਅਤੇ ਧਰਤੀ ਦਾ ਸੂਰਜ ਪ੍ਰਤੀ ਝੁਕਾਅ ਤਾਂ ਸਮੇਂ ਨਾਲ ਬਦਲਦਾ ਹੀ ਰਹਿੰਦਾ ਹੈ ਅਤੇ ਹੁਣ ਆ ਰਹੇ ਗਰਮ ਕਾਲ ਦਾ ਇਹ ਵੀ ਕਾਰਨ ਹੈ ਜੋ ਮਾਨਸ ਜਾਤ ਦੇ ਆਉਣ ਤੋਂ ਪਹਿਲਾਂ ਵੀ ਵਾਪਰਦਾ ਰਿਹਾ ਹੈ। ਗਰਮ ਕਾਲ, ਸਰਦ ਕਾਲ, ਦੋਵੇਂ ਵਾਰੀ ਸਿਰ ਆਉਂਦੇ ਹਨ। ਕਦੇ ਕੋਈ ਕਾਲ ਲੰਮੇਰਾ ਹੋ ਜਾਂਦਾ ਹੈ ਅਤੇ ਕਦੇ ਛੋਟਾ। ਹਿਮਯੁੱਗ ਫਿਰ ਵੀ ਆ ਸਕਦਾ ਹੈ ਪਰ ਕਦੋਂ, ਪਤਾ ਨਹੀਂ।

# ਲਤਾ ਮੰਗੇਸ਼ਕਰ ਦਾ ਸੰਗੀਤ ਸਫਰ

*(ਪਿਛਲੇ ਸਫੇ ਦੀ ਬਾਕੀ)*

ਬਰਮਨ ਨੂੰ ਇਹ ਕਹਿਣ ਦੀ ਬਜਾਏ ਕਿ ਲਤਾ ਕੋਲ ਅਜੇ ਸਮਾਂ ਨਹੀਂ ਹੈ, ਇਹ ਕਹਿ ਦਿੱਤਾ ਕਿ ਲਤਾ ਨੇ ਇਸ ਗੀਤ ਨੂੰ ਗਾਉਣ ਤੋਂ ਮਨ੍ਹਾ ਕਰ ਦਿੱਤਾ ਹੈ।

ਦਾਦਾ ਨਾਰਾਜ਼ ਹੋ ਗਏ ਅਤੇ ਉਨ੍ਹਾਂ ਗੁੱਸੇ 'ਚ ਕਿਹਾ ਕਿ ਹੁਣ ਉਹ ਲਤਾ ਨਾਲ ਕਦੇ ਵੀ ਕੰਮ ਨਹੀਂ ਕਰਨਗੇ। ਲਤਾ ਨੇ ਵੀ ਉਨ੍ਹਾਂ ਨੂੰ ਫੋਨ ਕਰਕੇ ਕਿਹਾ, "ਤੁਹਾਨੂੰ ਇਹ ਐਲਾਨ ਕਰਨ ਦੀ ਲੋੜ ਨਹੀਂ। ਮੈਂ ਖੁਦ ਤੁਹਾਡੇ ਨਾਲ ਕੰਮ ਨਹੀਂ ਕਰਾਂਗੀ।"

ਕਈ ਸਾਲਾਂ ਬਾਅਦ ਦੋਵਾਂ ਵਿਚਾਲੇ ਗਲਤਫਹਿਮੀ ਦੂਰ ਹੋਈ ਅਤੇ ਫਿਰ ਲਤਾ ਨੇ 'ਬੰਦਨੀ' ਫਿਲਮ ਵਿਚ ਉਨ੍ਹਾਂ ਲਈ 'ਮੋਰਾ ਗੋਰਾ ਅੰਗ ਲਇ ਲੇ' ਗਾਇਆ।

ਲਤਾ ਮੰਗੇਸ਼ਕਰ ਨੂੰ ਕ੍ਰਿਕਟ ਦਾ ਬਹੁਤ ਸ਼ੌਕ ਸੀ। ਉਨ੍ਹਾਂ ਨੇ ਪਹਿਲੀ ਵਾਰ 1946 'ਚ ਮੁੰਬਈ ਦੇ ਬ੍ਰੇਬੋਰਨ ਸਟੇਡੀਅਮ 'ਚ ਭਾਰਤ ਅਤੇ ਆਸਟਰੇਲੀਆ ਵਿਚਾਲੇ ਟੈਸਟ ਮੈਚ ਦੇਖਿਆ ਸੀ। ਉਨ੍ਹਾਂ ਨੇ ਇੱਕ ਵਾਰ ਇੰਗਲੈਂਡ 'ਚ ਓਵਲ ਮੈਦਾਨ 'ਚ ਇੰਗਲੈਂਡ ਅਤੇ ਪਾਕਿਸਤਾਨ ਵਿਚਾਲੇ ਟੈਸਟ ਮੈਚ ਵੀ ਦੇਖਿਆ ਸੀ। ਕ੍ਰਿਕਟ ਦੇ ਮਹਾਨ ਖਿਡਾਰੀ ਡੌਨ ਬ੍ਰੈਡਮੈਨ ਨੇ ਉਨ੍ਹਾਂ ਨੂੰ ਤਸਵੀਰ ਭੇਂਟ ਕੀਤੀ ਸੀ ਜਿਸ 'ਤੇ ਉਨ੍ਹਾਂ ਨੇ ਆਪਣੇ ਦਸਤਖਤ ਕੀਤੇ ਸਨ।



*ਸੰਗੀਤਕਾਰ ਮਦਨ ਮੋਹਨ ਨਾਲ ਕੁਝ ਭਾਵੁਕ ਪਲ।*

ਲਤਾ ਮੰਗੇਸ਼ਕਰ ਕੋਲ ਕਾਰਾਂ ਦੀ ਵੱਡੀ ਕੁਲੈਕਸ਼ਨ ਸੀ। ਉਨ੍ਹਾਂ ਨੇ ਸਭ ਤੋਂ ਪਹਿਲਾਂ ਸਿਲਵਰ ਰੰਗ ਦੀ ਹਿਲਮੈਨ ਖਰੀਦੀ ਸੀ ਜਿਸ ਲਈ ਉਨ੍ਹਾਂ ਨੇ ਉਸ ਜ਼ਮਾਨੇ 'ਚ 8 ਹਜ਼ਾਰ ਰੁਪਏ ਖਰਚੇ ਸਨ। ਉਸ ਸਮੇਂ ਉਨ੍ਹਾਂ ਨੂੰ ਹਰ ਗੀਤ ਲਈ 200-500 ਰੁਪਏ ਮਿਲਦੇ ਸਨ। 1964 'ਚ 'ਸੰਗਮ' ਫਿਲਮ ਤੋਂ ਉਨ੍ਹਾਂ ਨੂੰ ਹਰ ਗੀਤ ਲਈ 2 ਹਜ਼ਾਰ ਰੁਪਏ ਮਿਲਣੇ ਸ਼ੁਰੂ ਹੋ ਗਏ। ਫਿਰ ਉਨ੍ਹਾਂ ਨੇ ਹਿਲਮੈਨ ਵੇਚ ਕੇ ਨੀਲੇ ਰੰਗ ਦੀ ਸ਼ੈਵਰਲੈਟ ਕਾਰ ਖਰੀਦੀ ਸੀ। ਜਦੋਂ ਲਤਾ ਨੇ ਯਸ਼ ਚੋਪੜਾ ਦੀ ਫਿਲਮ 'ਵੀਰ ਜ਼ਾਰਾ' ਦੇ ਲਈ ਗੀਤ ਗਾਏ ਤਾਂ ਉਨ੍ਹਾਂ ਨੇ ਚੋਪੜਾ ਵੱਲੋਂ ਦਿੱਤੇ ਗਏ ਮਿਹਨਤਾਨੇ ਨੂੰ ਇਹ ਕਹਿ ਕੇ ਸਵੀਕਾਰ ਨਹੀਂ ਕੀਤਾ ਕਿ ਉਹ ਉਨ੍ਹਾਂ ਦੇ ਭਰਾ ਵਰਗੇ ਹਨ। ਜਦੋਂ ਇਹ ਫਿਲਮ ਰਿਲੀਜ਼ ਹੋਈ ਤਾਂ ਯਸ਼ ਚੋਪੜਾ ਨੇ ਲਤਾ ਨੂੰ ਤੋਹਫੇ ਵਜੋਂ ਮਰਸਡੀਜ਼ ਕਾਰ ਭੇਂਟ ਕੀਤੀ ਸੀ। ਆਪਣੀ ਜ਼ਿੰਦਗੀ ਦੇ ਆਖਰੀ ਦਿਨਾਂ ਤੱਕ ਲਤਾ ਨੇ ਉਸ ਕਾਰ 'ਚ ਹੀ ਸਫਰ ਕੀਤਾ।

ਲਤਾ ਮੰਗੇਸ਼ਕਰ ਨੂੰ ਹੀਰਿਆਂ ਅਤੇ ਪੰਨੇ ਦਾ ਬਹੁਤ ਸ਼ੌਕ ਸੀ। 1948 'ਚ ਆਪਣੀ ਕਮਾਈ ਨਾਲ ਉਨ੍ਹਾਂ ਨੇ 700 ਰੁਪਏ 'ਚ ਆਪਣੇ ਲਈ ਇੱਕ ਹੀਰੇ ਦੀ ਮੁੰਦਰੀ ਬਣਵਾਈ ਸੀ। ਉਹ ਉਸ ਮੁੰਦਰੀ ਨੂੰ ਆਪਣੇ ਖੱਬ ਹੱਥ ਦੀ ਤੀਜੀ ਉਂਗਲੀ 'ਚ ਪਾਇਆ ਕਰਦੇ ਸਨ। ਉਨ੍ਹਾਂ ਨੂੰ ਸੋਨਾ ਬਿਲਕੁਲ ਵੀ ਪਸੰਦ ਨਹੀਂ ਸੀ। ਹਾਂ, ਉਹ ਸੋਨੇ ਦੀ ਝਾਂਜਰ ਜ਼ਰੂਰ ਪਾਉਂਦੇ ਸਨ। ਇਸ ਦੀ ਸਲਾਹ ਉਨ੍ਹਾਂ ਨੂੰ ਪ੍ਰਸਿੱਧ ਗੀਤਕਾਰ ਨਰਿੰਦਰ ਸ਼ਰਮਾ ਨੇ ਦਿੱਤੀ ਸੀ।

ਲਤਾ ਨੂੰ ਜਾਸੂਸੀ ਨਾਵਲ ਪੜ੍ਹਨ ਦਾ ਵੀ ਬਹੁਤ ਸ਼ੌਕ ਸੀ ਅਤੇ ਉਨ੍ਹਾਂ ਕੋਲ ਸ਼ਾਰਲਾਕ ਹੋਮਜ਼ ਦੀਆਂ ਸਾਰੀਆਂ ਕਿਤਾਬਾਂ ਦੀ ਕੁਲੈਕਸ਼ਨ ਸੀ। ਲਤਾ ਮੰਗੇਸ਼ਕਰ ਨੂੰ ਜਲੇਬੀ ਸਭ ਤੋਂ ਵੱਧ ਪਸੰਦ ਸੀ। ਇੱਕ ਜ਼ਮਾਨੇ 'ਚ ਉਨ੍ਹਾਂ ਨੂੰ ਇੰਦੌਰ ਦਾ ਗੁਲਾਬ ਜਾਮੁਨ ਅਤੇ ਦਹੀਂ-ਵੜਾ ਵੀ ਬਹੁਤ ਪਸੰਦ ਸੀ। ਗੋਵਨ ਫਿਸ਼ ਕਰੀ ਅਤੇ ਸਮੁੰਦਰੀ ਝੀਂਗੇ ਵੀ ਉਨ੍ਹਾਂ ਨੂੰ ਬਹੁਤ ਪਸੰਦ ਸਨ। ਉਹ ਸੂਜੀ ਦਾ ਹਲਵਾ ਵੀ ਬਹੁਤ ਸੁਆਦੀ ਬਣਾਉਂਦੇ ਸਨ। ਜਿਸ ਨੇ ਵੀ ਉਨ੍ਹਾਂ ਦੇ ਹੱਥ ਦਾ ਬਣਿਆ ਮਟਨ ਖਾਧਾ, ਉਹ ਕਦੇ ਵੀ ਉਸ ਸੁਆਦ ਨੂੰ ਭੁੱਲ ਨਹੀਂ ਸਕਿਆ। ਉਨ੍ਹਾਂ ਨੂੰ ਸਮੋਸਾ ਖਾਣਾ ਵੀ ਪਸੰਦ ਸੀ। ਲਤਾ ਮੰਗੇਸ਼ਕਰ ਨੂੰ ਗੋਲਗੱਪੇ ਖਾਣੇ ਬਹੁਤ ਪਸੰਦ ਸਨ। ਉਨ੍ਹਾਂ ਨੂੰ ਨਿੰਬੂ ਦਾ ਅਚਾਰ ਅਤੇ ਜਵਾਰ ਦੀ ਰੋਟੀ ਵੀ ਬਹੁਤ ਪਸੰਦ ਸੀ।

ਅੱਜ ਭਾਰਤ 'ਚ ਲਤਾ ਮੰਗੇਸ਼ਕਰ ਨੂੰ ਪੂਜਣ ਦੀ ਹੱਦ ਤੱਕ ਪਿਆਰ ਕੀਤਾ ਜਾਂਦਾ ਹੈ। ਕਈ ਲੋਕ ਉਨ੍ਹਾਂ ਦੀ ਆਵਾਜ਼ ਨੂੰ ਪਰਮਾਤਮਾ ਦਾ ਸਭ ਤੋਂ ਵਿਲੱਖਣ ਤੋਹਫਾ ਮੰਨਦੇ ਹਨ।

ਲਤਾ ਮੰਗੇਸ਼ਕਰ ਨੂੰ 1989 'ਚ ਫਿਲਮਾਂ ਦੇ ਸਭ ਤੋਂ ਵੱਡੇ ਪੁਰਸਕਾਰ ਦਾਦਾ ਸਾਹਿਬ ਫਾਲਕੇ ਅਤੇ 2001 'ਚ ਭਾਰਤ ਦੇ ਸਰਵਉਚ ਨਾਗਰਿਕ ਸਨਮਾਨ ਭਾਰਤ ਰਤਨ ਨਾਲ ਨਵਾਜਿਆ ਗਿਆ ਸੀ। ਲਤਾ ਮੰਗੇਸ਼ਕਰ ਨੂੰ ਸਭ ਤੋਂ ਵੱਡੀ ਸ਼ਰਧਾਂਜਲੀ ਮਸ਼ਹੂਰ ਗੀਤਕਾਰ ਮਜਰੂਹ ਸੁਲਤਾਨਪੁਰੀ ਨੇ ਦਿੱਤੀ ਸੀ। ਉਨ੍ਹਾਂ ਨੇ 'ਲਤਾ ਮੰਗੇਸ਼ਕਰ' ਸਿਰਲੇਖ ਹੇਠ ਲਿਖੀ ਨਜ਼ਮ 'ਚ ਲਿਖਿਆ ਸੀ-

ਜਹਾਂ ਰੰਗ ਨਾ ਖੁਸ਼ਬੂ ਹੈ ਕੋਈ
ਤੇਰੇ ਹੋਠੋਂ ਸੇ ਮਹਿਕ ਜਾਤੇ ਹੈਂ ਅਫਕਾਰ ਮੇਰੇ
ਮੇਰੇ ਲਫਜ਼ੋਂ ਕੋ ਜੋ ਛੂ ਲੇਤੀ ਹੈ ਆਵਾਜ਼ ਤੇਰੀ
ਸਰਹਦੇਂ ਤੋੜ ਕਰ ਉੜ ਜਾਤੇ ਹੈ ਅਸ਼ਆਰ ਮੇਰੇ।

# ਪੰਜਾਬ ਦੀ ਆਵਾਜ਼-ਅਮਰਜੀਤ ਗੁਰਦਾਸਪੁਰੀ

***ਪੰਜਾਬ ਆਰਟਸ ਕੌਂਸਲ ਨੇ ਅਮਰਜੀਤ ਗੁਰਦਾਸਪੁਰੀ ਨੂੰ ਹਾਲ ਹੀ ਵਿਚ ਪੰਜਾਬ ਗੌਰਵ ਪੁਰਸਕਾਰ ਨਾਲ ਨਵਾਜਿਆ ਹੈ। ਸੱਚਮੁੱਚ ਉਹ ਸਹੀ ਅਰਥਾਂ ਵਿਚ 'ਪੰਜਾਬ ਦੀ ਆਵਾਜ਼' ਰਿਹਾ ਹੈ। ਅਜਿਹਾ ਵਕਤ ਵੀ ਸੀ ਜਦੋਂ ਸਟੇਜ ਗਾਇਕ ਵਜੋਂ ਪੰਜਾਬ ਭਰ ਵਿਚ ਉਸ ਦੀ ਤੂਤੀ ਬੋਲਦੀ ਸੀ। ਉਦੋਂ ਕਮਿਊਨਿਸਟ ਪਾਰਟੀ ਦੇ ਚੜ੍ਹਦੀ-ਕਲਾ ਦੇ ਦਿਨ ਸਨ ਅਤੇ ਉਹ ਪਿੰਡ ਦੇ ਬੋਹੜਾਂ ਦੀ ਛਾਵੇਂ ਗਾਉਣ ਵਾਲਿਆਂ ਦਾ ਨਾਇਕ ਸੀ। ਉਸ ਦੀ ਆਵਾਜ਼ ਵਿਚਲੀ ਸੁਰ, ਮਿਠਾਸ ਅਤੇ ਬੁਲੰਦੀ ਲੋਕਾਂ ਨੂੰ ਕੀਲ ਲੈਂਦੀ। ਉਘੇ ਲਿਖਾਰੀ ਵਰਿਆਮ ਸਿੰਘ ਸੰਧੂ ਨੇ ਉਸ ਦੇ ਗਾਇਨ ਅਤੇ ਜੀਵਨ ਬਾਰੇ ਦਿਲਚਸਪ ਗੱਲਾਂ ਆਪਣੇ ਇਸ ਲੇਖ ਵਿਚ ਕੀਤੀਆਂ ਹਨ।***

ਅਮਰਜੀਤ ਗੁਰਦਾਸਪੁਰੀ ਨੂੰ 'ਪੰਜਾਬ ਆਰਟਸ ਕੌਂਸਲ' ਨੇ ਹਾਲ ਹੀ ਵਿਚ 'ਪੰਜਾਬ ਗੌਰਵ ਪੁਰਸਕਾਰ' ਨਾਲ ਸਨਮਾਨਤ ਕੀਤਾ ਹੈ। ਉਸ ਨਾਲ ਜੁੜੀਆਂ ਕਈ ਗੱਲਾਂ ਚੇਤੇ ਵਿਚ ਲਿਸ਼ਕ ਆਈਆਂ ਨੇ।



ਗੁਰਦਾਸਪੁਰੀ ਦੀ ਕਦੀ ਸਟੇਜ-ਗਾਇਕ ਵਜੋਂ ਪੰਜਾਬ ਭਰ ਵਿਚ ਤੂਤੀ ਬੋਲਦੀ ਸੀ। ਉਹਦੀ ਗਾਇਕੀ ਨੂੰ ਸੁਣਨਾ ਸ਼ਬਦ, ਸੁਰ ਅਤੇ ਸੰਗੀਤ ਦੇ ਮਾਧਿਅਮ ਰਾਹੀਂ ਆਪਣੀ ਰੂਹ ਨੂੰ ਸਰਸ਼ਾਰ ਕਰਨ ਵਾਲੇ ਅਮਲ ਵਿਚੋਂ ਗੁਜ਼ਰਨਾ ਸੀ। ਉਹ ਸੁਰੀਲੇ ਅਤੇ ਪ੍ਰਤੀਬੱਧ ਗਾਇਕ ਵਜੋਂ ਉੱਭਰਿਆ ਅਤੇ ਥੋੜ੍ਹੇ ਅਰਸੇ ਵਿਚ ਹੀ ਪੰਜਾਬ ਦੀਆਂ ਸਟੇਜਾਂ ਉਤੇ ਛਾ ਗਿਆ।

ਇਹ ਕਮਿਊਨਿਸਟ ਪਾਰਟੀ ਦੇ ਚੜ੍ਹਦੀ-ਕਲਾ ਦੇ ਦਿਨ ਸਨ। ਅਮਰਜੀਤ ਦੀ ਗਾਇਕੀ ਦੇ ਵੀ ਇਹ ਸਿਖ਼ਰਲੇ ਦਿਨ ਸਨ। ਕਮਿਊਨਿਸਟਾਂ ਵੱਲੋਂ ਪਿੰਡ-ਪਿੰਡ ਕਾਨਫ਼ਰੰਸਾਂ ਹੁੰਦੀਆਂ, ਡਰਾਮੇ ਹੁੰਦੇ। ਲੋਕਾਂ ਦੀਆਂ ਭੀੜਾਂ ਇਕੱਠੀਆਂ ਹੁੰਦੀਆਂ। ਇਨ੍ਹਾਂ ਭੀੜਾਂ ਨੂੰ ਇਕੱਠੇ ਕਰਨ ਲਈ ਇਹ ਪ੍ਰਚਾਰ ਕਰਨਾ ਕਿ ਕਾਨਫ਼ਰੰਸ ਵਿਚ ਜੋਗਿੰਦਰ ਬਾਹਰਲਾ ਦਾ ਡਰਾਮਾ ਸਕੁਐਡ ਡਰਾਮਾ ਖੇਡੇਗਾ ਅਤੇ ਅਮਰਜੀਤ ਗੁਰਦਾਸਪੁਰੀ ਆਪਣੇ ਗੀਤ ਸੁਣਾਉਣਗੇ। ਦਰਸ਼ਕਾਂ ਅਤੇ ਸਰੋਤਿਆਂ ਲਈ ਇਹ ਕੋਈ ਛੋਟਾ ਲਾਲਚ ਨਹੀਂ ਸੀ ਹੁੰਦਾ। ਇਨ੍ਹਾਂ ਦੇ 'ਪੈਰਾਂ ਪਿੱਛੇ' ਲੀਡਰ ਵੀ ਵਿਚ ਵਿਚਾਲੇ ਜਿਹੇ ਸਮੇਂ ਦੀ ਵਿਰਲ ਲੱਭ ਕੇ ਆਪਣੀਆਂ ਗੱਲਾਂ ਕਰ ਜਾਂਦੇ। ਇਨ੍ਹਾਂ ਦਿਨਾਂ ਵਿਚ ਅਮਰਜੀਤ ਦੀ ਆਵਾਜ਼ ਦਾ ਜਾਦੂ ਪੰਜਾਬੀਆਂ ਦੇ ਮਨਾਂ ਉਤੇ ਛਾਇਆ ਹੋਇਆ ਸੀ।

**ਵਰਿਆਮ ਸਿੰਘ ਸੰਧੂ**
**ਫ਼ੋਨ-647-535-1539**

ਮੈਂ ਉਹਨੂੰ ਸਟੇਜ ਤੋਂ ਹੀ ਦੂਰੋਂ-ਦੂਰੋਂ ਵੇਖਿਆ-ਸੁਣਿਆ ਸੀ, ਪਰ, ਮੇਰੇ ਵਿਆਹ ਤੋਂ ਬਾਅਦ ਉਸ ਨਾਲ ਮੇਰੀਆਂ ਕਈ ਅੰਗਲੀਆਂ-ਸੰਗਲੀਆਂ ਜੁੜ ਗਈਆਂ। ਉਹਦੇ ਛੋਟੇ ਭਰਾ ਸੁਖਵੰਤ ਸਿੰਘ ਨਾਲ ਮੇਰੀ ਘਰਵਾਲੀ ਦੇ ਤਾਏ ਦੀ ਧੀ ਵਿਆਹੀ ਹੋਈ ਸੀ। ਮੇਰੀ ਘਰਵਾਲੀ ਦੀ ਸਭ ਤੋਂ ਵੱਡੀ ਭੈਣ ਅਮਰਜੀਤ ਦੇ ਪਿੰਡ ਉਧੋਵਾਲੀ ਦੇ ਗੁਆਂਢੀ ਪਿੰਡ 'ਬੰਬ' ਵਿਚ ਵਿਆਹੀ ਹੋਈ ਸੀ। ਇਸ ਲਈ ਚਾਚੇ-ਤਾਏ ਦੀਆਂ ਭੈਣਾਂ ਹੋਣ ਕਰਕੇ ਦੋਵਾਂ ਪਰਿਵਾਰਾਂ ਵਿਚ ਚੰਗਾ ਮਿਲਣ-ਗਿਲਣ ਸੀ। ਮੇਰੀ ਘਰਵਾਲੀ ਦੀ ਵੱਡੀਓਂ ਛੋਟੀ ਭੈਣ ਡੇਰਾ ਬਾਬਾ ਨਾਨਕ ਨੇੜਲੇ ਪਿੰਡ 'ਠੇਠਰ ਕੇ' ਵਿਆਹੀ ਹੋਈ ਸੀ। ਅਮਰਜੀਤ ਦੀ ਘਰਵਾਲੀ ਮੇਰੇ ਠੇਠਰ ਕਿਆਂ ਵਾਲੇ ਸਾਂਢੂ ਧੀਰ ਸਿੰਘ ਦੀ ਮਾਸੀ ਦੀ ਧੀ ਭੈਣ ਲੱਗਦੀ ਸੀ। ਇੰਝ ਬੰਬ ਅਤੇ ਠੇਠਰ ਕੇ ਜਦ ਵੀ ਕੋਈ ਵਿਆਹ ਜਾਂ ਹੋਰ ਸ਼ਗਨਾਂ-ਸਾਰਥਾਂ ਦਾ ਦਿਨ ਹੁੰਦਾ ਤਾਂ ਅਮਰਜੀਤ ਆਪਣੀ ਪਤਨੀ ਸਮੇਤ ਦੋਵਾਂ ਥਾਵਾਂ 'ਤੇ ਹਾਜ਼ਰ ਹੁੰਦਾ। ਆਪਣੀ ਗਾਇਨ-ਕਲਾ ਦਾ ਮੁਜ਼ਾਹਰਾ ਵੀ ਕਰਦਾ। ਇੰਝ ਸਾਡੀ ਨੇੜਲੀ 'ਵਾਹਿਗੁਰੂ ਜੀ ਕੀ ਫ਼ਤਹਿ' ਤਾਂ ਸਾਲ-ਛੇ ਮਹੀਨੀ ਹੋ ਜਾਂਦੀ ਸੀ, ਪਰ ਕਦੀ ਖੁੱਲ੍ਹ ਕੇ ਗੱਲਾਂ ਕਰਨ ਦਾ ਸਬੱਬ ਨਹੀਂ ਸੀ ਬਣਿਆ।

ਇਕ ਵਾਰ ਇਹ ਸਬੱਬ ਵੀ ਬਣ ਹੀ ਗਿਆ। ਅਮਰਜੀਤ ਹੁਰਾਂ ਦੇ ਪਿੰਡ ਨੇੜਲੇ ਕਸਬੇ ਧਿਆਨਪੁਰ ਵਿਚ ਇਲਾਕੇ ਦੇ ਕਲਾਕਾਰਾਂ ਤੇ ਸਾਹਿਤਕਾਰਾਂ ਨੇ ਸਾਹਿਤ-ਸਭਾ ਬਣਾਈ ਹੋਈ ਸੀ। ਅਮਰਜੀਤ ਗੁਰਦਾਸਪੁਰੀ ਉਸ ਸਭਾ ਦਾ ਪ੍ਰਧਾਨ ਸੀ। ਗੁਰਭਜਨ ਗਿੱਲ ਦਾ ਪਿੰਡ ਬਸੰਤਕੋਟ ਨੇੜੇ ਹੋਣ ਕਰਕੇ ਉਹਦਾ ਵੀ ਇਸ ਸਭਾ ਵਿਚ ਦਖ਼ਲ ਰਹਿੰਦਾ ਸੀ। ਗੁਰਭਜਨ ਨੇ ਸਾਹਿਤ ਸਭਾ ਵੱਲੋਂ ਧਿਆਨਪੁਰ ਵਿਚ ਇਕ ਕਹਾਣੀ ਦਰਬਾਰ ਰੱਖਿਆ ਤੇ ਉਸ ਵੇਲੇ ਦੇ ਚਰਚਿਤ ਕਹਾਣੀਕਾਰਾਂ ਨੂੰ ਬੁਲਾਵਾ ਦਿੱਤਾ। ਮੈਂ ਵੀ ਉਸ ਕਹਾਣੀ ਦਰਬਾਰ ਵਿਚ ਸ਼ਿਰਕਤ ਕੀਤੀ। ਰਾਤ ਨੂੰ ਅਸੀਂ ਕਈ ਜਣੇ ਕਹਾਣੀਕਾਰ ਤੇ ਵਾਰਤਾਕਾਰ ਦੇਵਿੰਦਰ ਦੀਦਾਰ ਦੇ ਸੱਦੇ 'ਤੇ ਨੇੜਲੇ ਪਿੰਡ ਭਗਵਾਨਪੁਰ ਚਲੇ ਗਏ। ਰਾਤ ਨੂੰ ਚੰਗੀ ਮਹਿਫ਼ਿਲ ਸਜੀ। ਅਮਰਜੀਤ ਨੇ ਰੌਣਕ ਲਾ ਛੱਡੀ।

ਅਗਲੀ ਦੁਪਹਿਰ ਨੂੰ ਜਦੋਂ ਬਾਕੀ ਸਾਥੀ ਰਾਤ ਦੇ ਥੱਕੇ-ਥਕਾਏ ਆਰਾਮ ਫ਼ਰਮਾ ਰਹੇ ਸਨ, ਮੈਂ ਤੇ ਅਮਰਜੀਤ ਨੇ ਦੀਦਾਰ ਦੇ ਚੁਬਾਰੇ ਵਿਚ ਨੇ ਦੋ-ਢਾਈ ਘੰਟੇ ਲੰਮੀ ਗੁਫ਼ਤਗੂ ਕੀਤੀ। ਇਹ 1976-77 ਦਾ ਸਾਲ ਸੀ। ਉਸ ਸਮੇਂ ਉਸ ਨੇ ਜਿੱਥੇ ਮੇਰੇ ਨਾਲ ਆਪਣਾ ਜੀਵਨ ਪਿਛੋਕੜ ਸਾਂਝਾ ਕੀਤਾ ਉਥੇ ਹੀ ਆਪਣੀ ਗਾਇਕੀ, ਪ੍ਰਤੀਬੱਧਤਾ ਬਾਰੇ ਜੋ ਗੱਲਾਂ ਕੀਤੀਆਂ ਉਨ੍ਹਾਂ ਦੀ ਸਾਰਥਿਕਤਾ ਅੱਜ ਹੋਰ ਵੀ ਅਰਥਵਾਨ ਹੋ ਗਈ ਹੈ। ਉਹਦੀਆਂ ਗੱਲਾਂ ਦਾ ਨਿਚੋੜ ਅੱਜ ਦੇ ਲੀਹੋਂ-ਲੱਥੇ ਗਾਇਕਾਂ ਅਤੇ ਗੀਤਕਾਰਾਂ ਲਈ ਜ਼ਰੂਰ ਲਾਹੇਵੰਦ ਹੋ ਸਕਦਾ ਹੈ।

ਗੁਰਦਾਸਪੁਰ ਜ਼ਿਲ੍ਹੇ ਦੀ ਤਹਿਸੀਲ ਡੇਰਾ ਬਾਬਾ ਨਾਨਕ ਵਿਚ ਪੈਂਦਾ ਉਹਦਾ ਪਿੰਡ ਉਧੋਵਾਲੀ ਕਲਾਂ ਅੱਜ ਦੇਸ਼-ਦੇਸ਼ਾਂਤਰਾਂ ਵਿਚ ਅਮਰਜੀਤ ਗੁਰਦਾਸਪੁਰੀ ਦੇ ਨਾਮ ਨਾਲ ਜਾਣਿਆ ਜਾਂਦਾ ਹੈ। 'ਜ਼ੈਲਦਾਰਾਂ ਦੇ ਟੱਬਰ' ਦੇ ਨਾਮ ਨਾਲ ਮਸ਼ਹੂਰ ਉਹਦਾ ਪਰਿਵਾਰ ਸਰਦਾ-ਪੁੱਜਦਾ ਤੇ ਇਲਾਕੇ ਵਿਚ ਜਾਣਿਆ-ਪਛਾਣਿਆ ਪਰਿਵਾਰ ਸੀ। ਅਮਰਜੀਤ ਦਾ ਜਨਮ 1933 ਵਿਚ ਜ਼ੈਲਦਾਰ ਰਛਪਾਲ ਸਿੰਘ ਰੰਧਾਵਾ ਦੇ ਘਰ ਹੋਇਆ। ਅਮਰਜੀਤ ਛੋਟਾ ਜਿਹਾ ਹੀ ਸੀ ਜਦੋਂ ਉਸ ਦੇ ਪਿਤਾ ਦੀ ਮੌਤ ਹੋ ਗਈ। ਸੁਭਾਵਕ ਹੈ ਕਿ ਵਿਧਵਾ ਮਾਂ 'ਇਕੱਲੀ' ਰਹਿ ਜਾਣ ਕਰਕੇ ਅਕਸਰ ਉਦਾਸ ਰਹਿੰਦੀ ਸੀ। ਇਸ ਉਦਾਸੀ ਨੂੰ ਦੂਰ ਕਰਨ ਲਈ ਅਤੇ ਆਪਣਾ ਮਾਨਸਿਕ ਰੁਝੇਵਾਂ ਬਣਾਈ ਰੱਖਣ ਲਈ ਉਸਦੀ ਮਾਂ ਆਂਢ-ਗੁਆਂਢ ਦੀਆਂ ਮੁਟਿਆਰਾਂ ਨੂੰ ਆਪਣੇ ਘਰ ਚਰਖ਼ਾ ਕੱਤਣ ਲਈ ਬੁਲਾ ਲੈਂਦੀ। ਕੁੜੀਆਂ ਉਨ੍ਹਾਂ ਦੇ ਖੁੱਲ੍ਹੇ ਸੁਫ਼ੇ ਵਿਚ ਚਰਖ਼ੇ ਕੱਤਦੀਆਂ। ਉਹ ਛਣਕਦੀਆਂ ਚੂੜੀਆਂ ਨਾਲ ਲੋਕ-ਗੀਤਾਂ ਦੀਆਂ ਰਾਂਗਲੀਆਂ ਹੇਕਾਂ ਲਾਉਂਦੀਆਂ। ਇਨ੍ਹਾਂ ਗੀਤਾਂ ਵਿਚ ਮੁਟਿਆਰਾਂ ਦੀਆਂ ਲੁਕਵੀਆਂ ਤਾਂਘਾਂ ਹੁੰਦੀਆਂ, ਅੱਥਰੂਆਂ ਨਾਲ ਭਿੱਜਾ ਵਿਛੋੜੇ ਦਾ ਦਰਦ ਹੁੰਦਾ, ਮਿਲਾਪ ਦੀ ਚਹਿਕਦੀ ਖ਼ੁਸ਼ੀ ਹੁੰਦੀ।

ਅਮਰਜੀਤ ਪਿਛਲੀ ਕੋਠੜੀ ਵਿਚ ਜਾਂ ਘਰ ਦੀ ਬੈਠਕ ਵਿਚ ਪਿਆ ਇਨ੍ਹਾਂ ਗੀਤਾਂ ਦੀ ਛਹਿਬਰ ਵਿਚ ਭਿੱਜਦਾ ਰਹਿੰਦਾ। ਕੁੜੀਆਂ ਦੇ ਹੋਠਾਂ 'ਚੋਂ ਕਿਰਦੀਆਂ, ਛਣਕਦੀਆਂ ਧੁਨਾਂ ਨਾਲ ਉਂਗਲੀਆਂ ਦੀ ਤਾਲ ਦਿੰਦਾ ਅਤੇ ਗੀਤਾਂ ਦੇ ਬੋਲ ਮੂੰਹ ਵਿਚ ਗੁਣਗੁਣਾਉਂਦਾ ਰਹਿੰਦਾ। ਇੰਜ ਅਚੇਤ ਹੀ ਪੰਜਾਬ ਦੇ ਲੋਕ ਗੀਤ, ਉਨ੍ਹਾਂ ਦੀਆਂ ਦਿਲ ਨੂੰ ਛੂਹਣ ਵਾਲੀਆਂ ਧੁਨਾਂ ਉਸ ਦੇ ਮਨ-ਮਸਤਕ ਦਾ ਹਿੱਸਾ ਬਣ ਗਏ। ਸੁਰ ਅਤੇ ਸ਼ਬਦ ਉਹਦੇ ਗਲੇ ਵਿਚੋਂ ਬਾਹਰ ਆਉਣ ਲਈ ਉਮਲਣ-ਉੱਛਲਣ ਲੱਗੇ। ਇੱਕ ਦਿਨ ਉਸ ਨੇ ਵੇਖਿਆ, ਪਿੰਡ ਦੇ ਰੁੱਖਾਂ ਦੀ ਸੰਘਣੀ ਛਾਵੇਂ ਦਰਸ਼ੋ ਭਲਵਾਨ ਅਤੇ ਉਸਦੇ ਸਾਥੀ ਘੜਾ ਵਜਾ ਕੇ ਨਾਲ ਗੀਤ ਗਾ ਰਹੇ ਸਨ। ਰੁੱਖਾਂ ਦੀ ਛਾਵੇਂ ਦੁਪਹਿਰਾ ਕੱਟਣ ਲਈ ਬੈਠੇ ਪਿੰਡ ਦੇ ਲੋਕ ਉਨ੍ਹਾਂ ਦੀ ਗਾਇਕੀ ਦਾ ਆਨੰਦ ਮਾਣਦੇ ਹੋਏ, 'ਵਾਹ! ਵਾਹ!'ਕਰ ਰਹੇ ਸਨ, 'ਸ਼ਾਬਾਸ਼' ਦੇ ਰਹੇ ਸਨ। ਬਾਬਾ ਦਰਸ਼ੋ ਉਂਝ ਵੀ ਜਦੋਂ ਗਲੀਆਂ ਵਿਚੋਂ ਗੁਜ਼ਰਦਾ ਤਾਂ ਉਹਦੇ ਹੋਠਾਂ 'ਤੇ ਅਕਸਰ ਹੀ ਵਾਰਸ ਦੀ 'ਹੀਰ', ਪੀਲੂ ਦੇ 'ਮਿਰਜ਼ੇ' ਅਤੇ ਕਾਦਰ ਯਾਰ ਦੇ 'ਪੂਰਨ ਭਗਤ' ਦੇ ਬੋਲ ਥਿਰਕਦੇ ਰਹਿੰਦੇ। ਅਮਰਜੀਤ ਬਾਬਾ ਦਰਸ਼ੋ ਦੇ ਬੋਲ ਸੁਣਦਾ ਤੇ ਉਨ੍ਹਾਂ ਨੂੰ ਮਨ ਹੀ ਮਨ ਗੁਣਗਣਾਉਂਦਾ। ਪਰ ਅੱਜ ਬੋਹੜ ਹੇਠਾਂ ਗਾਉਂਦੇ ਦਰਸ਼ੋ ਤੇ ਉਹਦੇ ਸਾਥੀਆਂ ਨੂੰ ਸੁਣ ਕੇ ਉਹਦੇ ਉਤੇ ਅਜੀਬ ਵੱਜਦ ਤਾਰੀ ਹੋ ਗਿਆ।

ਦਰਸ਼ੋ ਭਲਵਾਨ ਹੁਰਾਂ ਦੀ ਪ੍ਰਸ਼ੰਸਾ ਨੇ ਅਮਰਜੀਤ ਦੇ ਮਨ ਵਿਚ ਵੀ ਅਜਿਹੀ ਪ੍ਰਸ਼ੰਸਾ ਖੱਟਣ ਦੀ ਰੀਝ ਪੈਦਾ ਕਰ ਦਿੱਤੀ। ਮਾਲ-ਡੰਗਰ ਪਿੱਛੇ ਫਿਰਦਿਆਂ ਉਹ ਲੰਮੀਆਂ ਹੇਕਾਂ ਲਾ ਕੇ ਗਾਉਣ ਦਾ ਅਭਿਆਸ ਕਰਨ ਲੱਗਾ। ਦਰਸ਼ੋ ਭਲਵਾਨ ਹੁਰਾਂ 'ਤੇ ਉਨ੍ਹਾਂ ਰਸ਼ਕ ਆਉਂਦਾ। ਲੋਕ ਅਮਰਜੀਤ ਨੂੰ ਵੀ ਖੇਤਾਂ-ਬੰਨ੍ਹਿਆਂ 'ਤੇ ਗਾਉਂਦਾ ਸੁਣ ਕੇ ਉਹਦੀ ਆਵਾਜ਼ ਦੀ ਖ਼ੂਬਸੂਰਤੀ ਤੋਂ ਜਾਣੂ ਹੋ ਚੁੱਕੇ ਸਨ।

ਇਕ ਦਿਨ ਜਦ ਬੋਹੜ ਥੱਲੇ ਦਰਸ਼ੋ ਹੁਰਾਂ ਦਾ ਟੋਲਾ ਗਾਉਣ ਦੀਆਂ ਤਿਆਰੀਆਂ ਕਰ ਰਿਹਾ ਸੀ ਤਾਂ ਕਿਸੇ ਨੇ ਉਨ੍ਹਾਂ ਦੇ ਨੇੜੇ ਲੱਗ ਕੇ ਬੈਠੇ ਅਮਰਜੀਤ ਵੱਲ ਇਸ਼ਾਰਾ ਕਰ ਕੇ ਕਿਹਾ, "ਦਰਸ਼ੋ ਭਾਈ! ਅੱਜ ਅਮਰਜੀਤ ਨੂੰ ਵੀ ਆਖ ਤੁਹਾਡੀ ਸੁਰ ਨਾਲ ਸੁਰ ਮਿਲਾਵੇ।" ਦਰਸ਼ੋ ਨੇ ਅਮਰਜੀਤ ਵੱਲ ਮੁਸਕਰਾ ਕੇ ਵੇਖਿਆ ਤੇ ਅੱਖ ਨਾਲ ਇਸ਼ਾਰਾ ਕੀਤਾ, "ਆ ਬਈ ਜਵਾਨਾ! ਹੋਰ ਨੇੜੇ ਆ ਜਾ। ਸੁਰ ਦਾ ਧਿਆਨ ਰੱਖੀਂ।"



ਜਦੋਂ ਉਸ ਨੇ ਦਰਸ਼ੋ ਹੁਰਾਂ ਨਾਲ ਮਿਲ ਕੇ ਗਾਇਆ ਤਾਂ ਉਹਦੀ ਸੁਰੀਲੀ, ਵੱਖਰੀ ਅਤੇ ਵਿਸ਼ੇਸ਼ ਆਵਾਜ਼ ਨੇ ਸਰੋਤਿਆਂ ਦਾ ਧਿਆਨ ਇਕਦਮ ਆਪਣੇ ਵੱਲ ਖਿੱਚ ਲਿਆ। ਉਹਦੀ ਆਵਾਜ਼ ਦੀ ਵਿਸ਼ੇਸ਼ ਹੂਕ ਨੂੰ ਮਹਿਸੂਸਦਿਆਂ ਬੋਹੜ ਹੇਠਾਂ ਬੈਠੇ ਬੰਦਿਆਂ ਨੇ ਉਹਨੂੰ ਇਕੱਲੇ ਨੂੰ ਕੁਝ ਗਾ ਕੇ ਸੁਣਾਉਣ ਲਈ ਕਿਹਾ। ਉਹਨੇ ਆਪਣੇ ਗਲੇ ਨੂੰ ਖੰਘੂਰਿਆ ਤੇ ਫਿਰ ਵਾਰਿਸ ਸ਼ਾਹ ਦੀ ਹੀਰ ਦਾ ਇੱਕ ਬੰਦ ਏਨੀ ਮੁ-ਤਰੰਨਮ ਆਵਾਜ਼ ਵਿਚ ਸੁਣਾਇਆ ਕਿ ਸਰੋਤੇ ਕੀਲੇ ਗਏ। ਹੁਣ ਉਹ ਪਿੰਡ ਦੇ ਬੋਹੜਾਂ ਦੀ ਛਾਵੇਂ ਗਾਉਣ ਵਾਲਿਆਂ ਦਾ ਨਾਇਕ ਬਣ ਗਿਆ ਸੀ। ਉਹਨੂੰ ਗਾਉਣ ਦੀ ਪੱਕੀ ਚੇਟਕ ਲੱਗ ਗਈ ਪਰ ਗਾਉਣ ਲਈ ਮਸਾਲਾ ਵੀ ਤਾਂ ਚਾਹੀਦਾ ਸੀ। ਉਹ ਚੰਗੇ ਗੀਤਾਂ ਦੀ ਤਲਾਸ਼ ਵਿਚ ਭਟਕਣ ਲੱਗਾ। ਉਹਨੂੰ ਕਿਸੇ ਨੇ ਦੱਸ ਪਾਈ ਕਿ ਉਹਦੇ ਹੀ ਪਿੰਡ ਦੇ ਵਸਨੀਕ ਚਿਰਾਗ ਮੁਸਲਮਾਨ ਕੋਲ ਹੀਰ ਦਾ ਕਿੱਸਾ ਪਿਆ ਹੈ। ਉਹ ਬਾਬੇ ਚਿਰਾਗ ਕੋਲ ਗਿਆ। ਉਹਦੀ ਮਿੰਨਤ ਕੀਤੀ ਤੇ ਹੀਰ ਦਾ ਕਿੱਸਾ ਲੈ ਆਇਆ। ਘਰ ਵਿਚ ਤੇ ਖੇਤਾਂ-ਬੰਨ੍ਹਿਆਂ 'ਤੇ ਉਹ ਯਾਦ ਕੀਤੀ ਹੀਰ ਦੇ ਬੰਦ ਗਾਉਂਦਾ। ਹੁਣ ਬੋਹੜਾਂ ਥੱਲੇ ਉਸਦੀ ਸੁਰੀਲੀ ਆਵਾਜ਼ ਹਰ ਰੋਜ਼ ਗੂੰਜਣ ਲੱਗੀ। ਇਸਦੀ ਖ਼ੁਸ਼ਬੋਈ ਆਸ-ਪਾਸ ਦੇ ਪਿੰਡਾਂ ਵਿਚ ਵੀ ਫੈਲਣ ਲੱਗੀ। ਉਨ੍ਹਾਂ ਦਿਨਾਂ ਵਿਚ ਕਮਿਊਨਿਸਟ ਪਾਰਟੀ ਦਾ ਬੜਾ ਵੱਜ ਸੀ। ਉਹਦੇ ਆਪਣੇ ਇਲਾਕੇ ਵਿਚ ਵੀ ਪਾਰਟੀ ਦਾ ਬੜਾ ਜ਼ੋਰ ਸੀ। ਉਹ ਕਮਿਊਨਿਸਟਾਂ ਦੇ ਪਿੰਡ-ਪਿੰਡ ਹੁੰਦੇ ਡਰਾਮੇ ਅਤੇ ਕਾਨਫ਼ਰੰਸਾਂ ਵੇਖਦਾ। ਇਨ੍ਹਾਂ ਵਿਚ ਕਲਾਕਾਰਾਂ ਨੂੰ ਗਾਉਂਦਿਆਂ ਸੁਣਦਾ ਤਾਂ ਉਹਦਾ ਵੀ ਦਿਲ ਕਰਦਾ ਕਿ ਉਹ ਵੀ ਸਟੇਜ ਉਤੇ ਚੜ੍ਹ ਕੇ ਗਾਵੇ। ਉਸ ਵੱਲ ਵੀ ਹਜ਼ਾਰਾਂ ਅੱਖਾਂ ਪ੍ਰਸ਼ੰਸਾ ਵਿਚ ਝਾਕਣ। ਉਸਦੀ ਵੀ 'ਬੱਲੇ ਬੱਲੇ' ਹੋਵੇ।

ਡੇਰਾ ਬਾਬਾ ਨਾਨਕ ਵਿਚ ਹਰ ਸਾਲ ਗੁਰੂ ਨਾਨਕ ਦੇਵ ਜੀ ਦੀ ਯਾਦ ਵਿਚ 'ਚੋਲੇ ਦਾ ਮੇਲਾ' ਲੱਗਦਾ ਹੈ। ਉਹਦੇ ਯਾਰ-ਬੇਲੀ ਉਹਨੂੰ ਹੱਲਾਸ਼ੇਰੀ ਦੇਣ ਲੱਗੇ ਕਿ ਉਹ ਵੀ ਸਟੇਜ ਉੱਤੇ ਆਪਣਾ ਕੋਈ ਗੀਤ ਸੁਣਾਏ। ਸਟੇਜ-ਸਕੱਤਰ ਸੀ ਜਸਵੰਤ ਸਿੰਘ ਰਾਹੀ। ਰਾਹੀ ਪ੍ਰਸਿੱਧ ਕਮਿਊਨਿਸਟ ਕਾਰਕੁਨ ਹੋਣ ਦੇ ਨਾਲ-ਨਾਲ ਕਵੀ ਅਤੇ ਲੇਖਕ ਵੀ ਸੀ। ਜਦੋਂ ਅਮਰਜੀਤ ਦੀ ਢਾਣੀ ਦੇ ਯਾਰਾਂ ਨੇ ਉਸ ਕੋਲੋਂ ਅਮਰਜੀਤ ਵਾਸਤੇ ਸਟੇਜ 'ਤੇ ਗਾਉਣ ਲਈ ਸਮਾਂ ਮੰਗਿਆ ਤਾਂ ਉਸ ਨੇ ਸਮਾਂ ਦੇਣ ਤੋਂ ਨਾਂਹ ਕਰ ਦਿੱਤੀ। ਉਹਨੂੰ ਡਰ ਸੀ ਕਿ ਭਖ਼ਿਆ ਮੇਲਾ ਇਕ ਅਣਜਾਣ ਗਾਇਕ ਦੇ ਸਟੇਜ ਉਤੇ ਆਉਣ ਕਰਕੇ ਵਿੱਝੜ ਨਾ ਜਾਵੇ। ਉਸਨੇ ਕਿਹੜਾ ਅਮਰਜੀਤ ਨੂੰ ਕਿਤੇ ਗਾਉਂਦਿਆਂ ਸੁਣਿਆ ਸੀ! ਅਮਰਜੀਤ ਦੇ ਸਾਥੀਆਂ ਨੇ ਬੇਨਤੀ ਕੀਤੀ, "ਸਿਰਫ਼ ਇੱਕ ਗੀਤ ਹੀ ਗੌਣ ਦਾ ਟਾਈਮ ਦੇ ਦਿਓ। ਤੁਸੀਂ ਵੇਖਿਓ ਤਾਂ ਸਹੀ!"

ਰਾਹੀ ਮੰਨ ਗਿਆ। ਅਮਰਜੀਤ ਸਟੇਜ ਉਤੇ ਜਾ ਖੜੋਤਾ। ਸਿੱਧਾ ਸਤੋਰ। ਦੋਵੇਂ ਹੱਥ ਸਤਿਕਾਰ ਦੀ ਮੁਦਰਾ ਵਿਚ ਜੁੜੇ ਹੋਏ। ਉਨ੍ਹੀਂ ਦਿਨੀਂ ਇੱਕ ਗੀਤ ਬੜਾ ਪ੍ਰਚੱਲਿਤ ਸੀ:

ਜਿਹੜਾ ਅੱਜ ਲਿਆ ਕੇ ਦੇਵੇ
ਕੱਚ ਦੀਆਂ ਚੂੜੀਆਂ
ਉਹਦੇ ਨਾਲ ਹੋਣਗੀਆਂ ਤਾਂ
ਗੱਲਾਂ ਗੂੜ੍ਹੀਆਂ

ਅਮਰਜੀਤ ਨੇ ਇਸ ਧੁਨ 'ਤੇ ਗੀਤ ਗਾਇਆ:

ਅੱਗੇ ਨਾਲੋਂ ਵਧ ਗਈਆਂ ਹੋਰ
ਮਜਬੂਰੀਆਂ।
ਹੁਣ ਨਹੀਉਂ ਹੁੰਦੀਆਂ, ਸਬਰ
ਸਬੂਰੀਆਂ।

ਉਸ ਦੀ ਆਵਾਜ਼ ਵਿਚਲੀ ਸੁਰ, ਮਿਠਾਸ ਅਤੇ ਬੁਲੰਦੀ ਨੇ ਲੋਕਾਂ ਦਾ ਮਨ ਮੋਹ ਲਿਆ। ਗੀਤ ਹੈ ਵੀ 'ਕਾਮਰੇਡੀ ਰੰਗ' ਦਾ ਸੀ। ਹੁੰਦਾ ਵੀ ਕਿਉਂ ਨਾ! ਇਹ ਰੰਗ ਉਹਦੇ ਵਿਚਾਰਾਂ 'ਤੇ ਵੀ ਤਾਂ ਚੜ੍ਹਨਾ ਸ਼ੁਰੂ ਹੋ ਚੁੱਕਾ ਸੀ। ਕਮਿਊਨਿਸਟਾਂ ਨੂੰ ਤਾਂ ਅਜਿਹੇ ਕਲਾਕਾਰਾਂ ਦੀ ਡਾਢੀ ਲੋੜ ਸੀ। ਦੋਵਾਂ ਧਿਰਾਂ ਦੀ ਆਪਸੀ ਸੁਰ ਵੀ ਮਿਲ ਗਈ। ਅਮਰਜੀਤ ਨੂੰ ਗਾਉਣ ਦਾ ਸ਼ੌਕ ਸੀ ਤੇ ਪਾਰਟੀ ਨੂੰ ਚੰਗਾ ਗਾਉਣ ਵਾਲਿਆਂ ਦੀ ਲੋੜ ਸੀ। ਸੋ ਕਮਿਊਨਿਸਟ ਆਗੂਆਂ ਅਤੇ ਸਾਥੀ ਕਲਾਕਾਰਾਂ ਨੇ ਵੀ ਆਪਣੇ ਇੱਕ ਚੰਗੇ ਅਤੇ ਹੋਣਹਾਰ ਸਾਥੀ ਨੂੰ 'ਜੀ ਆਇਆਂ' ਕਿਹਾ।

ਹੁਣ ਗਾਉਣ ਵਾਸਤੇ ਉਹਨੂੰ ਚੰਗੇ ਗੀਤਾਂ ਦੀ ਵਧੇਰੇ ਲੋੜ ਸੀ। ਕੁਝ ਗੀਤ ਉਹਨੇ ਆਪਣੇ ਯਤਨਾਂ ਨਾਲ ਲੱਭੇ। ਕੁਝ ਉਹਨੂੰ ਇਲਾਕੇ ਦੇ ਮੰਨੇ-ਪ੍ਰਮੰਨੇ ਸ਼ਾਇਰ ਜਸਵੰਤ ਸਿੰਘ ਰਾਹੀ ਨੇ ਦਿੱਤੇ। ਕੁਝ ਮਹਿੰਗਾ ਸਿੰਘ ਅਨਪੜ੍ਹ ਨੇ। ਜਦੋਂ ਉਹਦਾ ਨਾਂ ਚੱਲ ਪਿਆ ਤਾਂ ਗੀਤਕਾਰ ਆਪ ਹੀ ਉਹਨੂੰ ਗੀਤ ਦੇਣ ਲੱਗੇ। ਦਿੰਦੇ ਵੀ ਕਿਉਂ ਨਾ! ਉਹ ਆਪਣੀ ਸੁਰੀਲੀ ਤੇ ਦਮਦਾਰ ਆਵਾਜ਼ ਨਾਲ ਉਨ੍ਹਾਂ ਦੇ ਗੀਤਾਂ ਨੂੰ ਜ਼ਿੰਦਗੀ ਦੇ ਰਿਹਾ ਸੀ।

ਉਨ੍ਹਾਂ ਦਿਨਾਂ ਵਿਚ ਕਮਿਊਨਿਸਟ ਮਿਲੀ ਆਜ਼ਾਦੀ ਨੂੰ ਅਧੂਰੀ ਮੰਨਦੇ ਸਨ। ਉਨ੍ਹਾਂ ਦਾ ਗੀਤ ਬੜਾ ਮਸ਼ਹੂਰ ਸੀ:

ਸੁਣ ਨਹਿਰੂ ਸਰਕਾਰੇ!
ਤੈਨੂੰ ਰੋਵਣ ਲੋਕੀਂ ਸਾਰੇ।
ਗੋਰੇ ਦੀ ਥਾਂ ਕਾਲਾ ਆਇਆ,
ਉਹ ਵੀ ਛੜੀਆਂ ਮਾਰੇ।

ਇਨ੍ਹਾਂ ਭਾਵਾਂ ਦੀ ਤਰਜ਼ਮਾਨੀ ਕਰਦਾ ਜਸਵੰਤ ਸਿੰਘ ਰਾਹੀ ਦਾ ਲਿਖਿਆ ਗੀਤ ਅਮਰਜੀਤ ਅਕਸਰ ਗਾਉਂਦਾ:

ਗੌਰਮਿੰਟ ਨੇ ਝੱਗਾ ਦਿੱਤਾ, ਪਾ ਲਓ ਲੋਕੋ ਪਾ ਲਓ।
ਅੱਗਾ ਪਿੱਛਾ ਹੈ ਨਹੀਂ ਜੇ ਤੇ, ਬਾਹਵਾਂ ਆਪ ਲੁਆ ਲਓ।

ਇਨ੍ਹਾਂ ਦਿਨਾਂ ਵਿਚ ਹੀ ਉਹਨੇ ਡੇਰਾ ਬਾਬਾ ਨਾਨਕ ਨੇੜਲੇ ਪਿੰਡ ਜੌੜੀਆਂ ਦੇ ਜੰਮਪਲ ਪੰਜਾਬੀ ਸ਼ਾਇਰ ਅਮਰ ਚਿੱਤਰਕਾਰ ਦਾ ਇੱਕ ਗੀਤ ਗਾਇਆ। ਅਮਰਜੀਤ ਦੀ ਖ਼ੂਬੀ ਇਹ ਰਹੀ ਹੈ ਕਿ ਉਹ ਗਾਉਣ ਲੱਗਿਆਂ, ਉਸ ਗੀਤ ਨੂੰ ਲਿਖਣ ਵਾਲੇ ਗੀਤਕਾਰ ਦਾ ਨਾਂ ਵੀ ਸਤਿਕਾਰ ਨਾਲ ਲੈਂਦਾ ਸੀ। ਅਮਰ ਚਿੱਤਰਕਾਰ ਦਾ ਇੱਕ ਗੀਤ ਉਨ੍ਹੀਂ ਦਿਨੀਂ ਬਹੁਤ ਪ੍ਰਸਿੱਧ ਹੋਇਆ। ਗੀਤ ਦੇ ਗਾਏ ਜਾਣ ਨਾਲ ਇਹ ਗੀਤ ਹੀ ਨਹੀਂ, ਅਮਰ ਚਿੱਤਰਕਾਰ ਵੀ ਲੋਕਾਂ ਵਿਚ ਜਿਉਣ-ਜੋਗਾ ਹੋ ਗਿਆ।

ਜਿਉਂਦੇ ਜੀ ਆ ਸੋਹਣਿਆ, ਤੈਨੂੰ ਸੁਰਗ ਵਿਖਾਵਾਂ।
ਲੱਗੀਆਂ ਹੋਈਆਂ ਰੌਣਕਾਂ, ਪਿੱਪਲਾਂ ਦੀਆਂ ਛਾਵਾਂ।

ਹੁਣ ਅਮਰਜੀਤ ਨੇ ਕਮਿਊਨਿਸਟ ਸਟੇਜਾਂ 'ਤੇ ਬਾਕਾਇਦਾ ਗਾਉਣਾ ਸ਼ੁਰੂ ਕਰ ਦਿੱਤਾ। ਉਹਦੀ ਗਾਇਕੀ ਦੀ ਪ੍ਰਸਿੱਧੀ ਪੰਜਾਬ ਵਿਚ ਦੂਰ-ਦੂਰ ਫੈਲਣ ਲੱਗੀ। ਅਮਰਜੀਤ ਗੁਰਦਾਸਪੁਰੀ ਨੇ ਜਦੋਂ ਆਪਣੀ ਚੰਗੀ ਪ੍ਰੈਂਠ ਬਣਾ ਲਈ ਤਾਂ ਉਹਨੂੰ ਪਾਰਟੀ ਨੇ ਇੰਡੀਅਨ ਪੀਪਲ ਥੀਏਟਰ ਐਸੋਸੀਏਸ਼ਨ (ਇਪਟਾ) ਦੀ ਗੁਰਦਾਸਪੁਰ ਇਕਾਈ ਵਿਚ ਸ਼ਾਮਲ ਕਰ ਲਿਆ। ਹੌਲੀ ਹੌਲੀ ਉਹਦੀ ਸੋਭਾ ਸੂਬੇ ਤੱਕ ਪਹੁੰਚੀ ਤਾਂ ਇਪਟਾ ਦੇ ਮੋਹਰੀ ਆਗੂਆਂ ਤੇਰਾ ਸਿੰਘ ਚੰਨ ਅਤੇ ਜੁਗਿੰਦਰ ਬਾਹਰਲਾ ਨੇ ਉਹਨੂੰ ਸੂਬੇ ਦੇ ਕਲਾਕਾਰਾਂ ਵਿਚ ਸ਼ਾਮਲ ਕਰ ਲਿਆ।

ਜਿਵੇਂ ਦੱਸਿਆ ਹੈ ਕਿ ਗਾਉਣ ਦੇ ਸ਼ੌਕ ਅਤੇ ਹਰ ਵੇਲੇ ਕਮਿਊਨਿਸਟਾਂ ਦੇ ਨੇੜੇ ਰਹਿਣ ਕਰਕੇ ਉਸਦੀ ਸੋਚ ਵੀ ਕਮਿਊਨਿਸਟ ਵਿਚਾਰਧਾਰਾ ਤੋਂ ਪ੍ਰਭਾਵਿਤ ਹੋਣ ਲੱਗੀ। ਇਨ੍ਹੀਂ ਦਿਨੀਂ ਸੰਸਾਰ-ਜੰਗ ਦੇ ਸਿਰ ਉਪਰ ਮੰਡਰਾਉਂਦੇ ਖ਼ਤਰੇ ਨੂੰ ਮੁੱਖ ਰੱਖ ਕੇ ਮੁਲਕ ਭਰ ਵਿਚ ਅਮਨ-ਲਹਿਰ ਜ਼ੋਰਾਂ-ਸ਼ੋਰਾਂ ਨਾਲ ਚੱਲ ਰਹੀ ਸੀ। ਇਸ ਲਹਿਰ ਨੂੰ ਪੰਜਾਬ ਵਿਚ ਹੋਰ ਹੁਲਾਰਾ ਦੇਣ ਲਈ ਬਟਾਲੇ 'ਬਾਬੇ ਦੇ ਵਿਆਹ' 'ਤੇ ਹੋਈ ਕਾਨਫ਼ਰੰਸ ਵਿਚ ਤੇਰਾ ਸਿੰਘ ਚੰਨ ਅਤੇ ਜੋਗਿੰਦਰ ਬਾਹਰਲੇ ਨੇ ਆਪਸ ਵਿਚ ਮਿਲ ਕੇ ਇੱਕ ਸਾਂਝਾ ਸਕੁਐਡ ਬਣਾਇਆ। ਉਨ੍ਹਾਂ ਨੇ ਅਮਰਜੀਤ ਨੂੰ ਵੀ ਇਸ ਸਕੁਐਡ ਵਿਚ ਸ਼ਾਮਲ ਕਰ ਲਿਆ। ਨਰਿੰਦਰ ਦੋਸਾਂਝ, ਹੁਕਮ ਚੰਦ ਖਲੀਲੀ, ਜਗਦੀਸ਼ ਫਰਿਆਦੀ, ਪ੍ਰੋਫ਼ੈਸਰ ਨਿਰੰਜਨ ਸਿੰਘ ਮਾਨ, 'ਪੰਜਾਬ ਦੀ ਕੋਇਲ' ਕਰ ਕੇ ਜਾਣੀ ਜਾਂਦੀ ਗਾਇਕਾ ਸੁਰਿੰਦਰ ਕੌਰ, ਉਸਦੇ ਪਤੀ ਪ੍ਰੋਫ਼ੈਸਰ ਜੋਗਿੰਦਰ ਸਿੰਘ ਸੋਢੀ, ਨਵਤੇਜ ਸਿੰਘ ਪ੍ਰੀਤਲੜੀ, ਉਨ੍ਹਾਂ ਦੀ ਪਤਨੀ ਬੀਬੀ ਮਹਿੰਦਰ ਕੌਰ ਵੀ ਉਨ੍ਹਾਂ ਦੇ ਨਾਲ ਹੀ ਇਸ ਸਭਿਆਚਾਰ ਕਾਫ਼ਲੇ ਵਿਚ ਸ਼ਾਮਿਲ ਸਨ। ਤੇਰਾ ਸਿੰਘ ਚੰਨ ਨੇ 'ਪੰਜਾਬ ਦੀ ਆਵਾਜ਼', 'ਨੀਲ ਦੀ ਸ਼ਹਿਜ਼ਾਦੀ' ਅਤੇ 'ਲੱਕੜ ਦੀ ਲੱਤ' ਵਰਗੇ ਵਿਸ਼ਵ ਅਮਨ ਲਹਿਰ ਨੂੰ ਸਮਰਪਿਤ ਸੰਗੀਤ ਨਾਟਕ ਲਿਖੇ। ਅਮਰਜੀਤ ਗੁਰਦਾਸਪੁਰੀ ਨੇ ਇਨ੍ਹਾਂ ਸੰਗੀਤ ਨਾਟਕਾਂ ਵਿਚ ਆਪਣੀ ਆਵਾਜ਼ ਦਾ ਜਾਦੂ ਘੋਲਿਆ ਤਾਂ ਸੰਗੀਤ-ਨਾਟਕਾਂ ਦਾ ਪ੍ਰਭਾਵ ਦੂਣ-ਸਵਾਇਆ ਹੋ ਨਿੱਬੜਿਆ।

ਇੰਝ ਅਮਰਜੀਤ ਨਵੇਂ ਬਣੇ ਇਸ ਸਕੁਐਡ ਵਿਚ ਸ਼ਾਮਲ ਹੋ ਕੇ ਪਿੰਡ-ਪਿੰਡ ਆਪਣੀ ਨਾਟਕੀ ਪ੍ਰਤਿਭਾ ਅਤੇ ਗਾਇਨ-ਕਲਾ ਦੇ ਜੌਹਰ ਦਿਖਾਉਣ ਲੱਗਾ। ਉਸਦੀ ਸੁਰੀਲੀ ਆਵਾਜ਼ ਹਵਾ ਵਿਚ ਤਾਰੀਆਂ ਲਾਉਂਦੀ, ਸਰੋਤਿਆਂ ਦੇ ਕੰਨਾਂ ਵਿਚ ਸ਼ਹਿਦ ਘੋਲਦੀ ਤੁਰੀ ਜਾਂਦੀ। ਲੋਕ ਉਸਦੀ ਵਾਰੀ ਦੀ ਉਡੀਕ ਕਰਦੇ। ਉਹਦੇ ਗਾਏ ਗੀਤ ਡੰਗਰ ਚਾਰਦੇ ਵਾਗੀ ਵੀ ਡੰਗਰਾਂ ਨੂੰ ਮੋੜੇ ਲਾਉਂਦਿਆਂ ਗਾਉਣ ਲੱਗੇ। ਅੱਜ ਵੀ ਮੇਰੇ ਚੇਤਿਆਂ ਵਿਚ ਉਹਦੇ ਗੀਤਾਂ ਦੇ ਬੋਲ ਟੁਣਕ ਰਹੇ ਹਨ:

ਚਿੱਟੀ ਚਿੱਟੀ ਪਗੜੀ ਘੋਟ ਘੋਟ ਬੰਨ੍ਹਦਾ ਏਂ
ਉੱਤੇ ਵੇ ਗੁਲਾਬੀ ਫੁੱਲ ਟੰਗਿਆ ਕਰ
* * * * * *
ਕਾਗ ਸਮੇਂ ਦਾ ਬੋਲਿਆ ਅਮਨਾਂ ਦੀ ਬੋਲੀ
* * * * * *
ਤੂੰ ਹਲ ਵਾਹਵੇਂ ਮੈਂ ਕੇਰਾਂ, ਵੇਖ ਕੇ ਸਿਆੜ ਹੱਸਦੇ।
ਵੇ ਚੰਨਾਂ! ਲੈ ਦੇ ਜੁੱਤੀ ਖੱਲ ਦੀ ਕਿ ਨੰਗੇ ਮੇਰੇ ਪੈਰ ਘਸਦੇ।

ਅਮਰਜੀਤ ਗੁਰਦਾਸਪੁਰੀ ਨੂੰ ਛੇਤੀ ਹੀ ਇਹ ਅਹਿਸਾਸ ਹੋ ਗਿਆ ਕਿ ਕਮਿਊਨਿਸਟ ਲੀਡਰਾਂ ਦਾ ਕਲਾਕਾਰਾਂ ਪ੍ਰਤੀ ਰਵੱਈਆ ਉਨ੍ਹਾਂ ਨੂੰ ਮਰਾਸੀਆਂ ਤੁਲ ਸਮਝਣ ਵਾਲਾ ਹੀ ਸੀ। ਕਲਾਕਾਰ ਤਾਂ ਲੀਡਰਾਂ ਲਈ ਉਨ੍ਹਾਂ ਦੇ ਭਾਸ਼ਣ ਸੁਣਨ ਲਈ ਲੋਕਾਂ ਨੂੰ ਇਕੱਠਾ ਕਰਨ ਦਾ ਵਸੀਲਾ ਮਾਤਰ ਹੀ ਸਨ। ਇਸ ਤੋਂ ਵੱਧ ਕੁਝ ਨਹੀਂ। ਲੀਡਰ ਪਹਿਲਾਂ ਕਲਾਕਾਰਾਂ ਨੂੰ ਸਟੇਜ 'ਤੇ ਭੇਜ ਛੱਡਦੇ। ਆਪ ਉਦੋਂ ਜਾਂਦੇ ਜਦੋਂ ਇਕੱਠ ਪੂਰਾ ਭਰ ਜਾਂਦਾ। ਉਨ੍ਹਾਂ ਦੇ ਸਟੇਜ ਉੱਤੇ ਪਹੁੰਚਣ ਸਾਰ ਸਟੇਜ ਸਕੱਤਰ ਐਲਾਨ ਕਰਦਾ, 'ਸਾਥਿਓ! ਕਾਮਰੇਡ -ਜੀ ਸਟੇਜ 'ਤੇ ਪਹੁੰਚ ਚੁੱਕੇ ਨੇ ਤੇ ਹੁਣ ਸਟੇਜ ਦੀ ਕਾਰਵਾਈ ਬਾਕਾਇਦਾ ਸ਼ੁਰੂ ਕੀਤੀ ਜਾਂਦੀ ਹੈ।'

ਅਮਰਜੀਤ ਅੰਦਰੋ-ਅੰਦਰ ਖਿਝਦਾ, "ਜੇ ਸਟੇਜ ਦੀ ਬਾਕਾਇਦਾ ਕਾਰਵਾਈ ਹੁਣੇ ਹੀ ਸ਼ੁਰੂ

ਹੋਈ ਹੈ ਤਾਂ ਅਸੀਂ ਏਨਾ ਚਿਰ ਸਟੇਜ 'ਤੇ ਝੱਖ ਮਾਰਦੇ ਰਹੇ ਹਾਂ!"

ਉਹ ਸਾਥੀ ਕਲਾਕਾਰਾਂ ਨਾਲ ਵੀ ਆਪਣਾ ਰੰਜ ਸਾਂਝਾ ਕਰਦਾ ਪਰ ਪਾਰਟੀ ਆਗੂਆਂ ਤੋਂ ਡਰਦਾ ਕੋਈ ਕਲਾਕਾਰ ਬੋਲਣ ਦੀ ਹਿੰਮਤ ਨਾ ਰੱਖਦਾ। ਅਮਰਜੀਤ ਲਈ ਇਹ ਕਲਾਕਾਰ ਦੇ ਮਾਣ-ਸਨਮਾਨ ਦਾ ਮਸਲਾ ਬਣਦਾ ਜਾ ਰਿਹਾ ਸੀ। ਇੱਕ ਵਾਰ ਗੁਰਦਾਸਪੁਰ ਦੇ ਪਿੰਡ ਇਸਦਾ ਧੁਆਣ ਦਮੋਦਰ ਵਿਚ ਕਮਿਊਸਿਟ ਕਾਨਫ਼ਰੰਸ ਸੀ। ਭਰ ਸਿਆਲ ਦੀ ਠੰਢੀ ਰਾਤ ਸੀ। ਕਲਾਕਾਰਾਂ ਨੇ ਕਿਸੇ ਜਾਣਕਾਰ ਦੇ ਘਰ ਪ੍ਰੋਗਰਾਮ ਤੋਂ ਬਾਅਦ ਸੌਣ ਵਾਸਤੇ ਰੋਟੀ-ਪਾਣੀ ਅਤੇ ਮੰਜੇ ਬਿਸਤਰਿਆਂ ਦਾ ਪ੍ਰਬੰਧ ਕਰ ਛੱਡਿਆ ਸੀ। ਮਨ ਵਿਚ ਸੀ ਕਿ ਪ੍ਰੋਗਰਾਮ ਖ਼ਤਮ ਹੁੰਦਿਆਂ ਸਾਰ ਅੰਨ-ਪਾਣੀ ਛਕ ਕੇ ਵਿਛੇ ਹੋਏ ਨਿੱਘੇ ਬਿਸਤਰਿਆਂ ਵਿਚ ਆਰਾਮ ਕਰਾਂਗੇ। ਅੱਧੀ ਰਾਤ ਨੂੰ ਪ੍ਰੋਗਰਾਮ ਖ਼ਤਮ ਹੋਇਆ। ਉਹ ਰਵਾਂ-ਰਵੀਂ ਆਪਣੇ ਟਿਕਾਣੇ ਵੱਲ ਤੁਰ ਪਏ। ਜਾ ਕੇ ਕੀ ਵੇਖਦੇ ਹਨ ਕਿ ਉਨ੍ਹਾਂ ਲਈ ਵਿਛੇ ਬਿਸਤਰਿਆਂ 'ਤੇ ਸੀਨੀਅਰ ਕਾਮਰੇਡ ਘੁਰਾੜੇ ਮਾਰ ਰਹੇ ਸਨ। ਹੁਣ ਉਨ੍ਹਾਂ ਦੇ ਪੈਣ ਲਈ ਬਿਸਤਰਾ ਤਾਂ ਭਲਾ ਕੀ ਮਿਲਣਾ ਸੀ! ਸੋ ਉਹ ਰੋਟੀ ਦਾ ਜੁਗਾੜ ਕਰਨ ਲੱਗੇ। ਵੇਖਿਆ; ਠੰਢੀ ਦਾਲ, ਰੋਟੀਆਂ ਵੀ ਠਰੀਆਂ ਤੇ ਖੱਲ ਵਾਂਗ ਆਕੜੀਆਂ ਹੋਈਆਂ ਸਨ। ਜਦ ਰੋਟੀਆਂ ਨੂੰ ਗਰਮ ਕਰਨ ਲੱਗੇ ਤਾਂ ਇੱਕ ਸੀਨੀਅਰ ਕਾਮਰੇਡ ਨੇ ਨੀਂਦ ਵਿਚ ਖਲਲ ਪੈਂਦਾ ਵੇਖ ਕੇ ਝਾੜਿਆ, "ਉਂਞ ਕਮਿਊਨਿਸਟ ਇਨਕਲਾਬੀ ਬਣਦੇ ਓ ਤੇ ਮੰਗਦੇ ਓ ਤੱਤੀ ਰੋਟੀ ਤੇ ਗਰਮ ਦਾਲ਼! ਚੰਗਾ ਇਨਕਲਾਬ ਲਿਆਓਗੇ!"

ਫਿਰ ਉਹ ਆਗੂ ਅਮਰਜੀਤ ਨੂੰ ਗੁੱਸੇ ਵਿਚ ਬੋਲਿਆ, "ਜ਼ੈਲਦਾਰਾਂ ਦਾ ਪੁੱਤ ਏਂ ਨਾ! ਤੇਰੇ ਵਿਚੋਂ ਜ਼ੈਲਦਾਰੀ ਵਾਲੀ ਫੂਕ ਨਹੀਂ ਨਿਕਲੀ ਅਜੇ ਵੀ।" ਫਿਰ ਕਾਮਰੇਡ ਨੇ ਹਿਕਾਰਤ ਨਾਲ ਕਿਹਾ, "ਵੱਡਾ ਕਾਮਰੇਡ!"

ਉਸ ਰਾਤ ਉਹ ਆਗੂਆਂ ਦੇ ਰਵੱਈਏ ਤੋਂ ਬਹੁਤ ਨਿਰਾਸ਼ ਅਤੇ ਉਦਾਸ ਹੋਇਆ। ਉਹਨੇ ਮਨ ਵਿਚ ਠਾਣ ਲਈ ਕਿ ਉਹ ਕਲਾਕਾਰਾਂ ਨੂੰ ਬਣਦਾ ਮਾਣ-ਸਨਮਾਨ ਦਿਵਾ ਕੇ ਰਹੇਗਾ। ਉਹਨੇ ਸਾਥੀ ਕਲਾਕਾਰਾਂ ਨੂੰ ਵੰਗਾਰਦਿਆਂ ਕਿਹਾ, "ਅਸੀਂ ਦਾਅਵਾ ਕਰਦੇ ਹਾਂ ਕਿ ਅਸੀਂ ਲੋਕਾਂ ਲਈ ਅਜਿਹਾ ਨਿਜ਼ਾਮ ਲੈ ਕੇ ਆਵਾਂਗੇ ਜਿਸ ਵਿਚ ਹਰ ਇੱਕ ਨੂੰ ਉਹਦੀ ਯੋਗਤਾ ਮੁਤਾਬਕ ਬਣਦਾ ਮਾਣ ਦਿੱਤਾ ਜਾਵੇਗਾ, ਪਰ ਆਪ ਅਸੀਂ ਲੀਡਰਾਂ ਦੀ ਕਠਪੁਤਲੀ ਬਣੇ ਹੋਏ ਹਾਂ। ਅਸੀਂ ਕਮਿਊਨਿਟ-ਕਲਾਕਾਰ ਹਾਂ, ਕਮਿਊਨਿਸਟਾਂ ਦੇ ਮਰਾਸੀ ਨਹੀਂ। ਜਿਹੜਾ ਬੰਦਾ ਆਪਣੇ ਮਾਣ-ਸਨਮਾਨ ਲਈ ਨਹੀਂ ਲੜ ਸਕਦਾ, ਉਹ ਹੋਰ ਕਿਸੇ ਨੂੰ ਕੀ ਮਾਣ-ਸਨਮਾਨ ਦਿਵਾ ਸਕੇਗਾ!"

ਅਮਰਜੀਤ ਨੇ ਸਾਥੀਆਂ ਨਾਲ ਸਲਾਹ ਕਰ ਕੇ ਪਾਰਟੀ ਲੀਡਰਾਂ ਤਕ ਆਪਣਾ ਰੋਸ ਪਹੁੰਚਾਇਆ ਅਤੇ ਮੰਗ ਕੀਤੀ ਕਿ ਜਦੋਂ ਕਲਾਕਾਰ ਸਟੇਜ ਉਤੇ ਪਹੁੰਚਣ, ਲੀਡਰਾਂ ਨੂੰ ਵੀ ਉਦੋਂ ਹੀ ਸਟੇਜ 'ਤੇ ਹਾਜ਼ਰ ਹੋਣਾ ਚਾਹੀਦਾ ਹੈ ਅਤੇ ਉਨ੍ਹਾਂ ਦੀਆਂ ਪੇਸ਼ਕਾਰੀਆਂ 'ਬਾਕਾਇਦਾ ਸਟੇਜ' ਦਾ ਹਿੱਸਾ ਹੋਣੀਆਂ ਚਾਹੀਦੀਆਂ ਹਨ। ਉਹਦੀ ਇਸ ਮੰਗ ਪਿੱਛੇ 'ਕਲਾਕਾਰ ਦਾ ਸਵੈਮਾਣ' ਬੋਲਦਾ ਸੀ। ਆਖ਼ਰਕਾਰ ਲੀਡਰਸ਼ਿੱਪ ਨੂੰ ਉਹਦੀ ਇਹ ਮੰਗ ਮੰਨਣੀ ਪਈ।

ਇਹ ਮੰਗ ਕਰਨੀ ਉਹਦਾ ਹੱਕ ਬਣਦਾ ਸੀ ਕਿਉਂਕਿ ਉਹ ਆਪਣੇ ਆਪ ਨੂੰ ਸੱਚਾ ਕਮਿਊਨਿਸਟ ਸਮਝਦਾ ਸੀ। ਕਮਿਊਨਿਸਟ ਪਾਰਟੀ ਨਾਲ ਉਹਦੀ ਪ੍ਰਤੀਬੱਧਤਾ ਹੀ ਸੀ ਕਿ ਜਦੋਂ ਪਾਰਟੀ 'ਤੇ ਪਾਬੰਦੀ ਲੱਗੀ ਤਾਂ ਉਹ ਵੀ ਰੂਪੋਸ਼ ਹੋ ਗਿਆ। ਚੰਗੀ ਜ਼ਮੀਨ-ਜਾਇਦਾਦ ਵਾਲਾ 'ਜ਼ੈਲਦਾਰਾਂ ਦਾ ਪੁੱਤ' ਜੇ ਗੁਪਤਵਾਸ ਦੇ ਬਿਖੜੇ ਪੈਂਡਿਆਂ ਦਾ ਪਾਂਧੀ ਬਣ ਗਿਆ ਸੀ ਤਾਂ ਇਹ ਕੇਵਲ ਕਿਸੇ ਅਵੱਲੜੇ ਸ਼ੌਕ ਕਰ ਕੇ ਨਹੀਂ, ਸਗੋਂ ਵਿਚਾਰਧਾਰਾ ਨਾਲ ਪ੍ਰਤੀਬੱਧਤਾ ਕਰ ਕੇ ਹੀ ਸੀ। ਗੁਪਤਵਾਸ ਦੇ ਇਨ੍ਹਾਂ ਦਿਨਾਂ ਵਿਚ ਉਹ ਮੋਗਾ, ਫ਼ਰੀਦਕੋਟ, ਢੁੱਡੀਕੇ, ਨਿਹਾਲ ਸਿੰਘ ਵਾਲਾ ਇਲਾਕੇ ਦੇ ਲੋਕਾਂ ਵਿਚ ਵਿਚਰਦਾ ਰਿਹਾ। ਪਾਰਟੀ ਲਾਈਨ ਦਾ ਪ੍ਰਚਾਰ ਕਰਦਾ ਰਿਹਾ। ਇਨ੍ਹਾਂ ਦਿਨਾਂ ਵਿਚ ਹੀ ਉਹਦੀ ਸਾਂਝ ਪ੍ਰਸਿੱਧ ਨਾਵਲਕਾਰ ਜਸਵੰਤ ਸਿੰਘ ਕੰਵਲ ਤੇ ਸੁਰਜੀਤ ਗਿੱਲ ਵਰਗੇ ਸਾਹਿਤਕਾਰਾਂ ਨਾਲ ਬਣੀ। ਇੰਞ ਹੀ ਕਾਮਰੇਡ ਲਖਬੰਸ ਤੇ ਕੁਲਭੂਸ਼ਨ ਬੱਧਣਵੀ ਵਰਗੇ ਦੋਸਤਾਂ ਨਾਲ ਪਈ ਯਾਰੀ ਤਾ-ਉਮਰ ਨਿਭੀ।

ਕਰਤਾਰ ਸਿੰਘ ਬਲੱਗਣ ਉਨ੍ਹਾਂ ਦਿਨਾਂ ਵਿਚ ਪੰਜਾਬੀ ਕਵਿਤਾ ਵਿਚ ਬੜਾ ਵੱਡਾ ਨਾਂ ਸੀ। ਉਹ ਚਰਚਿਤ ਮਾਸਿਕ-ਪੱਤਰ 'ਕਵਿਤਾ' ਦਾ ਸੰਪਾਦਕ ਸੀ। ਉਹ ਬੜਾ ਨਾਮਵਰ ਗੀਤਕਾਰ ਵੀ ਸੀ। ਅਮਰਜੀਤ ਵਾਸਤੇ ਉਹਨੇ ਅਨੇਕਾਂ ਗੀਤ ਲਿਖੇ। ਅਮਰਜੀਤ ਦੀ ਆਵਾਜ਼ ਦੇ ਜਾਦੂ ਨੇ ਉਨ੍ਹਾਂ ਗੀਤਾਂ ਦੀ ਖ਼ੁਸ਼ਬੂ ਦਿੱਲੀ-ਕਲਕੱਤੇ ਦੀਆਂ ਹਵਾਵਾਂ ਤਕ ਬਿਖ਼ੇਰ ਦਿੱਤੀ। ਅਮਰਜੀਤ ਦੇ ਗਾਏ ਤੇ ਬਲੱਗਣ ਦੇ ਲਿਖੇ ਇਨ੍ਹਾਂ ਗੀਤਾਂ ਵਿਚੋਂ ਇੱਕ ਗੀਤ ਤਾਂ ਲਗਭਗ ਹਰੇਕ ਸਟੇਜ 'ਤੇ ਉਸ ਕੋਲੋਂ ਫ਼ਰਮਾਇਸ਼ ਕਰ ਕੇ ਸੁਣਿਆ ਜਾਂਦਾ ਸੀ:

ਚਿੱਟੀ-ਚਿੱਟੀ ਪਗੜੀ ਤੇ ਘੁਟ-ਘੁੱਟ ਬੰਨ,
ਭਲਾ ਵੇ ਮੈਨੂੰ ਤੇਰੀ ਸਹੁੰ ਈ,
ਵਿਚ ਵੇ ਗੁਲਾਬੀ ਫੁੱਲ ਟੰਗਿਆ ਕਰ।

ਅਸੀਂ ਜਦੋਂ ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ 'ਮੇਲਾ ਗ਼ਦਰੀ ਬਾਬਿਆਂ ਦਾ' ਸ਼ੁਰੂ ਕੀਤਾ ਤਾਂ ਅਮਰਜੀਤ ਨੂੰ ਉਚੇਚੇ ਤੌਰ 'ਤੇ ਬੁਲਾਇਆ। ਓਥੇ ਉਸਨੇ ਇਹੋ ਗੀਤ ਗਾ ਕੇ ਪੁਰਾਣੇ ਸਰੋਤਿਆਂ ਦੇ ਦਿਲਾਂ ਦੀਆਂ ਤਰਬਾਂ ਛੇੜ ਦਿੱਤੀਆਂ ਸਨ।

ਇੰਞ ਹੀ ਬਲੱਗਣ ਦੇ ਦਿਲ ਨੂੰ ਧੂਹ ਪਾਉਣ ਵਾਲੇ ਕੁਝ ਅਜਿਹੇ ਗੀਤ ਹੋਰ ਵੀ ਸਨ, ਜਿਨ੍ਹਾਂ ਦਾ ਅਮਰਜੀਤ ਗੁਰਦਾਸਪੁਰੀ ਦੀ ਆਵਾਜ਼ ਨੇ ਲੋਕ-ਚੇਤਿਆਂ ਵਿਚ ਸਦੀਵੀ ਵਾਸ ਕਰਵਾ ਦਿੱਤਾ।

ਠੰਢੇ ਬੁਰਜ ਵਿਚੋਂ ਇੱਕ ਦਿਨ ਦਾਦੀ ਮਾਤਾ,
ਪਈ ਹੱਸ-ਹੱਸ ਬੱਚਿਆਂ ਨੂੰ ਤੋਰੇ।

***

ਸਿੰਘਾ ਜੇ ਚੱਲਿਆ ਚਮਕੌਰ, ਉਥੇ ਸੁੱਤੇ ਨੀ ਦੋ ਭੌਰ।
ਧਰਤੀ ਚੁੰਮੀਂ ਕਰਕੇ ਗੌਰ, ਕਲਗੀਧਰ ਦੀਆਂ ਪਾਈਏ ਬਾਤਾਂ।
ਜੀਹਨੇ ਦੇ ਪੁੱਤਰਾਂ ਦੀਆਂ ਦਾਤਾਂ, ਦੇਸ਼ 'ਚੋਂ ਕੱਢੀਆਂ ਨੇਰੀਆਂ ਰਾਤਾਂ।
ਮਹਿੰਗੇ ਮੁੱਲ ਲਈਆਂ ਪ੍ਰਭਾਤਾਂ।

ਅਮਨ ਲਹਿਰ ਸੰਸਾਰ ਦੇ ਜੰਗਬਾਜ਼ਾਂ ਦੇ ਖ਼ਿਲਾਫ਼ ਜਨ-ਅੰਦੋਲਨ ਸੀ। ਇਸ ਨੂੰ ਹੁਲਾਰਾ ਦੇਣ ਲਈ ਕਵੀਆਂ-ਕਲਾਕਾਰਾਂ ਨੇ ਭਰਪੂਰ ਯੋਗਦਾਨ ਪਾਇਆ। ਜੰਗ ਦੇ ਖ਼ਿਲਾਫ ਹੀ ਗੁਰਦਾਸਪੁਰੀ ਦਾ ਗਾਇਆ ਤੇ ਬਲੱਗਣ ਦਾ ਲਿਖਿਆ ਗੀਤ ਬਹੁਤ ਚਰਚਿਤ ਹੋਇਆ।

ਵੇ ਮੁੜ ਆ ਲਾਮਾਂ ਤੋਂ,
ਸਾਨੂੰ ਘਰੇ ਬੜਾ ਰੁਜ਼ਗਾਰ।
ਕਣਕਾਂ ਨਿਸਰ ਪਈਆਂ,
ਵੇ ਤੂੰ ਆ ਕੇ ਝਾਤੀ ਮਾਰ।
ਵੇ ਮੁੜ ਆ ਲਾਮਾਂ ਤੋਂ।

ਉਸਦੇ ਸੁਭਾਅ ਦੀ ਇੱਕ ਹੋਰ ਮਹੱਤਵਪੂਰਨ ਵਿਸ਼ੇਸ਼ਤਾ ਰਹੀ ਹੈ। ਉਹ ਹੈ, ਆਪਣੇ ਗੀਤਕਾਰਾਂ ਦਾ ਬਣਦਾ ਸਨਮਾਨ ਕਰਨਾ। ਉਹਨੂੰ ਸਦਾ ਇਹ ਇਤਰਾਜ਼ ਰਿਹਾ ਕਿ ਗਾਉਣ ਵਾਲੇ ਗੀਤ ਲਿਖਣ ਵਾਲੇ ਦਾ ਨਾਮ ਕਿਉਂ ਨਹੀਂ ਲੈਂਦੇ! ਉਸਨੇ ਬਹੁਤ ਸਾਰੇ ਗਾਇਕਾਂ ਨੂੰ ਇਹ ਆਦਤ ਪਾਈ ਅਤੇ ਉਹ ਗਾਉਣ ਤੋਂ ਪਹਿਲਾਂ ਗੀਤਕਾਰ ਦਾ ਨਾਮ ਪੂਰੇ ਅਦਬ ਨਾਲ ਲੈਣ ਲੱਗੇ। ਗਾਇਕਾਂ ਵੱਲੋਂ ਗੀਤਕਾਰ ਨੂੰ ਉਹਲੇ ਵਿਚ ਰੱਖਣ ਦੀ ਇਹ ਬੀਮਾਰੀ ਆਮ ਹੀ ਹੈ। ਇਸ ਬਾਰੇ ਵੀ ਅਮਰਜੀਤ ਨੇ ਇਕ ਦਿਲਚਸਪ ਘਟਨਾ ਸੁਣਾਈ। ਦਿੱਲੀ ਦੀ ਇੱਕ ਬਹੁਤ ਵੱਡੀ ਸਟੇਜ ਸੀ। ਸਟੇਜ ਉਤੇ ਉਸ ਵੇਲੇ ਦੇ ਮਹੱਤਵਪੂਰਨ ਕੇਂਦਰੀ ਆਗੂ ਬਾਬੂ ਜਗਜੀਵਨ ਰਾਮ ਅਤੇ ਸੁਰਜੀਤ ਸਿੰਘ ਮਜੀਠੀਆ ਵੀ ਬੈਠੇ ਹੋਏ ਸਨ। ਜਦੋਂ ਅਮਰਜੀਤ ਗੁਰਦਾਸਪੁਰੀ ਗੀਤ ਪੇਸ਼ ਕਰਨ ਲਈ ਉਠਿਆ ਤਾਂ ਉਸਨੇ ਕਿਹਾ ਕਿ ਇਹ ਜਿਹੜਾ ਗੀਤ 'ਠੰਢੇ ਬੁਰਜ ਵਿਚ ਦਾਦੀ ਮਾਤਾ' ਮੈਂ ਤੁਹਾਨੂੰ ਸੁਣਾਉਣ ਲੱਗਾ ਹਾਂ, ਇਹ ਗਾ ਤਾਂ ਮੈਂ ਰਿਹਾਂ ਪਰ ਲਿਖਿਆ ਇਸਨੂੰ ਕਰਤਾਰ ਸਿੰਘ ਬਲੱਗਣ ਹੁਰਾਂ ਹੈ, ਜੋ ਇਸ ਵੇਲੇ ਸਟੇਜ ਉਤੇ ਵੀ ਬਿਰਾਜਮਾਨ ਹਨ। ਮੇਰੀ ਬੇਨਤੀ ਹੈ ਕਿ ਜਿਸਨੇ ਮੈਨੂੰ ਇਨਾਮ ਦੇਣਾ ਹੋਵੇ ਉਹ ਗੀਤ ਦੇ ਲੇਖਕ ਨੂੰ ਵੀ ਨਾਲ ਇਨਾਮ ਦੇਵੇ, ਨਹੀਂ ਤਾਂ ਮੈਨੂੰ ਵੀ ਨਾ ਦੇਵੇ। ਤੇ ਹੋਇਆ ਵੀ ਇੰਞ ਹੀ। ਲੋਕਾਂ ਨੇ ਉਸਦੇ ਨਾਲ ਹੀ ਬਲੱਗਣ ਨੂੰ ਵੀ ਬਰਾਬਰ ਦਾ ਸਨਮਾਨ ਦਿੱਤਾ। ਉਸ ਅਨੁਸਾਰ ਜਦੋਂ ਕੋਈ ਗਾਇਕ ਗੀਤ-ਲੇਖਕ ਦਾ ਨਾਮ ਲੈਂਦਾ ਹੈ ਤਾਂ ਉਸਦੀ ਆਪਣੀ ਹੀ ਸੋਭਾ ਵਧਦੀ ਹੈ, ਘਟਦੀ ਨਹੀਂ। ਜਦੋਂ ਲਾਲ ਚੰਦ ਯਮਲਾ ਜੱਟ ਵਿਧਾਤਾ ਸਿੰਘ ਤੀਰ ਦੀ ਲਿਖੀ ਰਚਨਾ 'ਵਾਹ! ਵਾਹ!! ਗੜ੍ਹੀਏ ਚਮਕੌਰ ਦੀਏ' ਗਾਇਆ ਕਰਦਾ ਸੀ ਅਤੇ ਆਖ਼ਿਰ 'ਤੇ 'ਤੀਰ' ਦੀ ਥਾਂ ਆਖਦਾ ਸੀ, 'ਯਮਲੇ ਨੂੰ ਦਿਲੋਂ ਪਿਆਰੀ ਏਂ' ਤਾਂ ਆਪਣੇ ਮਨ-ਪਸੰਦ ਗਾਇਕ ਦੀ ਇਹ ਹਰਕਤ ਅਮਰਜੀਤ ਨੂੰ ਬੜੀ ਰੜਕਦੀ ਸੀ।

ਅਮਨ ਲਹਿਰ ਦੇ ਦਿਨੀਂ ਅਮਰਜੀਤ ਦੀ ਪੰਜਾਬੀ ਦੇ ਨਾਮਵਰ ਲੇਖਕਾਂ ਤੇ ਸ਼ਾਇਰਾਂ ਨਾਲ ਗੂੜ੍ਹੀ ਦੋਸਤੀ ਪਈ। ਸ਼ਿਵ ਕੁਮਾਰ ਬਟਾਲਵੀ ਤਾਂ ਉਹਨੂੰ ਵੱਡੇ ਭਰਾਵਾਂ ਵਾਂਗ ਸਮਝਦਾ ਸੀ। ਗੁਰਦਾਸਪੁਰੀ ਨੇ ਹੀ ਸ਼ਿਵ ਨੂੰ ਮਾਝੇ ਦੇ ਚਰਚਿਤ ਲੇਖਕਾਂ ਨਾਲ ਮਿਲਾਇਆ। ਸ਼ਿਵ ਦੱਸਦਾ ਹੁੰਦਾ ਸੀ ਕਿ ਉਹਨੇ ਆਪਣਾ ਗੀਤ 'ਕਾਲੀ ਦਾਤਰੀ ਚੰਨਣ ਦਾ ਦਸਤਾ, ਲੱਛੀ ਕੁੜੀ ਵਾਢੀਆਂ ਕਰੇ' ਅਮਰਜੀਤ ਗੁਰਦਾਸਪੁਰੀ ਦੀ ਬੰਬੀ 'ਤੇ ਬਹਿ ਕੇ ਲਿਖਿਆ ਸੀ। ਅੰਬਰਸਰ ਦੀ ਲੋਕ ਲਿਖਾਰੀ ਸਭਾ ਦਾ ਉਨ੍ਹਾਂ ਦਿਨਾਂ ਵਿਚ ਬੜਾ ਵੱਜ ਸੀ। 'ਤੇਜ ਪ੍ਰਿੰਟਿੰਗ ਪ੍ਰੈਸ' ਇੱਕ ਹੋਰ ਅਜਿਹਾ ਅਦਾਰਾ ਸੀ, ਜਿੱਥੇ ਜਲੰਧਰ ਦੇ ਕਾਫ਼ੀ ਹਾਊਸ ਵਾਂਗ ਮੰਨੇ-ਪ੍ਰਮੰਨੇ ਸਾਹਿਤਕਾਰ ਮਿਲ ਬੈਠਦੇ। ਗੰਭੀਰ ਸਾਹਿਤਕ ਵਿਚਾਰਾਂ ਹੁੰਦੀਆਂ। ਨਵੇਂ ਲੇਖਕਾਂ ਨੂੰ ਓਥੋਂ ਬਹੁਤ ਕੁਝ ਸਿੱਖਣ ਨੂੰ ਮਿਲਦਾ। ਮੈਂ ਵੀ ਆਪਣੇ ਲਿਖਣ-ਕਾਲ ਦੇ ਮੁਢਲੇ ਦਿਨੀਂ ਕਈ ਵਾਰ ਏਥੇ ਹਾਜ਼ਰੀ ਭਰੀ। ਏਥੇ ਹੀ ਮੈਂ ਜੋਗਿੰਦਰ ਸਿੰਘ ਰਾਹੀ ਵਰਗੇ ਪ੍ਰਬੁੱਧ ਆਲੋਚਕ ਨੂੰ ਪਹਿਲੀ ਵਾਰ ਮਿਲਿਆ। ਉਨ੍ਹੀਂ ਦਿਨੀਂ ਉਹ ਡੀ ਏ ਵੀ ਕਾਲਜ ਵਿਚ ਪੜ੍ਹਾਉਂਦਾ ਸੀ। 'ਤੇਜ ਪ੍ਰਿੰਟਿੰਗ ਪ੍ਰੈਸ' ਨਵੇਂ ਲੇਖਕਾਂ ਲਈ 'ਸਾਹਿਤਕ ਸਕੂਲ' ਦਾ ਕੰਮ ਕਰਦਾ ਸੀ। ਲੋਕ-ਲਿਖਾਰੀ ਸਭਾ ਤੇ ਤੇਜ ਪ੍ਰਿੰਟਿੰਗ ਪ੍ਰੈੱਸ 'ਤੇ ਸ਼ਿਵ ਕੁਮਾਰ ਨੂੰ ਗੁਰਦਾਸਪੁਰੀ ਹੀ ਪਹਿਲੀ ਵਾਰ ਲੈ ਕੇ ਗਿਆ ਸੀ ਤੇ ਚਰਚਿਤ ਲੇਖਕਾਂ ਨਾਲ ਉਹਦਾ ਤੁਆਰਫ਼ ਕਰਵਾਇਆ।

ਕਰਤਾਰ ਸਿੰਘ ਬਲੱਗਣ ਨਾਲ ਵੀ ਸ਼ਿਵ ਕੁਮਾਰ ਨੂੰ ਅਮਰਜੀਤ ਗੁਰਦਾਸਪੁਰੀ ਨੇ ਹੀ ਮਿਲਵਾਇਆ ਸੀ।

ਪਹਿਲਾਂ ਉਹ ਪਾਰਟੀ-ਸਟੇਜਾਂ ਉਤੇ ਹੀ ਗਾਉਂਦਾ ਸੀ ਪਰ ਜਦੋਂ ਪਾਰਟੀ ਦੋ-ਫਾੜ ਹੋ ਗਈ ਤਾਂ ਉਹ ਉਦਾਸੀਨ ਹੋ ਗਿਆ। ਦੋਹੀਂ ਪਾਸੀਂ ਉਹਦੇ 'ਆਪਣੇ' ਸਨ। ਉਹ ਕਿਸ ਦੇ ਖ਼ਿਲਾਫ਼ ਬੋਲੇ? ਉਹਦੇ ਕੋਲੋਂ ਪ੍ਰਤੀਬੱਧ ਸਟੇਜ ਗਵਾਚ ਗਈ ਸੀ। ਹੁਣ ਉਹਨੇ 'ਖੁੱਲ੍ਹੀਆਂ ਸਟੇਜਾਂ' ਉੱਤੇ ਵੀ ਗਾਉਣਾ ਸ਼ੁਰੂ ਕਰ ਦਿੱਤਾ ਪਰ ਉਸਨੇ ਆਪਣੇ ਮਿਆਰ ਨੂੰ ਢਾਹ ਨਾ ਲੱਗਣ ਦਿੱਤੀ। ਖੁੱਲ੍ਹੀ ਸਟੇਜ 'ਤੇ ਆ ਕੇ ਵੀ ਉਸਨੇ ਆਪਣਾ ਮੁੱਖ ਉਦੇਸ਼ 'ਪੈਸਾ ਨਹੀਂ' 'ਕਲਾ' ਨੂੰ ਹੀ ਬਣਾਈ ਰੱਖਿਆ। ਉਸ ਨੇ ਕਦੀ ਵੀ ਅਸ਼ਲੀਲ ਗੀਤ ਨਹੀਂ ਗਾਏ। ਉਹ ਸਦਾ ਪੰਜਾਬੀ ਦੇ ਚੋਟੀ ਦੇ ਸੁਥਰੇ ਗੀਤਕਾਰਾਂ ਦੇ ਗੀਤ ਹੀ ਗਾਉਂਦਾ ਰਿਹਾ। ਨੰਦ ਲਾਲ ਨੂਰਪੁਰੀ, ਕਰਤਾਰ ਸਿੰਘ ਬਲੱਗਣ, ਸ਼ਿਵ ਕੁਮਾਰ ਅਤੇ ਬਰਕਤ ਰਾਮ ਯੁਮਨ ਉਸਦੇ ਪਸੰਦੀਦਾ ਗੀਤਕਾਰ ਸਨ। ਉਸ ਦੇ ਚਹੇਤੇ ਗਾਇਕਾਂ ਵਿਚ ਇਧਰਲੇ ਪੰਜਾਬ ਵਿਚ ਸੁਰਿੰਦਰ ਕੌਰ ਅਤੇ ਯਮਲਾ ਜੱਟ ਦਾ ਨਾਮ ਉਸਨੇ ਆਦਰ ਨਾਲ ਲਿਆ ਸੀ ਅਤੇ ਉਧਰਲੇ ਪੰਜਾਬ ਵਿਚ ਉਹਦੀ ਪਸੰਦ ਮਹਿਦੀ ਹਸਨ, ਰੇਸ਼ਮਾ, ਨਾਹੀਦ ਅਖ਼ਤਰ ਅਤੇ ਆਲਮ ਲੁਹਾਰ ਸਨ। ਸੁਰਿੰਦਰ ਕੌਰ ਨਾਲ ਤਾਂ ਉਸ ਨੇ ਲੰਮਾ ਸਮਾਂ ਸਟੇਜ 'ਤੇ ਗਾਇਆ ਵੀ। ਉਸ ਨੇ ਕਿਹਾ, "ਇੱਕ ਤਾਂ ਕਲਾਕਾਰ ਨੂੰ ਪਾਰਟੀ-ਬੰਧੇਜ ਵਿਚ ਨਹੀਂ ਬੱਝਣਾ ਚਾਹੀਦਾ। ਇਸ ਨਾਲ ਉਸਦੀ ਮੌਲਿਕਤਾ ਨਸ਼ਟ ਹੋਣ ਦਾ ਖ਼ਤਰਾ ਬਣਿਆ ਰਹਿੰਦਾ ਹੈ। ਪਰ 'ਬੰਧੇਜ ਵਿਚ ਨਾ ਬੱਝਣ' ਦਾ ਇਹ ਅਰਥ ਨਹੀਂ ਕਿ ਉਹਦੀਆਂ ਵਾਗਾਂ ਖੁੱਲ੍ਹ ਗਈਆਂ ਨੇ ਅਤੇ ਉਹਦੀ ਕੋਈ ਜ਼ਿੰਮੇਵਾਰੀ ਰਹੀ ਹੀ ਨਹੀਂ। ਉਹ ਜੋ ਚਾਹੇ ਗੰਦ-ਮੰਦ ਬਕਦਾ ਰਹੇ!"

ਤੇ ਉਹਨੇ ਸੌ ਗੱਲਾਂ ਦੀ ਗੱਲ ਆਖ ਦਿੱਤੀ, "ਗਾਇਕ ਨੂੰ ਪੈਸੇ ਦੀ ਨਹੀਂ, ਸਦਾ ਆਪਣੇ ਅੰਦਰ ਦੀ ਆਵਾਜ਼ ਸੁਣਨੀ ਚਾਹੀਦੀ ਹੈ।" ਉਹਨੇ 'ਅੰਦਰ ਦੀ ਆਵਾਜ਼' ਸੁਣਨ ਦੀ ਇੱਕ ਬਹੁਤ ਹੀ ਖ਼ੂਬਸੂਰਤ ਮਿਸਾਲ ਦਿੱਤੀ। ਇੱਕ ਵਾਰ 'ਕੇਂਦਰੀ ਪੰਜਾਬੀ ਲੇਖਕ ਸਭਾ' ਦੀ ਕਾਨਫ਼ਰੰਸ ਉਤੇ ਰੂਸੀ ਡੈਲੀਗੇਸ਼ਨ ਆਇਆ। ਅਮਰਜੀਤ ਗੁਰਦਾਸਪੁਰੀ ਨੇ ਉਸਦੇ ਸਵਾਗਤ ਵਿਚ ਪ੍ਰੋ. ਮੋਹਨ ਸਿੰਘ ਦਾ ਲਿਖਿਆ ਬਹੁ-ਚਰਚਿਤ ਗੀਤ 'ਅੱਜ ਕੋਈ ਆਇਆ ਸਾਡੇ ਵਿਹੜੇ' ਗਾਇਆ ਜਿਸਨੂੰ ਬੇਹੱਦ ਪਸੰਦ ਕੀਤਾ ਗਿਆ। ਇੱਥੇ ਇਹ ਗੀਤ ਗਾਉਣਾ ਉਹਦੇ 'ਅੰਦਰ ਦੀ ਆਵਾਜ਼' ਸੀ, ਕਿਉਂਕਿ ਉਹ ਵਿਚਾਰਧਾਰਕ ਪੱਖੋਂ ਕਮਿਊਨਿਸਟਾਂ ਦੇ ਨੇੜੇ ਸੀ ਤੇ ਸੰਸਾਰ ਦੇ ਸਭ ਤੋਂ ਵੱਡੇ ਕਮਿਊਨਿਸਟ ਮੁਲਕ ਸੋਵੀਅਤ ਰੂਸ ਤੋਂ ਆਉਣ ਕਰਕੇ ਇਸ ਡੈਲੀਗੇਸ਼ਨ ਨਾਲ ਉਹਦਾ ਅਪਣੱਤ ਦਾ ਰਿਸ਼ਤਾ ਸੀ।

ਕੁਝ ਚਿਰ ਬਾਅਦ ਮਾਝੇ ਦੇ ਮਸ਼ਹੂਰ ਪਿੰਡ ਖਡੂਰ ਸਾਹਿਬ ਦੇ ਮੇਲੇ ਉਤੇ ਉਹਨੂੰ ਉਚੇਚੇ ਤੌਰ 'ਤੇ ਬੁਲਾਇਆ ਗਿਆ। ਇਸ ਮੇਲੇ ਉੱਤੇ ਵੇਲੇ ਦੇ ਮੁੱਖ-ਮੰਤਰੀ ਪਰਤਾਪ ਸਿੰਘ ਕੈਰੋਂ ਨੇ ਆਉਣਾ ਸੀ। ਪ੍ਰਬੰਧਕਾਂ ਨੇ ਉਹਨੂੰ ਸਰਦਾਰ ਕੈਰੋਂ ਦੀ ਆਮਦ ਦੀ ਖ਼ੁਸ਼ੀ ਵਿਚ ਪ੍ਰੋ. ਮੋਹਨ ਸਿੰਘ ਦਾ ਓਹੀ ਗੀਤ 'ਅੱਜ ਕੋਈ ਆਇਆ ਸਾਡੇ ਵਿਹੜੇ' ਗਾਉਣ ਲਈ ਕਿਹਾ। ਅਮਰਜੀਤ ਨੇ ਪ੍ਰਬੰਧਕਾਂ ਵੱਲੋਂ ਦਿੱਤੀ ਪੇਸ਼ਗੀ ਮਾਇਆ ਉਨ੍ਹਾਂ ਨੂੰ ਮੋੜਦਿਆਂ ਹੱਥ ਜੋੜ ਦਿੱਤੇ, "ਮੁਆਫ਼ ਕਰਨਾ ਜੀ, ਸਰਦਾਰ ਕੈਰੋਂ ਦੇ ਸਨਮਾਨ ਵਿਚ ਇਹ ਗੀਤ ਗਾਉਣ ਲਈ ਮੇਰਾ ਮਨ ਮੈਨੂੰ ਇਜਾਜ਼ਤ ਨਹੀਂ ਦਿੰਦਾ!"

ਉਸਨੇ ਸਾਫ਼ ਇਨਕਾਰ ਕਰ ਕੇ ਸਾਬਤ ਕਰ ਦਿੱਤਾ ਜਿੱਥੇ ਉਹਦਾ 'ਆਪਣਾ ਅੰਦਰ' ਆਵਾਜ਼ ਨਹੀਂ ਦਿੰਦਾ, ਓਥੇ ਉਹ ਪੈਸਿਆਂ ਦੇ ਲਾਲਚ ਵਿਚ ਕਦੀ ਨਹੀਂ ਗਾ ਸਕਦਾ!

ਅਮਰਜੀਤ ਗੁਰਦਾਸਪੁਰੀ ਖ਼ੁਦਦਾਰ ਕਲਾਕਾਰ ਰਿਹਾ ਹੈ। ਉਹਦੀ ਖ਼ੁਦਦਾਰੀ ਤੇ ਸਰਕਾਰੀ ਅਦਾਰਿਆਂ ਦੀ ਉਸ ਵੱਲ ਬੇਰੁਖ਼ੀ ਬਾਰੇ ਗੁਰਭਜਨ ਗਿੱਲ ਨੇ ਬੜਾ ਦਿਲਚਸਪ ਬਿਰਤਾਂਤ ਸਾਂਝਾ ਕੀਤਾ ਹੈ। ਉਹ ਲਿਖਦਾ ਹੈ:

'ਸਵੈਮਾਣ ਅਤੇ ਆਪਣੇ ਆਦਰਸ਼ 'ਤੇ ਪਹਿਰੇਦਾਰੀ ਦੇ ਰਿਹਾ ਅਮਰਜੀਤ ਗੁਰਦਾਸਪੁਰੀ ਆਪ 1962 ਤੋਂ ਲਗਾਤਾਰ ਅਕਾਸ਼ਬਾਣੀ ਜਲੰਧਰ ਦਾ 'ਏ' ਗਰੇਡ ਕਲਾਕਾਰ ਰਿਹਾ ਹੈ। ਉਸਦੇ ਗਾਏ ਗੀਤਾਂ ਨੂੰ ਅਕਾਸ਼ਬਾਣੀ ਤੋਂ ਬਿਨਾਂ ਹੋਰ ਕਿਤਿਓਂ ਨਹੀਂ ਸੁਣਿਆ ਜਾ ਸਕਦਾ ਕਿਉਂਕਿ ਵਪਾਰਕ ਕੰਪਨੀਆਂ ਨਾਲ ਸਮਝੌਤਾ ਉਸਨੇ ਕੀਤਾ ਨਹੀਂ ਅਤੇ ਦੂਰਦਰਸ਼ਨ ਦੀ ਲਾਲ ਫ਼ੀਤਾਸ਼ਾਹੀ ਨੂੰ ਉਸਨੇ ਕਦੇ ਪੱਠੇ ਨਹੀਂ ਪਾਏ। ਅਮਰਜੀਤ ਗੁਰਦਾਸਪੁਰੀ ਅਜੇ ਵੀ ਦੂਰਦਰਸ਼ਨ ਦੀ ਸਕਰੀਨ ਦਾ ਹਿੱਸਾ ਨਹੀਂ ਬਣ ਸਕਿਆ। ਹਾਂ ਇੱਕ ਵਾਰ ਗਲਤੀ ਨਾਲ ਕਿਸੇ ਮਿੱਤਰ ਨੇ ਉਹਨੂੰ ਬੁਲਾ ਤਾਂ ਲਿਆ ਪਰ ਨਾਲ ਹੀ ਸਾਜ਼ਿੰਦੇ ਨਾਲ ਨਾ ਲਿਆਉਣ ਕਾਰਨ ਤਲਖ਼ਕਲਾਮੀ ਕੀਤੀ, ਜਿਸਦੇ ਵਿਰੋਧ ਵਜੋਂ ਅਮਰਜੀਤ ਨੇ ਰਿਕਾਰਡਿੰਗ ਕਰਵਾਉਣ ਤੋਂ ਇਨਕਾਰ ਕਰ ਦਿੱਤਾ।'

ਉਹਦੇ ਨਕਸ਼ੇ-ਕਦਮ 'ਤੇ ਚੱਲਣ ਵਾਲੇ ਉਹਦੇ ਕਈ ਸ਼ਾਗਿਰਦ ਹਨ, 'ਜਿਨ੍ਹਾਂ ਨੇ ਕਦੇ ਅਸ਼ਲੀਲ ਬੋਲਾਂ ਨੂੰ ਆਪਣੇ ਕੰਠ 'ਤੇ ਨਹੀਂ ਲਿਆਂਦਾ। ਮਿਸਾਲ ਦੇਣੀ ਹੋਵੇ ਤਾਂ ਆਕਾਸ਼ਬਾਣੀ ਜਲੰਧਰ ਤੋਂ ਲੋਕ ਗੀਤ ਗਾਉਣ ਵਾਲੇ ਇਸ ਇਲਾਕੇ ਦੇ ਕਲਾਕਾਰਾਂ ਜਗੀਰ ਸਿੰਘ ਤਾਲਬ, ਅਮਰੀਕ ਸਿੰਘ ਦੱਤ, ਹਰਦੇਵ ਸਿੰਘ ਖ਼ੁਸ਼ਦਿਲ, ਕਸ਼ਮੀਰ ਸਿੰਘ ਸ਼ੰਭੂ, ਹਰਭਜਨ ਸਿੰਘ ਮਲਕਪੁਰੀ ਦਾ ਹਵਾਲਾ ਦਿੱਤਾ ਜਾ ਸਕਦਾ ਹੈ।'

ਅਮਰਜੀਤ ਗੁਰਦਾਸਪੁਰੀ ਨੇ ਆਪਣੇ ਯਤਨਾਂ ਨਾਲ ਕਈ ਲੋਕ-ਗੀਤ ਲੱਭੇ ਅਤੇ ਉਨ੍ਹਾਂ ਲਈ ਧੁਨਾਂ ਵੀ ਤਿਆਰ ਕੀਤੀਆਂ। ਇਹ ਗੀਤ ਅਤੇ ਧੁਨਾਂ ਬਾਅਦ ਵਿਚ ਏਨੀਆਂ ਪ੍ਰਚੱਲਿਤ ਹੋਈਆਂ ਕਿ ਹਰੇਕ ਗਾਇਕ ਇਨ੍ਹਾਂ ਗੀਤਾਂ ਅਤੇ ਧੁਨਾਂ ਨੂੰ ਵਰਤਣ ਲੱਗਾ। 'ਗਲੀ ਗਲੀ ਵਣਜਾਰਾ ਫਿਰਦਾ' ਲੋਕ-ਗੀਤ ਉਸਨੇ ਹੀ ਸਭ ਤੋਂ ਪਹਿਲਾਂ ਪਾਰਟੀ ਦੀ ਸੂਬਾ ਕਾਨਫ਼ਰੰਸ ਮੌਕੇ ਗਾਇਆ ਸੀ। ਇਹ ਗੀਤ ਉਸਨੇ ਨਿੱਕੇ ਹੁੰਦਿਆਂ ਭੰਡਾਰ ਕੱਤਦੀਆਂ ਕੁੜੀਆਂ ਕੋਲੋਂ ਸੁਣਿਆ ਸੀ। ਉਸ ਕੋਲੋਂ ਸੁਣ ਕੇ ਇਹ ਗੀਤ ਪੰਜਾਬ ਦੇ ਹਰ ਗਾਇਕ ਨੇ ਗਾਇਆ। ਵਰ੍ਹਿਆਂ ਤੋਂ ਲੰਮੀ ਹੇਕ ਵਿਚ ਗਾਏ ਜਾਂਦੇ 'ਮਿਰਜ਼ੇ' ਦੇ ਉਹ ਬੋਲ ਗੁਰਦਾਸਪੁਰੀ ਦੀ ਖੋਜ ਹਨ, ਜਿਸ ਵਿਚ ਮਿਰਜ਼ੇ ਨੂੰ ਉਸ ਦੀ ਭਾਬੀ ਮੱਤ ਦਿੰਦੀ ਹੈ:

ਚੜ੍ਹਦੇ ਮਿਰਜ਼ੇ ਖ਼ਾਨ ਨੂੰ,
ਵੱਡੀ ਭਾਬੀ ਲੈਂਦੀ ਥੰਮ।
ਵੇ ਮੈਂ ਕਦੇ ਨਾ ਦਿਓਰ ਵੰਗਾਰਿਆ,
ਤੂੰ ਕਦੇ ਨਾ ਆਇਓਂ ਕੰਮ।
ਸਾਹਿਬਾਂ ਕਿਹੜੀ ਪਦਮਨੀ,
ਉਹ ਵੀ ਰੰਨਾਂ ਵਰਗੀ ਰੰਨ।

ਇਹ ਸਤਰਾਂ ਪੀਲੂ ਦੇ ਲਿਖੇ ਮਿਰਜ਼ੇ ਵਿਚ ਸ਼ਾਮਲ ਨਹੀਂ ਹਨ। ਹੋਰ ਵੀ ਕਿਧਰੇ ਇਹ ਛਪੀਆਂ ਨਹੀਂ ਮਿਲਦੀਆਂ।

ਇੱਕ ਵਾਰ ਅਮਰਜੀਤ ਡੇਰਾ ਬਾਬਾ ਨਾਨਕ ਤੋਂ ਸਾਈਕਲ 'ਤੇ ਆਪਣੇ ਪਿੰਡ ਨੂੰ ਜਾ ਰਿਹਾ ਸੀ। ਉਸਨੇ ਸੁਣਿਆ, ਉਸ ਅੱਗੇ ਜਾ ਰਿਹਾ ਸਾਈਕਲ ਸਵਾਰ ਇਹੋ ਸਤਰਾਂ ਬੜੀ ਮਸਤੀ ਵਿਚ ਗਾਉਂਦਾ ਜਾ ਰਿਹਾ ਸੀ। ਅਮਰਜੀਤ ਨੂੰ ਜਿਵੇਂ ਕਾਰੂੰ ਦਾ ਖ਼ਜ਼ਾਨਾ ਮਿਲ ਗਿਆ। ਉਸਨੇ ਉਸੇ ਵੇਲੇ ਉਸ ਸਾਈਕਲ ਸਵਾਰ ਨੂੰ ਆਵਾਜ਼ ਦੇ ਕੇ ਰੋਕ ਲਿਆ। ਉਹਦਾ ਤਰਲਾ ਮਾਰਿਆ ਕਿ ਇਹ ਸਤਰਾਂ ਉਹਨੂੰ ਲਿਖਵਾ ਦੇਵੇ। ਗਾਉਣ ਵਾਲਾ ਅਮਰਜੀਤ ਨੂੰ ਜਾਣਦਾ ਸੀ। ਉਹਨੇ ਅਮਰਜੀਤ ਨੂੰ ਇਹ ਸਤਰਾਂ ਲਿਖਾ ਦਿੱਤੀਆਂ। ਫਿਰ ਜਦੋਂ ਉਸਨੇ ਲੰਮਾ ਅਲਾਪ ਲੈ ਕੇ ਇਹ ਸਤਰਾਂ ਸਟੇਜਾਂ ਉਤੇ ਗਾਈਆਂ ਤਾਂ ਹਰੇਕ ਜਾਨਦਾਰ ਗਾਇਕ ਦੀ ਇਹ ਪਹਿਲੀ ਪਸੰਦ ਬਣ ਗਈਆਂ। ਅੱਜ ਕਿਸ ਨੂੰ ਪਤਾ ਹੈ ਕਿ ਇਨ੍ਹਾਂ ਸਤਰਾਂ ਦਾ ਮੁੱਢਲਾ ਖੋਜੀ ਅਤੇ ਪਹਿਲਾ ਗਾਇਕ ਅਮਰਜੀਤ ਗੁਰਦਾਸਪੁਰੀ ਹੈ।

ਅੱਜ ਤੋਂ ਕਈ ਦਹਾਕੇ ਪਹਿਲਾਂ ਹੀ ਉਹਨੂੰ ਲੱਗਦਾ ਸੀ ਕਿ ਕਲਾਕਾਰ ਨਿਰੋਲ ਪੈਸੇ ਨੂੰ ਮੁੱਖ ਰੱਖ ਕੇ ਲੋਕਾਂ ਦੇ ਸੁਹਜ ਸਵਾਦ ਨੂੰ ਖ਼ਰਾਬ ਕਰਨ 'ਤੇ ਤੁਲ ਪਏ ਹਨ ਅਤੇ ਗੰਦੇ ਗੀਤ ਗਾ ਕੇ ਵਾਤਾਵਰਨ ਗੰਧਲਾ ਕਰ ਰਹੇ ਹਨ। ਚੰਗੇ ਭਲੇ ਲੇਖਕਾਂ ਵੱਲੋਂ ਵੀ ਪੈਸੇ ਖ਼ਾਤਰ ਜਾਣ-ਬੁੱਝ ਕੇ ਗੰਦੇ ਗੀਤ ਲਿਖਣੇ ਉਹਨੂੰ ਬੁਰੇ ਲੱਗਦੇ ਸਨ। ਉਸਨੇ ਉਸ ਵੇਲੇ ਦੇ ਪ੍ਰਸਿੱਧ ਗੀਤਕਾਰ ਗੁਰਦੇਵ ਸਿੰਘ ਮਾਨ ਬਾਰੇ ਆਖਿਆ ਸੀ, "ਉਹ ਚੰਗਾ ਲੇਖਕ ਹੈ, ਹੋਰ ਵੀ ਚੰਗਾ ਲਿਖ ਸਕਦਾ ਹੈ ਪਰ ਉਸਨੇ ਵੀ ਪੈਸੇ ਦੀ ਖ਼ਾਤਰ ਪੱਧਰ ਤੋਂ ਨੀਵੇਂ ਗੀਤ ਲਿਖੇ ਹਨ। ਮਿਸਾਲ ਦੇ ਤੌਰ 'ਤੇ ਗੋਰੇ ਰੰਗ ਵਾਲੀ ਰਜਿੰਦਰ ਰਾਜਨ ਅਤੇ ਕਾਲੇ ਰੰਗ ਵਾਲੇ ਮੁਹੰਮਦ ਸਦੀਕ ਲਈ ਉਸਨੇ ਜਦੋਂ ਗੀਤ ਲਿਖਿਆ, 'ਖ਼ਰਬੂਜੇ ਵਰਗੀ ਜੱਟੀ ਖਾ ਲਈ ਵੇ ਕਾਲੇ ਨਾਗ ਨੇ' ਤਾਂ ਉਹ ਪੈਸੇ ਦੀ ਟੁਣਕਾਰ ਸੁਣ ਕੇ ਆਪਣੇ 'ਕਲਾ-ਧਰਮ' ਤੋਂ ਥਿੜਕ ਗਿਆ ਸੀ।

ਇਹ ਤਾਂ ਬਤਾਲੀ ਸਾਲ ਪੁਰਾਣੀ ਗੱਲ ਹੈ ਜਦੋਂ ਅਜੇ ਕਲਾਕਾਰਾਂ ਦੀ ਕੋਈ ਸਮਾਜਿਕ ਜ਼ਿੰਮੇਵਾਰੀ ਹੁੰਦੀ ਸੀ ਅਤੇ ਉਹ ਇਹ ਜ਼ਿੰਮੇਵਾਰੀ ਸਮਝਦੇ ਵੀ ਸਨ। ਅੱਜ ਕੱਲ੍ਹ ਦੇ ਗਾਇਕਾਂ ਅਤੇ ਗੀਤਕਾਰਾਂ ਦੀ ਤਾਂ ਗੱਲ ਹੀ ਕੀ ਕਰਨੀ ਹੋਈ! ਹੁਣ ਤਾਂ ਇੱਕ ਅੱਧੇ ਨੂੰ ਛੱਡ ਕੇ ਸਾਰਾ ਵੱਗ ਹੀ ਬੇਮੁਹਾਰਾ ਹੋਇਆ ਪਿਆ ਹੈ। ਅਮਰਜੀਤ ਦਾ ਇਹ ਵੀ ਵਿਚਾਰ ਹੈ ਕਿ ਜੇ ਕਲਾਕਾਰ ਆਪਣੇ ਆਪ ਨੂੰ ਇੱਕ ਪੱਧਰ 'ਤੇ ਖਲ੍ਹਿਆਰ ਲਵੇ ਤਾਂ ਉਸਦੇ ਲੋਕ ਉਹਨੂੰ ਉਸ ਪੱਧਰ ਤੋਂ ਹੇਠਾਂ ਡਿੱਗਣ ਵੀ ਨਹੀਂ ਦਿੰਦੇ। ਅਕਸਰ ਜਦੋਂ ਗਾਇਕਾਂ ਨੂੰ ਅਜਿਹੇ ਨਿਮਨ ਦਰਜੇ ਦੇ ਗੀਤ ਗਾਉਣ ਦੀ ਵਜ੍ਹਾ ਬਾਰੇ ਪੁੱਛਿਆ ਜਾਂਦਾ ਹੈ ਤਾਂ ਉਹ ਕਹਿੰਦੇ ਹਨ, "ਜੀ ਅਸੀਂ ਕੀ ਕਰੀਏ? ਲੋਕ ਹੀ ਅਜਿਹੇ ਗੀਤ ਸੁਣਨਾ ਚਾਹੁੰਦੇ ਨੇ।' ਗੁਰਦਾਸਪੁਰੀ ਦਾ ਮੰਨਣਾ ਹੈ ਕਿ ਇਹ ਕੋਈ ਵਾਜਬ ਬਹਾਨਾ ਨਹੀਂ ਕਿ 'ਅਸੀਂ ਤਾਂ ਜੀ ਲੋਕਾਂ ਦੀ ਮੰਗ 'ਤੇ ਇਹੋ ਜਿਹਾ ਗਾਉਂਦੇ ਹਾਂ! ਕਿ ਅਸੀਂ ਤਾਂ ਚੰਗਾ ਹੀ ਗਾਉਣਾ ਚਾਹੁੰਦੇ ਹਾਂ, ਲੋਕ ਹੀ ਇਹੋ ਜਿਹੇ ਗੀਤ ਅਤੇ ਗਾਇਕੀ ਪਸੰਦ ਕਰਦੇ ਹਨ! ਉਸਨੇ ਸੁਚੇਤ ਸਰੋਤੇ ਤੇ ਲੋਕਾਂ ਦੇ ਕਿਰਦਾਰ ਦੀ ਬੁਲੰਦੀ ਨੂੰ ਦੱਸਦੀ ਇਕ ਬੜੀ ਦਿਲਚਸਪ ਗੱਲ ਸੁਣਾਈ।

"ਮੈਂ ਇਕ ਵਾਰ ਐਲਾਨੀਆਂ ਕਿਹਾ ਕਿ ਮੈਂ ਗੰਦੇ ਗੀਤ ਨਹੀਂ ਗਾਉਂਦਾ। ਪਰ ਕਿਸੇ ਮਹਿਫ਼ਲ ਵਿਚ ਮੈਂ ਸ਼ਰਾਬ ਦੇ ਨਸ਼ੇ ਵਿਚ ਇਕ 'ਨੀਮ ਗੀਤ' ਗਾਉਣ ਲੱਗਾ ਤਾਂ ਇੱਕ ਆਦਮੀ ਉੱਠ ਕੇ ਖਲੋ ਗਿਆ ਅਤੇ ਕਹਿਣ ਲੱਗਾ "ਤੂੰ ਤਾਂ ਆਖਦਾ ਸੈਂ ਕਿ ਮੈਂ ਮੰਦੇ ਗੀਤ ਨਹੀਂ ਗਾਉਣੇ।" ਮੈਂ ਸ਼ਰਮਿੰਦਾ ਹੋ ਗਿਆ ਅਤੇ ਹੱਥ ਜੋੜ ਕੇ ਉਸ ਤੋਂ ਮੁਆਫ਼ੀ ਮੰਗੀ। ਉਸਨੇ ਮੈਨੂੰ ਡਿੱਗਦੇ ਨੂੰ ਬੋਚ ਲਿਆ ਸੀ। ਉਸ ਤੋਂ ਪਿੱਛੋਂ ਜੇ ਕਦੀ ਮੇਰਾ ਮਨ ਲਲਚਾਇਆ ਵੀ ਤਾਂ ਉਹ ਸੱਜਣ ਮੇਰੇ ਸਾਹਮਣੇ ਆਣ ਹਾਜ਼ਰ ਹੁੰਦਾ। ਇਸ ਲਈ ਸਾਨੂੰ ਆਪਣਾ ਮਿਆਰ ਨਿਸ਼ਚਿਤ ਕਰ ਕੇ ਉਸ ਉਤੇ ਕਾਇਮ ਰਹਿਣਾ ਚਾਹੀਦਾ ਹੈ। ਜੇ ਤੁਸੀਂ ਆਪਣੀ ਜ਼ਮੀਰ ਅੱਗੇ ਸੱਚੇ ਰਹੋਗੇ ਤਾਂ ਲੋਕ ਤੁਹਾਨੂੰ ਮਾਣ ਵੀ ਦੇਣਗੇ ਅਤੇ ਤੁਹਾਨੂੰ ਡਿੱਗਣੋਂ ਵੀ ਬਚਾਉਣਗੇ।"

ਅਮਰਜੀਤ ਗੁਰਦਾਸਪੁਰੀ ਸਹੀ ਅਰਥਾਂ ਵਿਚ 'ਪੰਜਾਬ ਦੀ ਆਵਾਜ਼' ਰਿਹਾ ਹੈ। ਜੁਝਾਰੂ, ਸਿਰਲੱਥ, ਮੁਹੱਬਤੀ ਤੇ ਹੱਸਦੇ-ਗਾਉਂਦੇ ਸਾਂਝੇ ਪੰਜਾਬ ਦੀ ਆਵਾਜ਼। 1986 ਵਿਚ ਇਪਟਾ ਦੀ ਗੋਲਡਨ ਜੁਬਲੀ ਪੰਜਾਬੀ ਭਵਨ ਲੁਧਿਆਣਾ ਵਿਖੇ ਮਨਾਈ ਗਈ। ਇਸ ਸਮਾਗਮ ਦੀ ਪ੍ਰਧਾਨਗੀ ਉਰਦੂ ਦੇ ਨਾਮਵਰ ਸ਼ਾਇਰ ਕੈਫ਼ੀ ਆਜ਼ਮੀ ਨੇ ਕੀਤੀ। ਸਮਾਗਮ ਵਿਚ ਕਿਸੇ ਸਮੇਂ ਇਪਟਾ ਨਾਲ ਜੁੜੇ ਰਹੇ ਨਾਮਵਰ ਕਲਾਕਾਰਾਂ ਨੂੰ ਸਨਮਾਨਤ ਕੀਤਾ ਜਾਣਾ ਸੀ। ਅਮਰਜੀਤ ਗੁਰਦਾਸਪੁਰੀ ਇਪਟਾ ਲਹਿਰ ਦਾ ਮਾਣਯੋਗ ਅੰਗ ਰਿਹਾ ਸੀ। ਏਥੇ ਹੋਰ ਕਲਾਕਾਰਾਂ ਦੇ ਨਾਲ ਅਮਰਜੀਤ ਗੁਰਦਾਸਪੁਰੀ ਨੂੰ ਵੀ ਸਨਮਾਨਿਤ ਕੀਤਾ ਗਿਆ।

ਇਹ ਉਹ ਦਿਨ ਸਨ ਜਦ ਸਾਂਝੀ ਪੰਜਾਬੀਅਤ ਚੀਰੀ ਜਾ ਰਹੀ ਸੀ। ਪੰਜਾਬ ਦਾ ਘੱਟ-ਗਿਣਤੀ ਹਿੰਦੂ ਭਾਈਚਾਰਾ ਸੰਤਾਲੀ ਤੋਂ ਬਾਅਦ ਦੂਜੀ ਵਾਰੀ ਉੱਜੜਨ ਲਈ ਮਜਬੂਰ ਹੋ ਗਿਆ ਸੀ। ਖ਼ਾਸ ਤੌਰ 'ਤੇ ਅੰਬਰਸਰ ਤੇ ਗੁਰਦਾਸਪੁਰ ਦੇ ਇਲਾਕੇ ਤਾਂ ਇਸ ਪੀੜ ਤੋਂ ਬੁਰੀ ਤਰ੍ਹਾਂ ਪ੍ਰਭਾਵਤ ਸਨ। ਸਦੀਆਂ ਤੋਂ ਜਿਨ੍ਹਾਂ ਘਰਾਂ ਵਿਚ ਵੱਸ ਰਹੇ ਸਨ, ਉਨ੍ਹਾਂ ਘਰਾਂ ਨੂੰ ਛੱਡਣਾ ਪੈ ਰਿਹਾ ਸੀ। ਮੇਰੇ ਪਿੰਡ ਦੇ ਹਿਜਰਤ ਕਰ ਗਏ ਹੋਰਨਾਂ ਅਨੇਕਾਂ ਪਰਿਵਾਰਾਂ ਦੀ ਗੱਲ ਜੇ ਛੱਡ ਵੀ ਦਈਏ, ਮੇਰੇ ਘਰ ਦੇ ਐਨ ਸਾਹਮਣੇ ਰਹਿੰਦਾ, ਮੇਰੀ ਕਹਾਣੀ 'ਭੱਜੀਆਂ ਬਾਹੀਂ' ਵਿਚਲੇ ਕਿਰਦਾਰ (ਾਂ) ਗੁਪਾਲ ਦਾਸ ਹੁਰਾਂ ਦਾ ਪਰਿਵਾਰ, ਤਾਏ ਗੁਰਲਾਲ ਚੰਦ ਦਾ ਪਰਿਵਾਰ ਅਤੇ ਮੇਰੇ ਘਰ ਦੇ ਐਨ ਸੱਜੇ ਪਾਸੇ ਵਾਲੇ ਚਾਚੇ ਵੇਦ ਪ੍ਰਕਾਸ਼ ਤੇ ਤਾਏ ਲਾਭ ਚੰਦ ਦਾ ਪਰਿਵਾਰ ਏਸੇ ਸਾਲ ਘਰ-ਬਾਹਰ ਛੱਡ ਕੇ ਤੁਰ ਗਏ ਸਨ। ਇਹ ਮੇਰੇ ਆਪਣੇ ਚਾਚੇ ਤਾਏ ਸਨ। ਇਨ੍ਹਾਂ ਸਭਨਾਂ ਦੇ ਤੁਰ ਜਾਣ ਦਾ ਮੇਰੇ ਮਨ ਵਿਚ ਡਾਢਾ ਵਿਗੋਚਾ ਸੀ।

ਸਨਮਾਨਤ ਹੋਣ ਤੋਂ ਬਾਅਦ ਜਦੋਂ ਅਮਰਜੀਤ ਨੂੰ ਕੁਝ ਬੋਲ ਸਾਂਝੇ ਕਰਨ ਲਈ ਕਿਹਾ ਗਿਆ ਤਾਂ ਉਹਦੇ ਅੰਦਰੋਂ ਵੈਰਾਗੇ ਹੋਏ ਤੇ ਵਿਚੜ ਰਹੇ ਪੰਜਾਬ ਦਾ ਦਰਦ ਛਲਕ ਉੱਠਿਆ। ਵਾਰਿਸ ਸ਼ਾਹ ਦੀ ਹੀਰ ਵਿਚ ਜਿਵੇਂ ਘਰ ਛੱਡ ਕੇ ਜਾਂਦੇ ਰਾਂਝੇ ਨੂੰ ਉਹਦੀਆਂ ਭਰਜਾਈਆਂ ਤੇ ਭਰਾ ਰੋਕਣ ਲਈ ਵਿਰ੍ਹੜੇ ਲੈਂਦੇ ਹਨ, ਅੱਜ ਉਹੋ ਬੋਲ ਅਮਰਜੀਤ ਦੇ ਨਾਲ ਹੀ ਸਭਨਾਂ ਸੱਚੇ ਪੰਜਾਬੀਆਂ ਦੇ ਦਿਲ ਦੀ ਹੂਕ ਬਣ ਕੇ ਹਵਾਵਾਂ ਵਿਚ ਘੁਲ਼ ਗਏ ਸਨ।


***(ਬਾਕੀ ਸਫਾ 30 'ਤੇ)***

# ਗੀਤਾਂ ਦੀ ਮਲਿਕਾ ਸਾਡੇ ਵਿਚ ਨਹੀਂ ਰਹੀ

***ਲਤਾ ਮੰਗੇਸ਼ਕਰ ਜੀ ਨੇ ਪੰਜਾਬੀ ਵਿਚ ਗੀਤ ਗਾਏ, ਗੁਰਬਾਣੀ ਦੇ ਸ਼ਬਦ ਵੀ ਗਾਏ। ਉਨ੍ਹਾਂ ਨੇ ਵਾਰਿਸ ਦੀ ਹੀਰ ਗਾ ਕੇ ਚੰਗੇ ਚੰਗਿਆਂ ਨੂੰ ਪਿੱਛੇ ਛੱਡ ਦਿੱਤਾ। ਗਾਇਕੀ ਦਾ ਇਤਿਹਾਸ ਉਨ੍ਹਾਂ ਨੂੰ ਸਦਾ ਯਾਦ ਰੱਖੇਗਾ।***

ਕੁਝ ਅਜਿਹੇ ਲੋਕ ਵੀ ਇਸ ਧਰਤੀ 'ਤੇ ਗੇੜਾ ਮਾਰਦੇ ਹਨ, ਜਿਨ੍ਹਾਂ ਦੇ ਤੁਰ ਜਾਣ ਪਿੱਛੋਂ ਉਨ੍ਹਾਂ ਲਈ ਸ਼ਰਧਾਂਜਲੀ ਦੇ ਸ਼ਬਦ ਉਨ੍ਹਾਂ ਦੇ ਕੱਦ ਦੇ ਹਾਣ ਦੇ ਨਹੀਂ ਹੁੰਦੇ। ਗਾਇਕੀ ਦੀ ਦੁਨੀਆਂ ਦੀ ਬੁਲਬੁਲ ਲਤਾ ਮੰਗੇਸ਼ਕਰ ਸਾਡੇ ਵਿਚ ਨਹੀਂ ਰਹੇ।

ਵੈਸੇ ਕੁਝ ਹਕੀਕਤਾਂ ਹੈਰਾਨ ਹੀ ਕਰਦੀਆਂ ਹਨ ਕਿ ਲਤਾ ਜੀ ਨੇ ਕਰੀਬ ਤੀਹ ਹਜ਼ਾਰ ਗੀਤ ਗਾਏ ਅਤੇ ਛੱਤੀ ਬੋਲੀਆਂ ਵਿਚ ਗਾਏ। ਸਾਡੇ ਲਈ ਮਾਣ ਵਾਲੀ ਗੱਲ ਹੈ ਕਿ ਉਸ ਨੇ ਪੰਜਾਬੀ ਵਿਚ ਜਿਹੜੇ ਗੀਤ ਗਾਏ ਅਤੇ ਜਦੋਂ ਗਾਏ, ਲਹਿਜ਼ੇ ਅਤੇ ਉਚਾਰਨ ਤੋਂ



ਇਉਂ ਲੱਗਿਆ ਕਿ ਉਹ ਮੂਲ ਰੂਪ ਵਿਚ ਪੰਜਾਬਣ ਹੀ ਹੈ। ਮੁਹੰਮਦ ਰਫ਼ੀ ਨਾਲ ਗਾਏ ਇਕ ਗੀਤ ਨੂੰ

**ਕਰਮਜੀਤ ਸਿੰਘ**
**ਫੋਨ: 99150-91063**

"ਪਿਆਰ ਦੇ ਭੁਲੇਖੇ ਕਿੰਨੇ ਸੋਹਣੇ ਸੋਹਣੇ ਆ ਗਏ...' ਧਿਆਨ ਨਾਲ ਸੁਣਿ" ਅਤੇ ਪਾਰਖੂ ਨਜ਼ਰਾਂ ਨਾਲ ਸੁਣਿ"। ਤੁਹਾਨੂੰ ਉਸ ਦੇ ਪੰਜਾਬਣ ਹੋਣ ਦਾ ਭੁਲੇਖਾ ਪੈ ਸਕਦਾ ਹੈ।

ਪਰ ਦੋਸਤੋ, ਜਦੋਂ ਕਈ ਸਾਲ ਪਹਿਲਾਂ ਉਸ ਨੇ ਲੰਡਨ ਦੇ ਅਲਬਰਟ ਹਾਲ ਵਿਚ ਵਾਰਸ ਦੀ 'ਹੀਰ' ਨੂੰ ਗਾਇਆ ਅਤੇ ਜਿਸ ਅੰਦਾਜ਼ ਅਤੇ ਦਿਲਕਸ਼ ਆਵਾਜ਼ ਵਿਚ ਗਾਇਆ, ਉਸ ਸਮੇਂ ਚੜ੍ਹਦੇ ਤੇ ਲਹਿੰਦੇ ਪੰਜਾਬ ਦੇ ਸੁਣਨ ਵਾਲਿਆਂ ਦੀਆਂ ਤਾੜੀਆਂ ਨਾਲ ਸਾਰਾ ਹਾਲ ਗੂੰਜ ਉਠਿਆ ਸੀ। ਉਸ ਨੇ ਗੁਰਬਾਣੀ ਦੇ ਕੁਝ ਸ਼ਬਦ ਵੀ ਗਾਏ ਜਿਸ ਵਿਚ "ਮੂ ਲਾਲਨ ਸਿਉ ਪ੍ਰੀਤਿ ਬਨੀ" ਸੁਣਨ ਹੀ ਵਾਲਾ ਹੈ।

ਦੋਸਤੋ, ਲਤਾ ਦੇ ਸਾਰੇ ਗੀਤਾਂ ਬਾਰੇ ਟਿੱਪਣੀਆਂ ਕਰਨੀਆਂ ਜਾਂ ਉਨ੍ਹਾਂ ਦਾ ਵਿਸ਼ਲੇਸ਼ਣ ਕਰਨਾ ਮੁਸ਼ਕਲ ਹੈ, ਪਰ ਕੁਝ ਦਰਦ ਭਰੇ ਉਦਾਸ ਗੀਤਾਂ ਬਾਰੇ ਕੁਝ ਕਹਿਣ ਨੂੰ ਅੱਜ ਦਿਲ ਕਰ ਆਇਆ ਹੈ, ਕਿਉਂਕਿ ਦਰਦ ਦੇ ਜਲਾਲ ਤੇ ਜਮਾਲ ਤੁਹਾਨੂੰ ਆਪਣੇ ਆਪ ਦੇ ਬਹੁਤ ਕਰੀਬ ਲੈ ਆਉਂਦੇ ਹਨ ਜਾਂ ਕੁਝ ਹਾਲਤਾਂ ਵਿਚ ਤੁਸੀਂ ਆਪਣੇ ਆਪ ਨਾਲ ਹੀ ਮਿਲਦੇ ਹੋ।

ਡੂੰਘੀ ਰਾਤ ਦੀ ਕਿਸੇ ਤਨਹਾਈ ਵਿਚ ਲਤਾ





***ਲਤਾ ਮੰਗੇਸ਼ਕਰ ਦੀ ਜਵਾਨੀ ਦੀ ਤਸਵੀਰ (ਸੱਜੇ) ਆਪਣੀਆਂ ਭੈਣਾਂ ਮੀਨਾ ਖਾਦੀਕਰ, ਆਸ਼ਾ ਭੌਂਸਲੇ, ਊਸ਼ਾ ਮੰਗੇਸ਼ਕਰ ਤੇ ਭਰਾ ਹ੍ਰਿਦਿਯਨਾਥ ਮੰਗੇਸ਼ਕਰ ਨਾਲ ਲਤਾ ਮੰਗੇਸ਼ਕਰ***

ਜੀ ਦਾ ਇੱਕ ਗੀਤ ਜ਼ਰੂਰ ਸੁਣਿਓ, ਜਿਸ ਦੇ ਪਹਿਲੇ ਸ਼ਬਦ ਹਨ: 'ਨਾ ਸ਼ਿਕਵਾ ਹੈ ਕੋਈ'...ਇਸ ਗੀਤ ਵਿਚ ਲਤਾ ਦੀ ਆਵਾਜ਼ ਦੇ ਨਾਲ ਨਾਲ ਹੁਸਨ ਦੀ ਮਲਿਕਾ ਮਧੂਬਾਲਾ ਦੇ ਚਿਹਰੇ ਦੇ ਲਹਿੰਦੇ ਚੜ੍ਹਦੇ ਭਾਵ, ਵਿਛੜੇ ਪਿਆਰ ਦੀ ਪੀੜ ਦੇ ਇਸ਼ਾਰੇ ਤੁਹਾਨੂੰ ਉਸ ਦੁਨੀਆਂ ਵਿਚ ਲੈ ਜਾਣਗੇ, ਜਦੋਂ ਮੁਹੱਬਤ ਦਾ ਵਿਛੋੜਾ ਵੀ ਰੱਬ ਨੂੰ ਉਲਾਂਭਾ ਦੇ ਰਿਹਾ ਜਾਪਦਾ ਹੈ। ਇਸ ਗੀਤ ਦੇ ਬੋਲ 'ਵਿਚਾਰ' ਦੀ ਹਸਤੀ ਨੂੰ ਵੀ ਬੁਲੰਦ ਕਰਦੇ ਹਨ। ਇਥੇ ਮਧੂਬਾਲਾ ਦਰਦ ਨੂੰ ਆਪਣੇ ਧੁਰ ਅੰਦਰ ਤਕ ਲਿਜਾ ਕੇ ਪਿਆਰ ਤੋਂ ਭੱਜਣ ਵਾਲੇ ਲਈ ਦੁਆ ਕਰਦੀ ਹੋਈ ਮਹਾਨਤਾ ਦਾ ਰੁਤਬਾ ਅਖਤਿਆਰ ਕਰਦੀ ਜਾਪਦੀ ਹੈ।

ਇਕ ਹੋਰ ਗੀਤ ਨੂੰ ਵੀ ਆਪਣੀ ਸੰਘਣੀ ਉਦਾਸੀ ਵਿਚ ਸ਼ਾਮਲ ਕਰਨਾ ਨਾ ਭੁੱਲਣਾ: 'ਤਿਰਾ ਜਾਨਾ ਦਿਲ ਕੇ ਅਰਮਾਨੋਂ ਕਾ ਲੁਟ ਜਾਨਾ'...ਦੋਸਤੋ ਇੱਥੇ ਇੱਕ ਵੱਡਾ ਚਮਤਕਾਰ ਵਾਪਰਿਆ। ਪੌੜੀਆਂ ਤੋਂ ਉਤਰ ਰਹੀ ਨੂਤਨ ਦੇ ਚਿਹਰੇ ਉਤੇ ਗੁਆਚ ਰਹੀ ਮੁਹੱਬਤ ਦੀ ਪੀੜ ਦੇ ਨਕਸ਼ ਸ਼ਾਇਦ ਕੁਝ ਚੰਦ ਇਕ ਗੀਤਾਂ ਵਿਚ ਹੀ ਤੁਸੀਂ ਦੇਖ ਸਕੋਗੇ।

'ਹਿਮਾਲਿਆ ਕੀ ਗੋਦ ਮੇਂ" ਫ਼ਿਲਮ ਵਿਚ ਮਾਲਾ ਸਿਨਹਾ ਜਦੋਂ ਲਤਾ ਜੀ ਦੇ ਗਾਏ ਗੀਤ 'ਇਕ ਤੂ ਨਾ ਮਿਲਾ ਸਾਰੀ ਦੁਨੀਆਂ ਮਿਲੇ ਭੀ ਤੋ ਕਯਾ'...ਗਾ ਰਹੀ ਹੁੰਦੀ ਹੈ ਤਾਂ ਤੁਸੀਂ ਮਹਿਸੂਸ ਕਰੋਗੇ ਕਿ ਉਹ ਦਰਦ ਦੇ ਕਿਸੇ ਵੱਡੇ ਦਰਿਆ ਵਿਚੋਂ ਲੰਘ ਰਹੀ ਹੈ। ਇਸ ਗੀਤ ਵਿਚ ਸਾਰਾ ਮਾਹੌਲ, ਗੀਤ, ਗੀਤ ਦੇ ਬੋਲ ਤੇ ਮਾਲਾ ਸਿਨਹਾ ਸਾਰੇ ਰਲ ਕੇ ਜਿਵੇਂ ਉਦਾਸੀਆਂ ਦਾ ਜਸ਼ਨ ਮਨਾ ਰਹੇ ਹਨ।

ਜਦੋਂ ਮਾਹੌਲ ਦੀ ਗਲ ਤੁਰੀ ਤਾਂ ਫਿਲਮ 'ਮਾਚਿਸ' ਯਾਦ ਵਿਚ ਆਣ ਉਤਰੀ। ਫਿਲਮ ਮਾਚਿਸ ਵਿਚ ਜਦੋਂ ਰੂਪੋਸ਼ ਜ਼ਿੰਦਗੀ ਵਿਚ ਪੈਰ ਧਰਨ ਵਾਲੇ ਮੁੰਡੇ 'ਹਮ ਛੋੜ ਚਲੇ ਵੋ ਗਲੀਆਂ'...ਗਾ ਰਹੇ ਹੁੰਦੇ ਹਨ ਤਾਂ ਉਸ ਦੇ ਬੋਲ ਜਦੋਂ ਹਿਮਾਚਲ ਦੀਆਂ ਪਹਾੜੀਆਂ ਵਿਚ ਗੂੰਜਦੇ ਹਨ ਤਾਂ ਕੁਝ ਚਿਰ ਲਈ ਤੁਹਾਨੂੰ ਮਹਿਸੂਸ ਹੋਣ ਲੱਗਦਾ ਹੈ ਕਿ ਦਰਬਾਰ ਸਾਹਿਬ ਉਤੇ ਫ਼ੌਜ ਦੇ ਹਮਲੇ ਦਾ ਦਰਦ ਚੜ੍ਹਦੀ ਜਵਾਨੀ ਅੰਦਰ ਕਿੰਨਾ ਡੂੰਘਾ ਸੀ ਕਿ ਸਮੁੰਦਰ ਦੀਆਂ ਗਹਿਰਾਈਆਂ ਵੀ ਉਸ ਤਕ ਨਹੀਂ ਪਹੁੰਚ ਸਕਦੀਆਂ। ਉਸ ਗੀਤ ਵਿਚ ਧਿਆਨ ਨਾਲ ਦੇਖੋ, ਕੁਦਰਤ ਦੇ ਨਜ਼ਾਰੇ ਵੀ ਘਰਾਂ ਨੂੰ ਸਦਾ ਲਈ ਅਲਵਿਦਾ ਕਰਨ ਵਾਲੇ ਇਨ੍ਹਾਂ ਗੱਭਰੂਆਂ ਦਾ ਸਾਥ ਦੇ ਰਹੇ ਸਨ।

ਕਿਤੇ ਲੇਖ ਲੰਮਾ ਨਾ ਹੋ ਜਾਵੇ, ਆਪਣੀ ਤਨਹਾਈ ਨੂੰ ਹੋਰ ਗਹਿਰਾ, ਹੋਰ ਵਿਚਾਰਧਾਰਕ, ਹੋਰ ਯਾਦਗਾਰੀ, ਹੋਰ ਰੌਸ਼ਨ ਕਰਨ ਲਈ ਇਨ੍ਹਾਂ ਗੀਤਾਂ ਦੇ ਹੋਰ ਨਜ਼ਦੀਕ ਹੋਣਾ:

ਯੇ ਸ਼ਾਮ ਕੀ ਤਨਹਾਈਆਂ
ਐਸੇ ਮੇਂ ਤੇਰਾ ਗ਼ਮ।
ਜਾਨਾ ਥਾ ਮੁਝ ਸੇ ਦੂਰ, ਬਹਾਨੇ ਬਨਾ ਲੀਏ
ਅਜੀਬ ਦਾਸਤਾਂ ਹੈ।
ਮੁਹੱਬਤ ਕੀ ਝੂਠੀ ਕਹਾਨੀ ਪੇ ਰੋਏ।

ਬੋਲਾਂ ਵਿਚ ਦਰਦ ਦੀ ਏਨੀ ਗਹਿਰਾਈ ਵਿਚ ਉਤਰਨ ਦਾ ਕਾਰਨ ਕੀ ਲਤਾ ਜੀ ਨੂੰ ਮੁਹੱਬਤ ਵਿਚ ਮਿਲਿਆ ਕੋਈ ਵਿਛੋੜਾ ਸੀ? ਸਾਨੂੰ ਇਸ ਦੇ ਪ੍ਰਮਾਣਿਕ ਸਬੂਤ ਨਹੀਂ ਮਿਲਦੇ, ਹਾਲਾਂਕਿ ਕਿਸੇ ਭੂਪੇਨ ਹਜ਼ਾਰੀਕਾ ਦਾ ਨਾਂ ਆਉਂਦਾ ਹੈ ਅਤੇ ਉਹ ਵੀ ਅਸਿਧੇ ਰੂਪ ਵਿਚ। ਲਤਾ ਜੀ ਨੇ ਆਪ ਕਿਸੇ ਪਿਆਰ ਦਾ ਜ਼ਿਕਰ ਨਹੀਂ ਕੀਤਾ। ਉਹ ਸਾਰੀ ਉਮਰ ਕਵਾਰੇ ਹੀ ਰਹੇ। ਵੈਸੇ ਲਤਾ ਜੀ ਨੂੰ ਪਿਆਰ ਦੇ ਗੀਤ ਸਭ ਤੋਂ ਪਿਆਰੇ ਲਗਦੇ ਸਨ। ਇਸ ਦੇ ਡੂੰਘੇ ਕਾਰਨ ਅਤੇ ਭੇਤ ਉਹ ਆਪਣੇ ਨਾਲ ਹੀ ਲੈ ਗਏ ਹਨ।

ਅਸੀਂ ਤਾਂ ਲਤਾ ਜੀ ਨੂੰ ਹਮੇਸ਼ਾ ਇਕ ਗਾਇਕਾ ਦੀ ਨਜ਼ਰ ਤੋਂ ਦੇਖਿਆ , ਸਾਨੂੰ ਕੋਈ ਮਤਲਬ ਨਹੀਂ ਉਹ ਕਿਸ ਧਰਮ ਨਾਲ ਸਬੰਧ ਰੱਖਦੇ ਸਨ ਜਾਂ ਉਨ੍ਹਾਂ ਦੇ ਕੀ ਵਿਚਾਰ ਸਨ। ਗਾਇਕਾ ਦੇ ਤੌਰ 'ਤੇ ਲਤਾ ਜੀ ਮਹਾਨ ਸਨ ਅਤੇ ਮਹਾਨ ਰਹਿਣਗੇ। ਉਨ੍ਹਾਂ ਵਰਗੀ ਗਾਇਕਾ ਨਾ ਕੋਈ ਹੈ ਨਾ ਹੋਵੇਗੀ।

# ਪੰਜਾਬ ਦੀ ਆਰਥਿਕਤਾ, ਚੋਣਾਂ ਅਤੇ ਸਮਾਜਿਕ ਲਹਿਰ

ਪੰਜਾਬ ਦੀ ਆਰਥਿਕਤਾ ਡਗਮਗਾ ਰਹੀ ਹੈ। ਪ੍ਰਤੀ ਵਿਅਕਤੀ ਆਮਦਨ 1991-92 ਵਿਚ ਪਹਿਲੇ ਸਥਾਨ ਤਕ ਰਹਿਣ ਮਗਰੋਂ ਹੁਣ ਸੂਬਾ 12ਵੇਂ 13ਵੇਂ ਸਥਾਨ 'ਤੇ ਪਹੁੰਚ ਗਿਆ ਹੈ। ਸੂਬੇ ਦੇ ਵਿਕਾਸ ਦੀ ਦਰ ਪਿਛਲੇ 30 ਸਾਲਾਂ ਤੋਂ ਮੁਲਕ ਦੇ ਵਿਕਾਸ ਦੀ ਦਰ ਤੋਂ ਹੇਠਾਂ ਚੱਲ ਰਹੀ ਹੈ। ਇਸ ਕਾਰਨ ਸਾਡੇ ਗੁਆਂਢੀ ਸੂਬੇ ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ ਸਾਡੇ ਨਾਲੋਂ ਕਾਫੀ ਅੱਗੇ ਨਿਕਲ ਗਏ ਹਨ। ਸਾਰੇ ਦੱਖਣੀ ਅਤੇ ਪੱਛਮੀ ਸੂਬੇ ਵੀ ਸਾਨੂੰ ਬਹੁਤ ਪਛਾੜ ਚੁੱਕੇ ਹਨ। ਸੂਬੇ ਵਿਚੋਂ ਕਈ ਉਦਯੋਗਕ ਇਕਾਈਆਂ ਪਲਾਇਨ ਕਰ ਕੇ ਦੂਜੇ ਸੂਬਿਆਂ ਵਿਚ ਚਲੀਆਂ ਗਈਆਂ ਹਨ। ਕਾਫੀ ਇਕਾਈਆਂ ਨੂੰ ਸਿਆਸਤਦਾਨਾਂ ਦੀ ਹਿੱਸਾ ਪੱਤੀ

**ਸੁੱਚਾ ਸਿੰਘ ਗਿੱਲ**
**ਫੋਨ: 98550-82857**

ਦੀ ਮੰਗ ਨੇ ਭਜਾਇਆ ਹੈ। ਸੂਬੇ ਦੀ ਖੇਤੀ ਘੋਰ ਸੰਕਟ ਦਾ ਸ਼ਿਕਾਰ ਹੋ ਗਈ ਹੈ। ਕਿਸਾਨ ਅਤੇ ਖੇਤ ਮਜ਼ਦੂਰ ਆਤਮ-ਹੱਤਿਆਵਾਂ ਕਰ ਰਹੇ ਹਨ। ਸੀਮਾਂਤ ਅਤੇ ਛੋਟੇ ਕਿਸਾਨਾਂ ਦੀ ਖੇਤੀ ਲਾਹੇਵੰਦ ਨਹੀਂ ਰਹੀ। ਧਰਤੀ ਹੇਠਲਾ ਪਾਣੀ ਖ਼ਤਮ ਕੀਤਾ ਜਾ ਰਿਹਾ ਹੈ। ਜਲਵਾਯੂ ਤਬਦੀਲੀ ਕਾਰਨ ਬੇਮੌਸਮੀ ਬਾਰਸ਼ ਫਸਲਾਂ ਦਾ ਨੁਕਸਾਨ ਕਰ ਰਹੀ ਹੈ। ਸੂਬੇ ਵਿਚ ਬੇਰੁਜ਼ਗਾਰੀ ਦੀ ਔਸਤਨ ਦਰ (7.3%) ਮੁਲਕ ਦੀ ਬੇਰੁਜ਼ਗਾਰੀ ਦੀ ਦਰ (4.8%) ਤੋਂ ਕਿਤੇ ਜ਼ਿਆਦਾ ਹੈ। ਪੜ੍ਹੇ-ਲਿਖੇ ਨੌਜਵਾਨਾਂ (ਹਾਇਰ ਸੈਕੰਡਰੀ ਪਾਸ) ਦੀ ਬੇਰੁਜ਼ਗਾਰੀ ਦੀ ਦਰ ਪੰਜਾਬ ਵਿਚ 15.8% ਹੈ, ਜਿਹੜੀ ਮੁਲਕ ਦੀ ਦਰ ਤੋਂ ਲਗਭਗ ਡੇਢ ਗੁਣਾ ਹੈ। ਪੜ੍ਹੇ-ਲਿਖੇ ਨੌਜਵਾਨ ਵਿਦੇਸ਼ਾਂ ਵੱਲ ਵਹੀਰਾਂ ਘੱਤ ਰਹੇ ਹਨ। ਇਸ ਨਾਲ ਸਾਲਾਨਾ ਹਜ਼ਾਰਾਂ ਕਰੋੜ ਰੁਪਏ ਦਾ ਸਰਮਾਇਆ ਵੀ ਉਨ੍ਹਾਂ ਨਾਲ ਵਿਦੇਸ਼ ਜਾ ਰਿਹਾ ਹੈ। ਬਾਕੀ ਨੌਜਵਾਨਾਂ ਨੂੰ ਨਸ਼ਿਆਂ ਦੇ ਆਦੀ ਬਣਾਉਣ ਵਿਚ ਕੋਈ ਕਸਰ ਨਹੀਂ ਛੱਡੀ ਗਈ। ਸੂਬੇ ਦਾ ਪ੍ਰਸ਼ਾਸਨ ਟੈਕਸਾਂ ਦੀ ਉਗਰਾਹੀ ਠੀਕ ਨਹੀਂ ਕਰ ਰਿਹਾ। ਖਰਚੇ ਵਾਸਤੇ ਬੈਂਕਾਂ ਤੋਂ ਕਰਜ਼ੇ ਲੈ ਕੇ ਕੰਮ ਚਲਾਇਆ ਜਾ ਰਿਹਾ ਹੈ।

ਪਿਛਲੇ ਤੀਹ ਵਰ੍ਹਿਆਂ ਦੌਰਾਨ ਪੰਜਾਬ ਦੀ ਆਰਥਿਕਤਾ ਨੂੰ ਠੀਕ ਕਰਨ ਦੀ ਬਜਾਇ ਹਾਕਮ ਪਾਰਟੀਆਂ ਦੇ ਆਗੂ ਆਪਣੀਆਂ ਤਿਜੌਰੀਆਂ ਭਰਨ ਵਿਚ ਹੀ ਲੱਗੇ ਰਹੇ ਹਨ। ਆਪਣੇ ਭੱਤੇ, ਤਨਖਾਹਾਂ ਅਤੇ ਪੈਨਸ਼ਨਾਂ ਵਿਚ ਬੇਲੋੜਾ ਵਾਧਾ ਕੀਤਾ ਗਿਆ। ਇੱਥੋਂ ਤਕ ਕਿ ਮੰਤਰੀਆਂ ਅਤੇ ਐੱਮ ਐੱਲ ਏ ਦੇ ਆਮਦਨ ਕਰ ਦੀ ਅਦਾਇਗੀ ਵੀ ਸਰਕਾਰੀ ਖਜ਼ਾਨੇ ਵਿਚੋਂ ਕੀਤੇ ਜਾਣ ਦੇ ਫੈਸਲੇ ਵੀ ਲਾਗੂ ਹਨ। ਲੋਕਾਂ ਦੇ ਕੰਮਾਂ ਕਾਰਾਂ ਵਾਸਤੇ ਸਰਕਾਰੀ ਮਹਿਕਮਿਆਂ ਵਿਚ ਭ੍ਰਿਸ਼ਟਾਚਾਰ ਦਾ ਬੋਲਬਾਲਾ ਹੈ, ਜਿਹੜਾ ਇਨ੍ਹਾਂ ਲੀਡਰਾਂ ਵੱਲੋਂ ਹੀ ਉਤਸ਼ਾਹਿਤ ਕੀਤਾ ਗਿਆ। ਟੈਕਸਾਂ ਦੀ ਚੋਰੀ ਨੂੰ ਵੀ ਇਨ੍ਹਾਂ ਆਗੂਆਂ ਨੇ ਧਨ ਦੌਲਤ ਇਕੱਠੀ ਕਰਨ ਵਾਸਤੇ ਵਰਤਿਆ ਹੈ। ਇਸ ਕਾਰਨ ਸਰਕਾਰੀ ਖਜ਼ਾਨੇ ਵਿਚ ਵਿੱਤੀ ਸਾਧਨ ਜਮ੍ਹਾਂ ਹੋਣ ਦੀ ਬਜਾਏ ਹਾਕਮ ਆਗੂਆਂ, ਦਲਾਲਾਂ ਅਤੇ ਅਫ਼ਸਰਸ਼ਾਹੀ ਦੇ ਕੋਲ ਜਾਣ ਲੱਗ ਪਏ ਹਨ। ਭੂਮੀ ਮਾਫੀਆ, ਡਰੱਗ ਮਾਫੀਆ, ਸ਼ਰਾਬ ਮਾਫੀਆ, ਰੇਤਾ-ਬਜਰੀ ਮਾਫੀਆ, ਟਰਾਂਸਪੋਰਟ ਮਾਫੀਆ, ਵਿਦਿਆ ਮਾਫੀਆ, ਸਿਹਤ ਮਾਫੀਆ ਆਦਿ ਸਿਆਸੀ ਲੀਡਰਾਂ ਦੀ ਸਰਪ੍ਰਸਤੀ ਵਿਚ ਹੀ ਪੈਦਾ ਹੋਇਆ ਅਤੇ ਸੂਬੇ ਵਿਚ ਪਸਰਿਆ ਹੈ। ਇਹ ਮਾਫੀਆ ਪੰਜਾਬ ਦੇ ਅਰਥਚਾਰੇ ਅਤੇ ਪ੍ਰਸ਼ਾਸਨ ਨੂੰ ਸਿਉਂਕ ਵਾਂਗ ਜੜ੍ਹਾਂ ਤੋਂ ਖੋਖਲਾ ਕਰ ਰਹੇ ਹਨ।

ਸਰਕਾਰੀ ਖਰਚੇ ਪੂਰੇ ਕਰਨ ਵਾਸਤੇ ਬੈਂਕਾਂ ਤੋਂ ਕਰਜ਼ਾ ਲਿਆ ਗਿਆ ਹੈ। ਹੁਣ ਪੰਜਾਬ ਸਰਕਾਰ ਉਪਰ 2.90 ਲੱਖ ਕਰੋੜ ਰੁਪਏ ਕਰਜ਼ੇ ਦਾ ਬੋਝ ਹੈ। ਹਰ ਪੰਜਾਬੀ ਸਿਰ ਔਸਤਨ ਇਕ ਲੱਖ ਰੁਪਏ ਕਰਜ਼ੇ ਦਾ ਭਾਰ ਹੈ। ਇਸ ਕਾਰਨ ਹਰ ਸਾਲ 1/3 ਸਰਕਾਰੀ ਬਜਟ ਕਰਜ਼ੇ ਦੇ ਵਿਆਜ ਅਤੇ ਮੂਲ ਦੀਆਂ ਕਿਸ਼ਤਾਂ ਉਤਾਰਨ ਵਿਚ ਚਲਾ ਜਾਂਦਾ ਹੈ। ਸਰਕਾਰ ਨੂੰ ਆਪਣੇ ਮੁਲਾਜ਼ਮਾਂ ਨੂੰ ਤਨਖਾਹਾਂ ਅਤੇ ਰਿਟਾਇਰਮੈਂਟ ਲਾਭ ਦੀਆਂ ਅਦਾਇਗੀਆਂ ਕਰਨ ਵਿਚ ਮੁਸ਼ਕਿਲ ਆ ਰਹੀ ਹੈ। ਪੁਲੀਸ ਅਤੇ ਪ੍ਰਸ਼ਾਸਨ ਦੀ ਨਿਰਪੱਖਤਾ ਨੂੰ ਖਤਮ ਕਰ ਕੇ ਹਾਕਮ ਪਾਰਟੀਆਂ ਇਸ ਨੂੰ ਆਪਣੀ ਸਿਆਸੀ ਤਾਕਤ ਵਧਾਉਣ ਵਾਸਤੇ ਵਰਤ ਰਹੀਆਂ ਹਨ। ਹੁਣ ਮੁਲਾਜ਼ਮਾਂ ਨੂੰ ਠੇਕੇ ਉੱਤੇ ਅਤੇ ਘੱਟ ਤਨਖਾਹਾਂ 'ਤੇ ਭਰਤੀਆਂ ਦਾ ਰਾਹ ਪੰਜਾਬ ਸਰਕਾਰ ਅਪਣਾ ਰਹੀ ਹੈ। ਇਹ ਲੀਡਰ ਸਿਆਸਤ ਜ਼ਰੀਏ ਆਪਣੇ ਕਾਰੋਬਾਰ ਪ੍ਰਫੁੱਲਿਤ ਕਰਨ ਵਿਚ ਹੀ ਲੱਗੇ ਹੋਏ ਹਨ ਅਤੇ ਲੋਕਾਂ ਦੀਆਂ ਸਮੱਸਿਆਵਾਂ ਦੀ ਸੂਚੀ ਵਿਚ ਦਿਨੋਂ-ਦਿਨ ਵਾਧਾ ਕਰ ਰਹੇ ਹਨ। ਇਨ੍ਹਾਂ ਆਗੂਆਂ ਵਲੋਂ ਇਨ੍ਹਾਂ ਸਮੱਸਿਆਵਾਂ ਦੇ ਠੋਸ ਹੱਲ ਵਾਸਤੇ ਨਾ ਤਾਂ ਸੋਚਿਆ ਜਾ ਰਿਹਾ ਹੈ ਅਤੇ ਨਾ ਹੀ ਕੋਈ ਪ੍ਰੋਗਰਾਮ ਉਲੀਕਿਆ ਗਿਆ ਹੈ। ਲੋਕਾਂ ਨੂੰ ਮੁਫ਼ਤਖੋਰੇ ਨਾਅਰਿਆਂ ਵਿਚ ਉਲਝਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਨ੍ਹਾਂ ਦੇ ਚੋਣ ਜੁਮਲਿਆਂ ਨੂੰ ਇਸ ਸਮੇਂ ਸਮਝਣ ਦੀ ਲੋੜ ਹੈ।

ਮੌਜੂਦਾ ਚੋਣਾਂ ਵਿਚ ਜ਼ਿਆਦਾ ਵਿਅਕਤੀ ਰਾਜਭਾਗ ਸੰਭਾਲ ਰਹੀਆਂ ਪਾਰਟੀਆਂ ਦੇ ਲੀਡਰ ਆਪਣੀਆਂ ਮੁਢਲੀਆਂ ਪਾਰਟੀਆਂ ਜਾਂ ਨਵੀਆਂ ਪਾਰਟੀਆਂ ਵਿਚ ਦਲ ਬਦਲ ਕੇ ਚੋਣਾਂ ਲੜ ਰਹੇ ਹਨ। ਚੋਣ ਮੈਦਾਨ ਵਿਚ ਬਹੁਤ ਘੱਟ ਵਿਅਕਤੀ ਐਸੇ ਹਨ ਜਿਹੜੇ ਪਿਛਲੇ ਦਿਨੀਂ ਰਾਜਭਾਗ ਵਿਚ ਸ਼ਾਮਲ ਨਹੀਂ ਰਹੇ। ਇਸ ਕਰਕੇ ਜਦੋਂ ਇਹ ਚੋਣ ਲੜਨ ਵਾਲੇ ਉਮੀਦਵਾਰ ਲੋਕਾਂ ਕੋਲ ਵੋਟਾਂ ਮੰਗਣ ਲਈ ਪਹੁੰਚ ਕਰਦੇ ਹਨ, ਉਨ੍ਹਾਂ ਨੂੰ ਇਹ ਜ਼ਰੂਰ ਪੁੱਛਿਆ ਜਾਵੇ ਕਿ ਉਨ੍ਹਾਂ ਦੇ ਪਹਿਲਾਂ ਕੀਤੇ ਵਾਅਦੇ ਕਿਉਂ ਪੂਰੇ ਨਹੀਂ ਕੀਤੇ ਗਏ। ਇਹ ਵੀ ਪੁੱਛਿਆ ਜਾਵੇ ਕਿ ਪੰਜਾਬ ਸਿਰ ਚੜ੍ਹਾਇਆ ਕਰਜ਼ਾ ਉਤਾਰਨ ਵਾਸਤੇ ਉਨ੍ਹਾਂ ਕੋਲ ਕੀ ਉਪਾਅ ਹਨ? ਵੱਖ ਵੱਖ ਖੇਤਰਾਂ ਵਿਚ ਸਰਗਰਮ ਮਾਫੀਆ ਨੂੰ ਕਿਵੇਂ ਨਕੇਲ ਪਾਈ ਜਾਵੇਗੀ? ਛੋਟੇ ਤੇ ਸੀਮਾਂਤ ਕਿਸਾਨਾਂ ਦੀ ਖੇਤੀ ਨੂੰ ਲਾਹੇਵੰਦ ਕਿਵੇਂ ਬਣਾਇਆ ਜਾਵੇਗਾ? ਜ਼ਮੀਨ ਹੇਠਲੇ ਪਾਣੀ ਨੂੰ ਖਤਮ ਹੋਣ ਤੋਂ ਕਿਵੇਂ ਬਚਾਇਆ ਜਾਵੇਗਾ? ਪੰਜਾਬ ਦੇ ਉਦਯੋਗਿਕ ਵਿਕਾਸ ਨੂੰ ਕਿਵੇਂ ਮੁੜ ਸੁਰਜੀਤ ਕੀਤਾ ਜਾਵੇਗਾ? ਨੌਜਵਾਨ, ਖਾਸਕਰ ਪੜ੍ਹੇ-ਲਿਖੇ ਨੌਜਵਾਨਾਂ ਲਈ ਰੁਜ਼ਗਾਰ ਕਿਵੇਂ ਪੈਦਾ ਕੀਤਾ ਜਾਵੇਗਾ? ਸਰਕਾਰੀ ਨੌਕਰੀਆਂ ਵਿਚ ਠੇਕੇਦਾਰੀ ਸਿਸਟਮ ਕਿਵੇਂ ਖਤਮ ਕੀਤਾ ਜਾਵੇਗਾ? ਮਿਆਰੀ ਸਿਖਿਆ ਅਤੇ ਸਿਹਤ ਸਹੂਲਤਾਂ ਆਮ ਸ਼ਹਿਰੀਆਂ ਵਾਸਤੇ ਕਿਵੇਂ ਮੁਹੱਈਆ ਕਰਵਾਈਆਂ ਜਾਣਗੀਆਂ? ਲੋਕਾਂ ਨੂੰ ਭ੍ਰਿਸ਼ਟਾਚਾਰ ਮੁਕਤ ਪ੍ਰਸ਼ਾਸਨ ਕਿਵੇਂ ਦਿੱਤਾ ਜਾਵੇਗਾ? ਕੀ ਐੱਮਐੱਲਏ ਕਈ ਕਈ ਪੈਨਸ਼ਨਾਂ ਬੰਦ ਕਰਨ ਲਈ ਵਚਨਬੱਧ ਹਨ? ਪ੍ਰਸ਼ਾਸਨ ਅਤੇ ਪੁਲੀਸ ਨੂੰ ਪਾਰਟੀ ਪੱਖਪਾਤ ਤੋਂ ਨਿਰਲੇਪ ਕਿਵੇਂ ਬਣਾਇਆ ਜਾਵੇਗਾ? ਕੇਂਦਰ ਤੋਂ ਸੂਬੇ ਦੀ ਖ਼ੁਦਮੁਖ਼ਤਾਰੀ ਕਿਵੇਂ ਹਾਸਲ ਕੀਤੀ ਜਾਵੇਗੀ? ਪੰਚਾਇਤਾਂ ਨੂੰ ਹੋਰ ਅਧਿਕਾਰ ਅਤੇ ਵਿੱਤੀ ਸਾਧਨ ਦੇ ਕੇ ਕਿਵੇਂ ਮਜ਼ਬੂਤ ਕੀਤਾ ਜਾਵੇਗਾ? ਇਨ੍ਹਾਂ ਸਵਾਲਾਂ ਵਿਚ ਚੋਣ ਹਲਕੇ ਦੀਆਂ ਸਮੱਸਿਆਵਾਂ ਦੇ ਹੱਲ ਜਾਂ ਸੂਬੇ ਦੀਆਂ ਹੋਰ ਸਮੱਸਿਆਵਾਂ ਬਾਰੇ ਸਪੱਸ਼ਟੀਕਰਨ ਮੰਗਿਆ ਜਾ ਸਕਦਾ ਹੈ।

ਇਹ ਸਵਾਲ ਵੋਟਰਾਂ ਦੀ ਮੌਜੂਦਗੀ ਵਿਚ ਸਮਾਜਿਕ ਲਹਿਰਾਂ ਦੇ ਵਰਕਰ ਅਤੇ ਨੁਮਾਇੰਦੇ ਪੁੱਛ ਸਕਦੇ ਹਨ। ਪਿਛਲੇ ਡੇਢ ਸਾਲ ਤੋਂ ਵੱਧ ਸਮੇਂ ਦੌਰਾਨ ਕਿਸਾਨ ਅੰਦੋਲਨ ਨੇ ਹਜ਼ਾਰਾਂ ਐਸੇ ਚੇਤੰਨ ਅਤੇ ਸਮਰੱਥ ਕਾਰਕੁਨ ਪਿੰਡਾਂ ਅਤੇ ਸ਼ਹਿਰਾਂ ਵਿਚ ਪੈਦਾ ਕੀਤੇ ਹਨ। ਇਸੇ ਤਰ੍ਹਾਂ ਮਜ਼ਦੂਰਾਂ, ਖਾਸਕਰ ਖੇਤ ਮਜ਼ਦੂਰਾਂ ਦੀਆਂ ਜਥੇਬੰਦੀਆਂ ਨੇ ਐਸੇ ਚੇਤੰਨ ਕਾਰਕੁਨ ਕਾਫੀ ਗਿਣਤੀ ਵਿਚ ਪੈਦਾ ਕੀਤੇ ਹਨ। ਇਵੇਂ ਹੀ ਮੁਲਾਜ਼ਮ ਲਹਿਰ ਸੂਬੇ ਵਿਚ ਡੇਢ ਸਾਲ ਤੋਂ ਬਹੁਤ ਸਰਗਰਮ ਰਹੀ ਹੈ। ਇਹ ਅਮੁੱਲ ਸਮਾਜਿਕ ਸਰਮਾਇਆ ਹੈ, ਜਿਹੜਾ ਚੋਣਾਂ ਵਿਚ ਖੜ੍ਹੇ ਉਮੀਦਵਾਰਾਂ ਨੂੰ ਸਹੀ ਸਵਾਲ ਕਰਨ ਦੇ ਸਮਰੱਥ ਹੈ। ਉਮੀਦਵਾਰਾਂ ਤੋਂ ਸਪੱਸ਼ਟ ਜਵਾਬ ਜਨਤਕ ਤੌਰ 'ਤੇ ਦੇਣ ਲਈ ਕਿਹਾ ਜਾ ਸਕਦਾ ਹੈ। ਚੋਣਾਂ ਤੋਂ ਬਾਅਦ ਇਨ੍ਹਾਂ ਸਵਾਲਾਂ ਦੀ ਪੂਰਤੀ ਬਾਰੇ ਜਨਤਕ ਤੌਰ 'ਤੇ ਪੁੱਛਿਆ ਜਾ ਸਕਦਾ ਹੈ। ਇਕ ਗੱਲ ਪੱਕੀ ਹੈ ਕਿ ਚੇਤੰਨ ਅਤੇ ਸਰਗਰਮ ਵੋਟਰਾਂ ਦੀ ਮੌਜੂਦਗੀ ਅਤੇ ਸਰਗਰਮੀ ਤੋਂ ਬਗੈਰ ਪੰਜਾਬ ਨੂੰ ਨਿਵਾਣ ਵੱਲ ਜਾਣ ਤੋਂ ਬਚਾਇਆ ਨਹੀਂ ਜਾ ਸਕਦਾ।

ਚੋਣਾਂ ਲੜ ਰਹੀਆਂ ਸਿਆਸੀ ਪਾਰਟੀਆਂ ਨੇ ਸਮਾਜਿਕ ਲਹਿਰ ਨੂੰ ਕਈ ਛੋਟੀਆਂ ਜਥੇਬੰਦੀਆਂ ਵਿਚ ਵੰਡਿਆ ਹੋਇਆ ਹੈ। ਸੰਘਰਸ਼ ਦੌਰਾਨ ਕਈ ਵਾਰੀ ਇਹ ਜਥੇਬੰਦੀਆਂ ਸਾਂਝੇ ਫਰੰਟ ਬਣਾਉਣ ਵਿਚ ਕਾਮਯਾਬ ਹੋ ਜਾਂਦੀਆਂ ਹਨ ਪਰ ਚੋਣਾਂ ਆਉਣ 'ਤੇ ਆਪੋ-ਆਪਣੀ ਸਿਆਸੀ ਪਾਰਟੀ ਨਾਲ ਜਾ ਖੜ੍ਹਦੀਆਂ ਹਨ, ਭਾਵੇਂ ਇਸ ਨਾਲ ਜਥੇਬੰਦੀ ਨਾਲ ਸੰਬੰਧਿਤ ਮੈਂਬਰਾਂ ਦਾ ਨੁਕਸਾਨ ਹੀ ਹੋ ਜਾਵੇ। ਇਹ ਤਜਰਬਾ ਕਿਸਾਨ ਅੰਦੋਲਨ ਤੋਂ ਬਾਅਦ ਕਿਸਾਨ ਜਥੇਬੰਦੀਆਂ ਦੇ ਵਰਤਾਰੇ ਵਿਚੋਂ ਵੀ ਨਜ਼ਰ ਆਉਂਦਾ ਹੈ ਪਰ ਮੁਲਾਜ਼ਮਾਂ ਅਤੇ ਮਜ਼ਦੂਰਾਂ ਦੀਆਂ ਜਥੇਬੰਦੀਆਂ ਵਿਚ ਇਹ ਵਰਤਾਰਾ ਜ਼ਿਆਦਾ ਪ੍ਰਤੱਖ ਰੂਪ ਵਿਚ ਨਜ਼ਰ ਆਉਂਦਾ ਹੈ। ਇਸ ਵਿਚ ਮੌਕਾਪ੍ਰਸਤੀ ਸਪੱਸ਼ਟ ਰੂਪ ਵਿਚ ਦੇਖੀ ਜਾ ਸਕਦੀ ਹੈ। ਇਹੋ ਕਾਰਨ ਹੈ ਕਿ ਸਮਾਜਿਕ ਲਹਿਰ ਦੇ ਵੱਖ-ਵੱਖ ਹਿੱਸਿਆਂ ਅਤੇ ਲੋਕ ਪੱਖੀ ਸਹੀ ਸਿਆਸੀ ਪਾਰਟੀ(ਆਂ) ਵਿਚ ਲੋੜੀਂਦਾ ਤਾਲਮੇਲ ਇਸ ਸਮੇਂ ਨਜ਼ਰ ਨਹੀਂ ਆਉਂਦਾ। ਇਹ ਸੰਜੀਦਗੀ ਨਾਲ ਸੋਚਣ ਦੀ ਲੋੜ ਹੈ ਕਿ ਇਹ ਤਾਲਮੇਲ ਲੋਕ ਹਿੱਤ ਵਿਚ ਕਿਵੇਂ ਕਾਇਮ ਕੀਤਾ ਜਾਵੇ। ਇਸ ਕਾਰਜ ਵਾਸਤੇ ਲੋਕ ਪੱਖੀ ਜਮਹੂਰੀ ਸਮਾਜਿਕ ਲਹਿਰ ਚੋਣਾਂ ਸਮੇਂ ਅਜਿਹੇ ਉਮੀਦਵਾਰਾਂ ਦੀ ਨਿਸ਼ਾਨਦੇਹੀ ਕਰੇ ਜਿਹੜੇ ਲੋਕਾਂ ਦੀਆਂ ਉਮੀਦਾਂ ਅਨੁਸਾਰ ਖਰਾ ਉਤਰਨ ਦੀਆਂ ਸੰਭਾਵਨਾਵਾਂ ਰੱਖਦੇ ਹਨ। ਜਿਹੜੀਆਂ ਜਥੇਬੰਦੀਆਂ ਖ਼ੁਦ ਚੋਣਾਂ ਨਹੀਂ ਲੜ ਰਹੀਆਂ, ਉਹ ਅਜਿਹੇ ਉਮੀਦਵਾਰਾਂ ਦੀ ਮਦਦ ਕਰਕੇ ਉਨ੍ਹਾਂ ਨੂੰ ਕਾਮਯਾਬ ਕਰਨ ਵਿਚ ਮਦਦਗਾਰ ਬਣ ਸਕਦੀਆਂ ਹਨ। ਇਸ ਨਾਲ ਚੋਣਾਂ ਤੋਂ ਬਾਹਰ ਜਥੇਬੰਦੀਆਂ ਦਾ ਪ੍ਰਭਾਵ ਅਤੇ ਸਹਿਯੋਗ ਵੀ ਵਧ ਸਕਦਾ ਹੈ।

ਆਉਣ ਵਾਲੇ ਦਿਨਾਂ ਵਿਚ ਸੂਬੇ ਦੀਆਂ ਸਮੱਸਿਆਵਾਂ ਹੱਲ ਕਰਨ ਲਈ ਕੁਝ ਕਾਨੂੰਨ ਅਤੇ ਮਤੇ ਵਿਧਾਨ ਸਭਾ ਵਿਚ ਪਾਸ ਕਰ ਕੇ ਪ੍ਰਸ਼ਾਸਨ ਨੂੰ ਲੋਕ ਹਿੱਤ ਵਿਚ ਕੁਝ ਜ਼ਰੂਰ ਢਾਲਿਆ ਜਾ ਸਕਦਾ ਹੈ। ਇਸ ਕਰਕੇ ਮੌਜੂਦਾ ਸਮੇਂ ਵਿਚ ਚੋਣ ਸਿਆਸਤ ਤੋਂ ਪਾਸਾ ਨਹੀਂ ਵੱਟਿਆ ਜਾ ਸਕਦਾ। ਸਮਰੱਥ, ਸੂਝਵਾਨ ਅਤੇ ਪ੍ਰਤੀਬੱਧ ਉਮੀਦਵਾਰਾਂ ਦੀ ਚੋਣ ਪ੍ਰਕਿਰਿਆ ਭਵਿੱਖ ਵਿਚ ਸਾਂਝੇ ਸੰਘਰਸ਼ ਉਸਾਰਨ ਅਤੇ ਚਲਾਉਣ ਵਿਚ ਸਹਾਈ ਹੋ ਸਕਦੀ ਹੈ। ਇਹ ਸਮਝਣਾ ਲਾਜ਼ਮੀ ਹੈ ਕਿ ਚੋਣਾਂ ਤੋਂ ਬਾਅਦ ਸਮਾਜਿਕ ਜਥੇਬੰਦੀਆਂ ਨੂੰ ਸੂਬੇ ਦੇ ਲੋਕਾਂ ਦੀਆਂ ਸਮੱਸਿਆਵਾਂ ਸੁਲਝਾਉਣ ਅਤੇ ਪੰਜਾਬ ਨੂੰ ਮੁੜ ਲੀਹਾਂ 'ਤੇ ਲਿਆਉਣ ਲਈ ਘੋਲ ਵਿੱਢਣੇ ਪੈਣੇ ਹਨ।

Tel.: 317-426-5410
Ext. 2001 & 2403

XPressCargo

100% ਓਨਰ ਆਪਰੇਟਰ ਕੰਪਨੀ

Pay Every Week

100% OWNER OPERATOR COMPANY

Pay Single 60 Cent + Team 70 Cent

IN TO MI BACK TO IN OR IN TO OH TO LOUISVILLE KY/BOWLING KY BACK TO IN ( EVERYDAY HOME)

ਸਾਰਾ ਸਾਲ ਸਾਡੇ ਕੋਲ ਪੱਕੇ ਰੀਫਰ ਅਤੇ ਡਰਾਈ ਵੈਨ ਦੇ ਲੋਡ ਹਨ ਅਤੇ ਲੋਡ Same Location ਤੇ ਜਾਂਦੇ ਹਨ ।

- ਫਿਊਲ ਐਡਵਾਂਸ ਤੇ ਕੋਈ ਵਾਧੂ ਚਾਰਜ ਨਹੀਂ
- ਸਾਰੇ ਲੰਪਰ ਫੀਸ ਕੰਪਨੀ ਪੇ ਕਰੇਗੀ ।
- ਟਰੱਕ ਦੀ ਲਾਇਸੈਂਸ ਪਲੇਟ
- ਟਰੱਕ ਫਿਜ਼ੀਕਲ ਡੈਮੇਜ ਇੰਸ਼ੋਰੈਂਸ
- ਟਰੱਕ ਅਤੇ ਟਰੇਲਰ ਰੈਂਟਲ ਜਾਂ ਲੀਜ਼ ਲੈ ਸਕਦੇ ਹੋ
- ਟਾਇਰਾਂ ਅਤੇ Oil Change ਤੇ ਸਪੈਸ਼ਲ ਡਿਸਕਾਊਂਟ




ਅਸੀਂ ਵੇਅਰ ਹਾਊਸ ਅਤੇ ਲੋਡ ਸਟੈਗ ਕਰਦੇ ਹਾਂ

CA >> IN, OH, KY, PA, MD, VA
IN >> KS, TN, WI, MI, KY, IL, GA

ਸਾਡੇ ਕੋਲ ਸਾਰੀਆਂ ਲੋਕੇਸ਼ਨਾਂ ਤੋਂ ਵਾਪਸੀ ਕੈਲੀਫੋਰਨੀਆ ਤਾਂਕ ਪੱਕੇ ਲੋਡ ਹਨ

ਅਸੀਂ 2016 ਅਤੇ 2017 ਦੇ USED ਟਰੱਕ ਵੀ ਸੇਲ ਕਰਦੇ ਹਾਂ

ਸਿੰਗਲ ਅਤੇ ਟੀਮ ਡਰਾਈਵਰਾਂ ਦੀ ਲੋੜ ਹੈ
ਵੀਕਲੀ ਹੋਮ

ਵੇਅਰ ਹਾਊਸ ਅਤੇ 24/7 ਘੰਟੇ ਰਿਪੇਅਰ ਸ਼ਾਪ ਖੁੱਲੀ ਹੈ

Hiring Owner Operators and Drivers

ਸਾਡੇ ਸਰਕਾਰ ਤੋਂ ਮਾਨਤਾ ਪ੍ਰਾਪਤ ਸਕੂਲ ਵਿੱਚ ਕਮਰਸ਼ੀਲ ਲਾਇਸੈਂਸ ਲਈ ਕਾਲ ਕਰ ਸਕਦੇ ਹੋ ।

2330 Enterprise Park Dr., Indianapolis, IN 46218

Online Application @ www.xpresscargoinc.com

ਕਹਾਣੀ

# ਮੁੱਛ ਮਰੋੜ

ਅੰਮ੍ਰਿਤਪਾਲ ਕਲੇਰ ਚੀਦਾ
ਫੋਨ: 99157-80980

ਸੰਧੂਆਂ ਦੀ ਛੋਟੀ ਕੁੜੀ ਜੱਸੀ ਦਾ ਵਿਆਹ ਸੀ। ਸਾਰਾ ਸੁਖਾਨੰਦ ਪਿੰਡ ਬਾਜਾਖਾਨਾ ਰੋਡ 'ਤੇ ਪੈਂਦੇ ਖੁਸ਼ਬੂ ਪੈਲੇਸ ਵਿਚ ਪਹੁੰਚਿਆ ਹੋਇਆ ਸੀ। ਜੱਸੀ ਤਿੰਨ ਸਾਲ ਕੈਨੇਡਾ ਲਾ ਕੇ ਆਈ ਸੀ। ਅਜੇ ਆਈ ਨੂੰ ਮਹੀਨਾ ਹੀ ਹੋਇਆ ਸੀ ਕਿ ਰਿਸ਼ਤਿਆਂ ਦਾ ਤਾਂਤਾ ਲੱਗ ਗਿਆ। ਕੈਨੇਡਾ ਵਿਚ ਪੀ.ਆਰ. ਹੋਣ ਕਰਕੇ ਚੰਗੇ-ਚੰਗੇ ਘਰਾਂ ਦੇ ਰਿਸ਼ਤੇ ਆ ਰਹੇ ਸਨ, ਭਾਵੇਂ ਮੁੰਡਿਆਂ ਦੀ ਵਿਦਿਅਕ ਯੋਗਤਾ ਕੋਈ ਬਹੁਤੀ ਨਾ ਹੁੰਦੀ ਪਰ ਕੈਨੇਡਾ ਜਾਣ ਦੇ ਚਾਅ ਵਿਚ ਪੱਚੀ-ਤੀਹ ਲੱਖ ਰੁਪਏ ਦੇਣ ਨੂੰ ਤਿਆਰ ਹੋ ਜਾਂਦੇ। ਜੱਸੀ ਦੇ ਪਿਓ ਦੀ ਮੰਗ ਪੈਂਤੀ ਲੱਖ ਤੇ ਵਿਆਹ ਦਾ ਸਾਰਾ ਖਰਚਾ ਸੀ। ਦਸ ਕਿੱਲੇ ਜ਼ਮੀਨ ਵੀ ਤਾਂ ਛੁਡਾਉਣੀ ਸੀ, ਜੋ ਜੱਸੀ ਨੂੰ ਵਿਦੇਸ਼ ਭੇਜਣ ਲਈ ਗਹਿਣੇ ਧਰੀ ਸੀ। ਗੰਗਾ ਪਿੰਡ ਵਿਚ ਜੱਸੀ ਦਾ ਰਿਸ਼ਤਾ ਤੈਅ ਹੋ ਗਿਆ। ਮੁੰਡਾ ਆਪਣੇ ਮਾਂ-ਪਿਓ ਦੀ ਇਕਲੌਤੀ ਔਲਾਦ ਸੀ। ਸੋ ਮੁੰਡੇ ਵਾਲਿਆਂ ਨੇ ਪੈਂਤੀ ਲੱਖ ਰੁਪਏ ਅਤੇ ਵਿਆਹ ਦਾ ਸਾਰਾ ਭਾਰ ਓਟ ਲਿਆ। ਪੈਂਤੀ ਲੱਖ ਨੇ ਮੁੰਡੇ ਦਾ ਟੀਰ ਵੀ ਕੱਜ ਲਿਆ, ਭਾਵੇਂ ਜੱਸੀ ਬੇਹੱਦ ਖੂਬਸੂਰਤ ਸੀ। ਤਾਂ ਹੀ ਮੇਰੀ ਤਾਈ ਕਹਿੰਦੀ ਹੁੰਦੀ ਸੀ,

'ਭਾਈ ਪੈਸਾ ਸਾਰੇ ਐਬ ਢਕ ਲੈਂਦਾ ਹੈ'

ਪੈਲੇਸ ਵਿਚ ਸਜੀਆਂ-ਧੱਜੀਆਂ ਮੇਲਣਾਂ ਅਤੇ ਮੁਟਿਆਰਾਂ ਹੁਸਨਾਂ ਦੀਆਂ ਪਰੀਆਂ ਲੱਗ ਰਹੀਆਂ ਸਨ। ਇਕ ਦੂਜੀ ਨਾਲ ਅਠਖੇਲੀਆਂ ਕਰਦੀਆਂ ਅੱਲ੍ਹੜ ਮੁਟਿਆਰਾਂ ਬਰਾਤੀਆਂ ਨਾਲ ਅੱਖ-ਮਟੱਕਾ ਕਰਦੀਆਂ ਉਨ੍ਹਾਂ ਨੂੰ ਨਹੋਰੇ ਮਾਰ ਰਹੀਆਂ ਸਨ। ਹੁਸਨਾਂ ਦੀਆਂ ਬਹਾਰਾਂ ਚੁੰਨੀਆਂ ਨੂੰ ਕਦੇ ਹਵਾ ਵਿਚ ਲਹਿਰਾਉਂਦੀਆਂ ਤੇ ਕਦੇ ਮੋਢਿਆਂ 'ਤੇ ਸੁੱਟ ਕੇ ਤਾਜ ਮਹਿਲ ਉਸਾਰ ਰਹੀਆਂ ਸਨ। ਬਰਾਤੀ ਵੀ ਦੋ-ਤਿੰਨ ਹਾੜੇ ਲਾਉਣ ਪਿੱਛੋਂ ਗੁਲਾਬੀ ਜਿਹੇ ਹੋਏ, ਧਰਤੀ 'ਤੇ ਉਤਰੇ ਸਿਤਾਰਿਆਂ ਨੂੰ ਬਲੌਰੀ ਅੱਖਾਂ ਨਾਲ ਤੱਕ ਰਹੇ ਸਨ। ਪਿੰਡ ਤੋਂ ਦਸ-ਪੰਦਰਾਂ ਮੋਹਤਬਰ ਬੰਦਿਆਂ ਦੀ ਟੋਲੀ ਗੋਲ ਮੇਜ ਦੁਆਲੇ ਆਪਣਾ ਮਜਜ਼ਮਾਂ ਲਾਈ ਬੈਠੀ ਸੀ। ਤਾਇਆ ਦਲੀਪ ਸਿਹੁੰ ਇਕ ਪਾਸੇ ਕੁਰਸੀ 'ਤੇ ਬੈਠਾ ਹਰ ਆਉਂਦੇ-ਜਾਂਦੇ ਨੂੰ ਨਿਹਾਰ ਰਿਹਾ ਸੀ। ਪਤਾ ਨਹੀਂ ਪਥਰਾਈਆਂ ਨਜ਼ਰਾਂ ਕਿਸ ਨੂੰ ਲੱਭ ਰਹੀਆਂ ਸਨ। ਹੁਣ ਤਾਂ ਜ਼ਿੰਦਗੀ ਦੀ ਸ਼ਾਮ ਢਲ ਚੱਲੀ ਸੀ। ਤਾਇਆ ਹੁਣ ਸੱਤਰਵਿਆਂ ਪਾਰ ਕਰ ਗਿਆ ਸੀ। ਤਾਇਆ ਸਰੀਰ ਦਾ ਬਹੁਤ ਤਕੜਾ ਸੀ। ਜਵਾਨੀ ਵੇਲੇ ਇਕ ਘੁਮਾਂ ਕਣਕ ਆਥਣ ਤੱਕ ਇਕੱਲਾ ਹੀ ਵੱਢ ਸੁੱਟਦਾ ਸੀ। ਦਸ-ਦਸ ਪਸ਼ੂਆਂ ਦੀਆਂ ਧਾਰਾਂ ਕੱਢਣੀਆਂ ਅਤੇ ਖੇਤੀਬਾੜੀ ਦਾ ਸਾਰਾ ਕੰਮ ਇਕੱਲਾ ਹੀ ਸਾਂਭ ਲੈਂਦਾ ਸੀ। ਸਵੇਰੇ ਪਾਠੀ ਬੋਲਦੇ ਨਾਲ ਉਠਣਾ, ਪਸ਼ੂਆਂ ਨੂੰ ਪੱਠੇ ਪਾਉਣੇ, ਧਾਰਾਂ ਕੱਢਣੀਆਂ। ਫੇਰ ਗੱਡਾ ਤੇ ਬਲਦ ਜੋੜ ਖੇਤ ਪੱਠੇ ਲੈਣ ਚਲੇ ਜਾਣਾ। ਉਸ ਦਾ ਜੀਵਨ ਖੇਤ ਤੋਂ ਘਰ ਅਤੇ ਘਰ ਤੋਂ ਖੇਤ ਤਕ ਹੀ ਸੀਮਤ ਸੀ। ਘਰ ਦੀ ਕਬੀਲਦਾਰੀ ਅਜੇ ਬਾਪ ਤੋਰੀ ਜਾਂਦਾ ਸੀ। ਉਸ ਤੋਂ ਪੰਜ ਸਾਲ ਵੱਡੀ ਇੱਕ ਭੈਣ ਸੀ, ਜੋ ਬਾਪ ਨੇ ਦੋ ਸਾਲ ਪਹਿਲਾਂ ਕਿੱਲਾ ਬੈਅ ਕਰ ਕੇ ਵਿਆਹ ਦਿੱਤੀ ਸੀ। ਤਾਏ ਦਲੀਪ ਨੂੰ ਜਦੋਂ ਪਤਾ ਲੱਗਿਆ ਤਾਂ ਸੀਨਾ ਚੀਰਿਆ ਗਿਆ ਸੀ। ਜ਼ਮੀਨ ਤਾਂ ਉਨ੍ਹਾਂ ਕੋਲ ਪਹਿਲਾਂ ਹੀ ਤਿੰਨ ਕਿੱਲੇ ਸੀ। ਹੁਣ ਤਾਂ ਦੋ ਹੀ ਰਹਿ ਗਏ। ਵਾਹੀ ਵਾਲੇ ਸੰਦ ਵੀ ਨਹੀਂ ਸਨ। ਬਾਪ ਨੇ ਸੁਸਾਇਟੀ ਤੋਂ ਕਰਜ਼ਾ ਲੈ ਕੇ ਕੁਝ ਖੇਤੀ ਵਾਲੇ ਸੰਦ ਬਣਾ ਲਏ ਪਰ ਰੇਹਾਂ-ਸਪਰੇਹਾਂ ਦਾ ਖਰਚਾ ਵੀ ਬਹੁਤ ਪੈ ਜਾਂਦਾ ਸੀ। ਦੋ ਕਿੱਲਿਆਂ ਵਿਚੋਂ ਫਸਲ ਵੀ ਬਹੁਤੀ ਨਹੀਂ ਸੀ ਨਿਕਲਦੀ। ਘਰ ਦੇ ਪੰਜ ਪਾਂਜੇ ਹੀ ਮਸਾਂ ਪੂਰੇ ਹੁੰਦੇ। ਕਰਜ਼ੇ ਦੀਆਂ ਕਿਸ਼ਤਾਂ ਟੁੱਟਣ ਲੱਗੀਆਂ। ਤਾਇਆ ਕਰਜ਼ਾ ਲਾਹੁਣ ਲਈ ਸਾਰਾ ਦਿਨ ਮਿੱਟੀ ਨਾਲ ਮਿੱਟੀ ਹੋਇਆ ਰਹਿੰਦਾ।

ਪੱਤੀ 'ਚੋਂ ਸਕਿਆਂ ਵਿਚੋਂ ਤਾਏ ਦਲੀਪ ਦੇ ਹਾਣੀ ਗੇਜੂ ਦਾ ਵਿਆਹ ਸੀ। ਨਾਨਕਾ ਮੇਲ ਲਹਿਰਾ ਮੁਹੱਬਤ ਤੋਂ ਆਇਆ ਸੀ। ਮੇਲਣਾਂ ਵਿਚ ਮੇਲੋ ਭਰ ਨੌਜਵਾਨ ਮੁਟਿਆਰ ਸੀ। ਤਾਇਆ ਦਲੀਪ ਮੇਲੋ ਨੂੰ ਦੇਖ ਕੇ ਗੁੰਮ-ਸੁੰਮ ਜਿਹਾ ਹੋ ਗਿਆ ਸੀ। ਪੁਰਾਣੇ ਵਿਆਹਾਂ ਵਿਚ ਨਾਨਕਾ ਮੇਲ ਚਾਰ-ਪੰਜ ਦਿਨ ਰਹਿੰਦਾ ਸੀ ਅਤੇ ਤਾਇਆ ਉਨੇ ਦਿਨ ਹੀ ਵਿਆਹ ਵਿਚ ਪਰੀਹਾ ਬਣ ਪੈਲਾਂ ਪਾਉਂਦਾ ਰਿਹਾ। ਉਹ ਸੁਨੱਖੀ ਮੁਟਿਆਰ ਮੇਲੋ ਤਾਏ ਨੂੰ ਟਿੱਚਰਾਂ ਕਰਦੀ ਦਰਿਆ ਦਾ ਪੁਲ ਬਣਾਉਂਦੀ ਰਹੀ। ਵਿਆਹ ਦੀ ਹਰ ਰਸਮ ਉਤੇ ਤਾਏ ਨੂੰ ਗੀਤ ਗਾਉਂਦੀ ਅਤੇ ਦੋਹੇ ਲਾਉਂਦੀ ਰਹੀ। ਤਾਇਆ ਵੀ ਕਿਸੇ ਹੋਰ ਹੀ ਦੁਨੀਆ ਦਾ ਵਾਸੀ ਹੋ ਗਿਆ ਸੀ। ਇਸ ਤਰ੍ਹਾਂ ਦੀ ਰੰਗੀਨ ਦੁਨੀਆ ਉਸ ਨੇ ਪਹਿਲੀ ਵਾਰ ਵੇਖੀ ਸੀ। ਸੁੱਖੀ-ਸਾਂਦੀ ਵਿਆਹ ਨੇਪਰੇ ਚੜ੍ਹ ਗਿਆ। ਸਾਰਾ ਆਇਆ ਗਿਆ ਮੇਲ ਤੁਰ ਗਿਆ। ਨਾਨਕਾ ਮੇਲ ਵੀ ਚਲਿਆ ਗਿਆ, ਪਰ ਤਾਏ ਦਾ ਮਨ ਵੀ ਮੇਲੋ ਨਾਲ ਹੀ ਹੋ ਤੁਰਿਆ। ਹੁਣ ਉਸਦਾ ਖੇਤ ਦਿਲ ਨਾ ਲੱਗਦਾ। ਉਹ ਗੁਆਚਿਆ ਜਿਹਾ ਰਹਿੰਦਾ। ਬੇਬੇ ਦਲੀਪ ਨੂੰ ਰਿਸ਼ਤਾ ਕਰਵਾਉਣ ਲਈ ਆਪਣੇ ਸਕਿਆਂ ਦੇ ਘਰ ਗੇੜੇ ਲਾਉਣ ਲੱਗੀ। ਬੇਬੇ ਦੀ ਦਰਾਣੀ ਨੇ ਆਪਣੀ ਭਤੀਜੀ ਦਾ ਰਿਸ਼ਤਾ ਦਲੀਪ ਨੂੰ ਲਹਿਰਾ ਮੁਹੱਬਤ ਤੋਂ ਕਰਵਾਉਣ ਲਈ ਕੱਚੀ-ਪੱਕੀ ਹਾਮੀ ਭਰੀ। ਤਾਏ ਦਲੀਪ ਨੂੰ ਕੁੜੀ ਦਾ ਪਿਓ ਅਤੇ ਭਰਾ ਦੇਖਣ ਆਏ। ਤਾਇਆ ਖੇਤ ਪੱਠੇ ਵੱਢਣ ਗਿਆ ਹੋਇਆ ਸੀ। ਬੇਬੇ ਨੇ ਮਗਰੇ ਮੁੰਡਾ ਭੇਜ ਕੇ ਦਲੀਪ ਨੂੰ ਬੁਲਾ



ਲਿਆ। ਸਿਰ ਤੋਂ ਮੈਲਾ ਜਿਹਾ ਪਰਨਾ ਲਾਹ ਕੇ ਤਾਏ ਨੇ ਮੂੰਹ ਪੂੰਝਿਆ ਅਤੇ ਪੈਰ ਝਾੜੇ। ਆਏ ਹੋਇਆਂ ਨੂੰ ਇਕ ਹੱਥ ਨਾਲ ਫਤਹਿ ਬੁਲਾ ਉਹ ਤੇਜ਼ੀ ਨਾਲ ਮੂੰਹ ਧੋਣ ਲੱਗ ਪਿਆ। ਦੇਖਣ ਆਇਆ ਕੁੜੀ ਦਾ ਪਿਓ ਨਾਂਹ ਵਿਚ ਸਿਰ ਮਾਰ ਗਿਆ। ਵਿਚੋਲੇ ਦੇ ਘਰ ਆ ਕੇ ਉਸ ਨੇ ਕਿਹਾ,

'ਦੇਖ ਸਰਦਾਰਾ, ਮੇਰੀ ਕੁੜੀ ਆ ਲੱਖਾਂ ਸੁੱਖਣਾਂ ਦੀ ਇੱਕ, ਮੈਂ ਮੁੰਡਾ 'ਮੁੱਛ ਮਰੋੜ' ਲੱਭਣੈ। ਇਹ ਮੁੰਡਾ ਤਾਂ ਮੈਨੂੰ ਭੋਰਾ ਪਸੰਦ ਨਹੀਂ, ਜੇ ਕੋਈ ਹੋਰ ਹੈ ਤਾਂ ਦੱਸ।'

ਤਾਂ ਕੁੜੀ ਦਾ ਪਿਓ ਉਥੇ ਹੀ ਗੁਆਂਢੀ ਦੇ ਬਾਰ੍ਹਵੀਂ ਵਿਚ ਪੜ੍ਹਦੇ ਸੁਨੱਖੇ ਮੁੰਡੇ ਨੂੰ ਦੇਖ ਕੇ ਰਿਸ਼ਤੇ ਲਈ ਹਾਂ ਕਰ ਆਇਆ ਸੀ। ਜਦੋਂ ਉਹ ਵਿਆਹ ਕੇ ਲਾੜੀ ਨੂੰ ਲਿਆਇਆ ਤਾਂ ਤਾਏ ਦਲੀਪ ਦੇ ਕਾਲਜੇ ਰੁੱਗ ਭਰਿਆ ਗਿਆ। ਇਹ ਮੇਲੋ ਸੀ, ਜੋ ਗੇਜੂ ਦੇ ਵਿਆਹ ਵਿਚ ਆਈ ਸੀ ਅਤੇ ਤਾਏ ਦਲੀਪ ਨੂੰ ਇੱਕ ਚੱਕਦੀ ਸੀ ਤੇ ਇੱਕ ਧਰਦੀ ਸੀ।

ਤਾਏ ਦਲੀਪ ਨੇ ਵੀ ਸਹੁੰ ਖਾ ਲਈ ਕਿ ਤੇਰੇ ਬਿਨਾਂ ਸਾਰੀ ਉਮਰ ਕਿਸੇ ਦਾ ਨਹੀਂ ਹੋਵੇਗਾ। ਪੈਲੇਸ ਦੇ ਇਕ ਖੂੰਜੇ ਕੁਰਸੀ 'ਤੇ ਬੈਠਾ ਤਾਇਆ ਦਲੀਪ ਸਿਹੁੰ ਬਹੁਤ ਪਿੱਛੇ ਚਲਾ ਗਿਆ। 'ਕਿੰਨਾ ਕੁਝ ਬਦਲ ਗਿਆ, ਨਵੀਆਂ ਗੁੱਡੀਆਂ ਨਵੇਂ ਪਟੋਲੇ।'

'ਕਿਵੇਂ ਆ ਤਾਇਆ? ਠੀਕ ਆ?' ਨਿੰਕੋ ਨੇ ਤਾਏ ਨੂੰ ਹਲੂਣਿਆ। ਤਾਏ ਦੀ ਸੋਚਾਂ ਦੀ ਲੜੀ ਟੁੱਟ ਗਈ। 'ਹਾਂ ਸ਼ੇਰਾ ਠੀਕ ਹੀ ਆ, ਜੋ ਲੰਘੀ ਜਾਂਦੀ ਆ। ਬਹੁਤੀ ਲੰਘ ਗਈ ਥੋੜ੍ਹੀ ਰਹਿਗੀ।'

ਨਿੰਕੋ ਨੂੰ ਦੇਖ ਕੇ ਤਾਏ ਦੇ ਚਿਹਰੇ ਉਤੇ ਰੌਂ ਆ ਗਈ। ਉਸ ਨੇ ਇਕਦਮ ਪੁੱਛਿਆ,

'ਸ਼ੇਰਾ, ਤੇਰੀ ਬੇਬੇ ਨੀ ਆਈ?'

'ਆਈ ਆ ਤਾਇਆ।'

ਪਿੱਛੇ ਆਉਂਦੀ ਨਿੰਕੋ ਦੀ ਮਾਂ ਨੇ ਲੰਬਾ ਸਾਰਾ ਘੁੰਡ ਕੱਢ ਕੇ ਕਿਹਾ, 'ਰਾਜ਼ੀ " ਭਾਈ ਜੀ? ਹੋਰ ਤਾਂ ਸੁੱਖ ਸਾਂਦ ਆ?'

'ਹਾਂ, ਸਰਦਾਰਨੀਏ ਠੀਕ ਆ, ਤੂੰ ਦੱਸ'

'ਠੀਕ ਆ ਭਾਈ ਜੀ। ਨਿੰਕਾ ਕਹਿੰਦਾ ਸੀ ਕਿ ਤਾਏ ਨੂੰ ਦਿਲ ਦਾ ਦੌਰਾ...' 'ਹਾਂ ਸਰਦਾਰਨੀਏ ਬਸ, ਬਹੁਤੀ ਲੰਘ ਗਈ ਥੋੜ੍ਹੀ ਰਹਿ'ਗੀ। ਅਗਲੇ ਜਨਮ ਵਿਚ ਹੁਣ 'ਮੁੱਛ ਮਰੋੜ' ਬਣ ਕੇ ਆਊਂ।'

ਘੁੰਡ ਵਿਚੋਂ ਤੱਕਦੀ ਮੇਲੋ ਦਾ ਤ੍ਰਾਹ ਨਿਕਲ ਗਿਆ। ਪੈਲੇਸ ਵਿਚ ਡੀ ਜੇ ਦੀ ਕੰਨ ਪਾੜਵੀਂ ਆਵਾਜ਼ ਹੋਰ ਉਚੀ ਹੋ ਗਈ।

# ਬਸੰਤ ਪੰਚਮੀ ਬਨਾਮ ਬਸੰਤ ਰੁੱਤ

ਸਰਵਜੀਤ ਸਿੰਘ ਸੈਕਰਾਮੈਂਟੋ


ਚੰਦਰ-ਸੂਰਜੀ ਬਿਕ੍ਰਮੀ ਕੈਲੰਡਰ ਮੁਤਾਬਕ, ਚੰਦ ਦੇ ਮਾਘ ਮਹੀਨੇ ਦੀ ਸੁਦੀ ਪੰਚਮੀ ਨੂੰ ਮਨਾਏ ਜਾਣ ਵਾਲੇ ਤਿਉਹਾਰ ਨੂੰ ਬਸੰਤ ਪੰਚਮੀ ਕਿਹਾ ਜਾਂਦਾ ਹੈ। ਭਾਵੇਂ ਇਸ ਨੂੰ ਬਸੰਤ ਰੁੱਤ ਦੀ ਆਰੰਭ ਮੰਨਿਆ ਜਾਂਦਾ ਹੈ ਪਰ ਇਸ ਦਾ ਬਸੰਤ ਰੁੱਤ ਨਾਲ ਕੋਈ ਸਬੰਧ ਨਹੀਂ ਹੈ। ਰੁੱਤਾਂ ਦਾ ਸਬੰਧ ਸੂਰਜ ਨਾਲ ਹੈ ਨਾ ਕਿ ਚੰਦ ਨਾਲ। ਰੁੱਤ ਸਦਾ ਹੀ ਇਕ ਖਾਸ ਸਮੇਂ 'ਤੇ ਆਰੰਭ ਹੁੰਦੀ ਹੈ, ਪਰ ਬਸੰਤ ਪੰਚਮੀ ਹਰ ਸਾਲ ਵੱਖ-ਵੱਖ ਸਮੇਂ 'ਤੇ ਆਉਂਦੀ ਹੈ। ਜਿਵੇਂ 2020 ਵਿਚ ਬਸੰਤ ਪੰਚਮੀ 30 ਜਨਵਰੀ ਨੂੰ ਆਈ ਸੀ, 2021 ਵਿਚ 16 ਫਰਵਰੀ ਤੇ ਇਸ ਸਾਲ 2022 ਵਿਚ 5 ਫਰਵਰੀ ਅਤੇ 2023 ਵਿਚ ਇਹ 26 ਜਨਵਰੀ ਨੂੰ ਆਵੇਗੀ। ਬਸੰਤ ਪੰਚਮੀ ਆਮ ਤੌਰ 'ਤੇ 20 ਜਨਵਰੀ ਤੋਂ 17 ਫਰਵਰੀ ਦੇ ਦਰਮਿਆਨ ਆਉਂਦੀ ਹੈ।

ਬਸੰਤ ਪੰਚਮੀ, ਜਿਸ ਨੂੰ 'ਸ੍ਰੀ ਪੰਚਮੀ' ਜਾਂ 'ਸਰਸਵਤੀ ਪੂਜਾ' ਵੀ ਕਿਹਾ ਜਾਂਦਾ ਹੈ, ਦਾ ਸਬੰਧ ਦੇਵੀ ਸਰਸਵਤੀ ਨਾਲ ਮੰਨਿਆ ਜਾਂਦਾ ਹੈ। ਸਰਸਵਤੀ ਹਿੰਦੂ ਮੱਤ ਵਿਚ ਗਿਆਨ, ਸੰਗੀਤ ਅਤੇ ਕਲਾ ਦੀ ਦੇਵੀ ਮੰਨੀ ਜਾਂਦੀ ਹੈ। ਬਸੰਤ ਪੰਚਮੀ ਨੂੰ ਦੇਵੀ ਸਰਸਵਤੀ ਦਾ ਜਨਮ ਦਿਨ ਮਨਾਇਆ ਜਾਂਦਾ ਹੈ। 'ਹਿੰਦੂ ਮਿਥਿਹਾਸ ਕੋਸ਼' ਵਿਚ ਦਰਜ ਕਹਾਣੀ ਮੁਤਾਬਕ ਸਰਸਵਤੀ ਨੂੰ ਬ੍ਰਹਮਾ ਦੀ ਪਤਨੀ ਮੰਨਿਆ ਗਿਆ ਹੈ। ਭਾਰਤ ਦੇ ਕਈ ਹਿੱਸਿਆਂ ਵਿਚ ਬਹੁਤ ਹੀ ਉਤਸ਼ਾਹ ਅਤੇ ਖੁਸ਼ੀ ਨਾਲ ਬਸੰਤ ਪੰਚਮੀ ਦੇ ਦਿਨ ਸਰਸਵਤੀ ਦੀ ਪੂਜਾ ਕੀਤੀ ਜਾਂਦੀ ਹੈ। ਇਸ ਦਿਨ ਦੇ ਇਸ਼ਨਾਨ ਅਤੇ ਦਾਨ ਦਾ ਹਿੰਦ ਧਰਮ ਵਿਚ ਬਹੁਤ ਮਹੱਤਵ ਮੰਨਿਆ ਜਾਂਦਾ ਹੈ। ਬਸੰਤ ਪੰਚਮੀ ਵਾਲੇ ਦਿਨ ਕਈ ਥਾਵਾਂ ਉਤੇ ਸੰਗੀਤ ਸੰਮੇਲਨ ਅਤੇ ਕਵੀ-ਦਰਬਾਰ ਵੀ ਕਰਵਾਏ ਜਾਂਦੇ ਹਨ। ਜਿੱਥੇ ਇਸ ਦਿਨ ਪਤੰਗਬਾਜ਼ੀ ਦੇ ਮੁਕਾਬਲੇ ਹੁੰਦੇ ਹਨ, ਉਥੇ ਹੀ ਅੱਜ-ਕੱਲ੍ਹ ਚੀਨੀ ਡੋਰ ਕਾਰਨ ਦਰਦਨਾਕ ਹਾਦਸੇ ਵੀ ਵਾਪਰਦੇ ਹਨ।

ਬਸੰਤ, ਧਰਤੀ ਦੇ ਸੂਰਜ ਦੁਆਲੇ ਇਕ ਚੱਕਰ, ਜਿਸ ਨੂੰ ਸਾਲ ਕਹਿੰਦੇ ਹਨ, ਵਿਚ ਚਾਰ ਰੁੱਤਾਂ ਵਿਚੋਂ ਸਭ ਤੋਂ ਸੁਹਾਵਣੀ ਰੁੱਤ ਹੈ। ਆਪਣੇ ਦੇਸ਼ ਵਿਚ ਮੰਨੀਆਂ ਜਾਂਦੀਆਂ 6 ਰੁੱਤਾਂ ਵਿਚੋਂ ਇਕ ਰੁੱਤ, ਜੋ ਨਵੇਂ ਸਾਲ ਦੇ ਆਰੰਭ ਵਿਚ ਆਉਂਦੀ ਹੈ। ਬਸੰਤ ਰੁੱਤ ਨੂੰ ਪ੍ਰਕਿਰਤੀ ਵਿਚ ਇੱਕ ਨਵੀਂ ਚੇਤਨਾ ਦਾ ਸੂਚਕ ਮੰਨਿਆ ਜਾਂਦਾ ਹੈ, ਕਿਉਂਕਿ ਇਸ ਰੁੱਤ ਦੀ ਦਸਤਕ ਤੋਂ ਪਹਿਲਾਂ ਕੜਾਕੇ ਦੀ ਪੈ ਰਹੀ ਠੰਢ ਦਾ ਪ੍ਰਭਾਵ ਘਟ ਜਾਂਦਾ ਹੈ, ਦਰਖਤਾਂ ਦੀਆਂ ਨਵੀਆਂ ਕਰੂੰਬਲਾਂ ਫੁਟ ਪੈਂਦੀਆਂ ਹਨ। ਬਸੰਤ ਰੁੱਤ ਦੀ ਆਮਦ ਸਰਦ ਰੁੱਤ ਦੇ ਖਤਮ ਹੋਣ ਦੀ ਸੂਚਕ ਵੀ ਮੰਨੀ ਜਾਂਦੀ ਹੈ। ਪੰਜਾਬੀ ਅਖਾਣ ਵੀ ਇਸ ਦੀ ਤਸਦੀਕ ਕਰਦਾ ਹੈ। "ਆਈ ਬਸੰਤ-ਪਾਲਾ ਉਡੰਤ"।

ਉੱਤਰੀ ਅਰਧ ਗੋਲੇ ਵਿਚ, ਜਦੋਂ ਦਿਨ ਅਤੇ ਰਾਤ ਬਰਾਬਰ ਹੁੰਦੇ ਹਨ, ਉਸ ਦਿਨ ਤੋਂ ਬਸੰਤ ਰੁੱਤ ਦਾ ਆਰੰਭ ਮੰਨਿਆ ਜਾਂਦਾ ਹੈ। ਜੇ ਸਾਲ ਦੀ ਵੰਡ ਚਾਰ ਰੁੱਤਾਂ ਵਿਚ ਕੀਤੀ ਜਾਵੇ ਤਾਂ ਇਸ ਤਰ੍ਹਾਂ ਹੁੰਦੀ ਹੈ। ਬਸੰਤ 20 ਮਾਰਚ ਤੋਂ 20 ਜੂਨ, ਗਰਮੀ 21 ਜੂਨ ਤੋਂ 21 ਸਤੰਬਰ, ਪਤਝੜ 22 ਸਤੰਬਰ ਤੋਂ 20 ਦਸੰਬਰ ਅਤੇ ਸਿਆਲ 21 ਦਸੰਬਰ ਤੋਂ 19 ਮਾਰਚ। ਆਪਣੇ ਦੇਸ਼ ਵਿਚ ਸਾਲ ਦੀ ਵੰਡ 6 ਰੁੱਤਾਂ ਵਿਚ ਕੀਤੀ ਗਈ ਹੈ। ਗੁਰਬਾਣੀ ਵਿਚ ਵੀ 6 ਰੁੱਤਾਂ ਦਾ ਹੀ ਜ਼ਿਕਰ ਹੈ। ਉਸ ਮੁਤਾਬਕ ਚੇਤ-ਵੈਸਾਖ ਬਸੰਤ ਰੁੱਤ, ਜੇਠ-ਹਾੜ ਗ੍ਰੀਖਮ ਰੁੱਤ, ਸਾਵਣ-ਭਾਦੋਂ ਬਰਸੁ ਰੁੱਤ, ਅੱਸੂ-ਕੱਤਕ ਸਰਦ ਰੁੱਤ, ਮੱਘਰ-ਪੋਹ ਸਿਸੀਅਰ ਰੁੱਤ ਅਤੇ ਮਾਘ-ਫੱਗਣ ਹਿਮਕਰ ਰੁੱਤ।

ਇਕ ਹੋਰ ਵਸੀਲੇ ਮੁਤਾਬਕ 6 ਰੁੱਤਾਂ ਦੀ ਵੰਡ ਇਉਂ ਕੀਤੀ ਗਈ ਹੈ, ਬਸੰਤ ਰੁੱਤ 18 ਫਰਵਰੀ ਤੋਂ 20 ਅਪ੍ਰੈਲ, ਗਰਮੀ 21 ਅਪ੍ਰੈਲ ਤੋਂ 20 ਜੂਨ, ਬਰਸਾਤ 21 ਜੂਨ ਤੋਂ 22 ਅਗਸਤ, ਪੱਤਝੜ 23 ਅਗਸਤ ਤੋਂ 22 ਅਕਤੂਬਰ, ਸਰਦ ਰੁੱਤ 23 ਅਕਤੂਬਰ ਤੋਂ 20 ਦਸੰਬਰ ਅਤੇ ਹਿਮਕਰ ਭਾਵ ਅੱਤ ਦੀ ਸਰਦੀ 21 ਦਸੰਬਰ ਤੋਂ 17 ਫਰਵਰੀ।




ਗਰੈਗੋਰੀਅਨ ਕੈਲੰਡਰ ਜਿਸ ਦੇ ਸਾਲ ਦੀ ਲੰਬਾਈ ਧਰਤੀ ਦੇ ਸੂਰਜ ਦੁਆਲੇ ਇਕ ਚੱਕਰ ਦੇ ਸਮੇਂ ਬਰਾਬਰ ਹੈ, ਮੁਤਾਬਕ ਕੀਤੀ ਗਈ ਉਪਰੋਕਤ ਵੰਡ ਜ਼ਿਆਦਾ ਢੁਕਵੀਂ ਹੈ। ਬਾਣੀ ਦੀ ਪਾਵਨ ਪੰਕਤੀ "ਰਥੁ ਫਿਰੈ ਛਾਇਆ ਧਨ ਤਾਕੈ ਟੀਡੁ ਲਵੈ ਮੰਝਿ ਬਾਰੇ" (ਪੰਨਾ1108) ਵਿਚ "ਰਥੁ ਫਿਰੈ" ਦਾ ਭਾਵ ਸੂਰਜ ਦੇ ਰੱਥ ਤੋਂ ਹੈ। ਜਦੋਂ ਸੂਰਜ ਉਤਰਾਇਣ ਨੂੰ ਜਾ ਰਿਹਾ ਹੁੰਦਾ ਹੈ ਉੱਤਰੀ ਅਰਧ ਗੋਲੇ ਵਿਚ ਦਿਨ ਵੱਡਾ ਹੋ ਰਿਹਾ ਹੁੰਦਾ ਹੈ, ਤਾਂ 21 ਜੂਨ ਨੂੰ ਦਿਨ ਵਧਣੋਂ ਰੁਕ ਜਾਂਦਾ ਹੈ ਅਤੇ ਸੂਰਜ ਦਖਰਾਇਣ ਨੂੰ ਮੁੜ ਪੈਂਦਾ ਹੈ। ਉਸ ਦਿਨ ਤੋਂ ਉੱਤਰੀ ਭਾਰਤ ਵਿਚ ਵਰਖਾ ਰੁੱਤ ਦਾ ਆਰੰਭ ਮੰਨਿਆ ਜਾਂਦਾ ਹੈ। ਗੁਰੂ ਨਾਨਕ ਸਾਹਿਬ ਜੀ ਦੇ ਸਮੇਂ ਇਹ ਘਟਨਾ 16 ਹਾੜ ਨੂੰ ਵਾਪਰਦੀ ਸੀ। ਬਿਕ੍ਰਮੀ ਕੈਲੰਡਰ ਦੇ ਸਾਲ ਦੀ ਲੰਬਾਈ, ਅਸਲ ਸਾਲ ਦੀ ਲੰਬਾਈ ਵਿਚ ਅੰਤਰ ਹੋਣ ਕਾਰਨ ਹੁਣ ਇਹ ਘਟਨਾ 7 ਹਾੜ ਨੂੰ ਵਾਪਰਦੀ ਹੈ। ਜੇ ਅਜੇ ਵੀ ਸਾਲ ਦੀ ਲੰਬਾਈ ਨੂੰ ਨਾ ਸੋਧਿਆ ਗਿਆ ਤਾਂ ਇਹ ਫਰਕ ਵਧਦਾ ਹੀ ਜਾਵੇਗਾ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਤਾਂ ਆਲਮ ਹੀ ਨਿਰਾਲਾ ਹੈ। ਬਾਣੀ ਵਿਚ ਦਰਜ ਬਸੰਤ ਰਾਗ 'ਤੇ ਅਧਾਰਿਤ 'ਬਸੰਤ ਦੀ ਚੌਕੀ' ਦਾ ਆਰੰਭ ਸ੍ਰੀ ਦਰਬਾਰ ਸਾਹਿਬ ਵਿਖੇ ਲੋਹੜੀ ਵਾਲੀ ਰਾਤ ਅਤੇ ਬਾਕੀ ਗੁਰੂ ਅਸਥਾਨਾਂ 'ਤੇ ਮਾਘ ਦੀ ਸੰਗਰਾਂਦ ਤੋਂ ਕੀਤਾ ਜਾਂਦਾ ਹੈ ਅਤੇ ਸਮਾਪਤੀ ਹੋਲੇ ਮਹੱਲੇ 'ਤੇ ਤਖਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਕੀਤੀ ਜਾਂਦੀ ਹੈ। ਇਸ ਮੁਤਾਬਕ ਤਾਂ ਬਸੰਤ ਰੁੱਤ ਦਾ ਆਰੰਭ ਸੂਰਜੀ ਪੋਹ ਦੇ ਆਖਰੀ ਦਿਨ ਜਾਂ ਮਾਘ ਦੀ ਸੰਗਰਾਂਦ ਵਾਲੇ ਦਿਨ ਤੋਂ ਅਤੇ ਸਮਾਪਤੀ ਚੇਤ ਵਦੀ ਏਕਮ, ਭਾਵ ਹੋਲੇ ਮਹੱਲੇ ਵਾਲੇ ਦਿਨ ਹੁੰਦੀ ਹੈ। ਚੰਦ ਦੀ ਤਾਰੀਖ ਹੋਣ ਕਾਰਨ ਹੋਲੇ ਦੀ ਤਾਰੀਖ ਵੀ ਹਰ ਸਾਲ ਬਦਲ ਜਾਂਦੀ ਹੈ। ਜੋ ਹਰ ਸਾਲ ਤਕਰੀਬਨ 1 ਮਾਰਚ ਤੋਂ 28 ਮਾਰਚ ਦੇ ਦਰਮਿਆਨ ਆਉਂਦੀ ਹੈ। ਜੇ ਇਸ ਨੂੰ ਮੰਨ ਲਿਆ ਜਾਵੇ ਤਾਂ ਗ੍ਰੀਖਮ ਰੁੱਤ ਦਾ ਆਰੰਭ ਵੀ 1 ਮਾਰਚ ਤੋਂ 28 ਮਾਰਚ ਦੇ ਦਰਮਿਆਨ ਹੀ ਹੋਵੇਗਾ। ਜਿਵੇਂ ਕਿ ਉੱਪਰ ਵੇਖ ਆਏ ਹਾਂ, ਇਹ ਮੰਨਣ ਯੋਗ ਨਹੀਂ ਹੈ। ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ, ਰਾਮਕਲੀ ਰਾਗ ਵਿਚ ਪੰਚਮ ਪਾਤਸ਼ਾਹ ਜੀ ਵਲੋਂ ਉਚਾਰੀ ਗਈ ਪਾਵਨ ਪੰਕਤੀ, "ਰੁਤਿ ਸਰਸ ਬਸੰਤ ਮਾਹ ਚੇਤੁ ਵੈਸਾਖ ਸੁਖ ਮਾਸੁ ਜੀਉ" (ਪੰਨਾ927) ਵਿਚ ਸਪਸ਼ਟ ਤੌਰ 'ਤੇ ਦਰਜ ਹੈ ਕਿ ਬਸੰਤ ਦੀ ਰੁੱਤ ਚੇਤ-ਵੈਸਾਖ ਦੇ ਮਹੀਨਿਆਂ ਵਿਚ ਹੁੰਦੀ ਹੈ। ਫੇਰ ਪਤਾ ਨਹੀਂ ਕਿਉਂ ਸ਼੍ਰੋਮਣੀ ਕਮੇਟੀ ਬਸੰਤ ਰਾਗ ਦਾ ਗਾਇਨ 30 ਪੋਹ ਜਾਂ ਇਕ ਮਾਘ ਤੋਂ ਆਰੰਭ ਕਰਦੀ ਹੈ ਅਤੇ ਸਮਾਪਤੀ 18 ਫੱਗਣ ਤੋਂ 15 ਚੇਤ ਦਰਮਿਆਨ ਕਰਦੀ ਹੈ। ਪਰ, ਜਦੋਂ ਅਸੀਂ ਗੁਰਬਾਣੀ ਪੜ੍ਹਦੇ ਹਾਂ ਤਾਂ ਮਾਘ ਅਤੇ ਫੱਗਣ ਦੇ ਮਹੀਨੇ ਵਿਚ ਹਿਮਕਰ ਰੁੱਤ ਭਾਵ ਬਰਫਾਨੀ ਰੁੱਤ ਹੁੰਦੀ ਹੈ। "ਹਿਮਕਰ ਰੁਤਿ ਮਨਿ ਭਾਵਤੀ ਮਾਘੁ ਫਗਣੁ ਗੁਣਵੰਤ ਜੀਉ" (ਪੰਨਾ929)

"ਬਸੰਤ ਦੀ ਚੌਕੀ" ਮਾਘ-ਫੱਗਣ ਦੇ ਮਹੀਨੇ ਲਾਉਣ ਦੀ ਮਰਯਾਦਾ ਕਦੋਂ ਅਤੇ ਕਿਸ ਨੇ ਬਣਾਈ ਹੈ? ਇਹ ਸਵਾਲ, ਸਕੱਤਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸਕੱਤਰ ਧਰਮ ਪ੍ਰਚਾਰ ਕਮੇਟੀ, ਦਰਬਾਰ ਸਾਹਿਬ ਦੇ ਮੁੱਖ ਗ੍ਰੰਥੀ ਸਾਹਿਬਾਨ, ਕਈ ਹਜ਼ੂਰੀ ਰਾਗੀ ਜਥਿਆਂ ਅਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਵਿਦਵਾਨਾਂ ਨੂੰ ਪੁੱਛ ਚੁੱਕੇ ਹਾਂ। ਕਿਸੇ ਨੇ ਵੀ ਤਸੱਲੀਬਖ਼ਸ਼ ਜਵਾਬ ਨਹੀਂ ਦਿੱਤਾ। ਖੈਰ...! ਉਪ੍ਰੋਕਤ ਚਰਚਾ ਤੋਂ ਸਹਿਜੇ ਹੀ ਇਹ ਨਤੀਜਾ ਕਢਿਆ ਜਾ ਸਕਦਾ ਹੈ ਕਿ ਰੁੱਤਾਂ ਦਾ ਸਬੰਧ ਸੂਰਜ ਦੁਆਲੇ ਧਰਤੀ ਦੀ ਚਾਲ ਨਾਲ ਹੈ ਨਾ ਕਿ ਧਰਤੀ ਦੁਆਲੇ ਚੰਦ ਦੀ ਚਾਲ ਨਾਲ। ਧਰਤੀ ਤੇ ਰੁੱਤਾਂ ਦੀ ਅਦਲਾ ਬਦਲੀ ਰੁੱਤੀ ਸਾਲ ਦੀ ਲੰਬਾਈ ਮੁਤਾਬਕ ਹੁੰਦੀ ਹੈ, ਨਾ ਕਿ ਬਿਕ੍ਰਮੀ ਸਾਲ ਮੁਤਾਬਕ। ਬਸੰਤ ਪੰਚਮੀ, ਸਰਸਵਤੀ ਦੀ ਪੂਜਾ ਦਾ ਤਿਉਹਾਰ ਹੈ ਨਾ ਕਿ ਬਸੰਤ ਰੁੱਤ ਦਾ ਆਰੰਭ। ਗੁਰਬਾਣੀ ਮੁਤਾਬਕ ਬਸੰਤ ਰੁੱਤ ਚੇਤ ਅਤੇ ਵੈਸਾਖ ਦੇ ਮਹੀਨੇ ਵਿਚ ਹੁੰਦੀ ਹੈ ਨਾ ਕਿ ਮਾਘ-ਫੱਗਣ ਵਿਚ, ਜਦੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ "ਬਸੰਤ ਦੀ ਚੌਕੀ" ਭਾਵ ਬਸੰਤ ਰਾਗ ਦਾ ਕੀਰਤਨ ਕੀਤਾ ਜਾਂਦਾ ਹੈ।

# ਵਰਤੋਂ ਕੰਪਿਊਟਰ ਦੀ ਟਾਈਪ ਕਰਨਾ

ਆਪਣੀ ਸਮਰੱਥਾ ਅਤੇ ਸਪੀਡ ਬਣਾਈ ਰੱਖਣ ਲਈ ਠੀਕ ਵਿਧੀ ਨਾਲ਼ ਟਾਈਪ ਕਰਨਾ ਬਹੁਤ ਜ਼ਰੂਰੀ ਹੈ। ਬਹੁਤੇ ਟਾਈਪ ਕਰਤਾ ਆਪੇ ਸਿੱਖੇ ਹੋਏ ਹੁੰਦੇ ਹਨ, ਜਿਸ ਵਿਚ ਉਨ੍ਹਾਂ ਦੀ ਮਨਮਰਜ਼ੀ ਭਾਰੂ ਹੁੰਦੀ ਹੈ। ਠੀਕ ਵਿਧੀ ਨਾਲ਼ ਟਾਈਪ ਕਰਨਾ ਇਕ ਸਾਧਨਾ ਹੈ, ਕਲਾ ਹੈ। ਲਗਨ ਦੇ ਨਾਲ਼ ਯਤਨ ਕਰ ਕੇ ਇਸ ਨੂੰ ਹਰ ਕੋਈ ਸਿੱਖ ਸਕਦਾ ਹੈ। ਕੇਵਲ ਇਹ ਗਿਆਨ ਹੋਣਾ ਚਾਹੀਦਾ ਹੈ ਕਿ ਕਿਹੜਾ ਅੱਖਰ ਕਿਵੇਂ ਪੈਣਾ ਹੈ, ਉਸ ਦੇ ਅੱਗੇ-ਪਿੱਛੇ ਕਿਹੜਾ ਸਹਾਇਕ ਮੋਤੀ


**ਕਿਰਪਾਲ ਸਿੰਘ ਪੰਨੂੰ**
**ਫੋਨ: 365-994-8850,**
**ਡਾ. ਰਾਜਵਿੰਦਰ ਸਿੰਘ**
**ਫੋਨ: 94633-27683**

(ਪੰਕਚੂਏਸ਼ਨ) ਬੀੜਨਾ ਹੈ। ਅਭਿਆਸ ਨਾਲ਼ ਅੱਖਰਾਂ ਨੇ ਤੁਹਾਡੀਆਂ ਉਂਗਲ਼ਾਂ ਦੇ ਅੱਗੇ ਪਾਣੀ ਵਾਂਗੂੰ ਵਹਿਣਾ ਹੈ, ਤਾਲ ਵਿਚ ਨੱਚਣਾ ਹੈ। ਆਓ ਲੋੜੀਂਦਾ ਚਾਨਣ ਵਿਚਾਰੀਏ।

**ਸਿਧਾਈ:** ਕੀਅਬੋਰਡ ਅਤੇ ਵਰਤੋਂਕਾਰ ਕੁਦਰਤੀ ਸਿਧਾਈ ਵਿਚ ਹੋਣੇ ਚਾਹੀਦੇ ਹਨ। ਕੰਪਿਊਟਰ ਉੱਤੇ ਕੰਮ ਕਰਨ ਲੱਗਿਆਂ ਅੱਖਾਂ ਬੰਦ ਕਰ ਕੇ ਆਪਣੇ ਦੋਵੇਂ ਹੱਥ ਕੀਅਬੋਰਡ ਉੱਤੇ ਰੱਖੋ। ਉਹ ਦੋਵੇਂ ਹੀ ਲਗਭਗ ਠੀਕ ਕੀਅਜ਼ ਉੱਤੇ ਟਿਕਣੇ ਚਾਹੀਦੇ ਹਨ। ਕੀਅਬੋਰਡ ਦੇ ਬਟਨ 'ਐੱਫ ਅਤੇ ਜੇ' ਉੱਤੇ ਇੱਕ-ਇੱਕ ਸਟੱਡ ਬਣਿਆ ਹੋਇਆ ਹੈ। ਹੱਥ ਦੀ ਪਹਿਲੀ ਉਂਗਲ਼ ਨਾਲ਼ ਟੋਹ ਕੇ ਹੱਥ ਦੀ ਦਰੁਸਤੀ ਦੇਖ ਲੈਣੀ ਚਾਹੀਦੀ ਹੈ।

**ਆਧਾਰ:** ਇਸ ਕੀਅਬੋਰਡ ਦੇ ਚਿੱਤਰ ਵਿਚ ਦੇਖਿਆ ਜਾ ਸਕਦਾ ਹੈ ਕਿ ਕੈਪਸ ਅਤੇ ਐਂਟਰ ਵਾਲ਼ੀ ਸਤਰ ਵਿਚ ਏ, ਐੱਸ ਦੇ ਨਾਲ਼ ਐੱਫ ਅਤੇ ਜੇ ਆਦਿ ਬਟਨ ਹਨ। ਇਹ ਸਾਰੀ ਸਤਰ ਆਧਾਰ (ਬੇਸ) ਲਾਈਨ ਕਹਾਉਂਦੀ ਹੈ। ਕੋਈ ਵੀ ਉਂਗਲ਼ ਆਪਣਾ ਕੰਮ ਪੂਰਾ ਕਰਨ ਲਈ ਉੱਪਰ ਥੱਲੇ ਜਾ ਸਕਦੀ ਹੈ ਪਰ ਉਸ ਨੇ ਟਿਕਣਾ ਇਸ ਆਧਾਰ ਉੱਤੇ ਆ ਕੇ ਹੀ ਹੈ। ਹੱਥ ਟਿਕਾਉਣ ਵੇਲ਼ੇ ਵੀ ਸੱਜੇ ਹੱਥ ਦੀ ਪਹਿਲੀ ਉਂਗਲ 'ਜੇ' ਉੱਤੇ ਫਿਰ ਬਾਕੀ ਦੀਆਂ ਤਿੰਨੇ ਉਂਗਲਾਂ ਕੇ, ਐੱਲ ਅਤੇ ਸੈਮੀਕੋਲਨ ਉੱਤੇ ਟਿਕਾਉਣੀਆਂ ਹਨ। ਇਸੇ ਤਰ੍ਹਾਂ ਹੀ ਖੱਬਾ ਹੱਥ ਕੀਅਬੋਰਡ ਉੱਤੇ ਟਿਕਾਉਣ ਵੇਲ਼ੇ ਪਹਿਲੋਂ ਖੱਬੇ ਹੱਥ ਦੀ ਪਹਿਲੀ ਉਂਗਲ 'ਐੱਫ' ਉੱਤੇ ਅਤੇ ਬਾਕੀ ਦੀਆਂ ਡੀ, ਐੱਸ ਅਤੇ ਏ ਉੱਤੇ ਟਿਕਾਉਣੀਆਂ ਹਨ। ਦੋਵੇਂ ਅੰਗੂਠੇ ਸਪੇਸਬਾਰ ਉੱਤੇ ਟਿਕਾਉਣੇ ਹਨ।

**ਧੁਰ ਦਰਗਾਹੋਂ:** ਅੱਖਰਾਂ ਅਤੇ ਉਂਗਲਾਂ ਦਾ ਜੋੜ, ਵਿਆਹ ਵਾਂਗ, ਧੁਰ ਦਰਗਾਹੋਂ ਨਿਸ਼ਚਿਤ ਹੈ। ਦਸਾਂ ਉਂਗਲਾਂ ਵਿਚੋਂ ਹਰ ਉਂਗਲ ਨੂੰ ਕੀਅਜ਼ ਦਾ ਇੱਕ ਵਿਸ਼ੇਸ਼ ਸੈੱਟ ਟਾਈਪ ਕਰਨ ਲਈ ਮਿੱਥਿਆ ਗਿਆ ਹੈ। ਉਂਗਲਾਂ ਦੀ **ਹੱਦਬੰਦੀ** ਭਾਵੇਂ ਕਿ ਇਸ ਕੀਅਬੋਰਡ ਦੇ ਚਿੱਤਰ ਵਿਚ ਬਿਲਕੁਲ ਸਾਫ ਹੈ, ਫਿਰ ਵੀ ਵਰਣਨ ਕਰ ਦੇਣੀ ਠੀਕ




ਰਹੇਗੀ। ਕੇਂਦਰ ਵਿਚ ਇੱਕ ਪੀਲ਼ੇ ਰੰਗ ਦੀ ਸਭ ਤੋਂ ਲੰਮੀ ਤੇ ਮੋਟੀ ਲਾਈਨ ਹੈ। ਉਸ ਦੇ ਦੋਵੇਂ ਪਾਸੇ ਹੀ ਤੀਰ ਦੇ ਨਿਸ਼ਾਨ ਹਨ। ਇਹ ਜ਼ੀਰੋ ਲਾਈਨ ਭਾਵ ਬਾਰਡਰ ਹੈ। ਸੱਜੇ ਖੱਬੇ ਹੱਥ ਦੀਆਂ ਉਂਗਲਾਂ ਆਪੋ ਆਪਣੇ ਪਾਸੇ ਹੀ ਰਹਿੰਦੀਆਂ ਹਨ। ਦੂਜੇ ਪਾਸੇ ਜਾਣਾ ਭਾਰੀ ਗੁਨਾਹ ਹੈ। ਸੱਜੇ ਹੱਥ ਵਾਲ਼ੀ 'ਆਰ-1' ਹਲਕੇ ਲਾਲ ਰੰਗ ਦੇ ਅੱਖਰ ਟਾਈਪ ਕਰਦੀ ਹੈ, 'ਆਰ-2' ਨੀਲੇ ਰੰਗ ਦੇ ਚਾਰ, 'ਆਰ-3' ਹਰੇ ਰੰਗ ਦੇ ਚਾਰ ਅਤੇ 'ਆਰ-4' ਚੀਚੀ ਸੱਜੇ ਪਾਸੇ ਦੇ ਪੀਲ਼ੇ ਰੰਗ ਦੀਆਂ ਸਾਰੀਆਂ ਕੀਆਂ ਦਬਾਉਂਦੀ ਹੈ। ਇਹੋ ਕਾਰਵਾਈ ਖੱਬਾ ਹੱਥ ਆਪਣੀਆਂ ਉਂਗਲਾਂ ਨਾਲ਼ ਕਰਦਾ ਹੈ।

**ਧਿਆਨ ਯੋਗ ਨੁਕਤੇ:** ਟਾਈਪ ਕਰਦੇ ਸਮੇਂ ਇਹ ਨੁਕਤੇ ਸਦਾ ਹੀ ਧਿਆਨ ਵਿਚ ਰੱਖਣੇ ਚਾਹੀਦੇ ਹਨ: 1. ਉਂਗਲ ਨੂੰ ਕੀਅ ਉੱਤੇ ਪੰਛੀ ਦੇ ਚੋਗ ਚੁਗਣ ਵਾਂਗ ਮਾਰਨਾ ਚਾਹੀਦਾ ਹੈ। ਇੱਕ ਚੁੰਝ ਇੱਕ ਦਾਣਾ ਭਾਵ ਇੱਕ ਸਟਰੋਕ ਇੱਕ ਅੱਖਰ।

2. ਉਂਗਲ ਨੂੰ ਕੀਅ ਦੇ ਉੱਤੇ ਹਥੌੜੀ ਵਾਂਗ ਨਹੀਂ ਮਾਰਨਾ ਚਾਹੀਦਾ। ਸਗੋਂ ਇੱਕ ਉਂਗਲ ਦੇ ਦਬਾਉਣ ਦੀ ਖ਼ਬਰ ਦੂਸਰੀ ਉਂਗਲ ਨੂੰ ਨਹੀਂ ਹੋਣੀ ਚਾਹੀਦੀ।

**3.** ਉਂਗਲਾਂ ਕੀਅਬੋਰਡ ਦੀਆਂ ਲਾਈਨਾਂ ਦੇ ਉੱਪਰ ਥੱਲੇ ਜਾਣ ਲੱਗੀਆਂ ਤੀਰਾਂ ਦੀ ਸੇਧ ਅਪਣਾਉਂਦੀਆਂ ਹਨ। ਉੱਪਰ ਨੂੰ ਤੇ ਥੋੜ੍ਹੀ ਖੱਬੇ ਨੂੰ, ਹੇਠਾਂ ਨੂੰ ਤੇ ਥੋੜ੍ਹੀ ਸੱਜੇ ਨੂੰ। ਟਾਈਪ ਕਰਨ ਲਈ ਸਿਖਾਂਦਰੂ ਉਂਗਲਾਂ ਅਗਲੀਆਂ ਚਾਰ ਵਿਧੀਆਂ ਵਿਚੋਂ ਲੰਘਦੀਆਂ ਹਨ।

ੳ) ਸਲਾਈਡ ਵਿਧੀ; ਹੱਥ ਦੀਆਂ ਚਾਰੇ ਉਂਗਲਾਂ ਉੱਪਰ ਜਾਂ ਥੱਲੇ ਜਾਂਦੀਆਂ ਹਨ। ਆਪਣੀ ਕੀਅ ਦਬਾ ਕੇ ਮੁੜ ਆਪਣੇ ਆਧਾਰ ਉੱਤੇ ਆ ਜਾਂਦੀਆਂ ਹਨ।

ਅ) ਪਿਵਟ ਜਾਂ ਧੁਰੀ ਵਿਧੀ; ਹੱਥ ਦੀ ਕੇਵਲ ਇੱਕ ਕੀਅ ਹੀ ਉਂਗਲ ਅੱਗੇ ਪਿੱਛੇ ਜਾਂਦੀ ਹੈ ਅਤੇ ਦੂਸਰੀ ਕੋਈ ਵੀ ਇੱਕ ਉਂਗਲ ਆਪਣੀ ਆਧਾਰ ਕੀਅ ਨਾਲ਼ ਜੁੜੀ ਰਹਿੰਦੀ ਹੈ।

ੲ) ਮਿਲ਼ਵੀਂ ਵਿਧੀ; ਇਸ ਵਿਚ ੳ ਅਤੇ ਅ ਦੀਆਂ ਦੋਵੇਂ ਵਿਧੀਆਂ ਰਲ਼ ਕੇ ਵਰਤ ਲਈਆਂ ਜਾਂਦੀਆਂ ਹਨ। ਵਰਤੋਂਕਾਰ ਨੂੰ ਜਿਹੜੀ ਕੀਅ ਲਈ ਸਲਾਈਡ ਜਾਂ ਪਿਵਟ ਠੀਕ ਲਗਦੀ ਹੈ, ਉਹੋ ਹੀ ਵਰਤ ਲੈਂਦਾ ਹੈ।

ਸ) ਆਜ਼ਾਦ ਜਾਂ ਮੁਕਤ ਵਿਧੀ; ਜਦੋਂ ਟਾਈਪ ਕਰਦਿਆਂ ਵਰਤੋਂਕਾਰ ਦਾ ਕਾਫੀ ਅਭਿਆਸ ਹੋ ਜਾਂਦਾ ਹੈ ਫਿਰ ਉਹ ਕਿਸੇ ਵੀ ਵਿਧੀ ਨਾਲ਼ ਬੱਝਾ ਨਹੀਂ ਰਹਿੰਦਾ ਸਗੋਂ ਉੱਪਰ ਥੱਲੇ ਆਜ਼ਾਦ ਉਂਗਲਾਂ ਮਾਰਦਾ ਹੈ।

4. ਸੱਜੇ ਹੱਥ ਦੀ ਉਂਗਲ ਨਾਲ਼ ਜੇ ਕੈਪੀਟਲ ਅੱਖਰ ਪਾਉਣਾ ਹੈ ਤਾਂ ਸ਼ਿਫਟ ਕੀਅ ਖੱਬੀ ਚੀਚੀ ਨਾਲ਼ ਦਬਾਉਣੀ ਹੈ। ਜੇ ਖੱਬੇ ਹੱਥ ਨਾਲ਼ ਪਾਉਣਾ ਹੈ ਤਾਂ ਸ਼ਿਫਟ ਕੀਅ ਸੱਜੀ ਉਂਗਲ ਨਾਲ਼ ਦੱਬਣੀ ਹੈ। 5. ਟਾਈਪ ਕਰਦਿਆਂ ਸਪੀਡ ਨਾਲੋਂ ਦਰੁਸਤੀ ਨੂੰ ਪਹਿਲ ਦੇਣੀ ਹੈ। 6. ਜੇ ਅੱਖਰ ਗ਼ਲਤ ਪੈ ਜਾਵੇ ਤਾਂ ਉਸਨੂੰ ਉਸੇ ਵੇਲ਼ੇ ਹੀ ਠੀਕ ਕਰਨਾ ਹੈ। ਨਹੀਂ ਤਾਂ ਉਂਗਲੀ ਨੂੰ ਗ਼ਲਤ ਅੱਖਰ ਪਾਉਣ ਦੀ ਆਦਤ ਪੱਕ ਜਾਏਗੀ। 7. ਸੁਸਤੀ ਜਾਂ ਲਾਪ੍ਰਵਾਹੀ ਹੱਥੋਂ ਕਦੀ ਵੀ ਨਾ ਤਾਂ ਇੱਕ ਵੀ ਸਟਰੋਕ ਘੱਟ ਮਾਰਨੀ ਹੈ, ਜਿਵੇਂ ਇੱਕ, ਵਿਚ ਆਦਿ ਨਾਲ਼ ਅੱਧਕ ਨਾ ਟਾਈਪ ਕਰਨੀ ਅਤੇ ਨਾ ਹੀ ਵੱਧ, ਜਿਵੇਂ ਵਾਧੂ ਸਪੇਸਾਂ ਪਾਉਣੀਆਂ। ਕੰਪਿਊਟਰ ਵਿਚ ਹਰ ਇੱਕ ਰੰਗ ਰੂਪ ਸੁਆਰਨ ਲਈ ਕਮਾਂਡਾਂ ਬਣੀਆਂ ਹੋਈਆਂ ਹਨ। ਠੀਕ ਥਾਂ ਉੱਤੇ ਠੀਕ ਅਤੇ ਇੱਕ ਹੀ ਕਮਾਂਡ ਦੇਣੀ ਹੈ, ਜਿਵੇਂ ਵਾਰ-ਵਾਰ ਸਪੇਸ ਦੱਬ ਕੇ ਸਿਰਲੇਖ ਨੂੰ ਸੈਂਟਰ ਕਰਨ ਦੀ ਥਾਂ 'ਕੰਟਰੋਲ + ਈ' ਕਮਾਂਡ ਦੇਣੀ। 8. ਕੰਟਰੋਲ + ਐੱਸ ਦੱਬ ਕੇ ਹਰ ਪੰਜ ਸੱਤ ਮਿੰਟ ਪਿੱਛੋਂ ਆਪਣੇ ਕੰਮ ਨੂੰ ਸੰਭਾਲਣਾ। ਨਹੀਂ ਤਾਂ ਪਿੱਛੋਂ ਪਛਤਾਉਣਾ ਪੈਂਦਾ ਹੈ। 9. ਦੋਵੇਂ ਅੰਗੂਠੇ ਸਦਾ ਸਪੇਸਬਾਰ ਦੇ ਸੰਪਰਕ ਵਿਚ ਰਹਿਣੇ ਚਾਹੀਦੇ ਹਨ। ਕਿਸੇ ਵੀ ਅੰਗੂਠੇ ਨਾਲ਼ ਸਪੇਸਬਾਰ ਦਬਾਈ ਜਾ ਸਕਦੀ ਹੈ। ਯਾਦ ਰਹੇ ਸਪੇਸ ਦੋ ਸ਼ਬਦਾਂ ਵਿਚ ਕੇਵਲ ਇੱਕ



ਵਾਰ ਹੀ ਪਾਈ ਜਾਂਦੀ ਹੈ। ਕਿਤੇ ਵੀ ਇਕੱਠੀਆਂ ਦੋ ਸਪੇਸਾਂ ਪਾਈਆਂ ਹੋਈਆਂ ਅਨਾੜੀ ਹੋਣ ਦਾ ਸਰਟੀਫਿਕੇਟ ਹਨ। 10. ਟਾਈਪ ਕਰਨ ਵੇਲ਼ੇ 1. ਕੀਅਬੋਰਡ, 2. ਟਾਈਪ ਕੀਤੇ ਜਾਣ ਵਾਲ਼ੀ ਕਿਤਾਬ ਜਾਂ ਦਸਤਾਵੇਜ਼ ਅਤੇ 3. ਮੌਨੀਟਰ, ਇਨ੍ਹਾਂ ਤਿੰਨਾਂ ਵਿਚੋਂ ਕੇਵਲ ਕਿਤਾਬ ਉੱਤੇ ਹੀ ਅੱਖ ਰੱਖਣੀ ਹੁੰਦੀ ਹੈ। ਕਦੀ-ਕਦੀ ਮੌਨੀਟਰ ਉੱਤੇ ਉਡਦੀ ਝਾਤ ਮਾਰ ਲੈਣੀ ਹੁੰਦੀ ਹੈ ਕਿ ਟਾਈਪ ਠੀਕ ਹੋ ਰਿਹਾ ਹੈ। ਠੀਕ ਵਿਧੀ ਨਾਲ਼ ਟਾਈਪ ਸਿੱਖਣ ਲਈ ਕੁੱਝ ਵੱਧ ਸਮਾਂ ਲੱਗ ਸਕਦਾ ਹੈ ਪਰ ਫਿਰ ਸਾਰੀ ਉਮਰ ਤੁਹਾਡੇ ਸਮੇਂ ਵਿਚ ਢੇਰ ਬੱਚਤ ਹੁੰਦੀ ਰਹੇਗੀ। ਟਾਈਪ ਕਰਦਿਆਂ ਬੈਠਣਾ ਕਿਵੇਂ ਹੈ? ਦੇਖੋ ਉੱਪਰਲੀ ਤਸਵੀਰ।

**ਸੂਚਨਾ:** ਟਾਈਪ ਕਰਨ ਵੇਲ਼ੇ ਉਂਗਲਾਂ ਦਾ ਸਹੀ ਥਾਂ 'ਤੇ ਹੋਣ ਦਾ ਧਿਆਨ ਰੱਖਣਾ ਕੇਵਲ ਟਾਈਪ ਕਰਨ ਵੇਲ਼ੇ ਹੀ ਜ਼ਰੂਰੀ ਹੈ। ਰਚਨਾ ਵਿਚ ਸੋਧ ਸੁਧਾਈ ਕਰਨ ਵੇਲ਼ੇ ਆਪਣੀ ਸੌਖ ਅਨੁਸਾਰ ਕਿਸੇ ਵੀ ਉਂਗਲ ਤੋਂ ਕੋਈ ਵੀ ਕੰਮ ਲਿਆ ਜਾ ਸਕਦਾ ਹੈ। (ਚਲਦਾ...)

## ਮੁੱਕੇਬਾਜ਼ ਲੇਖਕ ਮਨਦੀਪ ਸੁਨਾਮ

*(ਸਫਾ 15 ਦਾ ਬਾਕੀ)*

ਸਿਰ 'ਤੇ ਨੌਕਰੀ ਲੈਣਾ ਹੀ ਹੁੰਦਾ ਹੈ। ਲੋੜ ਹੈ ਇਸ ਸੋਚ ਨੂੰ ਬਦਲਣ ਦੀ। ਅੱਜ ਜਿਸ ਮੁਕਾਮ 'ਤੇ ਸਾਡਾ ਖੇਡ ਸਿਤਾਰਾ ਨੀਰਜ ਚੋਪੜਾ ਪਹੁੰਚਿਆ ਹੈ ਤੇ ਸ਼ੋਹਰਤ ਦੀ ਜਿਸ ਸਿਖਰ 'ਤੇ ਹੈ, ਉਸ ਤੋਂ ਵੱਧ ਦੁਨੀਆਂ ਵਿਚ ਕੁੱਝ ਵੀ ਨਹੀਂ। ਪਰ ਅਜੇ ਵੀ ਦੇਸ਼ ਨੂੰ ਉਸ ਤੋਂ ਬਹੁਤ ਉਮੀਦਾਂ ਹਨ ਤੇ ਪਰਮਾਤਮਾ ਕਰੇ ਉਹ ਦੇਸ਼ ਲਈ ਅਗਲੀ ਓਲੰਪਿਕ ਵਿਚ ਵੀ ਗੋਲਡ ਮੈਡਲ ਜਿੱਤੇ। ਜਾਂਦੇ ਜਾਂਦੇ ਇੱਕ ਸਵਾਲ ਹੈ, ਕਿਹੜੀ ਸੰਜੀਵਨੀ ਬੂਟੀ ਲਿਆਈਏ ਕਿ ਸਾਡੇ ਦੇਸ਼ ਦੇ ਨੌਜਵਾਨ ਨੀਰਜ ਚੋਪੜਾ ਦੇ ਪਦ ਚਿੰਨ੍ਹਾਂ 'ਤੇ ਚਲਦੇ ਹੋਏ ਮਿਹਨਤ ਦੀ ਭੱਠੀ ਵਿਚ ਤਪ ਕੇ ਦੇਸ਼ ਦੇ ਝੰਡੇ ਨੂੰ ਹੋਰ ਬੁਲੰਦ ਕਰ ਸਕਣ?

### ਸਰੀਰਕ ਸਿੱਖਿਆ ਅਧਿਆਪਕਾਂ ਦਾ ਰੋਲ

ਸਿੱਖਿਆ ਦਾ ਮੁੱਖ ਮੰਤਵ ਮਨੁੱਖ ਦਾ ਸਰਵਪੱਖੀ ਵਿਕਾਸ ਕਰਨਾ ਹੁੰਦਾ ਹੈ। ਸਰਵਪੱਖੀ ਵਿਕਾਸ ਸਰੀਰਕ ਵਿਕਾਸ ਤੋਂ ਬਿਨਾਂ ਅਧੂਰਾ ਰਹਿੰਦਾ ਹੈ ਕਿਉਂਕਿ ਮਨੁੱਖੀ ਸਰੀਰ ਹੀ ਹਰ ਚੀਜ਼ ਦਾ ਧੁਰਾ ਹੈ। ਸਾਡੇ ਦੇਸ਼ ਵਿਚ ਇਸ ਸਮੇਂ ਬੇਸ਼ੱਕ 'ਫਿੱਟ ਇੰਡੀਆ' ਅਤੇ 'ਖੇਲੋ ਇੰਡੀਆ' ਵਰਗੀਆਂ ਸਕੀਮਾਂ ਦੇ ਪ੍ਰਚਾਰ ਨੂੰ ਵਧ-ਚੜ੍ਹ ਕੇ ਹੁਲਾਰਾ ਦਿੱਤਾ ਜਾ ਰਿਹਾ ਹੈ ਪਰ ਜ਼ਮੀਨੀ ਪੱਧਰ 'ਤੇ ਇਹ ਸਕੀਮਾਂ ਕਿਧਰੇ ਵੀ ਨਜ਼ਰ ਨਹੀਂ ਆਉਂਦੀਆਂ। ਜਦੋਂ ਤੱਕ ਬੱਚਿਆਂ ਨੂੰ ਖੇਡਾਂ ਤੇ ਸਰੀਰਕ ਸਿੱਖਿਆ ਦਾ ੳ ਅ ਪੜ੍ਹਾਉਣ ਵਾਲੇ ਅਧਿਆਪਕ ਹੀ ਨਹੀਂ ਹੋਣਗੇ ਤਾਂ ਇਹ ਕਰੋੜਾਂ ਰੁਪਏ ਖਰਚ ਕੇ ਬਣਾਈਆਂ ਗਈਆਂ ਸਕੀਮਾਂ ਦਾ ਕੋਈ ਫਾਇਦਾ ਨਹੀਂ। ਇਹ ਸਿਰਫ਼ ਇਸ਼ਤਿਹਾਰਾਂ ਦੀਆਂ ਸੁਰਖੀਆਂ ਬਣ ਕੇ ਰਹਿ ਜਾਂਦੀਆਂ ਹਨ। ਸਰੀਰਕ ਸਿੱਖਿਆ ਅਤੇ ਖੇਡਾਂ ਦੇ ਅਧਿਆਪਕ, ਜੋ ਬੱਚਿਆਂ ਨੂੰ ਉਂਗਲ ਫੜ ਕੇ ਮੈਦਾਨਾਂ ਵਿਚ ਲਿਜਾਂਦੇ ਹਨ, ਉਨ੍ਹਾਂ ਦੀ ਇਸ ਸਮੇਂ ਸਾਡੇ ਦੇਸ਼ ਵਿਚ ਕਿੰਨੀ ਕੁ ਕਦਰ ਹੈ, ਉਹ ਸਭ ਦੇ ਸਾਹਮਣੇ ਹੈ। ਖੇਡ ਨਰਸਰੀਆਂ ਭਾਵ ਸਕੂਲਾਂ ਵਿਚ ਖਿਡਾਰੀ ਰੂਪੀ ਬੂਟਿਆਂ ਨੂੰ ਪਾਣੀ ਦੇ ਕੇ ਵੱਡੇ ਕਰਨ ਵਾਲੇ ਇਨ੍ਹਾਂ ਮਾਲੀ ਰੂਪੀ ਗੁਰੂ ਦਰੋਣਾਚਾਰੀਆਂ ਬਾਰੇ ਚਰਚਾ ਕਰੀਏ ਕਿ ਕਿਵੇਂ ਦੇਸ਼ ਵਿਚ ਸੁਚੱਜਾ ਖੇਡ ਵਾਤਾਵਰਨ ਪੈਦਾ ਕਰਨ ਲਈ ਇਨ੍ਹਾਂ ਦੀ ਸਖਤ ਲੋੜ ਹੈ।

ਆਦਿ ਕਾਲ ਤੋਂ ਹੀ ਰਾਜੇ-ਮਹਾਰਾਜੇ ਵੀ ਗੁਰੂਕੁਲਾਂ ਵਿਚ ਸ਼ਸ਼ਤਰ ਵਿੱਦਿਆ ਦੇ ਨਾਲ-ਨਾਲ ਸਰੀਰਕ ਬਲ ਵਧਾਉਣ ਲਈ ਆਪਣੇ ਮਹਿਲਾਂ ਤੋਂ ਦੂਰ ਰਹਿੰਦੇ ਸਨ। ਰਾਮਾਇਣ ਅਤੇ ਮਹਾਭਾਰਤ ਕਾਲ ਤੋਂ ਹੀ ਇਨ੍ਹਾਂ ਗੁਰੂਆਂ ਵੱਲੋਂ ਤਿਆਰ ਕੀਤੇ ਗਏ ਯੋਧੇ ਤੇ ਮਹਾਬਲੀਆਂ ਦੀਆਂ ਗਾਥਾਵਾਂ ਸਾਰੇ ਸੰਸਾਰ ਸਾਹਮਣੇ ਹਨ। ਅਜੋਕੇ ਯੁਗ ਵਿਚ ਸਕੂਲ ਹੀ ਪਹਿਲੀ ਗੁਰੂਸ਼ਾਲਾ ਹਨ ਜਿਨ੍ਹਾਂ ਵਿਚ ਬੱਚਿਆਂ ਨੂੰ ਖੇਡਾਂ ਵੱਲ ਪ੍ਰੇਰਿਤ ਕਰਨ ਦੇ ਨਾਲ-ਨਾਲ ਦੇਸ਼ ਲਈ ਖੇਡ ਪਨੀਰੀ ਤਿਆਰ ਕੀਤੀ ਜਾਂਦੀ ਹੈ ਅਤੇ ਖੇਡ ਤੇ ਸਰੀਰਕ ਸਿੱਖਿਆ ਅਧਿਆਪਕ ਹੀ ਬੱਚਿਆਂ ਨੂੰ ਖੇਡਾਂ ਦੀ ਚੇਟਕ ਲਗਾਉਂਦੇ ਹਨ। ਸਕੂਲਾਂ ਵਿਚ ਖੇਡ ਅਤੇ ਸਰੀਰਕ ਸਿੱਖਿਆ ਅਧਿਆਪਕਾਂ ਦੀ ਲੋੜ ਸਭ ਤੋਂ ਜ਼ਿਆਦਾ ਹੁੰਦੀ ਹੈ ਪਰ ਅੱਜ ਇਨ੍ਹਾਂ ਦੀ ਭਰਤੀ ਨਾਮਾਤਰ ਹੈ। ਜੇਕਰ ਜ਼ਮੀਨੀ ਪੱਧਰ 'ਤੇ ਹੀ ਬੱਚਿਆਂ ਨੂੰ ਖੇਡ ਵਾਤਾਵਰਨ ਨਹੀਂ ਮਿਲੇਗਾ ਤਾਂ ਉਹ ਕਿੰਜ ਖੇਡ ਨੂੰ ਆਪਣੇ ਜੀਵਨ ਦਾ ਅੰਗ ਬਣਾ ਕੇ ਆਪਣੇ ਦੇਸ਼ ਲਈ ਵਿਸ਼ਵ ਪੱਧਰ 'ਤੇ ਨਾਮਣਾ ਖੱਟਣਗੇ? ਇਸ ਲਈ ਪ੍ਰਾਇਮਰੀ ਪੱਧਰ ਤੋਂ ਹੀ ਵਿਦਿਆਰਥੀਆਂ ਲਈ ਵਿਸ਼ੇਸ਼ ਖੇਡ ਅਧਿਆਪਕਾਂ ਅਤੇ ਖੇਡ ਵਾਤਾਵਰਨ ਦਾ ਹੋਣਾ ਜ਼ਰੂਰੀ ਹੈ। ਦੇਸ਼ 'ਚ ਵੱਡੀਆਂ ਖੇਡ ਸਕੀਮਾਂ ਜੋ ਕਰੋੜਾਂ ਰੁਪਏ ਖਰਚ ਕੇ ਬਣਾਈਆਂ ਜਾ ਰਹੀਆਂ ਹਨ, ਇਹ ਤਦ ਹੀ ਸਿਰੇ ਚੜ੍ਹ ਸਕਦੀਆਂ ਹਨ, ਜੇ ਨਰਸਰੀ ਪੱਧਰ ਤੋਂ ਖਿਡਾਰੀ ਤਿਆਰ ਕੀਤੇ ਮਿਲਣਗੇ। ਇਸ ਲਈ ਸਰਕਾਰਾਂ ਨੂੰ ਸਕੂਲਾਂ ਵਿਚ ਖੇਡ ਅਧਿਆਪਕ ਲਾਉਣ ਵੱਲ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ।

# ਕਾਮੇਡੀ ਤੇ ਪਿਆਰ ਦੇ 'ਸ਼ੱਕਰਪਾਰੇ'

ਨਵਾਂ ਸਾਲ ਪੰਜਾਬੀ ਸਿਨਮੇ ਲਈ ਬਹੁਤ ਕੁਝ ਨਵਾਂ ਅਤੇ ਦਿਲਚਸਪ ਲੈ ਕੇ ਆ ਰਿਹਾ ਹੈ। ਇਸ ਗੱਲ ਦਾ ਅੰਦਾਜ਼ਾ ਫ਼ਿਲਮ 'ਸ਼ੱਕਰਪਾਰੇ' ਤੋਂ ਲਾਇਆ ਜਾ ਸਕਦਾ ਹੈ। ਆਪਾਂ ਜਾਣਦੇ ਹੀ ਹਾਂ ਕਿ 'ਸ਼ੱਕਰਪਾਰੇ' ਪੰਜਾਬ ਦੀ ਰਵਾਇਤੀ ਮਠਿਆਈ ਦਾ ਨਾਂ ਹੈ, ਜਿਸਦੀ ਮਹਿਕ ਅਤੇ ਮਿਠਾਸ ਬਿਨਾਂ ਕੋਈ ਵੀ ਵਿਆਹ ਅਧੂਰਾ ਹੁੰਦਾ ਹੈ। ਪੰਜਾਬੀ ਸਿਨਮੇ ਵਿਚ 'ਸ਼ੱਕਰਪਾਰੇ' ਦੀ ਸ਼ਮੂਲੀਅਤ ਦਰਸ਼ਕਾਂ ਨੂੰ ਨਵੇਂ ਮਨੋਰੰਜਨ ਭਰੇ ਸੁਆਦ ਨਾਲ ਜੋੜੇਗੀ।

ਗੋਲਡਨ ਕੀ ਐਂਟਰਟੇਨਮੈਂਟ ਦੇ ਬੈਨਰ ਹੇਠ ਨਿਰਮਾਤਾ ਵਿਸ਼ਨੂ ਕੇ ਪੋਡਰ ਅਤੇ ਪੁਨੀਤ ਚਾਵਲਾ ਦੀ ਇਸ ਫਿਲਮ ਦਾ ਹੀਰੋ ਇਕਲੱਵਿਆ ਪਦਮ ਹੈ, ਜੋ ਇਸ ਫਿਲਮ ਰਾਹੀਂ ਆਪਣੇ ਫਿਲਮੀ ਸਫਰ ਦਾ ਆਗਾਜ਼ ਕਰ ਰਹੇ ਹਨ। ਨਿਰਦੇਸ਼ਕ ਵਰੁਣ ਐਸ ਖੰਨਾ ਦਾ ਕਹਿਣਾ ਹੈ ਕਿ ਇਸ ਨਿਵੇਕਲੀ ਫ਼ਿਲਮ ਦੀ ਕਹਾਣੀ ਮੌਜੂਦਾ ਸਿਨਮੇ ਤੋਂ ਬਹੁਤ ਹਟਵੀਂ ਅਤੇ ਦਿਲਚਸਪ ਹੋਵੇਗੀ। ਪਿਆਰ-ਮੁਹੱਬਤ ਅਤੇ ਕਾਮੇਡੀ ਨਾਲ ਭਰਪੂਰ ਫ਼ਿਲਮ 'ਸ਼ੱਕਰਪਾਰੇ' ਵਿਚ ਇਕਲੱਵਿਆ ਪਦਮ ਤੇ ਲਵ ਗਿੱਲ ਦੀ ਖ਼ੂਬਸੂਰਤ ਜੋੜੀ ਨੇ ਮੁੱਖ ਭੂਮਿਕਾ ਨਿਭਾਈ ਹੈ ਜਦਕਿ ਸਰਦਾਰ ਸੋਹੀ, ਸ਼ਵਿੰਦਰ ਮਾਹਲ, ਨਿਰਮਲ ਰਿਸ਼ੀ, ਸੀਮਾ ਕੌਸ਼ਲ, ਹਨੀ ਮੱਟੂ, ਦਿਲਾਵਰ ਸਿੱਧੂ, ਰਮਨਦੀਪ ਜੱਗਾ, ਅਰਸ਼ ਹੁੰਦਲ, ਗੋਨੀ ਸੱਗੂ ਅਤੇ ਮੋਨਿਕਾ ਆਦਿ ਅਹਿਮ ਕਿਰਦਾਰਾਂ ਵਿਚ ਨਜ਼ਰ ਆਉਣਗੇ। ਇਸ ਫ਼ਿਲਮ ਦੇ ਪੋਸਟਰ 'ਚ ਵਿਖਾਏ ਇਕ ਪਿਆਰੇ ਜਿਹੇ ਕਤੂਰੇ ਦਾ ਵੀ ਅਹਿਮ ਕਿਰਦਾਰ ਲੱਗਦਾ ਹੈ। ਵੇਖਦੇ ਹਾਂ ਕਿ ਇਹ ਕਤੂਰਾ ਫਿਲਮ ਵਿਚਲੇ ਦੋ ਪ੍ਰੇਮੀਆਂ ਨੂੰ ਮਿਲਾਉਂਦਾ ਹੈ ਜਾਂ ਫਿਰ ਪਿਆਰ ਵਿਚ ਰੋੜਾ ਬਣਦਾ ਹੈ।

ਫ਼ਿਲਮ ਦੀ ਹੀਰੋਇਨ ਲਵ ਗਿੱਲ ਜਾਣੀ-ਪਛਾਣੀ ਅਦਾਕਾਰਾ ਹੈ, ਜਿਸ ਨੇ ਇਸ ਤੋਂ ਪਹਿਲਾਂ ਛੋਟੇ ਪਰਦੇ ਦੇ ਅਨੇਕਾਂ ਲੜੀਵਾਰਾਂ ਤੋਂ ਇਲਾਵਾ



ਪੰਜਾਬੀ ਫ਼ਿਲਮ 'ਕੁੜੀਆਂ ਜਵਾਨ ਬਾਪੂ ਪ੍ਰੇਸ਼ਾਨ' ਵਿਚ ਵੀ ਮੁੱਖ ਭੂਮਿਕਾ ਨਿਭਾਈ ਹੈ। ਫਿਲਮ ਦਾ ਹੀਰੋ ਇਕਲਵਿਆ ਪਦਮ ਵੀ ਕਮਾਲ ਦਾ ਅਦਾਕਾਰ ਹੈ। ਉਸ ਨੇ ਇਸ ਫਿਲਮ ਰਾਹੀਂ ਵੱਡੇ ਪਰਦੇ ਵੱਲ ਕਦਮ ਵਧਾਇਆ ਹੈ, ਉਮੀਦ ਹੈ ਕਿ ਦੋਵਾਂ ਦੀ ਜੋੜੀ ਪੰਜਾਬੀ ਦਰਸ਼ਕਾਂ ਨੂੰ ਜ਼ਰੂਰ ਪਸੰਦ ਆਵੇਗੀ।

ਫ਼ਿਲਮ ਦੀ ਕਹਾਣੀ ਵਿਵੇਕ ਮਿਸ਼ਰਾ ਨੇ ਲਿਖੀ ਹੈ। ਡਾਇਲਾਗ ਜੱਸੀ ਢਿੱਲੋਂ ਅਤੇ ਸਰਬਜੀਤ ਸੰਧੂ ਨੇ ਲਿਖੇ ਹਨ। ਇਸ ਫ਼ਿਲਮ ਦੀ ਸ਼ੂਟਿੰਗ ਚੰਡੀਗੜ੍ਹ, ਮੋਹਾਲੀ ਅਤੇ ਮਨਾਲੀ ਦੀਆਂ ਸ਼ਾਨਦਾਰ ਲੋਕੇਸ਼ਨਾਂ 'ਤੇ ਕੀਤੀ ਗਈ ਹੈ ਤੇ ਬਹੁਤ ਜਲਦ ਇਹ ਫ਼ਿਲਮ ਪੰਜਾਬੀ ਸਿਨੇਮਿਆਂ ਦਾ ਸ਼ਿੰਗਾਰ ਬਣਨ ਜਾ ਰਹੀ ਹੈ। ਪਿਆਰ-ਮੁਹੱਬਤ ਦੇ ਰੰਗਾਂ ਵਿਚ ਰੰਗੀ ਇਹ ਫਿਲਮ ਪੰਜਾਬੀ ਦਰਸ਼ਕਾਂ ਨੂੰ ਨਵੇਂ ਮਨੋਰੰਜਨ ਨਾਲ ਨਿਹਾਲ ਕਰੇਗੀ।

***-ਸੁਰਜੀਤ ਜੱਸਲ***
***ਫੋਨ: 98146-07737***

# ਕਾਵਿਕ ਵਾਰਤਕ ਦਾ ਬਾਦਸ਼ਾਹ ਡਾ. ਗੁਰਬਖ਼ਸ਼ ਸਿੰਘ ਭੰਡਾਲ

ਇਕ ਦਿਨ ਮੇਰੇ ਮੋਬਾਈਲ 'ਤੇ ਇਕ ਫ਼ੋਨ ਆਇਆ ਪਰ ਮੈਂ ਜਵਾਬ ਨਾ ਦਿੱਤਾ, ਕਿਉਂਕਿ ਇਹ ਨੰਬਰ ਮੇਰਾ ਜਾਣਿਆ-ਪਛਾਣਿਆਂ ਨਹੀਂ ਸੀ ਅਤੇ ਨਾ ਹੀ ਫ਼ੋਨ ਕਰਨ ਵਾਲੇ ਦਾ ਨਾਂ ਮੇਰੇ ਫ਼ੋਨ 'ਤੇ ਆ ਰਿਹਾ ਸੀ। ਜੇ ਕੋਈ ਆਉਣ ਵਾਲਾ ਫ਼ੋਨ ਮੇਰੇ ਮੋਬਾਈਲ ਵਿਚ ਦਰਜ ਨਾ ਹੋਵੇ ਤਾਂ ਮੈਂ ਜਵਾਬ ਨਹੀਂ ਦਿੰਦਾ। ਰੋਜ਼ਾਨਾ ਹੀ ਕਈ ਫ਼ੋਨ ਚੀਜ਼ਾਂ ਵੇਚਣ ਵਾਲਿਆਂ ਦੇ ਅਤੇ ਹੇਰਾ-ਫੇਰੀਆਂ ਕਰਨ ਵਾਲਿਆਂ ਦੇ ਆਉਂਦੇ ਰਹਿੰਦੇ ਹਨ। ਉਸ ਦਿਨ ਕੁਝ ਮਿੰਟਾਂ ਬਾਅਦ ਮੈਂ ਦੇਖਿਆ ਤਾਂ ਮੇਰੇ ਫ਼ੋਨ 'ਤੇ ਇਕ ਸੁਨੇਹਾ ਛੱਡਿਆ ਹੋਇਆ ਸੀ। ਮੈਂ ਸੁਨੇਹਾ ਸੁਣਿਆ ਤਾਂ ਮੇਰੀ ਹੈਰਾਨੀ ਅਤੇ ਖ਼ੁਸ਼ੀ ਦੀ ਹੱਦ ਨਾ ਰਹੀ। ਮੈਂ ਤਾਂ ਕਦੇ ਸੋਚਿਆ ਵੀ ਨਹੀਂ ਸੀ ਕਿ ਇੰਨੇ ਵੱਡੇ ਕੱਦ ਵਾਲਾ ਸਾਹਿਤਕਾਰ ਮੈਨੂੰ ਫ਼ੋਨ ਕਰੇਗਾ। ਮੈਂ

**ਪ੍ਰੇਮ ਮਾਨ**
**ਫ਼ੋਨ: 860-983-5002**

ਡਾ. ਗੁਰਬਖ਼ਸ਼ ਸਿੰਘ ਭੰਡਾਲ ਹੁਰਾਂ ਦੀ ਗੱਲ ਕਰ ਰਿਹਾਂ। ਮੈਂ ਉਸੇ ਵੇਲੇ ਵਾਪਸ ਫ਼ੋਨ ਕੀਤਾ ਅਤੇ ਅਸੀਂ ਕਾਫ਼ੀ ਦੇਰ ਗੱਲਾਂ ਕਰਦੇ ਰਹੇ।

ਡਾ. ਭੰਡਾਲ ਦੇ ਲੇਖ ਅਮਰੀਕਾ ਵਿਚ ਛਪਦੇ ਹਫ਼ਤਾਵਾਰੀ ਅਖ਼ਬਾਰ 'ਪੰਜਾਬ ਟਾਈਮਜ਼' ਵਿਚ 2015 ਤੋਂ ਛਪਦੇ ਆ ਰਹੇ ਹਨ। ਮੈਂ ਕਈ ਸਾਲਾਂ ਤੋਂ ਇਨ੍ਹਾਂ ਲੇਖਾਂ ਨੂੰ ਪੜ੍ਹਦਾ ਆਇਆ ਹਾਂ। ਇਨ੍ਹਾਂ ਲੇਖਾਂ ਦੇ ਮਜ਼ਮੂਨ ਬਹੁਤ ਅਦਭੁਤ ਅਤੇ ਦਿਲ-ਖਿਚਵੇਂ ਹੁੰਦੇ ਹਨ। ਲੇਖ ਦੇ ਹੇਠਾਂ ਡਾ. ਭੰਡਾਲ ਹੁਰਾਂ ਦਾ ਫ਼ੋਨ ਨੰਬਰ ਵੀ ਹੁੰਦਾ ਹੈ। ਮੈਂ ਕਈ ਸਾਲ ਸੋਚਦਾ ਰਿਹਾ ਕਿ ਫ਼ੋਨ ਕਰਾਂ ਅਤੇ ਉਨ੍ਹਾਂ ਦੀ ਵਾਰਤਕ ਦੀ ਸ਼ਲਾਘਾ ਕਰਨ ਦੇ ਨਾਲ ਨਾਲ ਉਨ੍ਹਾਂ ਬਾਰੇ ਕੁਝ ਗੱਲਾਂ ਵੀ ਕਰਾਂ। ਪਰ ਫਿਰ ਇਹ ਸੋਚ ਕਿ ਪਤਾ ਨਹੀਂ ਉਨ੍ਹਾਂ ਦਾ ਸੁਭਾਅ ਕਿਹੋ ਜਿਹਾ ਹੋਵੇਗਾ। ਕੀ ਪਤਾ ਉਹ ਫ਼ੋਨ ਦਾ ਜਵਾਬ ਦੇਣ ਵੀ ਜਾਂ ਨਾ। ਜੇ ਉਨ੍ਹਾਂ ਨੇ ਫ਼ੋਨ ਦਾ ਜਵਾਬ ਦੇ ਵੀ ਦਿੱਤਾ ਤਾਂ ਵਧੀਆ ਤਰੀਕੇ ਨਾਲ ਗੱਲ ਕਰਨ ਕਿ ਨਾ ਕਰਨ। ਵੈਸੇ ਵੀ ਮੈਂ ਫ਼ੋਨ ਕਰਨ ਦੇ ਸਿਲਸਿਲੇ ਵਿਚ ਬਹੁਤ ਸੁਸਤ ਹਾਂ। ਖ਼ੈਰ, ਜਦੋਂ ਡਾ. ਭੰਡਾਲ ਦਾ ਫ਼ੋਨ ਆਇਆ ਤਾਂ ਬੇਹੱਦ ਖ਼ੁਸ਼ੀ ਹੋਈ। ਉਨ੍ਹਾਂ ਮੈਨੂੰ ਆਪਣੀਆਂ ਵਾਰਤਕ ਦੀਆਂ ਕੁਝ ਕਿਤਾਬਾਂ ਵੀ ਭੇਜੀਆਂ।

ਡਾ. ਭੰਡਾਲ ਕਵਿਤਾ ਵੀ ਲਿਖਦੇ ਹਨ ਅਤੇ ਵਾਰਤਕ ਵੀ। ਮੈਂ ਉਨ੍ਹਾਂ ਦੀਆਂ ਕਵਿਤਾਵਾਂ ਤਾਂ ਬਹੁਤ ਘੱਟ ਪੜ੍ਹੀਆਂ ਹਨ। ਉਨ੍ਹਾਂ ਦੀਆਂ ਹੁਣ ਤੱਕ 5 ਕਵਿਤਾਵਾਂ ਦੀਆਂ 12 ਵਾਰਤਕ ਦੀਆਂ ਅਤੇ ਇਕ ਕੈਨੇਡਾ ਦਾ ਸਫ਼ਰਨਾਮਾ ਛਪ ਚੁੱਕਿਆ ਹੈ। ਉਨ੍ਹਾਂ ਦੀ ਵਾਰਤਕ ਕਮਾਲ ਦੀ ਹੁੰਦੀ ਹੈ। ਛੋਟੇ ਛੋਟੇ ਫ਼ਿਕਰਿਆਂ ਵਿਚ ਕਾਵਿਕ ਰੂਪ ਵਿਚ ਲਿਖੀ ਖ਼ੂਬਸੂਰਤ ਸ਼ਬਦਾਂ ਨਾਲ ਸ਼ਿੰਗਾਰੀ ਉਨ੍ਹਾਂ ਦੀ ਵਾਰਤਕ ਪੜ੍ਹਨ ਦਾ ਜੋ ਸੁਆਦ ਆਉਂਦਾ ਹੈ ਉਸ ਦਾ ਜਵਾਬ ਨਹੀਂ। ਇੰਜ ਲੱਗਦਾ ਜਿਵੇਂ ਡਾ. ਭੰਡਾਲ ਨੂੰ ਲਿਖਣ ਦਾ ਵਰਦਾਨ ਕੁਦਰਤ ਵਲੋਂ ਮਿਲਿਆ ਹੋਵੇ। ਉਨ੍ਹਾਂ ਦੀ ਲਿਖੀ ਵਾਰਤਕ ਪੜ੍ਹ ਕੇ ਹੈਰਾਨੀ ਹੁੰਦੀ ਹੈ ਕਿ ਡਾ. ਭੰਡਾਲ ਕੋਲ ਸ਼ਬਦਾਂ ਦਾ ਇੰਨਾ ਭੰਡਾਰ ਆਇਆ ਕਿਵੇਂ? ਅਜਿਹੇ ਸ਼ਬਦਾਂ ਦੀ ਚੋਣ, ਜੋ ਆਮ ਪਾਠਕ ਤਾਂ ਕੀ, ਬਹੁਤੇ ਲੇਖਕਾਂ ਨੇ ਵੀ ਕਦੇ ਸੁਣੇ ਨਹੀਂ ਹੁੰਦੇ।

ਡਾ. ਭੰਡਾਲ ਭੌਤਿਕ ਵਿਗਿਆਨ (ਫ਼ਿਜ਼ਿਕਸ) ਦੀ ਪੀ.ਐਚ.ਡੀ. ਹਨ। ਉਨ੍ਹਾਂ ਪੰਜਾਬ ਦੇ ਕਈ ਸਰਕਾਰੀ ਕਾਲਜਾਂ ਵਿਚ ਪੜ੍ਹਾਇਆ, ਰਿਟਾਇਰ ਹੋ ਕੇ ਟੋਰਾਂਟੋ ਸੱਤ ਸਾਲ ਰਹੇ। ਡਾ. ਭੰਡਾਲ ਨੇ ਬੜੀ ਸੰਘਰਸ਼ ਭਰੀ ਜ਼ਿੰਦਗੀ ਗੁਜ਼ਾਰੀ ਹੈ। ਇਕ ਪਿੰਡ ਦੇ ਸਧਾਰਨ ਕਿਰਸਾਨੀ ਪਰਿਵਾਰ ਵਿਚ ਜਨਮ ਲੈ ਕੇ ਅਤੇ ਵੱਡੇ ਹੋ ਕੇ ਇਸ ਮੁਕਾਮ 'ਤੇ ਪਹੁੰਚਣਾ ਆਸਾਨ ਨਹੀਂ। ਉਨ੍ਹਾਂ ਆਪਣੀ ਜ਼ਿੰਦਗੀ ਵਿਚ ਹਰ ਕੰਮ ਨੂੰ ਬਹੁਤ ਗੰਭੀਰਤਾ ਅਤੇ ਲਗਨ ਨਾਲ ਲਿਆ ਹੈ ਅਤੇ ਪੂਰਾ ਕੀਤਾ ਹੈ।

ਡਾ. ਭੰਡਾਲ ਸਹਿਜ ਅਤੇ ਠੰਢੇ ਸੁਭਾਅ ਵਾਲੇ ਇਨਸਾਨ ਹਨ। ਹਰ ਗੱਲ ਜਾਂ ਘਟਨਾ ਨੂੰ ਜਰ ਲੈਣਾ ਉਨ੍ਹਾਂ ਦੀ ਆਦਤ ਹੈ, ਪਰ ਜਦ ਪਾਣੀ ਸਿਰ ਤੋਂ ਟੱਪ ਜਾਵੇ ਤਾਂ ਫਿਰ ਗਰਮ ਹੋਣਾ ਸੁਭਾਵਿਕ ਹੈ। ਉਨ੍ਹਾਂ ਜ਼ਿੰਦਗੀ ਵਿਚ ਕਿਸੇ ਨਾਲ ਲੜਾਈ ਨਹੀਂ ਕੀਤੀ। ਜੇ ਕੋਈ ਇਨਸਾਨ ਪਸੰਦ ਨਹੀਂ ਤਾਂ ਉਸ ਤੋਂ ਚੁੱਪ-ਚੁਪੀਤੇ ਦੂਰ ਹੋ ਗਏ। ਉਨ੍ਹਾਂ ਨੂੰ ਦੋਗਲੇ ਕਿਰਦਾਰ ਵਾਲੇ ਲੋਕ ਪਸੰਦ ਨਹੀਂ, ਸੱਚੇ-ਸੁੱਚੇ, ਮਿਹਨਤੀ ਅਤੇ ਪਾਕੀਜ਼ ਲੋਕ ਚੰਗੇ ਲਗਦੇ ਹਨ।

ਡਾ. ਭੰਡਾਲ ਦੀ ਜ਼ਿੰਦਗੀ ਸਾਧੀ ਹੈ। ਮਹਿੰਗੀਆਂ ਚੀਜ਼ਾਂ ਦਾ ਉਨ੍ਹਾਂ ਨੂੰ ਕੋਈ ਸ਼ੌਕ ਨਹੀਂ। ਪੰਜਾਬ ਰਹਿੰਦਿਆਂ 20 ਸਾਲ ਇਕੋ ਸਕੂਟਰ ਨਾਲ ਕੱਢੇ। ਉਹ ਆਪਣਾ ਕਾਫ਼ੀ ਸਮਾਂ ਸਮਾਜ ਸੇਵਾ ਨੂੰ ਵੀ ਸਮਰਪਿਤ ਕਰਦੇ ਹਨ।

ਵਧੀਆ ਕਿਤਾਬਾਂ ਪੜ੍ਹਨਾ, ਲਿਖਣਾ, ਸਾਂਝਾਂ ਨੂੰ ਉਮਰ ਭਰ ਨਿਭਾਉਣਾ, ਸਬਜ਼ੀਆਂ ਤੇ ਫੁੱਲ-ਬੂਟੇ ਉਗਾਉਣਾ, ਸੈਰ ਕਰਨੀ, ਪੜ੍ਹਾਉਣ ਦੀ ਤਿਆਰੀ ਕਰਨਾ, ਪਰਿਵਾਰ ਨਾਲ ਸਮਾਂ ਬਿਤਾਉਣਾ ਅਤੇ ਦੋਹਤੇ-ਦੋਹਤੀਆਂ ਨਾਲ ਬਚਪਨ ਨੂੰ ਮੁੜ ਜਿਊਣਾ ਡਾ. ਭੰਡਾਲ ਹੁਰਾਂ ਦੇ ਕੁਝ ਸ਼ੌਕ ਹਨ।

ਡਾ. ਭੰਡਾਲ ਦਾ ਬਚਪਨ ਕਪੂਰਥਲਾ ਜ਼ਿਲ੍ਹੇ ਦੇ ਪਿੰਡ ਭੰਡਾਲ ਬੇਟ ਵਿਚ ਗੁਜ਼ਰਿਆ। ਇਹ ਇਲਾਕਾ ਬੇਟ ਦਾ ਏਰੀਆ ਕਹਾਉਂਦਾ ਹੈ ਅਤੇ ਇੱਥੋਂ ਦੇ ਲੋਕ ਵੀ ਚੀਕਣੀ ਮਿੱਟੀ ਵਰਗੇ ਹਨ। ਉਨ੍ਹਾਂ ਦੇ ਮਾਤਾ-ਪਿਤਾ ਜੀ ਕੋਰੇ ਅਨਪੜ੍ਹ ਸਨ ਪਰ ਉਨ੍ਹਾਂ ਜ਼ਿੰਦਗੀ ਦਾ ਹਰ ਸਬਕ ਪੜ੍ਹਿਆ ਅਤੇ ਗੁੜ੍ਹਿਆ ਸੀ ਅਤੇ ਉਹ ਇਕ ਮਿਹਨਤੀ ਕਿਰਸਾਨ, ਇਮਾਨਦਾਰ ਅਤੇ ਸੱਚ-ਹੱਕ ਲਈ ਡਟਣ ਵਾਲੇ ਇਨਸਾਨ ਸਨ। ਭਾਵੇਂ ਡਾ. ਭੰਡਾਲ ਦਾ ਕਹਿਣਾ ਹੈ ਕਿ ਉਨ੍ਹਾਂ ਦੇ ਮਾਤਾ-ਪਿਤਾ ਜੀ ਕੋਰੇ ਅਨਪੜ੍ਹ ਸਨ ਪਰ ਉਨ੍ਹਾਂ ਜ਼ਿੰਦਗੀ ਦੇ ਤਜਰਬੇ ਤੋਂ ਬਹੁਤ ਕੁਝ ਸਿੱਖਿਆ ਸੀ। ਡਾ. ਭੰਡਾਲ ਨੇ ਆਪਣੇ ਪਿਤਾ ਬਾਰੇ ਗੱਲ ਕਰਦਿਆਂ ਦੱਸਿਆ ਕਿ ਛੋਟੇ ਹੁੰਦਿਆਂ ਮੈਂ ਆਪਣੇ ਪਿਤਾ ਜੀ ਨਾਲ ਮੰਡ ਵਿਚ ਘਾਹ ਵੱਢਣ ਗਿਆ ਤਾਂ ਕੁਝ ਬਦਮਾਸ਼ ਕਿਸਮ ਦੇ ਲੋਕਾਂ ਨੇ ਘਾਹ ਵੱਢਣ ਬਦਲੇ ਉਨ੍ਹਾਂ ਤੋਂ ਪੈਸੇ ਮੰਗੇ। ਪਿਤਾ ਜੀ ਨੇ ਗੱਡੇ ਵਿਚ ਲੁਕਾਇਆ ਇਕ ਦਾਤਰ ਕੱਢ ਕੇ ਲਲਕਾਰਿਆ ਕਿ ਮੰਡ ਤਾਂ ਸਭ ਦਾ ਸਾਂਝਾ ਹੈ, ਤੁਸੀਂ ਕੌਣ ਹੋ ਪੈਸੇ ਮੰਗਣ ਵਾਲੇ? ਉਹ ਕੰਨ ਵਲੇਟ ਕੇ ਤੁਰਦੇ ਬਣੇ। ਇਕ ਹੋਰ ਘਟਨਾ ਦੱਸੀ ਕਿ ਇਕ ਵਾਰੀ ਇੰਗਲੈਂਡ ਤੋਂ ਗਏ ਇਕ ਟਰੈਕਟਰ ਦਾ ਮਾਲਕ ਸਾਡੀ ਕਣਕ ਦੀ ਗਹਾਈ ਕਰ ਰਿਹਾ ਸੀ। ਗਲਤੀ ਨਾਲ ਰੁੱਗ ਜ਼ਿਆਦਾ ਵੱਡਾ ਲੱਗ ਗਿਆ ਅਤੇ ਟਰੈਕਟਰ ਦਾ ਜ਼ੋਰ ਲੱਗ ਗਿਆ। ਮਾਲਕ ਬਿਨਾਂ ਕਣਕ ਦੀ ਗਹਾਈ ਕੀਤਿਆਂ ਟਰੈਕਟਰ ਲੈ ਕੇ ਜਾਣ ਲਈ ਤਿਆਰ ਹੋ ਗਿਆ। ਜਦ ਉਹ ਗਹਾਈ ਕੀਤੀ ਕਣਕ ਦਾ ਕਿਰਾਇਆ ਲੈਣ ਲਈ ਕਣਕ ਦੇ ਢੇਰ ਵੱਲ ਵਧਿਆ ਤਾਂ ਪਿਤਾ ਜੀ ਨੇ ਦਬਕਾ ਮਾਰ ਕੇ ਕਿਹਾ, "ਸਾਰੀ ਕਣਕ ਦੀ ਗਹਾਈ ਕਰਨ 'ਤੇ ਹੀ ਤੈਨੂੰ ਕਿਰਾਏ ਦੀ ਕਣਕ ਮਿਲੇਗੀ। ਕਣਕ ਦੇ ਬੋਹਲ ਨੂੰ ਹੱਥ ਲਾਉਣ ਦੀ ਗਲਤੀ ਨਾ ਕਰੀਂ।" ਇਹ ਸੁਣ ਕੇ ਉਹ ਆਦਮੀ ਚੁੱਪ-ਚਾਪ ਤੁਰਦਾ ਬਣਿਆ। ਪਿਤਾ ਜੀ ਦੀ ਫ਼ਿਲਾਸਫ਼ੀ ਸੀ ਕਿ ਕਿਸੇ ਦਾ ਹੱਕ ਨਾ ਮਾਰੋ ਅਤੇ ਇਹ ਹੀ ਸਭ ਤੋਂ ਵੱਡਾ ਸਤਸੰਗ ਅਤੇ ਧਰਮ ਹੈ। ਬਾਪ ਨਾਲ ਜੁੜੀਆਂ ਇਹੋ ਜਿਹੀਆਂ ਘਟਨਾਵਾਂ ਦਾ ਮੇਰੇ ਵਿਅਕਤੀਤਵ 'ਤੇ ਖ਼ਾਸ ਪ੍ਰਭਾਵ ਪਿਆ।



ਡਾ. ਭੰਡਾਲ ਨੇ ਅੱਠਵੀਂ ਆਪਣੇ ਪਿੰਡ ਦੇ ਸਕੂਲ ਤੋਂ ਕੀਤੀ। ਇੱਥੇ ਉਨ੍ਹਾਂ ਦੇ ਅੰਗਰੇਜ਼ੀ ਦੇ ਅਧਿਆਪਕ ਪੰਜਾਬੀ ਲੇਖਕ ਹਰਭਜਨ ਸਿੰਘ ਹੁੰਦਲ ਸਨ। ਆਪਣੇ ਪਿੰਡ ਤੋਂ ਤਿੰਨ ਮੀਲ ਦਾ ਪੈਂਡਾ ਪੈਦਲ ਤੈਅ ਕਰ ਬੇਟ ਦੇ ਸਕੂਲ ਤੋਂ ਦਸਵੀਂ ਕੀਤੀ। ਫਿਰ ਉਨ੍ਹਾਂ ਇਕ ਪੁਰਾਣਾ ਸਾਈਕਲ ਮੁੱਲ ਲੈ ਲਿਆ।

ਪਿੰਡ ਰਹਿੰਦਿਆਂ ਉਨ੍ਹਾਂ ਨੇ ਹਲ ਵੀ ਵਾਹਿਆ, ਕਣਕ ਅਤੇ ਮੱਕੀ ਵੀ ਬੀਜੀ, ਗੋਡੀ ਵੀ ਕੀਤੀ, ਆੜਾਂ ਵੀ ਪੁੱਟੀਆਂ, ਝੋਨਾ ਵੀ ਲਾਇਆ ਅਤੇ ਝਾੜਿਆ, ਕਣਕ ਦੀ ਵਾਢੀ ਵੀ ਕੀਤੀ, ਫਲੇ ਵੀ ਵਾਹੇ, ਕਿਆਰੇ ਵੀ ਪਾਏ, ਖੂਹ ਵੀ ਹੱਕੇ, ਪਸ਼ੂ ਵੀ ਚਾਰੇ ਅਤੇ ਖੇਤੀ ਦੇ ਹੋਰ ਵੀ ਕਈ ਕੰਮ ਕੀਤੇ। ਸਕੂਲ ਜਾਣ ਤੋਂ ਪਹਿਲਾਂ ਪੱਠੇ ਲਿਆਉਣੇ ਅਤੇ ਅੱਧੀ ਛੁੱਟੀ ਵੇਲੇ ਪਸ਼ੂਆਂ ਨੂੰ ਪਾਣੀ ਪਿਲਾਉਣਾ ਰੋਜ਼ ਦਾ ਕੰਮ ਸੀ।

ਦਸਵੀਂ ਫ਼ਸਟ ਡਿਵੀਜ਼ਨ ਵਿਚ ਪਾਸ ਕਰਨ 'ਤੇ ਪਿੰਡ ਦੇ ਇਕ ਨਵ-ਪੜ੍ਹੇ ਸ. ਜਰਨੈਲ ਸਿੰਘ ਭੰਡਾਲ ਨੇ ਪਿੰਡ ਦੇ ਤਿੰਨ ਬੱਚਿਆਂ ਨੂੰ ਰਣਧੀਰ ਕਾਲਜ ਕਪੂਰਥਲਾ ਵਿਚ ਨਾਨ-ਮੈਡੀਕਲ ਵਿਚ ਦਾਖ਼ਲ ਕਰਾ ਦਿੱਤਾ। ਡਾ. ਭੰਡਾਲ ਕਹਿੰਦੇ ਹਨ, "ਸਾਡੇ ਪੇਂਡੂਆਂ ਲਈ ਅੰਗਰੇਜ਼ੀ ਮੀਡੀਅਮ ਵਿਚ ਸਾਇੰਸ ਪੜ੍ਹਨਾ ਮੁਸ਼ਕਲ ਸੀ ਅਤੇ ਮੈਂ ਸਾਇੰਸ ਛੱਡ ਕੇ ਆਰਟਸ ਦੇ ਮਜ਼ਮੂਨ ਲੈ ਲਏ ਪਰ ਹਫ਼ਤੇ ਕੁ ਬਾਅਦ ਹੀ ਮਾਮਾ ਜੀ ਨੇ ਮੈਨੂੰ ਦਬਕੇ ਮਾਰੇ ਅਤੇ ਪਿਆਰ ਨਾਲ ਵੀ ਨਾਨ-ਮੈਡੀਕਲ ਮਜ਼ਮੂਨ ਲੈਣ ਲਈ ਪ੍ਰੇਰਿਆ। ਇਸ ਦਾ ਨਤੀਜਾ ਇਹ ਹੋਇਆ ਮੈਂ ਪ੍ਰੈਪ ਵਿਚੋਂ ਫ਼ੇਲ੍ਹ ਹੋ ਗਿਆ। ਮੇਰੇ ਫ਼ੇਲ੍ਹ ਹੋਣ ਬਾਰੇ ਮੇਰੇ ਜਮਾਤੀ ਨੇ ਮੈਨੂੰ ਉਸ ਵੇਲੇ ਦੱਸਿਆ ਜਦੋਂ ਮੈਂ ਆਪਣੇ ਬਾਪ ਨਾਲ ਖੇਤਾਂ ਵਿਚ ਰੂੜੀ ਪਾ ਰਿਹਾ ਸੀ। ...ਬਾਪ ਦੀਆਂ ਅੱਖਾਂ ਵਿਚ ਉਦਾਸੀ ਉਤਰ ਆਈ ਅਤੇ ਉਸ ਦੇ ਤਿੜਕੇ ਸੁਪਨਿਆਂ ਦੀ ਚੀਸ ਫ਼ਿਜ਼ਾ ਵਿਚ ਫੈਲ ਗਈ।...ਬਾਪ ਨੇ ਧਰਵਾਸ ਦਿੱਤਾ ਅਤੇ ਮਿਹਨਤ ਨਾਲ ਪੜ੍ਹਨ ਲਈ ਉਤਸ਼ਾਹਿਤ ਕੀਤਾ।...ਉਸ ਵਕਤ ਮੈਂ ਬਾਪ ਦੀ ਅੱਖ ਵਿਚ ਲਟਕੇ ਹੰਝੂ ਦੀ ਕਸਮ ਖਾਧੀ ਕਿ ਭਵਿੱਖ ਵਿਚ ਇਨ੍ਹਾਂ ਅੱਖਾਂ ਵਿਚ ਨਿਰਾਸ਼ਤਾ ਦੇ ਨਹੀਂ ਸਗੋਂ ਹੁਲਾਸ ਦੇ ਹੰਝੂ ਉਗਾਵਾਂਗਾ। ..." ਇਸ ਤੋਂ ਬਾਅਦ ਡਾ. ਭੰਡਾਲ ਨੇ ਐਮ.ਐਸ.ਸੀ. ਤੱਕ ਹਰ ਸਾਲ ਮੈਰਿਟ ਸਕਾਲਰਸ਼ਿਪ ਪ੍ਰਾਪਤ ਕੀਤਾ। ਕਪੂਰਥਲੇ ਪੜ੍ਹਨ ਵੇਲੇ ਡਾ. ਭੰਡਾਲ ਪਿੰਡ ਤੋਂ 17 ਕਿਲੋਮੀਟਰ ਦੂਰ ਸਾਈਕਲ 'ਤੇ ਪੜ੍ਹਨ ਜਾਂਦੇ ਸਨ।

ਪੜ੍ਹਨ ਵਾਲੇ ਚੁਬਾਰੇ ਨੂੰ ਕੋਈ ਦਰਵਾਜ਼ਾ ਜਾਂ ਤਾਕੀ ਨਹੀਂ ਸੀ। ਸਰਦੀਆਂ ਦੇ ਮੌਸਮ ਵਿਚ ਉਹ ਠੰਢ ਤੋਂ ਬਚਣ ਲਈ ਦਰਵਾਜ਼ੇ ਅਤੇ ਤਾਕੀਆਂ 'ਤੇ ਬੋਰੀਆਂ ਲਟਕਾ ਲੈਂਦੇ। ਠੰਢ ਵੇਲੇ ਬਿਜਲੀ ਦੇ ਬਲਬ ਨੂੰ ਛੋਹ ਕੇ ਉਹ ਆਪਣੇ ਹੱਥ ਗਰਮ ਕਰ ਲੈਂਦੇ। ਡਾ. ਭੰਡਾਲ ਲਈ ਸਤਿਕਾਰ ਹੋਰ ਵੀ ਵਧ ਜਾਂਦਾ ਹੈ ਕਿ ਉਨ੍ਹਾਂ ਇੰਨੀ ਤੰਗੀ-ਤੁਰਸ਼ੀ ਵੀ ਮੈਰਿਟ ਵਿਚ ਆ ਕੇ ਵਿੱਦਿਆ ਹਾਸਲ ਕੀਤੀ।

ਭੌਤਿਕ ਸਾਇੰਸ ਦੀ ਐਮ.ਐਸ.ਸੀ. ਕਰਨ ਲਈ ਉਹ ਪੰਜਾਬੀ ਯੂਨੀਵਰਸਿਟੀ ਪਟਿਆਲੇ ਚਲੇ ਗਏ। ਕਾਲਜ ਅਤੇ ਯੂਨੀਵਰਸਿਟੀ ਪੜ੍ਹਦਿਆਂ ਉਨ੍ਹਾਂ ਨੂੰ ਸਾਹਿਤ ਪੜ੍ਹਨ ਦਾ ਸ਼ੌਕ ਲੱਗ ਗਿਆ, ਜਿਸ ਵਿਚ ਪੰਜਾਬੀ ਵਿਭਾਗ ਦੇ ਦੋਸਤਾਂ ਖ਼ਾਸ ਕਰਕੇ ਪ੍ਰੋਫ਼ੈਸਰ ਕੁਲਵੰਤ ਸਿੰਘ ਔਜਲਾ ਦਾ ਕਾਫ਼ੀ ਯੋਗਦਾਨ ਸੀ।

ਉਹ ਪੀ.ਐਚਡੀ. ਕਰਨ ਦੇ ਚਾਹਵਾਨ ਸਨ ਪਰ ਘਰ ਦੇ ਆਰਥਿਕ ਹਾਲਾਤ ਮੰਗ ਕਰਦੇ ਸਨ ਕਿ ਉਹ ਛੇਤੀ ਤੋਂ ਛੇਤੀ ਕੋਈ ਨੌਕਰੀ ਲੱਭ ਲੈਣ। ਐਮ.ਐਸ.ਸੀ. ਵਿਚ ਯੂਨੀਵਰਸਿਟੀ 'ਚੋਂ ਦੂਜਾ ਸਥਾਨ ਪ੍ਰਾਪਤ ਕਰਨ ਦੇ ਬਾਵਜੂਦ ਨੌਕਰੀ ਮਿਲਣੀ ਅਸਾਨ ਨਹੀਂ ਸੀ। ਡਾ. ਭੰਡਾਲ ਨੇ 1977 ਵਿਚ ਐਮ.ਐਸ.ਸੀ.ਲਾਇਲਪੁਰ ਖ਼ਾਲਸਾ ਕਾਲਜ ਜਲੰਧਰ ਅਤੇ 1978 ਵਿਚ ਤਿੰਨ ਮਹੀਨੇ ਸਰਕਾਰੀ (ਗਰਲਜ਼) ਕਾਲਜ ਅੰਮ੍ਰਿਤਸਰ ਪੜ੍ਹਾਇਆ। ਜੁਲਾਈ 1978 ਵਿਚ ਖ਼ਾਲਸਾ ਕਾਲਜ ਸੁਧਾਰ ਵਿਚ ਰੈਗੂਲਰ ਨੌਕਰੀ ਮਿਲੀ ਅਤੇ ਉਸੇ ਸਾਲ ਵਿਆਹ ਹੋ ਗਿਆ। ਮਾਰਚ 1980 ਵਿਚ ਦੋ ਸਾਲ ਦਾ ਪ੍ਰੋਬੇਸ਼ਨ ਪੀਰੀਅਡ ਖ਼ਤਮ ਹੋਣ ਤੋਂ ਪਹਿਲਾਂ ਹੀ ਸੁਧਾਰ ਕਾਲਜ ਦੀ ਨੌਕਰੀ ਤੋਂ ਜਵਾਬ ਮਿਲ ਗਿਆ ਪਰ ਉਥੋਂ ਦੇ ਪ੍ਰੋਫ਼ੈਸਰ ਹਰਭਜਨ ਸਿੰਘ ਦਿਓਲ ਨਾਲ ਡਾ. ਭੰਡਾਲ ਹੁਰਾਂ ਦੀ ਮੁਹੱਬਤੀ ਸਾਂਝ ਪੈ ਗਈ। ਪ੍ਰੋਫ਼ੈਸਰ ਹਰਭਜਨ ਸਿੰਘ ਦਿਓਲ ਦੇ ਪੰਜਾਬ ਪਬਲਿਕ ਸਰਵਿਸ ਕਮਿਸ਼ਨ ਦੇ ਮੈਂਬਰ ਬਣਨ ਨਾਲ 1984 ਵਿਚ ਡਾ. ਭੰਡਾਲ ਸਰਕਾਰੀ ਕਾਲਜਾਂ ਲਈ ਪ੍ਰੋਫ਼ੈਸਰ ਵਜੋਂ ਚੁਣੇ ਗਏ। 1981 ਤੋਂ 1984 ਪਹਿਲਾਂ ਤਿੰਨ ਮਹੀਨੇ ਡੀ.ਏ.ਵੀ. ਕਾਲਜ ਹੁਸ਼ਿਆਰਪੁਰ ਅਤੇ ਫਿਰ ਗੁਰੂ ਕੀ ਕਾਸ਼ੀ ਦਮਦਮਾ ਸਾਹਿਬ ਪੜ੍ਹਾਇਆ। 1984 ਵਿਚ ਸਰਕਾਰੀ ਸਰਵਿਸ ਵਿਚ ਆਉਣ 'ਤੇ ਪਹਿਲੀ ਨਿਯੁਕਤੀ ਸਰਕਾਰੀ ਕਾਲਜ ਹੁਸ਼ਿਆਰਪੁਰ ਹੋਈ। 1986 ਵਿਚ ਰਣਧੀਰ ਕਾਲਜ ਕਪੂਰਥਲਾ ਬਦਲੀ ਹੋ ਗਈ ਜਿੱਥੇ ਕਿਸੇ ਵੇਲੇ ਉਹ ਵਿਦਿਆਰਥੀ ਰਹੇ ਸਨ। ਇਸੇ ਕਾਲਜ ਤੋਂ ਡਾ. ਭੰਡਾਲ ਅਗਸਤ 2010 ਵਿਚ ਸੇਵਾ-ਮੁਕਤ ਹੋਏ। ਕਪੂਰਥਲੇ ਪੜ੍ਹਾਉਂਦਿਆਂ ਡਾ. ਭੰਡਾਲ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਤੋਂ ਡਾ. ਕੁਲਵੰਤ ਸਿੰਘ ਥਿੰਦ ਹੁਰਾਂ ਨਾਲ ਨਿਊਕਲੀਅਰ ਫ਼ਿਜ਼ਿਕਸ 'ਤੇ 1995 ਵਿਚ ਪੀ.ਐਚ.ਡੀ. ਕਰ ਲਈ। ਜਦੋਂ ਐਗਜ਼ਾਮੀਨਰ ਨੇ ਡਾ. ਭੰਡਾਲ ਹੁਰਾਂ ਨੂੰ ਪੁੱਛਿਆ ਕਿ ਤੁਸੀਂ ਪੜ੍ਹਾ ਕੇ ਅਤੇ ਟਿਊਸ਼ਨਾਂ ਕਰ ਕੇ ਵਧੀਆ ਪੈਸੇ ਕਮਾ ਸਕਦੇ ਸਨ ਫਿਰ ਪੀ.ਐਚ.ਡੀ.ਦੀ ਕਿਓਂ ਕੀਤੀ। ਆਪਣੀ ਪ੍ਰੈਪ ਵਿਚੋਂ ਫ਼ੇਲ੍ਹ ਹੋਣ ਦੀ ਕਹਾਣੀ ਸੁਣਾਈ ਅਤੇ ਦੱਸਿਆ ਕਿ ਇਹ ਉੱਦਮ ਬਾਪ ਦੇ ਹੰਝੂਆਂ ਨੂੰ ਅਰਪਿਤ ਸੀ।

2003 ਵਿਚ ਪਰਿਵਾਰ ਸਮੇਤ ਕੈਨੇਡਾ ਦੀ ਇਮੀਗਰੇਸ਼ਨ ਮਿਲ ਗਈ। ਤਿੰਨ ਮਹੀਨੇ ਕੈਨੇਡਾ ਰਹਿ ਕੇ ਪੰਜਾਬ ਵਾਪਸ ਜਾ ਕੇ ਡਾ. ਸਾਹਿਬ ਨੇ ਕੈਨੇਡਾ ਦਾ ਸਫ਼ਰਨਾਮਾ ਲਿਖਿਆ ਜੋ 'ਅਜੀਤ' ਅਖ਼ਬਾਰ ਵਿਚ ਲਗਾਤਾਰ ਛਪਿਆ। ਟੋਰਾਂਟੋ ਤੋਂ ਛਪਦੇ ਇਕ ਪੰਜਾਬੀ ਅਖ਼ਬਾਰ ਵਿਚ ਵੀ ਕੰਮ ਕੀਤਾ।

2009 ਡਾ. ਭੰਡਾਲ ਖਡੂਰ ਸਾਹਿਬ ਵਾਲੇ ਬਾਬਾ ਸੇਵਾ ਸਿੰਘ ਨੂੰ ਮਿਲੇ ਅਤੇ ਉਨ੍ਹਾਂ ਦੇ ਕਹਿਣ 'ਤੇ ਖਡੂਰ ਸਾਹਿਬ ਵਿਚ ਨਿਸ਼ਾਨੇ-ਸਿੱਖੀ ਵਿਚ ਮੈਡੀਕਲ ਅਤੇ ਇੰਜੀਨੀਅਰਿੰਗ ਦੀ ਵਿਦਿਆਰਥੀਆਂ ਨੂੰ ਤਿਆਰੀ ਕਰਾਉਣ ਵਾਲੇ ਅਦਾਰੇ ਨਾਲ ਜੁੜ ਗਏ ਅਤੇ ਹਾਲੇ ਵੀ ਜੁੜੇ ਹੋਏ ਹਨ। ਉਹ ਇਸ ਕਾਰਜ ਨੂੰ ਆਪਣੀ ਜ਼ਿੰਦਗੀ ਦਾ ਸਭ ਤੋਂ ਵੱਡਾ ਸੁਭਾਗ ਸਮਝਦੇ ਹਨ।

ਕਾਲਜ ਵਿਚ ਪੜ੍ਹਾਈ ਦੇ ਨਾਲ ਨਾਲ ਕਵਿਤਾਵਾਂ ਵੀ ਲਿਖਦੇ ਰਹੇ ਜੋ ਕਦੇ ਕਦੇ ਕਿਸੇ ਮੈਗਜ਼ੀਨ ਵਿਚ ਵੀ ਛਪ ਜਾਂਦੀਆਂ ਪਰ ਉਹ ਇਸ ਪ੍ਰਤੀ ਸੁਚੇਤ ਨਹੀਂ ਸਨ। ਉਨ੍ਹਾਂ ਦੀ ਕਵਿਤਾਵਾਂ ਦੀ ਪਹਿਲੀ ਕਿਤਾਬ 'ਹੌਕੇ ਦੀ ਜੂਨ' 1993 ਵਿਚ ਛਪੀ। ਇਸ ਦੀ ਭੂਮਿਕਾ ਹਰਭਜਨ ਸਿੰਘ ਹੁੰਦਲ ਨੇ ਲਿਖੀ ਅਤੇ ਸਮੁੱਚੀ ਕਵਿਤਾ ਨੂੰ ਮੂਲੋਂ ਹੀ ਰੱਦ ਕਰਦਿਆਂ ਇਸ ਦੀ ਖ਼ੂਬ ਆਲੋਚਨਾ ਕੀਤੀ। ਡਾ. ਭੰਡਾਲ ਨੇ ਇਸ ਭੂਮਿਕਾ ਨੂੰ ਉਸੇ ਤਰ੍ਹਾਂ ਮੂਲ ਰੂਪ ਵਿਚ ਕਿਤਾਬ ਵਿਚ ਛਾਪ ਦਿੱਤਾ। ਹੁੰਦਲ ਸਾਹਿਬ ਨੂੰ ਇਹ ਭੂਮਿਕਾ ਮੂਲ ਰੂਪ ਵਿਚ ਛਪਣ ਨਾਲ ਕਾਫ਼ੀ ਹਿਰਖ ਹੋਇਆ।

ਡਾ. ਸਾਹਿਬ ਦਾ ਕਵਿਤਾ ਲਿਖਦੇ ਲਿਖਦੇ ਅਚਾਨਕ ਵਾਰਤਕ ਵੱਲ ਮੋੜ ਦਾ ਸਬੱਬ 1998 ਵਿਚ ਲਿਖੇ ਉਹ ਪੱਤਰ ਬਣੇ, ਜਿਹੜੇ ਉਹ ਆਪਣੀ ਵੱਡੀ ਬੇਟੀ ਨੂੰ ਹਰ ਹਫ਼ਤੇ ਲਿਖਦੇ ਸਨ। ਸਲਾਹਾਂ ਅਤੇ ਸਿਆਣਪਾਂ ਭਰੇ ਇਹ ਖ਼ਤ ਹੋਸਟਲ ਦੇ ਜੀਵਨ ਅਤੇ ਇਕੱਲੇ ਰਹਿਣ ਵਾਲੇ ਵਿਦਿਆਰਥੀਆਂ ਨੂੰ ਆਉਣ ਵਾਲੀਆਂ ਮੁਸ਼ਕਲਾਂ ਹੱਲ ਕਰਨ ਲਈ ਦਿੱਤੇ ਸੁਝਾਅ ਸਨ। ਜਦ ਡਾ. ਭੰਡਾਲ ਨੂੰ ਪਤਾ ਲੱਗਾ ਕਿ ਉਨ੍ਹਾਂ ਦੇ ਖ਼ਤਾਂ ਦੀ ਉਡੀਕ ਉਸ ਦੀਆਂ ਸਹੇਲੀਆਂ ਵੀ ਕਰਦੀਆਂ ਅਤੇ ਉਹ ਬੇਟੀ ਤੋਂ ਪਹਿਲਾਂ ਹੀ ਖ਼ਤ ਪੜ੍ਹ ਲੈਂਦੀਆਂ ਸਨ ਤਾਂ ਮੈਨੂੰ ਮਹਿਸੂਸ ਹੋਇਆ ਕਿ ਨੌਜਵਾਨ ਬੱਚਿਆਂ ਨੂੰ ਸਾਹਿਤਕ ਕਿਰਤਾਂ ਰਾਹੀਂ ਸੇਧ ਦੇਣ, ਕਦਰਾਂ ਕੀਮਤਾਂ ਨਾਲ ਜੁੜਨ, ਅਤੇ ਵਧੀਆ ਇਨਸਾਨ ਬਣਨ ਲਈ ਅਜੇਹੀਆਂ ਲਿਖਤਾਂ ਦੀ ਬਹੁਤ ਲੋੜ ਹੈ। ਉਨ੍ਹਾਂ ਚਿੱਠੀਆਂ ਨੂੰ ਥੋੜ੍ਹੇ ਹੋਰ ਵਿਸਥਾਰ ਨਾਲ ਲਿਖਿਆ ਅਤੇ ਇਹ ਅਜੀਤ ਅਖ਼ਬਾਰ ਵਿਚ ਛਪਦੀਆਂ ਰਹੀਆਂ। ਇਹ ਚਿੱਠੀਆਂ ਇਕੱਠੇ ਕਰ ਕੇ ਪਹਿਲੀ ਵਾਰਤਕ ਪੁਸਤਕ 'ਰੰਗਾਂ ਦਾ ਦਰਿਆ' ਛਪਵਾਈ, ਜੋ ਪਾਠਕਾਂ ਵਲੋਂ ਖ਼ੂਬ ਸਲਾਹੀ ਗਈ। ਦਿੱਲੀ ਪੰਜਾਬੀ ਅਕਾਦਮੀ ਵਲੋਂ ਇਸ ਕਿਤਾਬ ਦੀਆਂ 200 ਕਾਪੀਆਂ ਖ਼ਰੀਦੀਆਂ ਗਈਆਂ। ਪ੍ਰੋ. ਕੁਲਵੰਤ ਸਿੰਘ ਥਿੰਦ ਨਾਲ ਮਿਲ ਕੇ ਵਿਗਿਆਨ ਦੀਆਂ ਦੋ ਪੁਸਤਕਾਂ 'ਵਿਗਿਆਨ ਦੇ ਪਸਾਰ' ਅਤੇ 'ਵਿਗਿਆਨ ਦੇ ਪਾਂਧੀ' ਲਿਖੀਆਂ, ਜੋ ਗੁਰੂ ਨਾਨਕ ਦੇਵ ਯੂਨੀਵਰਸਿਟੀ ਨੇ ਛਾਪੀਆਂ। ਬਾਅਦ ਵਿਚ ਵਿਗਿਆਨ ਦੀਆਂ ਤਿੰਨ ਪੁਸਤਕਾਂ 'ਗਾਡ ਪਾਰਟੀਕਲ,' 'ਹਵਾ ਹੱਥ ਜੋੜਦੀ ਹੈ,' ਅਤੇ 'ਵਿਗਿਆਨਕ ਚੇਤਨਾ ਅਤੇ ਪ੍ਰਦੂਸ਼ਣ' ਚੇਤਨਾ ਪ੍ਰਕਾਸ਼ਨ ਲੁਧਿਆਣਾ ਨੇ ਛਾਪੀਆਂ। ਉਹ ਕਹਿੰਦੇ ਹਨ ਕਿ ਵਿਗਿਆਨ ਦਾ ਕਰਜ਼ ਉਤਾਰਨ ਲਈ ਉਹ ਵਿਗਿਆਨ, ਪ੍ਰਦੂਸ਼ਣ, ਅਤੇ ਇਸ ਦੇ ਬੁਰੇ ਪ੍ਰਭਾਵਾਂ ਬਾਰੇ ਲਿਖਦੇ ਰਹਿੰਦੇ ਹਨ। ਅਜੇਹੀ ਚੇਤਨਾ ਪੈਦਾ ਕਰਨ ਲਈ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਡਾ. ਭੰਡਾਲ ਨੂੰ ਸਨਮਾਨਿਤ ਵੀ ਕੀਤਾ ਸੀ। ਉਨ੍ਹਾਂ ਰਣਧੀਰ ਕਾਲਜ ਕਪੂਰਥਲਾ ਵਿਚ ਵਾਤਾਵਰਣ ਸੁਸਾਇਟੀ ਰਾਹੀਂ ਬਹੁਤ ਸਾਰੇ ਬੂਟੇ ਵੀ ਲਗਵਾਏ ਜੋ ਹੁਣ ਕਾਲਜ ਦੀ ਸ਼ਾਨ ਹਨ।

2003 ਵਿਚ ਕੈਨੇਡਾ ਤਿੰਨ ਮਹੀਨੇ ਰਹਿ ਕੇ ਜਦ ਪੰਜਾਬ ਜਾ ਕੇ ਘਰ ਦਾ ਬਾਰ ਖੋਲ੍ਹਿਆ ਤਾਂ ਉਦਾਸ ਘਰ ਦੀ ਹਾਲਤ ਦੇਖ ਕੇ ਮਨ ਬਹੁਤ ਪੀੜਤ ਹੋਇਆ ਅਤੇ ਮੈਂ 'ਘਰ ਅਰਦਾਸ ਕਰੇ' ਲੇਖ ਲਿਖਿਆ। ਅਜੀਤ ਅਖ਼ਬਾਰ ਵਿਚ ਛਪਣ ਤੋਂ ਬਾਅਦ ਪਾਠਕਾਂ ਦਾ ਹੁੰਗਾਰਾ ਬੇਮਿਸਾਲ ਸੀ ਜਿਸ ਨੇ ਮੇਰੀ ਵਾਰਤਕ ਨੂੰ ਵੱਖਰੀ ਨੁਹਾਰ ਦਿੱਤੀ। ਘਰ, ਬੂਹਾ, ਕਮਰਾ, ਕੰਧਾਂ, ਵਿਹੜਾ, ਬੱਚੇ, ਮਾਪੇ ਆਦਿ ਬਾਰੇ ਨਵੀਂ ਪੁਸਤਕ 'ਘਰ ਅਰਦਾਸ ਕਰੇ' ਲਿਖੀ ਅਤੇ ਛਪਵਾਈ। ਇਸ ਕਿਤਾਬ ਬਾਰੇ ਡਾ. ਦਲੀਪ ਕੌਰ ਟਿਵਾਣਾ ਦਾ ਕਹਿਣਾ, "ਮੈਨੂੰ ਲਗਦਾ ਹੈ ਕਿ 'ਘਰ ਅਰਦਾਸ ਕਰੇ' ਦੀ ਥਾਂ ਜੇ ਮੈਂ ਇਹ ਆਖਾਂ ਕਿ ਇਕ ਸੁਹਿਰਦ ਕਵੀ ਮਨ ਵਾਲਾ ਭੰਡਾਲ ਰੱਬ ਅੱਗੇ ਬਹੁਤ ਖ਼ੂਬਸੂਰਤ ਸ਼ਬਦਾਂ ਵਿਚ ਨਾਦ ਚਿਤਰਾਂ ਰਾਹੀਂ ਅਰਜ਼ ਕਰਦਾ ਹੈ ਕਿ ਘਰ ਕਿਹੋ ਜਿਹਾ ਹੋਵੇ, ਜ਼ਿੰਦਗੀ ਕਿਹੋ ਜਿਹੀ ਹੋਵੇ, ਅਤੇ ਰਿਸ਼ਤੇ ਨਾਤੇ ਕਿਹੋ ਜਿਹੇ ਹੋਣ, ਤਾਂ ਇਹ ਜ਼ਿਆਦਾ ਠੀਕ ਹੋਵੇਗਾ। ਮੈਂ ਕਈ ਵਾਰ ਇਹ ਆਖਦੀ ਹੁੰਦੀ ਹਾਂ ਕਿ ਲੇਖਕ ਕਈ ਵਾਰ ਰੱਬ ਤੋਂ ਵੀ ਵੱਡਾ ਹੋ ਕੇ ਆਖਣ ਲੱਗ ਜਾਂਦਾ ਹੈ ਕਿ ਮੈਂ ਦੁਨੀਆ ਸਿਰਜਾਂ ਤਾਂ ਕਿਹੋ ਜਿਹੀ ਹੋਵੇ? ਅਜੇਹੀ ਹੀ ਗੱਲ ਭੰਡਾਲ ਨੇ ਕੀਤੀ ਹੈ। ਸੰਸਾਰ ਦੇ ਕੁਹਜ ਤੋਂ ਉਤਾਂਹ ਉਠ ਕੇ ਸੁਹਜ ਦੀ ਸਿਰਜਣਾ ਦੀ ਗੱਲ ਕਰਨੀ ਹਰ ਇਕ ਦੇ ਵੱਸ ਦੀ ਗੱਲ ਨਹੀਂ ਹੁੰਦੀ। ਤੇਰੇ ਕੋਲ ਇਕ ਸਮਰੱਥਾਵਾਨ ਬੋਲੀ ਹੈ, ਆਦਰਸ਼ਾਂ ਦੀ ਸਤਰੰਗੀ ਪੀਂਘ ਹੈ। ਇਸ ਨੂੰ ਕਦੇ ਗੁਆਚਣ ਨਾ ਦੇਣਾ" ਉਹ ਦੱਸਦੇ ਹਨ, "ਇਹ ਪੱਤਰ ਮੇਰੇ ਲਈ ਬਹੁਤ ਵੱਡਾ ਸਨਮਾਨ ਸੀ ਅਤੇ ਹੁਣ ਤੀਕ ਆਪਣੀ ਲਿਖਤ ਰਾਹੀਂ ਇਸ ਦਾ ਕਰਜ਼ ਉਤਾਰ ਰਿਹਾ ਹਾਂ।" ਪਾਕਿਸਤਾਨ ਦੀ ਵਿਦਵਾਨ ਡਾ. ਨਬੀਲਾ ਰਹਿਮਾਨ ਡਾ. ਭੰਡਾਲ ਦੀ ਵਾਰਤਕ ਨੂੰ ਨਸਰੀ ਨਜ਼ਮ ਕਹਿੰਦੀ ਹੈ। ਡਾ. ਕਰਨੈਲ ਸਿੰਘ ਥਿੰਦ ਦਾ ਇਸ ਪੁਸਤਕ ਬਾਰੇ ਕਹਿਣਾ, "ਸਾਇੰਸ ਦੇ ਪ੍ਰੋਫ਼ੈਸਰ ਦੇ ਤੌਰ 'ਤੇ ਤੈਨੂੰ ਕੁਝ ਸੈਂਕੜੇ ਲੋਕ ਜਾਣਨਗੇ ਪਰ ਸਾਹਿਤਕਾਰ ਵਜੋਂ ਤੈਨੂੰ ਹਜ਼ਾਰਾਂ ਲੋਕ ਚਾਹੁਣਗੇ। ਇਨ੍ਹਾਂ ਅੱਖਰਾਂ ਨੇ ਤੇਰੇ ਜਾਣ ਤੋਂ ਬਾਅਦ ਵੀ ਜਗਦੇ ਰਹਿਣਾ।"

ਡਾ. ਭੰਡਾਲ ਦੇ ਲੇਖ ਛੋਟੇ ਛੋਟੇ ਵਿਸ਼ਿਆਂ 'ਤੇ ਹੁੰਦੇ ਹਨ ਜਿਨ੍ਹਾਂ ਬਾਰੇ ਅਸੀਂ ਸੋਚ ਵੀ ਨਹੀਂ ਸਕਦੇ। 'ਘਰ ਕਰੇ ਅਰਦਾਸ' ਵਿਚ ਘਰ ਬਾਰੇ ਹੀ ਲੇਖ ਹਨ। ਇਸੇ ਤਰ੍ਹਾਂ 'ਕਾਇਆ ਦੀ ਕੈਨਵਸ' ਕਿਤਾਬ ਵਿਚ ਸਰੀਰ ਦੇ ਅੰਗਾਂ 'ਤੇ 29 ਲੇਖ ਹਨ ਜਿਨ੍ਹਾਂ ਵਿਚੋਂ ਕੁਝ ਸਿਰ, ਦਿਮਾਗ, ਕੰਨ, ਨੱਕ, ਮੁਖੜਾ, ਆਦਿ ਬਾਰੇ ਹਨ। 'ਧੁੱਪ ਦੀਆਂ ਕਣੀਆਂ' ਵਿਚ 26 ਲੇਖ ਕੁਦਰਤ ਬਾਰੇ ਅਤੇ ਕੁਦਰਤ ਦੀਆਂ ਬਖ਼ਸ਼ਿਸ਼ਾਂ ਬਾਰੇ ਹਨ।

ਡਾ. ਭੰਡਾਲ ਹੁਰਾਂ ਦੀ ਵਾਰਤਕ ਦੇ ਕੁਝ ਨਮੂਨੇ ਹੇਠ ਲਿਖੇ ਹਨ:

"ਚੰਨ-ਚਾਨਣੀ ਮਾਨਣਾ ਹਰੇਕ ਦਾ ਨਸੀਬ ਨਹੀਂ। ਕੁਝ ਵਿਰਲੇ ਹੀ ਇਸ ਦੀ ਸੁੰਦਰਤਾ, ਸੂਖਮ-ਸੰਦੇਸ਼, ਸਦੀਵ-ਸੁਹਜ, ਸਗਵੇਂ-ਸਰੂਪ ਅਤੇ ਸੰਪੂਰਨ-ਸਮਰਪਿਤਾ ਨੂੰ ਪਛਾਣ, ਚੰਨ ਨੂੰ ਮਨ 'ਚ ਵਸਾ, ਚੰਨ-ਚਾਨਣੀ ਵਰਗਾ ਬਣਨ ਦੀ ਲੋਚਾ ਮਨ 'ਚ ਪਾਲਦੇ।"

"ਰਾਤਾਂ ਜਦ ਲੰਮੀਆਂ ਹੋਣ ਲੱਗ ਪੈਣ ਤਾਂ ਮਨ ਕਿਸੇ ਅਦਿੱਖ ਡਰ ਨਾਲ ਆਪਣੇ ਚਾਵਾਂ ਦੇ ਖੰਭ ਕੁਤਰਦਾ, ਨੁੱਕਰ ਵਿਚ ਸੁੰਗੜ, ਖ਼ੁਦ ਤੋਂ ਵੀ ਸਹਿਮਣ ਲੱਗ ਪੈਂਦਾ।...ਰਾਤ ਸਿਰਫ਼ ਸੌਣ ਜਾਂ ਅਰਾਮ ਕਰਨ ਲਈ ਹੀ ਨਹੀਂ ਹੁੰਦੀ। ਦਰਅਸਲ ਰਾਤ ਨਵੇਂ ਵਿਚਾਰਾਂ, ਸੁਪਨਿਆਂ ਅਤੇ ਸੰਭਾਵਨਾਵਾਂ ਨੂੰ ਕਿਆਸਣ, ਤਲਾਸ਼ਣ ਅਤੇ ਪ੍ਰਾਪਤ ਕਰਨ ਦੇ ਆਹਰ ਦਾ ਅਲਹਾਮ ਏ।" "ਦਿਮਾਗ, ਸੁਪਨਿਆਂ ਦੀ ਕਰਮ-ਭੂਮੀ, ਤਦਬੀਰਾਂ ਅਤੇ ਤਕਦੀਰਾਂ ਦਾ ਜਨਮਦਾਤਾ, ਨਵੀਆਂ ਉਪਲਬਧੀਆਂ ਦਾ ਦਿਸਹੱਦਾ ਅਤੇ ਇਨ੍ਹਾਂ ਤੇ ਪਹੁੰਚਣ ਲਈ ਜੁਗਤੀ-ਸਾਧਨ।"

*(ਬਾਕੀ ਅਗਲੇ ਸਫੇ 'ਤੇ)*

# ਪੰਜਾਬ ਦੇ ਬਦਲੇ ਮੁਹਾਂਦਰੇ ਨੂੰ ਰੂਪਮਾਨ ਕਰਦਾ ਨਾਵਲ ‘ਕੀ ਲੱਗੀ ਨਜ਼ਰ ਪੰਜਾਬ ਨੂੰ!’

‘ਕੀ ਲੱਗੀ ਨਜ਼ਰ ਪੰਜਾਬ ਨੂੰ!’ ਪ੍ਰਬੁੱਧ ਨਾਵਲਕਾਰ ਭਜਨ ਸਿੰਘ ਸਿੱਧੂ ਦਾ ਗਿਆਰਵਾਂ ਨਾਵਲ ਹੈ। ਇਹ ਨਾਵਲ ਸੰਨ 1939 ਤੋਂ 1945 ਤਕ ਲੜੇ ਗਏ ਵਿਸ਼ਵ ਯੁੱਧ, ਸੰਨ ਸੰਤਾਲੀ ਦੇ ਬਟਵਾਰੇ, ਸੰਨ ਚੁਰਾਸੀ ਦੇ ਪੰਜਾਬ ਸੰਕਟ ਅਤੇ ਇੱਕੀਵੀਂ ਸਦੀ ਦੇ ਦੂਜੇ ਦਹਾਕੇ ਦੌਰਾਨ ਪੰਜਾਬ ਵਿਚ ਆਏ ਨਸ਼ੀਲੇ ਅਤਿਵਾਦ ਨਾਲ ਸਬੰਧਤ ਵਰਤਾਰਿਆਂ ਨੂੰ ਭਾਵੁਕਤਾ ਮੁਕਤ ਵਿਸ਼ਲੇਸ਼ਣੀ ਦ੍ਰਿਸ਼ਟੀਕੋਣ ਤੋਂ ਵਾਚਦਾ ਤੇ ਪੜਚੋਲਦਾ ਹੈ। ਇਸ ਨਾਵਲ ਦੇ ਪਾਤਰ ਉਕਤ ਵਰਤਾਰਿਆਂ ਦੇ ਭੁਗਤ


**ਨਿਰੰਜਣ ਬੋਹਾ**
**ਫੋਨ: 89682-82700**

ਭੋਗੀ ਗਵਾਹ ਰਹੇ ਹਨ, ਇਸ ਲਈ ਇਸ ਨੂੰ ਪੰਜਾਬ ਦੇ ਬੀਤੇ ਅੱਠ ਦਹਾਕਿਆਂ ਦਾ ਇਤਿਹਾਸਕ ਦਸਤਾਵੇਜ ਵੀ ਕਿਹਾ ਜਾ ਸਕਦਾ ਹੈ। ਸੰਨ ਸੰਤਾਲੀ ਵਿਚ ਭਾਰਤ ਨੂੰ ਮਿਲੀ ਆਜ਼ਾਦੀ ਦੀ ਸਭ ਤੋਂ ਵੱਧ ਕੀਮਤ ਪੰਜਾਬ ਦੇ ਲੋਕਾਂ ਨੂੰ ਹੀ ਚੁਕਾਉਣੀ ਪਈ ਤੇ ਉਸ ਤੋਂ ਬਾਅਦ ਵੀ ਪੰਜਾਬੀਆਂ ਦੇ ਸਵੈਮਾਣ ਭਰਪੂਰ ਨਾਬਰ ਸੁਭਾਅ ਕਾਰਨ ਪੰਜਾਬ ਕੇਂਦਰ ਦੀਆਂ ਅੱਖਾਂ ਦੀ ਰੜਕਣ ਬਣਿਆ ਰਿਹਾ। ਪੰਜਾਬ ਦੇ ਲੋਕਾਂ ਨੇ ਕਦੇ ਵੀ ਲੰਮਾ ਸਮਾਂ ਸ਼ਾਂਤੀ ਨਾਲ ਨਹੀਂ ਬਿਤਾਇਆ, ਇਸ ਦੀ ਖੁਸ਼ਹਾਲੀ ਤੇ ਸ਼ਾਂਤੀ ਨੂੰ ਸਮੇਂ ਦੀ ਨਜ਼ਰ ਲੱਗਦੀ ਰਹੀ ਹੈ। ‘ਇਹ ਨਜ਼ਰ ਕਿਵੇਂ ਉਤਾਰੀ ਜਾਵੇ?’ ਵਿਸ਼ੇ ’ਤੇ ਕੀਤੀ ਚਰਚਾ ਇਸ ਨਾਵਲ ਦਾ ਵਿਸ਼ੇਸ਼ ਹਾਸਲ ਹੈ।

ਨਾਵਲ ਦੀ ਕਹਾਣੀ ਦੀ ਸ਼ੁਰੂਆਤ ਦੇਸ਼ ਦੀ ਵੰਡ ਤੋਂ ਪਹਿਲਾਂ ਦੇ ਸਾਂਝੇ ਪੰਜਾਬ ਵਿਚ ਹਿੰਦੂ-ਸਿੱਖ ਤੇ ਮੁਸਲਮਾਨਾਂ ਵਿਚ ਰਹੀ ਮਜ਼ਬੂਤ ਭਾਈਚਾਰਕ ਸਾਂਝ ਦਾ ਬਿਰਤਾਂਤ ਸਿਰਜਣ ਨਾਲ ਹੁੰਦੀ ਹੈ। ਹੁਣ ਦੇ ਲਹਿੰਦੇ ਪੰਜਾਬ ਦੇ ਲਾਹੌਰ ਨੇੜਲੇ ਪਿੰਡ ਬਰਕੀ ਵਿਚ ਚੌਧਰੀ ਨੂਰਦੀਨ ਤੇ ਗੁਰਦੇਵ ਸਿੰਘ ਵਿਚਕਾਰ ਭਰਾਵਾਂ ਵਰਗੀ ਸਾਂਝ ਹੈ ਤੇ ਉਨ੍ਹਾਂ ਦੀਆਂ ਪੋਤੀਆਂ ਨਿਲੋਫਰ ਤੇ ਰਾਜਦੀਪ ਕੌਰ ਵੀ ਆਪਸ ਵਿਚ ਭੈਣਾਂ ਵਰਗੇ ਰਿਸ਼ਤੇ ਵਿਚ ਬੱਝੀਆਂ ਹੋਈਆਂ ਹਨ। ਲਾਹੌਰ ਕਾਲਜ ਵਿਚ ਮੈਡੀਕਲ ਦੀ ਪੜ੍ਹਾਈ ਕਰਦਿਆਂ ਨਿਲੋਫਰ, ਰਾਜਦੀਪ ਤੇ ਜਸਮੀਤ ਦੀ ਤਿੱਕੜੀ ਮਾਨਵੀ ਸਾਂਝ ਦੀ ਉਘੜਵੀਂ ਉਦਾਹਰਨ ਬਣੀ ਰਹਿੰਦੀ ਹੈ। ਜਾਗੀਰੂ ਕੀਮਤਾਂ ਕਾਰਨ ਭਾਵੇਂ ਰਾਜਦੀਪ ਤੇ ਉਸਦੀ ਸਹੇਲੀ ਜਸਮੀਤ ਦੇ ਭਰਾ ਸੁਦਾਗਰ ਸਿੰਘ ਦੀ ਮੁਹੱਬਤ ਪ੍ਰਵਾਨ ਨਹੀਂ ਚੜ੍ਹਦੀ ਪਰ ਉਹ ਮਾਪਿਆਂ ਦੀ ਇੱਜ਼ਤ ਨਾਲ ਜੁੜੀਆਂ ਸਮਾਜਿਕ ਮਰਿਆਦਾਵਾਂ ਤੋਂ ਬਗਾਵਤ ਵੀ ਨਹੀਂ ਕਰਦੇ। ਇਸ ਤਰ੍ਹਾਂ ਨਾਵਲ ਆਪਣੇ ਸਮੇਂ ਦੀਆਂ ਸਮਾਜਿਕ ਕਦਰਾਂ-ਕੀਮਤਾਂ ਦਾ ਯਥਾਰਥਕ ਚਿਤਰਨ ਕਰਨ ਵਿਚ ਸਫਲ ਰਹਿੰਦਾ ਹੈ।

ਭਾਵੇਂ ਵਿਸ਼ਵ ਯੁੱਧ ਦੇ ਖਾਤਮੇ ਤੋਂ ਪਹਿਲਾਂ ਦੇਸ਼ ਦੀ ਵੰਡ ਦਾ ਫਾਰਮੂਲਾ ਤਿਆਰ ਹੋ ਚੁੱਕਾ ਸੀ ਪਰ ਬਰਕੀ ਪਿੰਡ ਦੇ ਕਿਸੇ ਵੀ ਵਸਨੀਕ ਦੇ ਦਿਲ ਦਿਮਾਗ ਵਿਚ ਇਹ ਗੱਲ ਨਹੀਂ ਸੀ ਕਿ ਕੁਝ ਧਾਰਮਿਕ ਤੇ ਰਾਜਨੀਤਕ ਆਗੂਆਂ ਵੱਲੋਂ ਆਪਣੇ ਸੌੜੇ ਹਿੱਤਾਂ ਕਾਰਨ ਸੁੱਟੀ ਨਫ਼ਰਤ ਦੀ ਚਿੰਗਾਰੀ ਇਕ ਦਿਨ ਦੋਹਾਂ ਪਾਸਿਆਂ ਦੇ ਲੱਖਾਂ ਲੋਕਾਂ ਦੇ ਕਤਲੇਆਮ ਦਾ ਕਾਰਨ ਬਣ ਜਾਵੇਗੀ। ਚੌਧਰੀ ਨੂਰਦੀਨ ਵਰਗੇ ਲੋਕ ਆਪਣੀ ਜਾਨ ਨੂੰ ਜੋਖ਼ਮ ਵਿਚ ਪਾ ਕੇ ਵੀ ਆਪਣੇ ਹਮਸਾਏ ਭੈਣ ਭਰਾਵਾਂ ਦੀ ਜਾਨ ਤੇ ਮਾਲ ਦੀ ਰੱਖਿਆ ਕਰਨ ਸਬੰਧੀ ਜੀਅ ਜਾਨ ਨਾਲ ਕੋਸ਼ਿਸ਼ਾਂ ਕਰਦੇ ਰਹੇ ਪਰ ਫਿਰਕੂ ਵਹਿਸ਼ਤ ਅੱਗੇ ਉਨ੍ਹਾਂ ਦੀਆਂ ਕੋਸ਼ਿਸ਼ਾਂ ਬੇ- ਅਸਰ ਹੀ ਸਾਬਤ ਹੋਈਆਂ। ਗੁਰਦੇਵ ਸਿੰਘ ਦਾ ਫੌਜੀ ਪੁੱਤਰ ਰਣਜੀਤ ਸਿੰਘ ਤੇ ਨੂੰਹ ਸੁਰਜੀਤ ਕੌਰ ਇਸੇ ਫਿਰਕੂ ਨਫ਼ਰਤ ਦੀ ਭੇਟ ਚੜ੍ਹ ਗਏ। ਨਾਵਲ ਇੱਥੇ ਇਸ ਸਿਰਜਣੀ ਧਾਰਨਾ ਨੂੰ ਉਭਾਰਦਾ ਹੈ ਕਿ ਥੱਕੀ, ਟੁੱਟੀ, ਨਿਰਾਸ਼ ਤੇ ਉਜੜੀ ਜ਼ਿੰਦਗੀ ਆਪਣੀ ਮੁੜ ਉਸਾਰੀ ਦਾ ਪੁਨਰ ਮਾਦਾ ਵੀ ਆਪਣੇ ਵਿਚ ਰੱਖਦੀ ਹੈ। ਇਸ ਤਰ੍ਹਾਂ ਲਹਿੰਦੇ ਪੰਜਾਬ ਤੋਂ ਉਜਾੜੇ ਤੋਂ ਬਾਅਦ ਆਪਣੀ ਪਤਨੀ ਤੇ ਪੋਤੀਆਂ ਸਮੇਤ ਚੜ੍ਹਦੇ ਪੰਜਾਬ ਪਹੁੰਚਣ ਵਿਚ ਸਫਲ ਹੋਏ ਗੁਰਦੇਵ ਸਿੰਘ ਦੇ ਪਰਿਵਾਰ ਨੇ ਵੀ ਤਰਨਤਾਰਨ ਜ਼ਿਲ੍ਹੇ ਦੇ ਪਿੰਡ ਬੀਹਲੇ ਵਿਚ ਆਪਣਾ ਨਵਾਂ ਵਸੇਬਾ ਕਰ ਕੇ ਫਿਰ ਆਪਣੀਆਂ ਜੜ੍ਹਾਂ ਇਸ ਧਰਤੀ ‘ਤੇ ਲਾ ਲਈਆਂ। ਇਸ ਸਮੇਂ ਦੌਰਾਨ ਰਾਜਦੀਪ ਕੌਰ ਤੇ ਉਸ ਦੀ ਛੋਟੀ ਭੈਣ ਸੁਖਪਾਲ ਕੌਰ ਨੇ ਵਿਆਹ ਕਰਵਾ ਕੇ ਆਪਣੇ ਵੱਖਰੇ ਗ੍ਰਹਿਸਥੀ ਜੀਵਨ ਦੀ ਸ਼ੁਰੂਆਤ ਕਰ ਲਈ।

ਪੰਜਾਬ ਦੀ ਧਰਤੀ ਨੂੰ ਇਕ ਵਾਰ ਫਿਰ ਨਜ਼ਰ ਲੱਗੀ ਤੇ ਕੇਂਦਰ ਸਰਕਾਰ ਦੀ ਪੰਜਾਬ ਨਾਲ ਕੀਤੀ ਜਾ ਰਹੀ ਲਗਾਤਾਰ ਵਿਕਤਰੇਬਾਜ਼ੀ




ਦੇ ਪ੍ਰਤੀਕਰਮ ਵਜੋਂ ਸੰਨ ਚੁਰਾਸੀ ਦੇ ਨੇੜ-ਤੇੜ ਪੈਦਾ ਹੋਏ ਪੰਜਾਬ ਸੰਕਟ ਕਾਰਨ ਪੰਜਾਬੀਆਂ ਨੂੰ ਲੰਬਾ ਸਮਾਂ ਸਰਕਾਰੀ ਤੇ ਗੈਰ ਸਰਕਾਰੀ ਪੱਧਰ ‘ਤੇ ਦਹਿਸ਼ਤਗਰਦੀ ਦਾ ਸੰਤਾਪ ਭੋਗਣਾ ਪਿਆ। ਜੇ ਸੰਤਾਲੀ ਦੇ ਸੰਕਟ ਨੇ ਰਾਜਦੀਪ ਤੋਂ ਉਸਦਾ ਪਿਤਾ ਖੋਹ ਲਿਆ ਤਾਂ ਚੁਰਾਸੀ ਦੇ ਸੰਕਟ ਨੇ ਉਸਦਾ ਜੁਆਨ ਪੁੱਤਰ ਧਰਮਵੀਰ ਸਿੰਘ ਖੋਹ ਲਿਆ। ਨਾਵਲ ਤਰੱਕੀਆਂ ਦੇ ਲਾਲਚ ਵਿਚ ਪੁਲਿਸ ਵੱਲੋਂ ਬਣਾਏ ਝੂਠੇ ਮੁਕਾਬਲਿਆਂ ਦੀ ਅਸਲੀਅਤ ਤੱਥਾਂ ਤੇ ਉਦਾਹਰਨਾਂ ਸਮੇਤ ਉਘੇੜਦਾ ਹੈ। ਚੁਰਾਸੀ ਦੇ ਸੰਕਟ ਦੇ ਦੂਰ ਅੰਦੇਸ਼ੀ ਪ੍ਰਭਾਵਾਂ ਦੀ ਨਿਸ਼ਾਨਦੇਹੀ ਕਰਨ ਲਈ ਉਹ ਦੇਸ਼ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਤਲ ਅਤੇ ਦਿੱਲੀ ਵਿਚ ਸਿੱਖਾਂ ਦੇ ਸਮੂਹਿਕ ਕਤਲੇਆਮ ਨਾਲ ਸਬੰਧਤ ਘਟਾਨਾਕ੍ਰਮ ਦੇ ਕਈ ਲੁਕਵੇਂ ਪੰਨੇ ਵੀ ਪਰਤਦਾ ਹੈ।

ਨਾਵਲ ਵਿਚ ਮੁੱਖ ਪਾਤਰ ਰਾਜਦੀਪ ਦੀ ਸਹੇਲੀ ਊਸ਼ਾ ਸ਼ਰਮਾ ਦੀ ਭੈਣ ਸੰਗੀਤਾ ਸ਼ਰਮਾ ਦੀ ਕਹਾਣੀ ਵੀ ਸਮਾਨਾਂਤਰ ਹੀ ਚਲਦੀ ਹੈ। ਆਪਣੇ ਪਤੀ ਦੇ ਨਪੁੰਸਕ ਹੋਣ ਕਾਰਨ ਉਸ ਵੱਲੋਂ ਭੋਗੇ ਗਏ ਮਾਨਸਿਕ ਸੰਤਾਪ ਤੇ ਉਸਦੇ ਕਤਲ ਦੀ ਘਟਨਾ ਦਾ ਭਾਵੇਂ ਨਾਵਲ ਦੀ ਮੁੱਖ ਕਹਾਣੀ ਨਾਲ ਸਿੱਧਾ ਮੇਲ ਨਹੀਂ ਬੈਠਦਾ ਪਰ ਪੰਜਾਬ ਦੇ ਸਮਾਜਿਕ ਯਥਾਰਥ ਨੂੰ ਰੂਪਮਾਨ ਕਰਨ ਵਿਚ ਇਸ ਕਹਾਣੀ ਦਾ ਆਪਣਾ ਵੱਖਰਾ ਮਹੱਤਵ ਹੈ। ਸੰਗੀਤਾ ਦੇ ਕਾਤਲ ਪਤੀ ਬੀਡੀਪੀਓ ਸੁਦਰਸ਼ਨ ਕੁਮਾਰ ਨੂੰ ਜੇਲ੍ਹ ਵਿਚ ਭੇਜ ਕੇ ਇਸ ਨਾਵਲ ਦੀ ਕਹਾਣੀ ਇਸ ਸਮਾਜ ਉਪਯੋਗੀ ਸਿੱਟੇ ਨੂੰ ਉਚੇਚੇ ਤੌਰ ‘ਤੇ ਉਭਾਰਦੀ ਹੈ ਕਿ ਬੁਰਾਈ ਨੂੰ ਇਕ ਦਿਨ ਆਪਣਾ ਅੰਜ਼ਾਮ ਭੁਗਤਣਾ ਹੀ ਪੈਂਦਾ ਹੈ ਤੇ ਪੈਸਾ ਹਰ ਥਾਂ ਅਪਰਾਧੀਆਂ ਦਾ ਬਚਾਓ ਨਹੀਂ ਕਰ ਸਕਦਾ।

ਨਾਵਲ ਪੰਜਾਬ ਦੇ ਨੌਜਵਾਨਾਂ ਵਿਚ ਵਧ ਰਹੇ ਪਰਵਾਸ ਦੇ ਰੁਝਾਨ ਬਾਰੇ ਵੀ ਸਮਾਜ ਉਪਯੋਗੀ ਚਰਚਾ ਛੇੜਦਾ ਹੈ। ਪਰਵਾਸ ਨਾਲ ਸਾਡੀ ਆਰਥਿਕ ਖੁਸ਼ਹਾਲੀ ਦਾ ਸੁਪਨਾ ਜੁੜਿਆ ਹੋਇਆ ਹੈ ਪਰ ਪਰਵਾਸੀ ਬਣਨ ਤੋਂ ਬਾਅਦ ਅਕਸਰ ਸਾਡੇ ਨੌਜਵਾਨ ਬੱਚੇ ਸਦਾ ਲਈ ਸਾਥੋਂ ਵਿਛੜ ਜਾਂਦੇ ਹਨ। ਰਾਜਦੀਪ ਤੇ ਉਸਦਾ ਪਤੀ ਲਖਵੀਰ ਸਿੰਘ ਆਪਣੇ ਪੁੱਤਰ ਕਰਮਵੀਰ ਤੇ ਧੀ ਕੁਲਜੀਤ ਨੂੰ ਵਿਦੇਸ਼ ਵਿਚ ਸੈੱਟ ਕਰਨ ਤੋਂ ਬਾਅਦ ਆਪਣੇ ਪੁੱਤਰ ਧਰਮਵੀਰ ਕੋਲ ਰਹਿਣ ਲੱਗਦੇ ਹਨ। ਪੰਜਾਬ ਸੰਕਟ ਦੌਰਾਨ ਧਰਮਵੀਰ ਝੂਠੇ ਪੁਲਿਸ ਮੁਕਾਬਲੇ ਵਿਚ ਮਾਰਿਆ ਜਾਂਦਾ ਹੈ ਤਾਂ ਉਹ ਆਪਣੇ ਪੋਤੇ ਤੇ ਨੂੰਹ ਅੰਮ੍ਰਿਤਪਾਲ ਨੂੰ ਵੀ ਉਨ੍ਹਾਂ ਦੇ ਚੰਗੇ ਭਵਿੱਖ ਦੇ ਨਾਂ ‘ਤੇ ਵਿਦੇਸ਼ ਵਿਚ ਭੇਜ ਦਿੰਦੇ ਹਨ। ਪਹਿਲਾਂ ਰਾਜਦੀਪ ਤੇ ਫਿਰ ਲਖਵੀਰ ਸਿੰਘ ਦੀ ਅਚਨਚੇਤੀ ਮੌਤ ਹੋ ਜਾਣ ‘ਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਵਿਚੋਂ ਕੋਈ ਵੀ ਸਮੇਂ ਸਿਰ ਨਹੀਂ ਪਹੁੰਚਦਾ ਤਾਂ ਨਾਵਲ ਬੜੇ ਗੰਭੀਰ ਸੁਆਲ ਨੂੰ ਜਨਮ ਦਿੰਦਾ ਹੈ ਕਿ ਧੀਆਂ-ਪੁੱਤਰਾਂ ਨੂੰ ਵਿਦੇਸ਼ ਭੇਜਣ ਵਾਲੇ ਮਾਪਿਆਂ ਦੀ ਅਰਥੀ ਵੀ ਬਿਗਾਨੇ ਮੋਢਿਆ ‘ਤੇ ਜਾਣੀ ਹੈ ਤਾਂ ਫਿਰ ਘਰ ਪਰਿਵਾਰ ਦੇ ਕੀ ਅਰਥ ਹਨ?

ਨਾਵਲ ਵਿਚ ਦਰਪੇਸ਼ ਘਟਨਾਵਾਂ ਦੀ ਤਰਤੀਬ ਤੇ ਸੰਪਾਦਨ ਸੁਚੱਜਾ ਹੈ ਤੇ ਪਾਠਕੀ ਮਨੋ ਬਿਰਤੀਆਂ ਨਾਵਲ ਪਾਠ ਦੇ ਆਰੰਭ ਤੋਂ ਲੈ ਕੇ ਅੰਤ ਤਕ ਇਸ ਘਟਨਾਕ੍ਰਮ ਨਾਲ ਜੁੜੀਆਂ ਰਹਿੰਦੀਆਂ ਹਨ। ਭਾਵੇਂ ਨਾਵਲ ਵਿਚ ਵਾਪਰਦੀ ਹਰ ਘਟਨਾ ਆਪਣੀ ਸਹਿਜਤਾ ਤੇ ਸੁਭਾਵਿਕਤਾ ਨੂੰ ਬਰਕਰਾਰ ਰੱਖਣ ਦੀ ਯਥਾਸੰਭਵ ਕੋਸ਼ਿਸ਼ ਕਰਦੀ ਹੈ ਪਰ ਨਾਵਲ ਦੀ ਕਹਾਣੀ ਤੋਂ ਇੱਛਤ ਸਿੱਟੇ ਲੈਣ ਲਈ ਇੱਕ ਦੋ ਥਾਈਂ ਮੌਕਾ-ਮੇਲ ਸਬੰਧੀ ਸਥਿਤੀਆਂ ਦੀ ਵਰਤੋਂ ਵੀ ਕੀਤੀ ਗਈ ਹੈ। ਨਾਵਲ ਦੇ ਪਾਤਰਾਂ ਦਾ ਆਪਸੀ ਵਾਰਤਾਲਾਪ ਬੋਲੀ ਤੇ ਸ਼ੈਲੀ ਮਿਲ ਕੇ ਪੰਜਾਬ ਦੇ ਮਲਵਈ ਉਪ ਸਭਿਆਚਾਰ ਦੀ ਸਜੀਵ ਪੇਸ਼ਕਾਰੀ ਕਰਨ ਵਿਚ ਸਫਲ ਰਹੇ ਹਨ। ਨਾਵਲ ਵਿਚ ਵਿਆਹ-ਸ਼ਾਦੀਆਂ ਦੀਆਂ ਰਸਮਾਂ ‘ਤੇ ਗਾਏ ਜਾਣ ਵਾਲੇ ਗੀਤਾਂ ਦਾ ਵਰਣਨ ਕੁਝ ਲੰਬਾ ਤਾਂ ਹੈ ਪਰ ਅਕਾਊ ਨਹੀਂ ਹੈ। ਕੁਲ ਮਿਲਾ ਕੇ ਇਹ ਨਾਵਲ ਸੰਨ ਸੰਤਾਲੀ ਤੋਂ ਬਾਅਦ ਪੰਜਾਬ ਦੇ ਸਮਾਜਿਕ, ਸਭਿਆਚਾਰਕ, ਆਰਥਿਕ ਖੇਤਰ ਵਿਚ ਆਈਆਂ ਤਬਦੀਲੀਆਂ ਦੀ ਯਥਾਰਥਕ ਪੇਸ਼ਕਾਰੀ ਕਰਨ ਵਿਚ ਸਫਲ ਰਿਹਾ ਹੈ। 325 ਰੁਪਏ ਮੁੱਲ ਵਾਲੇ 280 ਪੰਨਿਆਂ ‘ਤੇ ਆਧਾਰਿਤ ਇਸ ਨਾਵਲ ਨੂੰ ਸੰਗਮ ਪਬਲੀਕੇਸ਼ਨਜ਼ ਸਮਾਣਾ ਨੇ ਛਾਪਿਆ ਹੈ।

---

“ਦਿਲ ਬਹੁਤ ਨਾਜ਼ਕ। ਖੁਸ਼ੀ-ਗ਼ਮੀ, ਭੜਕਾਹਟ-ਉਕਸਾਹਟ, ਡਰ-ਨਿਰਭੈਅ, ਪੀੜ-ਹੁਲਾਸ, ਉਦਾਸੀ-ਖੇੜਾ, ਨਿਰਾਸ਼ਾ-ਹਾਸਾ ਆਦਿ ਸਭ ਤੋਂ ਪਹਿਲਾਂ ਦਿਲ ਨੂੰ ਹੀ ਅਸਰ-ਅੰਦਾਜ਼ ਕਰਦੇ।”

ਡਾ. ਭੰਡਾਲ ਕਹਿੰਦੇ ਹਨ, “ਮੇਰੇ ਲਈ ਸਭ ਤੋਂ ਖ਼ੂਬਸੂਰਤ ਅਤੇ ਮਾਣਮੱਤੇ ਪਲ ਉਹ ਸਨ ਜਦ ਨਵੰਬਰ 2015 ਦੀ ਸਵੇਰ ਨੂੰ ਡਾ. ਗੁਰਨਾਮ ਸਿੰਘ ਦਾ ਫ਼ੋਨ ਆਇਆ ਅਤੇ ਉਨ੍ਹਾਂ ਮੈਨੂੰ ਮੁਬਾਰਕ ਦਿੰਦਿਆਂ ਦੱਸਿਆ ਕਿ ਮੈਨੂੰ ਭਾਸ਼ਾ ਵਿਭਾਗ ਵਲੋਂ ਸ਼੍ਰੋਮਣੀ ਪੰਜਾਬੀ ਸਾਹਿਤਕਾਰ ਪੁਰਸਕਾਰ ਲਈ ਚੁਣਿਆ ਗਿਆ। ਮੇਰੇ ਅਨਪੜ੍ਹ ਮਾਪਿਆਂ ਅਤੇ ਪਿੰਡ ਲਈ ਇਹ ਮਾਣ ਵਾਲੀ ਗੱਲ ਸੀ ਕਿ ਉਨ੍ਹਾਂ ਦੇ ਜੰਮੇ-ਜਾਏ ਨੂੰ ਇਹ ਸਨਮਾਨ ਮਿਲ ਰਿਹੈ ਖ਼ੂਬਸੂਰਤ ਗੱਲ ਇਹ ਕਿ ਜਦ ਇਸ ਬਾਰੇ ਮੈਂ ਆਪਣੇ ਬਾਪ (ਮਾਂ ਦੀ 2010 ਵਿਚ ਮੌਤ ਹੋ ਗਈ ਸੀ) ਨੂੰ ਦੱਸਿਆ ਤਾਂ ਉਹ ਬਾਗ਼ੋ-ਬਾਗ਼ ਹੋਇਆ। ਉਨ੍ਹਾਂ ਦਾ ਪਹਿਲਾ ਪ੍ਰਸ਼ਨ ਸੀ ਕਿ ਤੂੰ ਇਹ ਇਨਾਮ ਲੈਣ ਲਈ ਇੰਡੀਆ ਕਦੋਂ ਆਵੇਂਗਾ। ਦਰਅਸਲ ਉਨ੍ਹਾਂ ਨੂੰ ਇਨਾਮ ਨਾਲੋਂ ਆਪਣੇ ਪਰਦੇਸੀ ਪੁੱਤ ਨੂੰ ਮਿਲਣ ਦਾ ਚਾਅ ਵੱਧ ਸੀ। ਇਹ ਸਨਮਾਨ ਮਾਰਚ 2016 ਵਿਚ ਪੰਜਾਬੀ ਯੂਨੀਵਰਸਿਟੀ ਵਿਚ ਦਿੱਤਾ ਗਿਆ ਸੀ।”

ਡਾ. ਭੰਡਾਲ ਸਿਰਜਣਾ ਕੇਂਦਰ ਕਪੂਰਥਲਾ ਨਾਲ ਕਾਫ਼ੀ ਦੇਰ ਤੋਂ ਜੁੜੇ ਹੋਏ ਹਨ ਅਤੇ ਇਸ ਦੇ ਪ੍ਰਧਾਨ ਵੀ ਰਹੇ ਸਨ। ਪੰਜਾਬੀ ਸੱਥ ਦੇ ਸੰਚਾਲਕ ਡਾ. ਨਿਰਮਲ ਸਿੰਘ ਨਾਲ ਉਨ੍ਹਾਂ ਦੀ ਮੁਹੱਬਤੀ ਸਾਂਝ ਹੈ। ਸੱਥ ਵਲੋਂ ਹੀ ਡਾ. ਭੰਡਾਲ ਦੀ ਪੁਸਤਕ ‘ਲੋਏ ਲੋਏ’ ਛਾਪੀ ਗਈ ਸੀ।

2006 ਵਿਚ ਡਾ. ਭੰਡਾਲ ਟੋਰਾਂਟੋ ਆ ਗਏ। ਸੰਯੋਗ-ਬੱਸ ਉਨ੍ਹੀਂ ਦਿਨੀਂ ਬਲਬੀਰ ਸਿੰਘ ਸੀਚੇਵਾਲ ਕੈਨੇਡਾ ਕਿਸੇ ਮੀਟਿੰਗ ਵਿਚ ਡਾ. ਭੰਡਾਲ ਨੂੰ ਮਿਲੇ। ਇਸੇ ਮੀਟਿੰਗ ਵਿਚ ਡਾ. ‘ਪਰਵਾਸੀ’ ਅਖ਼ਬਾਰ ਦੇ ਰਜਿੰਦਰ ਸੈਣੀ ਨੂੰ ਮਿਲੇ ਅਤੇ ਇਸ ਅਖ਼ਬਾਰ ਵਿਚ 2008 ਤੀਕ ਕੰਮ ਕੀਤਾ। ਉਹ ਦੱਸਦੇ ਹਨ, ਅਖ਼ਬਾਰ ਵਿਚ ਕੰਮ ਕਰਨਾ ਮੇਰੀਆਂ ਸਾਹਿਤਕ ਰੁਚੀਆਂ ਦੀ ਪ੍ਰਫੁੱਲਤਾ ਅਤੇ ਕੈਨੇਡਾ ਦੀ ਕਮਿਊਨਿਟੀ ਨੂੰ ਸਮਝਣ ਲਈ ਬਹੁਤ ਸਹਾਈ ਹੋਇਆ। 2010 ਵਿਚ ਡਾ. ਭੰਡਾਲ ਕੈਨੇਡਾ ਵਾਪਸ ਆ ਗਏ ਤਾਂ ਪੰਜਾਬੀ ਪੋਸਟ ਦੇ ਜਗਦੀਸ਼ ਸਿੰਘ ਗਰੇਵਾਲ ਨਾਲ ਅਖ਼ਬਾਰ ਲਈ ਕੰਮ ਕੀਤਾ।

2014 ਵਿਚ ਬੱਚੀਆਂ ਦੇ ਕਹਿਣ ‘ਤੇ ਅਮਰੀਕਾ ਵਿਚ ਕਲੀਵਲੈਂਡ ਆ ਵਸੇ। ਉਹ ਕਹਿੰਦੇ ਹਨ, “ਬਹੁਤ ਕੁਝ ਟੁੱਟਦਾ ਹੈ ਜਦ ਤੁਸੀਂ ਇਕ ਥਾਂ ਨਾਲ ਜੁੜ ਕੇ ਟੁੱਟਦੇ ਹੋ ਅਤੇ ਮੁੜ ਤੋਂ ਸਥਾਪਤੀ ਦਾ ਸਫ਼ਰ ਸ਼ੁਰੂ ਕਰਦੇ ਹੋ। ਪਰ ਮੇਰੇ ਹਿੱਸੇ ਤਾਂ ਬਾਰ-ਬਾਰ ਜੁੜਨਾ, ਟੁੱਟਣਾ, ਅਤੇ ਫਿਰ ਖ਼ੁਦ ਨੂੰ ਸਥਾਪਤ ਕਰਨਾ ਹੀ ਆਇਆ ਹੈ। ਪਿੰਡ ਤੋਂ ਕਪੂਰਥਲਾ, ਕਪੂਰਥਲਾ ਤੋਂ ਕੈਨੇਡਾ ਅਤੇ ਹੁਣ ਕੈਨੇਡਾ ਤੋਂ ਅਮਰੀਕਾ। ਪਰ ਇਹ ਸਭ ਕੁਝ ਮਨੁੱਖ ਨੂੰ ਬਹੁਤ ਕੁਝ ਸਿਖਾਉਂਦਾ ਹੈ ਅਤੇ ਖ਼ੁਦ ਦੀ ਸਮਰੱਥਾ ਦੀ ਪਰਖ ਵੀ ਕਰਵਾਉਂਦਾ ਹੈ।”

ਜਦੋਂ ਅਸੀਂ ਇਕ ਥਾਂ ‘ਤੋਂ ਦੂਜੇ ਥਾਂ ਜਾਂਦੇ ਹਾਂ ਤਾਂ ਪਹਿਲਾ ਉਦਮ ਤਾਂ ਕੰਮ ਲੱਭਣਾ ਹੁੰਦਾ ਹੈ। ਡਾ. ਭੰਡਾਲ ਨੇ ਬਾਰ੍ਹਵੇਂ ਗਰੇਡ ਤੱਕ ਫਿਜ਼ਿਕਸ ਪੜ੍ਹਾਉਣ ਲਈ ਆਨਲਾਈਨ ਕੋਰਸ ਕਰ ਕੇ ਸਰਟੀਫਿਕੇਸ਼ਨ ਪ੍ਰਾਪਤ ਕੀਤੀ। ਚੰਗੇ ਭਾਗਾਂ ਨਾਲ ਜਨਵਰੀ 2016 ਵਿਚ ਕਲੀਵਲੈਂਡ ਸਟੇਟ ਯੂਨੀਵਰਸਿਟੀ ਵਿਚ ਫਿਜ਼ਿਕਸ ਪੜਾਉਣ ਦਾ ਮੌਕਾ ਮਿਲਿਆ ਜੋ ਹੁਣ ਤੱਕ ਜਾਰੀ ਹੈ।

ਮੇਰੇ ਪੁੱਛਣ ‘ਤੇ ਕਿ ਉਨ੍ਹਾਂ ਨੇ ਹਿੰਦੁਸਤਾਨ ਅਤੇ ਅਮਰੀਕਾ ਵਿਚ ਪੜ੍ਹਾਉਣ ਵਿਚ ਕੀ ਫ਼ਰਕ ਮਹਿਸੂਸ ਕੀਤਾ ਹੈ, ਕਹਿਣ ਲੱਗੇ, “ਅਮਰੀਕਾ ਵਿਚ ਟੀਚਰ ਦੀ ਕਦਰ ਹੈ ਅਤੇ ਉਸ ਦੇ ਮੁਲਾਂਕਣ ਨੂੰ ਮਾਨਤਾ ਮਿਲਦੀ ਹੈ। ਵਿਦਿਆਰਥੀਆਂ ਵਲੋਂ ਪ੍ਰੋਫੈਸਰ ਦਾ ਮੁਲਾਂਕਣ ਵੀ ਅਹਿਮ ਹੈ। ਵਿਦਿਆਰਥੀ ਇਮਾਨਦਾਰ, ਸਪਸ਼ਟ ਅਤੇ ਟੀਚੇ ਪ੍ਰਤੀ ਸਮਰਪਿਤ ਹਨ। ਉਹ ਮੈਥ ਵਿਚ ਕਮਜ਼ੋਰ ਹਨ। ਅਮਰੀਕਾ ਵਿਚ ਪੜ੍ਹਾਉਣਾ ਮੇਰੇ ਲਈ ਸਕੂਨ ਤੇ ਸੰਤੁਸ਼ਟੀ ਦਾ ਅਹਿਸਾਸ ਹੈ। ਭਾਰਤ ਵਿਚ ਅਧਿਆਪਕ ਦਾ ਕਿਰਦਾਰ ਬਹੁਤ ਨੀਵਾਂ ਹੈ ਅਤੇ ਕੋਈ ਕਦਰ ਵੀ ਨਹੀਂ ਜਿਸ ਲਈ ਉਹ ਖ਼ੁਦ ਵੀ ਜ਼ਿੰਮੇਵਾਰ ਹੈ। ਪੰਜਾਬ ਵਿਚ ਤਾਂ ਸਿਆਸੀ ਕਿੜਾਂ ਕੱਢਣ ਲਈ ਬਦਲੀ ਕਰ ਦੇਣਾ ਆਮ ਹੈ ਜੋ ਮੇਰੇ ਨਾਲ ਵੀ ਵਾਪਰਿਆ। ਤੁਹਾਡੇ ਸਿਆਸੀ ਸੰਬੰਧਾਂ ਦੀ ਅਹਿਮੀਅਤ ਹੈ, ਪੜ੍ਹਾਉਣ ਨੂੰ ਕੌਣ ਪੁੱਛਦਾ? ਸਿਫ਼ਾਰਸ਼ੀ ਭਰਤੀ ਨੇ ਸਮੁੱਚੀ ਸਿੱਖਿਆ ਪ੍ਰਣਾਲੀ ਤਹਿਸ-ਨਹਿਸ ਕਰ ਦਿੱਤੀ ਹੈ। ਵਿਦਿਆਰਥੀਆਂ ਵਿਚ ਨਿਰਾਸ਼ਾ ਦਾ ਆਲਮ ਹੈ ਕਿਉਂਕਿ ਉਨ੍ਹਾਂ ਦਾ ਭਵਿੱਖ ਧੁੰਦਲਾ ਹੈ।”

ਧਰਮ ਬਾਰੇ ਗੱਲ ਹੋਈ ਤਾਂ ਡਾ. ਭੰਡਾਲ ਕਹਿੰਦੇ, “ਮੇਰੇ ਲਈ ਧਰਮ ਇਕ ਜੀਵਨ-ਜਾਚ ਹੈ, ਕਰਮ-ਕਾਂਡ ਨਹੀਂ। ਹਰ ਧਰਮ ਹੀ ਮਨੁੱਖ ਨੂੰ ਇਨਸਾਨੀਅਤ ਦਾ ਪੈਗ਼ਾਮ ਦਿੰਦਾ ਹੈ। ਮੈਂ ਅਰਥਾਂ ਸਹਿਤ ਗੁਰੂ ਗ੍ਰੰਥ ਸਾਹਿਬ ਦੀ ਨਿਰੰਤਰ ਸਟੱਡੀ ਕਰਦਾ ਹਾਂ ਅਤੇ ਹੋਰ ਧਰਮਾਂ ਦੀਆਂ ਧਾਰਮਿਕ ਪੁਸਤਕਾਂ ਵੀ ਪੜ੍ਹਦਾ ਹਾਂ। ਅਫ਼ਸੋਸ ਕਿ ਧਾਰਮਿਕ ਆਗੂਆਂ ਨੇ ਧਰਮ ਨੂੰ ਅਧਰਮ ਬਣਾ ਛੱਡਿਆ ਹੈ। ਭਾਵੇਂ ਪੰਜਾਬ/ਅਮਰੀਕਾ ਵਿਚ ਪੜ੍ਹਾਉਣਾ ਹੋਵੇ, ਕੈਨੇਡਾ ਵਿਚ ਪੱਤਰਕਾਰੀ ਹੋਵੇ, ਜ਼ਿੰਦਗੀ ਨੂੰ ਖ਼ੂਬਸੂਰਤ ਬਣਾਉਣ ਲਈ ਕੁਝ ਨਵਾਂ ਸਿੱਖਣਾ ਹੀ ਮੇਰਾ ਸ਼ੌਕ ਹੈ। ਦਰਅਸਲ ਮੈਂ ਮਨੁੱਖ ਅਤੇ ਉਸ ਦੀ ਗੁਫ਼ਤਗੂ, ਵਰਤਾਰੇ, ਅਤੇ ਸੁਭਾਅ ਨੂੰ ਪੜ੍ਹਦਾ ਹਾਂ ਅਤੇ ਇਹ ਕਦੇ ਕਦਾਈਂ ਮੇਰੀਆਂ ਲਿਖਤਾਂ ਵਿਚ ਅਛੋਪਲੇ ਹੀ ਆ ਜਾਂਦਾ ਹੈ।...ਮੈਂ ਸਿਰਫ਼ ਲਿਖਣ ਲਈ ਨਹੀਂ ਲਿਖਦਾ ਅਤੇ ਨਾ ਹੀ ਸ਼ਿਲਪਕਾਰੀ ਕਰਦਾ ਹਾਂ। ਮੇਰਾ ਲਿਖਣਾ ਇਕ ਆਵੇਸ਼ ਹੈ, ਵਿਚਾਰਾਂ ਤੇ ਭਾਵਾਂ ਦਾ ਆਵੇਗ ਹੈ। ਉਹ ਹਰਫ਼ਾਂ ਵਿਚ ਢਲਦੇ ਵਰਕਿਆਂ ‘ਤੇ ਫੈਲਦੇ ਜਾਂਦੇ ਹਨ। ਇਕ ਅਰੋਕ ਵਹਾਅ, ਅਤੇ ਦੋ ਕੁ ਘੰਟੇ ਵਿਚ ਲੇਖ ਲਿਖ ਲੈਂਦਾ ਹਾਂ। ਮੇਰੀ ਲਿਖਤ ਨੇ ਕਿਹੜਾ ਰੂਪ ਧਾਰਨਾ ਹੁੰਦਾ, ਮੈਨੂੰ ਵੀ ਪਤਾ ਨਹੀਂ ਹੁੰਦਾ। ਕਦੇ ਕਵਿਤਾ ਤੇ ਕਦੇ ਇਹ ਵਾਰਤਕ ਤੇ ਕਈ ਵਾਰ ਇਹ ਦੋਵਾਂ ਦੀ ਸਮਿਲਤ, ਨਜ਼ਮ-ਏ-ਨਸਰ। ਕਵਿਤਾ ਨੂੰ ਖ਼ੁਦ ਨਾਲੋਂ ਵੱਖ ਕਰਨਾ ਅਸੰਭਵ ਹੈ। ਕੁਝ ਇਸ ਨੂੰ ਸਰੋਦੀ ਵਾਰਤਕ ਅਤੇ ਕੁਝ ਹੋਰ ਕਹਿੰਦੇ ਹਨ। ਮਿਥੀਆਂ ਬੰਦਸ਼ਾਂ ਤੋਂ ਬਾਗ਼ੀ, ਇਹ ਆਪਣਾ ਮੁਹਾਂਦਰਾ ਆਪ ਲੈ ਕੇ ਆਉਂਦੀ ਹੈ। ਵਿਸ਼ੇ ਵੀ ਵੱਖਰੇ ਅਤੇ ਇਨ੍ਹਾਂ ਨੂੰ ਦੇਖਣ ਦਾ ਨਜ਼ਰੀਆ ਵੀ ਵੱਖਰਾ। ਇਨ੍ਹਾਂ ਦੀਆਂ ਪਰਤਾਂ ਵਿਚੋਂ ਜ਼ਿੰਦਗੀ ਦੀ ਫ਼ਿਲਾਸਫ਼ੀ ਨੂੰ ਅੱਖਰਾਂ ‘ਚ ਉਤਾਰਨ ਦਾ ਨਿਮਾਣਾ ਜਿਹਾ ਯਤਨ। ਵਿਸ਼ੇ ਅਣਛੋਹੇ ਅਤੇ ਸਮਾਂ ਸੀਮਾ ਤੋਂ ਪਾਰ। ਇਨ੍ਹਾਂ ‘ਚੋਂ ਜ਼ਿੰਦਗੀ ਦਾ ਸੁੱਚਮ ਤੇ ਉਚਮ ਭਾਲਿਆ ਅਤੇ ਅਪਣਾਇਆ ਜਾ ਸਕਦਾ ਹੈ। ਲਿਖਣਾ ਸਿੱਖ ਰਿਹਾ ਹਾਂ। ਕੁਝ ਚੰਗਾ ਲਿਖਣ ਦਾ ਚਾਅ ਏ। ਕਾਸ਼! ਕਦੇ ਮੈਂ ਕੁਝ ਵਧੀਆ ਲਿਖ ਸਕਾਂ।...ਹਾਂ! ਪੜ੍ਹਦਾ ਬਹੁਤ ਹਾਂ। ਉਮਰ ਭਰ ਦੀਆਂ ਦੋਸਤੀਆਂ ਪਾਲਣ ਦਾ ਸ਼ੌਕ ਏ। ਭਾਵੇਂ ਇਹ ਟਾਟ ਵਾਲੇ ਕੱਚੀ-ਪੱਕੀ ਦੇ ਸਾਥੀ ਹੋਣ, ਸਾਈਕਲ ਦੀ ਘੰਟੀ ਲਾਹ ਕੇ ਖੂਹ ਦੀ ਟਿੰਡ ਵਿਚੋਂ ਪਾਣੀ ਪੀਣ ਵਾਲੇ ਸਕੂਲੀ ਸਾਥੀ ਹੋਣ, ਕਾਲਜ ਦੇ ਦਿਨਾਂ ਦੇ ਹਮਜੋਲੀ ਜਾਂ ਨੌਕਰੀ ਦੌਰਾਨ ਮਿਲੇ ਮਿੱਤਰਾਂ ਦਾ ਮੋਹ ਹੋਵੇ। ਮੇਰਾ ਸ਼ੌਕ ਬਾਗ਼ਬਾਨੀ ਵੀ ਹੈ। ਚੰਗਾ ਲਗਦਾ ਹੈ ਫੁੱਲਾਂ ਨਾਲ ਗੱਲਾਂ ਕਰਨੀਆਂ; ਕੁਦਰਤ ਦੀ ਸੁੰਦਰਤਾ ਅਤੇ ਕਾਇਨਾਤ ਦੀ ਵਿਸ਼ਾਲਤਾ ਤੇ ਵਿਭਿੰਨਤਾ ਨੂੰ ਨਿਹਾਰਨਾ; ਘਰ ਵਿਚ ਸਬਜ਼ੀਆਂ ਅਤੇ ਫੁੱਲ ਬੂਟੇ ਉਗਾਉਣਾ। ਪਿੰਡ ਜਾਵਾਂ ਤਾਂ ਖੇਤਾਂ ਵਿਚ ਗੇੜਾ ਮਾਰਨਾ ਨਹੀਂ ਭੁੱਲਦਾ ਅਤੇ ਸਵੇਰ ਨੂੰ ਤਰੇਲੇ ਘਾਹ ਤੇ ਕੁਝ ਸਮਾਂ ਟਹਿਲਣ ਦਾ ਚਾਅ ਹੈ। ਖੇਤਾਂ ਅਤੇ ਫ਼ਸਲਾਂ ਵਿਚੋਂ ਆਪਣੇ ਬਾਪ ਨੂੰ ਤੁਰਿਆ-ਫਿਰਦਾ ਕਿਆਸਣ ਨਾਲ ਮੇਰਾ ਖ਼ਾਲੀਪਣ ਭਰ ਜਾਂਦਾ ਹੈ।...ਜ਼ਿੰਦਗੀ ਵਿਚ ਇਕ ਸੰਤੁਲਨ ਬਣਾ ਕੇ ਜਿਊਣਾ ਚੰਗਾ ਲਗਦਾ ਹੈ। ਸਮਰੱਥਾ ਅਨੁਸਾਰ ਕਿਸੇ ਲੋੜਵੰਦ ਦੀ ਮਦਦ ਕਰਨ ਦਾ ਜਨੂਨ ਹੈ। ਇਕ ਵਾਰ ਪਤਾ ਲੱਗਾ ਕਿ ਮੇਰਾ ਪੁਰਾਣਾ ਵਿਦਿਆਰਥੀ ਗੁਰਚਰਨ ਜਿਸ ਨੇ ਡਬਲ ਐਮ.ਈ. ਕੀਤੀ ਹੈ, ਬੇਰੁਜ਼ਗਾਰੀ ਕਾਰਨ ਘੋਰ ਨਿਰਾਸ਼ਾ ਵਿਚ ਹੈ ਅਤੇ ਵਾਹੀ ਕਰਨ ਲਈ ਮਜਬੂਰ ਹੈ। ਦਰਅਸਲ ਕਿਸੇ ਏਜੰਟ ਨੇ ਐਸ.ਡੀ.“. ਭਰਤੀ ਕਰਵਾਉਣ ਲਈ ਪੰਜ ਲੱਖ ਠੱਗ ਲਏ ਸਨ ਅਤੇ ਹੁਣ ਉਹ ਪੂਰਾ ਟੁੱਟ ਚੁੱਕਾ ਸੀ। ਮੈਂ ਤੇ ਮੇਰੀ ਪਤਨੀ ਤਲਵੰਡੀ ਸਾਬੋ ਗਏ ਤੇ ਉਸ ਨੂੰ ਮਿਲੇ। ਆਪਣੇ ਇਕ ਮਿੱਤਰ ਨੂੰ ਕਹਿ ਕੇ ਰਾਮਗੜ੍ਹੀਆ ਪਾਲੀਟੈਕਨਿਕ ਫਗਵਾੜਾ ਵਿਚ ਪ੍ਰੋਫੈਸਰ ਲਗਵਾਇਆ। ਜ਼ਿੰਦਗੀ ‘ਤੋਂ ਸੰਤੁਸ਼ਟ ਹਾਂ ਅਤੇ ਸ਼ੁਕਰਗੁਜ਼ਾਰ ਹਾਂ। ਬਹੁਤ ਕੁਝ ਦਿੱਤਾ ਹੈ ਜ਼ਿੰਦਗੀ ਨੇ। ਇਸ ਦੀਆਂ ਨਿਆਮਤਾਂ ਤੇ ਬਖਸ਼ਿਸ਼ਾਂ ਨਾਲ ਮਾਲੋਮਾਲ ਹਾਂ। ਸੀਮਤ ਸਾਧਨਾਂ ਵਿਚੋਂ ਜਦ ਮਨੁੱਖ ਨੂੰ ਆਪਣੇ ਹਿੱਸੇ ਦੀ ਜ਼ਿੰਦਗੀ ਜਿਊਣ ਅਤੇ ਮਾਨਣ ਦੀ ਜਾਚ ਆ ਜਾਵੇ ਤਾਂ ਜ਼ਿੰਦਗੀ ਅਰਥਮਈ ਹੁੰਦੀ ਹੈ। ਇਹ ਮੈਂ ਆਪਣੇ ਬਜ਼ੁਰਗਾਂ ਤੋਂ ਸਿੱਖਿਆ ਹੈ। ਸੈਰ ਦਾ ਨਿੱਤਨੇਮ ਹੈ। ਅਡੰਬਰੀ ਜੀਵਨ ਤੋਂ ਕੋਫ਼ਤ। ਤੁਸੀਂ ਕੀ ਹੋ, ਇਹ ਦੁਨੀਆ ਜਾਣਦੀ ਹੈ। ਮਸਤੀ ਦੇ ਆਲਮ ਵਿਚ ਜ਼ਿੰਦਗੀ ਨਾਲ ਗੁਫ਼ਤਾਰ ਕਰਦੇ ਰਹੋ ਤਾਂ ਇਸ ਦੀ ਰਫ਼ਤਾਰ ਵਿਚ ਅਵਾਰਗੀ ਅਤੇ ਅਮਲਸਤਾ ਤਾਰੀ ਰਹਿੰਦੀ ਹੈ। ਗਿਲਾ-ਸ਼ਿਕਵਾ ਜਾਂ ਉਲ੍ਹਾਮਾ ਖ਼ੁਦ ਨਾਲ ਤਾਂ ਕਰ ਲੈਂਦਾ ਹਾਂ ਪਰ ਕਿਸੇ ਨਾਲ ਨਹੀਂ।...ਖ਼ੁਦਾ ਕਰੇ ਕਿ ਜ਼ਿੰਦਗੀ ਦੇ ਸੁਖਨ ਭਰੇ ਅਤੇ ਸਕੂਨਮਈ ਸਫ਼ਰ ਦੇ ਨਾਲ-ਨਾਲ ਕਲਮੀ ਯਾਤਰਾ ਵੀ ਬਰਕਰਾਰ ਰਹੇ।”

# ਬਾਲ ਵੀਰ ਦਿਵਸ

14 ਨਵੰਬਰ ਪੰਡਤ ਜਵਾਹਰਲਾਲ ਨਹਿਰੂ ਦਾ ਜਨਮ ਦਿਨ ਸਕੂਲਾਂ ਵਿਚ ਭਾਰਤੀ ਬੱਚੇ ਬਾਲ-ਦਿਵਸ ਵਜੋਂ ਮਨਾਉਂਦੇ ਆ ਰਹੇ ਹਨ। ਦੇਰ ਤੋਂ ਵੱਖ ਵੱਖ ਸਿੱਖ ਤਬਕੇ ਮੰਗ ਕਰਦੇ ਆ ਰਹੇ ਸਨ ਕਿ ਸਰਕਾਰ ਬਾਲ ਦਿਵਸ 14 ਨਵੰਬਰ ਦੀ ਥਾਂ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਵਾਲਾ ਦਿਨ ਐਲਾਨੇ ਕਿਉਂਕਿ ਨਹਿਰੂ ਜੀ ਦਾ ਬਾਲ-ਦਿਵਸ



ਹਰਪਾਲ ਸਿੰਘ ਪੰਨੂ
ਫੋਨ: 94642-51454

ਨਾਲ ਕੋਈ ਤੁਅੱਲਕ ਨਹੀਂ ਬਣਦਾ। ਇਹ ਚੰਗਾ ਹੋਇਆ ਕਿ 14 ਨਵੰਬਰ ਤਰੀਕ ਨਾਲ ਛੇੜਛਾੜ ਕੀਤੇ ਬਗੈਰ ਕੇਂਦਰ ਸਰਕਾਰ ਨੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਦੇ ਦਿਨ 26 ਦਸੰਬਰ ਨੂੰ ਬਾਲ ਵੀਰ ਦਿਵਸ ਕਹਿ ਕੇ ਸਨਮਾਨ ਦੇ ਦਿੱਤਾ।

ਅਸੀਂ ਛੋਟੇ ਸਾਹਿਬਜ਼ਾਦਿਆਂ ਨੂੰ ਬਾਬਾ ਉਪਾਧੀ ਨਾਲ ਯਾਦ ਕਰਦੇ ਹਾਂ ਬੇਸ਼ਕ ਉਹ ਬਾਲਕ ਸਨ। ਬਾਬਾ ਮਾਅਨੇ ਵਡੇਰਾ, ਬਾਪੂ, ਪਿਤਾ ਅਤੇ ਅੱਬੂ ਹੈ। ਇਹ ਉਪਾਧੀ ਔਰਤ ਨੂੰ ਵੀ ਮਿਲ ਸਕਦੀ ਹੈ, ਜਿਵੇਂ ਡੇਰਾ ਬਾਬਾ ਜੱਸਾ ਸਿੰਘ। ਬਾਬਾ ਜੱਸਾ ਸਿੰਘ ਤਪੱਸਵੀ ਬੀਬੀ ਸਨ।

ਵਾਲ ਦੀ ਖੱਲ ਲਾਹੁਣ ਵਾਲੇ ਇਸ ਗੱਲ 'ਤੇ ਵੀ ਇਤਰਾਜ਼ ਕਰ ਸਕਦੇ ਹਨ ਕਿ ਉਨ੍ਹਾ ਨੂੰ 'ਛੋਟੇ' ਸਾਹਿਬਜ਼ਾਦੇ ਕਿਉਂ ਕਹਿੰਦੇ ਹੋ ...! ਗੁਰੂ ਹਰਿਕ੍ਰਿਸ਼ਨ ਸਾਹਿਬ ਨੂੰ ਬਾਲ-ਗੁਰੂ, ਬਾਲਾ ਪ੍ਰੀਤਮ, ਵਿਸ਼ੇਸ਼ਣ ਲਾ ਕੇ ਯਾਦ ਕੀਤਾ ਜਾਂਦਾ ਹੈ, ਕਿਸੇ ਨੂੰ ਇਤਰਾਜ਼ ਨਹੀਂ ਹੋਇਆ। ਅੱਲਾ ਯਾਰ ਖਾਂ ਜੋਗੀ ਦੇ ਵਾਕ ਹਨ, "ਕਟਾਏ ਬਾਪ ਨੇ ਬੱਚੇ ਜਹਾਂ", ਕੀ ਸਾਹਿਬਜ਼ਾਦੇ ਬੱਚੇ ਨਹੀਂ ਸਨ?

ਸਾਹਿਬਜ਼ਾਦੇ ਉਮਰ ਵਿਚ ਛੋਟੇ ਪਰ ਸ਼ਹਾਦਤ ਦਾ ਵੱਡਾ ਕਰਮ ਕਰਨ ਸਦਕਾ ਵੱਡੇ ਭਾਵ ਬਾਬੇ ਹੋ ਗਏ, ਇਹ ਦੋਵੇਂ ਵਿਸ਼ੇਸ਼ਣ ਠੀਕ ਹਨ। ਇਸ ਸਮੱਸਿਆ ਦਾ ਸਮਾਧਾਨ ਪਹਿਲੀ ਸਦੀ ਈਸਵੀ ਵਿਚ ਸਿਆਲਕੋਟ ਵਿਖੇ ਰਚਿਆ ਗ੍ਰੰਥ ਮਿਲਿੰਦ-ਪ੍ਰਸ਼ਨ ਕਰਦਾ ਹੈ। ਬਾਦਸ਼ਾਹ ਮਿਲਿੰਦ ਵਿਦਵਾਨ ਭਿੱਖੂ ਨਾਗਸੇਨ ਨੂੰ ਪੁੱਛਦਾ ਹੈ:

ਭੰਤੇ, ਨਿੱਕਾ ਬੱਚਾ ਪੈਦਾ ਹੋਇਆ, ਫਿਰ ਉਹ ਜਵਾਨ ਹੋਇਆ, ਜਵਾਨ ਹੋ ਕੇ ਉਹ ਉਹੀ ਪਹਿਲਾਂ ਵਾਲਾ ਬੱਚਾ ਹੈ ਕਿ ਆਦਮੀ ਬਣ ਕੇ ਕੁੱਝ ਹੋਰ ਹੋ ਗਿਆ?

ਨਾਗਸੇਨ- ਨਾ ਉਹ ਉਹੀ ਰਿਹਾ ਮਹਾਰਾਜ ਨਾ ਕੋਈ ਹੋਰ ਦੂਜਾ ਹੋਇਆ।

ਮਿਲਿੰਦ- ਮੈਨੂੰ ਗੱਲ ਸਮਝ ਨਹੀਂ ਆਈ ਭਿਖੂ। ਉਦਾਹਰਨ ਦੇ ਕੇ ਸਮਝਾਉ।

ਨਾਗਸੇਨ: ਬਾਲ ਅਵਸਥਾ ਵਿਚ ਮਹਾਰਾਜ ਤੁਸੀਂ ਮਾਂ ਦਾ ਦੁੱਧ ਚੁੰਘਿਆ, ਪੰਘੂੜੇ ਵਿਚ ਲੇਟੇ। ਹੁਣ ਤੁਸੀਂ ਨਾ ਦੁੱਧ ਚੁੰਘਦੇ ਬੱਚੇ ਹੋ ਨਾ ਪੰਘੂੜੇ ਵਿਚ ਝੂਟੇ ਲੈਂਦੇ ਹੋ। ਹੁਣ ਤੁਸੀਂ ਜਵਾਨ ਹੋ ਤੇ ਰਾਜ ਕਰਦੇ ਹੋ ਪਰ ਤੁਸੀਂ ਉਹੀ ਵੀ ਹੋ ਮਹਾਰਾਜ ਕਿਉਂਕਿ ਤੁਹਾਡੇ ਮਾਤਾ ਪਿਤਾ ਅੱਜ ਵੀ ਉਹੀ ਹਨ, ਜਿਨ੍ਹਾਂ ਨੇ ਤੁਹਾਨੂੰ ਜਨਮ ਦਿੱਤਾ ਸੀ। ਵੱਡੇ ਹੋਣ ਨਾਲ ਤੁਹਾਡੇ ਮਾਪੇ ਤਾਂ ਨਹੀਂ ਬਦਲ ਗਏ? ਕੁੱਝ ਸਮੇਂ ਸਦਕਾ ਉਹੀ ਮਨੁੱਖ ਦੂਸਰਾ ਹੋ ਜਾਂਦਾ ਤਦ ਇੱਕ ਆਦਮੀ ਜਿਸ ਨੇ ਚੋਰੀ ਕੀਤੀ ਉਹ ਹੋਰ ਸੀ ਪਰ ਸਾਲ ਬਾਅਦ ਸਜ਼ਾ ਮਿਲਣ ਵਕਤ ਹੱਥ ਕਿਸੇ ਹੋਰ ਦਾ ਕੱਟਿਆ ਗਿਆ। ਕਿਉਂਕਿ ਵੱਖ ਵੱਖ ਕਿਰਿਆਵਾਂ ਇਕੋ ਸਰੀਰ ਵਿਚ ਵਾਪਰੀਆਂ ਇਸ ਕਰਕੇ ਸਰੂਪ ਵਿਚ ਫਰਕ ਹੋ ਗਿਆ ਤੱਤ ਵਿਚ ਕੋਈ ਫਰਕ ਨਹੀਂ। ਇੱਕ ਪ੍ਰਵਾਹ ਦੀਆਂ ਦੋ ਅਵਸਥਾਵਾਂ ਵਿਚ ਇੱਕ ਪਲ ਦਾ ਵੀ ਅੰਤਰ ਨਹੀਂ ਹੁੰਦਾ, ਇੱਕ ਅਵਸਥਾ ਲੀਨ ਹੁੰਦੀ ਹੈ ਦੂਜੀ ਨਿਰੰਤਰ ਪੈਦਾ ਹੁੰਦੀ ਰਹਿੰਦੀ ਹੈ ਮਹਾਰਾਜ। ਵਸਤੂ ਉਹੀ ਵੀ ਰਹਿੰਦੀ ਹੈ ਬਦਲਦੀ ਵੀ ਹੈ।

ਕੇਂਦਰ ਸਰਕਾਰ ਨੇ ਸਾਹਿਬਜ਼ਾਦਿਆਂ ਦਾ ਸਨਮਾਨ ਕਰਦਿਆਂ 26 ਤਰੀਕ ਪਵਿੱਤਰ ਐਲਾਨ ਦਿੱਤੀ ਉਸ ਕਾਰਨ ਹਾਰਦਿਕ ਸ਼ੁਕਰਾਨਾ। ਹਾਂ ਇਸ ਦਿਨ ਦਾ ਇਸ ਤੋਂ ਵਧੇਰੇ ਸੁਹਣਾ ਨਾਮ ਕੀ ਹੋਵੇ ਇਨ੍ਹਾਂ ਸੁਝਾਵਾਂ ਦਾ ਸਵਾਗਤ ਹੈ।

# ਉਲਟਾ ਪੁਲਟਾ

ਸੜਕ ਕਿਨਾਰੇ ਬੈਠਾ ਉਹ ਜੋਤਸ਼ੀ ਮੈਨੂੰ ਦਿਸਿਆ ਤਾਂ ਸੋਚਿਆ ਇਸ ਕੋਲੋਂ ਹੀ ਪੁੱਛ ਵੇਖਾਂ, ਸ਼ਾਇਦ ਇਹੋ ਮੇਰੀ ਸਮੱਸਿਆ ਦਾ ਹੱਲ ਦੱਸ ਦਵੇ। ਉਸ ਕੋਲ ਜਾ ਕਿਹਾ 'ਸਵਾਮੀ ਜੀ ਮੇਰੀ ਸਮੱਸਿਆ ਦਾ ਸਮਾਧਾਨ ਕਰੋ ਧੰਨਵਾਦੀ ਹੋਵਾਂਗਾ' ਸ਼ਾਇਦ ਉਸ ਦੀ ਬੋਹਨੀ ਹੋਈ ਸੀ, ਖੁਸ਼ ਹੋ ਕੇ ਬੋਲਿਆ 'ਆਉ ਜਜਮਾਨ ਪਧਾਰੋ! ਮੇਰੇ ਪਾਸ ਹਰ ਸਮੱਸਿਆ ਕਾ ਹੱਲ ਹੈ। ਫੋਕੇ ਧੰਨਵਾਦ ਸੇ ਕਾਮ ਨਹੀਂ ਚਲੇਗਾ, ਬਲਕਿ ਥੋੜੀ ਸੀ ਜੇਬ ਢੀਲੀ ਕਰਨੀ ਪੜੇਗੀ। ਸਮੱਸਿਆ ਬਤਾਈਏ'। ਮੈਂ ਸਮੱਸਿਆ ਦੱਸੀ 'ਪ੍ਰਭੂ ਸਭ ਕੁਛ ਉਲਟਾ-ਪੁਲਟਾ ਹੋ ਰਿਹੈ। ਅਡਾਨੀ-ਅੰਬਾਨੀ ਕੇ ਟਾਵਰ ਹਮ ਨੇ ਉਖਾੜ ਫੈਂਕੇ। ਉਸ ਕੀ ਕੰਪਨੀ ਕੇ ਕੁਨੈਕਸ਼ਨ ਕੈਂਸਲ ਕੀਏ। ਇਨਕੇ ਬਿਜ਼ਨਸ ਕੋ ਨੁਕਸਾਨ ਪਹੁੰਚਾਨੇ ਕੀ ਹਰ ਸੰਭਵ ਕੋਸ਼ਿਸ਼ ਕੀ। ਸੋਚਾ ਥਾ ਕਿ ਅਬ ਯੇ ਅਰਬਪਤੀ ਕੇਲੇ ਦੀ ਰੇੜ੍ਹੀ ਲਗਾ ਹੋਕਾ ਦੇਂਗੇ 'ਚਿਤਰੀ ਵਾਲੇ ਕੇਲੇ 60 ਰੁਪਏ ਦਰਜਨ' ਪਰ ਹੂਆ ਉਲਟਾ! ਕਿਉਂਕਿ ਉਨਕਾ ਬਿਜ਼ਨਸ ਤੋ ਦਿਨ ਦੂਨੀ ਰਾਤ ਚੌਗੁਨੀ ਤਰੱਕੀ ਕਰ ਰਹਾ ਸੁਨਾ ਜਾਤਾ ਹੈ। ਜਨਾਬ ਮੋਦੀ ਕੀ ਬਥੇਰੀ ਹਾਇ-ਹਾਇ ਕਰੀ, ਬਥੇਰਾ ਉਸ ਕੋ ਕੋਸਾ ਔਰ ਸੋਚਾ ਕਿ ਅਬ ਤੋ ਯਿਹ ਸੱਦਾਮ ਹੁਸੈਨ ਕੀ ਤਰ੍ਹਾਂ ਕਿਸੀ ਟੋਏ ਮੇਂ ਜਾ ਛੁਪੇਗਾ ਪਰ ਵੋਹ ਕਮਬਖ਼ਤ ਭੀ ਦੁਨੀਆ ਕੇ ਸ੍ਰੇਸ਼ਠ ਚਹੇਤੋਂ ਕੀ ਲਿਸਟ ਮੇਂ ਮੌਜੂਦ ਸੁਨਾ ਗਿਆ ਹੈ। ਬੀ ਜੇ ਪੀ ਕੋ ਭੀ ਬਥੇਰਾ ਕੋਸਾ ਪਰ ਵੋਹ ਵੀ ਸਿਰ ਪੇ ਚੜ੍ਹਤੀ ਜਾ ਰਹੀ ਹੈ। ਕੋਈ ਉਪਾਅ ਬਤਾਈਏ ਜਿਸ ਸੇ ਹਮਾਰੀ ਮਨੋਕਾਮਨਾ ਪੂਰਣ ਹੋ।' ਉਸ ਕੁਝ ਦੇਰ ਸੋਚ ਕਿਹਾ 'ਜਜਮਾਨ ਮੇਰੇ ਏਕ ਸਵਾਲ ਕਾ ਜਵਾਬ ਦੀਜੀਏ। ਬਰਫ ਪੜੀ ਹੈ ਔਰ ਭਾਰੀ ਫਿਸਲਨ ਹੈ। ਆਪ ਨੇ ਸਟੇਸ਼ਨ ਜਾਣਾ ਹੈ ਪਰ ਜਬ ਆਪ ਏਕ ਕਦਮ ਆਗੇ ਬੜ੍ਹਾਤੇ ਹੈਂ ਤੋ ਦੋ ਕਦਮ ਪੀਛੇ ਫਿਸਲ ਜਾਤੇ ਹੈਂ। ਬਤਾਈਏ ਭਲਾ ਕੈਸੇ ਸਟੇਸ਼ਨ ਪਹੁੰਚੇਂਗੇ?' ਮੈਂ ਆਪਣੀ ਅਕਲ ਦੇ ਘੋੜੇ ਦੌੜਾਏ ਅਤੇ ਜਵਾਬ ਦਿੱਤਾ 'ਗੁਰੂ ਜੀ ਮੈਂ ਸਟੇਸ਼ਨ ਕੀ ਤਰਫ ਪੀਠ ਕਰ ਉਲਟੀ ਦਿਸ਼ਾ ਮੇਂ ਚਲਨਾ ਅਰੰਭ ਕਰ ਦੂੰਗਾ ਔਰ ਸਟੇਸ਼ਨ ਪਹੁੰਚ ਜਾਊਂਗਾ।' ਉਹ ਬੋਲਿਆ 'ਬਸ ਬੱਚਾ ਯਹੀ ਤੁਮ੍ਹਾਰੀ ਸਮੱਸਿਆ ਕਾ ਸਮਾਧਾਨ ਹੈ। ਆਪ ਲੋਗ ਅਡਾਨੀ, ਅੰਬਾਨੀ, ਮੋਦੀ, ਬੀ ਜੇ ਪੀ ਆਦਿ ਜਿਸ ਕਾ ਵੀ ਭੱਠਾ ਬਿਠਾਨਾ ਚਾਹੇਂ ਉਸ ਕੀ ਜੈ ਜੈਕਾਰ ਕਰੇਂ। ਉਨ ਕੀ ਸਪੋਰਟ ਕਰੇਂ ਵੋਹ ਪਾਨੀ ਭੀ ਮਾਂਗ ਜਾਂਏਂ ਤੋ ਕਹਿਨਾ'। ਜਾਪਿਆ ਇਹ ਪਤੰਦਰ ਤਾਂ ਠੀਕ ਹੀ ਕਹਿੰਦਾ ਹੈ। ਮੇਰੇ ਦਿਮਾਗ ਵਿਚ ਇਹ ਸਕੀਮ ਪਹਿਲਾਂ ਕਿਉਂ ਨਹੀਂ ਆਈ। ਮੈਂ ਉਸ ਨੂੰ ਸਵਾ ਰੁਪਈਏ ਦਾ ਮੱਥਾ ਟੇਕਿਆ ਤੇ ਤੁਰ ਪਿਆ। ਉਹ ਪਿੱਛੋਂ ਆਵਾਜ਼ ਮਾਰ ਬੋਲਿਆ, 'ਜਜਮਾਨ ਸਵਾ ਰੁਪਈਏ ਮੇਂ ਤੋ ਚਾਏ ਕਾ ਕਪ ਭੀ ਨਹੀਂ ਮਿਲਤਾ। ਕੁਛ ਔਰ ਦੀਜੀਏ'। ਮੈਂ ਕਿਹਾ 'ਮਹਾਰਾਜ ਮੇਰੀ ਅਭੀਲਾਸ਼ਾ ਪੂਰਣ ਹੋਤੇ ਹੀ ਆਪਕੋ ਸਮਸਤ ਐਨ ਆਰ ਆਈਜ਼ ਕੀ ਤਰਫ ਸੇ ਯਥੇਸ਼ਠ ਦਕਸ਼ਣਾ ਦੀ ਜਾਏਗੀ। ਬੇਫਿਕਰ ਰਹੀਏ' ਤੇ ਮੈਂ ਅੱਗੇ ਵਧ ਗਿਆ।

*-ਹਰਜੀਤ ਦਿਓਲ ਬਰੈਂਪਟਨ*

## ਪੰਜਾਬ ਦੀ ਆਵਾਜ਼- ਅਮਰਜੀਤ ਗੁਰਦਾਸਪੁਰੀ

*(ਸਫਾ 23 ਦਾ ਬਾਕੀ)*

ਆਖ ਰਾਂਝਿਆ ਭਾ ਕੀ ਬਣੀ ਤੇਰੇ, ਦੇਸ ਆਪਣਾ ਛੱਡ ਸਿਧਾਰ ਨਾਹੀਂ।

ਵੀਰਾ ਅੰਬੜੀ ਜਾਇਆ ਜਾਹ ਨਾਹੀਂ, ਸਾਨੂੰ ਨਾਲ ਫ਼ਿਰਾਕ ਦੇ ਮਾਰ ਨਾਹੀਂ।ਏਹ ਬਾਂਦੀਆਂ ਤੇ ਅਸੀਂ ਵੀਰ ਤੇਰੇ, ਕੋਈ ਹੋਰ ਵਿਚਾਰ ਵਿਚਾਰ ਨਾਹੀਂ।

ਬਖ਼ਸ਼ ਇਹ ਗੁਨਾਹ ਤੂੰ ਭਾਬੀਆਂ ਨੂੰ, ਕੌਣ ਜੰਮਿਆ ਜੋ ਗੁਨਾਹਗਾਰ ਨਾਹੀਂ।

ਭਾਈਆਂ ਬਾਝ ਨਾ ਮਜਲਸਾਂ ਸੋਂਹਦੀਆਂ ਨੇ, ਅਤੇ ਭਾਈਆਂ ਬਾਝ ਬਹਾਰ ਨਾਹੀਂ।

ਭਾਈ ਮਰਨ ਤੇ ਪੈਂਦੀਆਂ ਭਜ ਬਾਹੀਂ, ਬਿਨਾਂ ਭਾਈਆਂ ਪਰ੍ਹੇ ਪਰਵਾਰ ਨਾਹੀਂ।

ਲੱਖ ਓਟ ਹੈ ਕੋਲ ਵਸੇਂਦਿਆਂ ਦੀ, ਭਾਈਆਂ ਗਿਆਂ ਜੇਡੀ ਕੋਈ ਹਾਰ ਨਾਹੀਂ।

ਭਾਈ ਢਾਂਵਦੇ ਭਾਈ ਉਸਾਰਦੇ ਨੇ, ਭਾਈਆਂ ਬਾਝ ਕੋਈ ਬੇਲੀ ਯਾਰ ਨਾਹੀਂ।

ਇਨ੍ਹਾਂ ਸਤਰਾਂ ਵਿਚ ਤਤਕਾਲੀ ਪੰਜਾਬ ਦਾ ਦਰਦ ਹੁੰਗਾਰਦਾ ਸੀ। ਇਹ ਬੋਲ ਸੁਣ ਕੇ ਵਿੰਨ੍ਹੇ ਜਾ ਰਹੇ ਪੰਜਾਬ ਦੀ ਪੀੜ ਨਾਲ ਕਲਵਲ ਹੋਏ ਲੋਕ ਜਿਵੇਂ ਸੁੰਨ ਹੋ ਗਏ ਹੋਣ। ਅਮਰਜੀਤ ਨੇ ਗਾਉਣਾ ਬੰਦ ਕਰ ਕੇ ਅਜੇ ਹੱਥ ਜੋੜੇ ਹੀ ਸਨ ਕਿ ਕੈਫ਼ੀ ਆਜ਼ਮੀ ਦੀ ਬੀਵੀ ਤੇ ਸ਼ਬਾਨਾ ਆਜ਼ਮੀ ਦੀ ਮਾਂ ਸ਼ੌਕਤ ਆਜ਼ਮੀ, ਜੋ ਖ਼ੁਦ ਵੀ ਕਦੀ ਇਪਟਾ ਦੀ ਨਾਮਵਰ ਹਸਤੀ ਰਹੀ ਸੀ, ਸਟੇਜ 'ਤੇ ਆ ਗਈ। ਉਹਦੇ ਅੰਦਰੋਂ ਆਪ-ਮਹਾਰੇ ਬੋਲ ਫੁੱਟ ਨਿਕਲੇ:

"ਐ ਪੰਜਾਬ ਵਾਲੋ! ਇਤਨਾ ਕੀਮਤੀ ਹੀਰਾ ਛੁਪਾਈ ਬੈਠੇ ਹੋ। ਮੇਰਾ ਸਾਰਾ ਕੁੱਝ ਲੇ ਲੋ, ਮੁਝੇ ਅਮਰਜੀਤ ਗੁਰਦਾਸਪੁਰੀ ਦੇ ਦੋ। ਇਸ ਨੇ ਜੋ ਪੰਜਾਬ ਕਾ ਦਰਦ ਗਾਇਆ ਹੈ, ਕਾਸ਼ ਵੋਹ ਮੇਰਾ ਹਿੱਸਾ ਬਨ ਜਾਏ ਔਰ ਵੋਹ ਦਿਨ ਕਭੀ ਨਾ ਆਏ ਜਬ ਹਿੰਦੂ ਭਾਈਓਂ ਕੇ ਜਾਨੇ ਕਾ ਰੁਦਨ ਅਮਰਜੀਤ ਜੈਸੇ ਕਲਾਕਾਰੋਂ ਕੋ ਫਿਰ ਕਰਨਾ ਪੜੇ।"

ਅਜਿਹੀ ਰਹੀ ਹੈ ਅਮਰਜੀਤ ਗੁਰਦਾਸਪੁਰੀ ਦੀ ਸੋਚ ਅਤੇ ਗਾਇਕੀ ਦੀ ਅਜ਼ਮਤ! ਅਜਿਹੇ ਹੀਰੇ ਕਲਾਕਾਰ ਅੱਜ ਕਿੱਥੇ ਲੱਭਦੇ ਨੇ! ਏਸੇ ਦਰਦ ਦੀ ਬਾਤ ਪਾਉਂਦਾ ਗੁਰਭਜਨ ਗਿੱਲ ਦਾ ਗੀਤ ਵੀ ਉਹ ਸਟੇਜਾਂ 'ਤੇ ਅਕਸਰ ਗਾ ਕੇ ਪੰਜਾਬੀ ਮਨ ਦੀ ਵੇਦਨਾ ਦਾ ਪ੍ਰਗਟਾਵਾ ਕਰਦਾ ਰਿਹਾ।

ਸਾਨੂੰ ਮੋੜ ਦਿਓ ਰੰਗਲਾ ਪੰਜਾਬ, ਅਸੀਂ ਨਹੀਂ ਕੁੱਝ ਹੋਰ ਮੰਗਦੇ।

ਸਾਨੂੰ ਮੋੜ ਦਿਓ ਖਿੜਿਆ ਗੁਲਾਬ, ਅਸੀਂ ਨਹੀਂ ਕੁੱਝ ਹੋਰ ਮੰਗਦੇ।

ਅੱਜ ਤੁਹਾਡੇ ਨਾਲ ਉਸ ਦੀਆਂ ਕੁਝ ਗੱਲਾਂ ਸਾਂਝੀਆਂ ਕੀਤੀਆਂ ਹਨ ਪਰ ਅਮਰਜੀਤ ਗੁਰਦਾਸਪੁਰੀ ਇਨ੍ਹਾਂ ਗੱਲਾਂ ਤੋਂ ਕਿਤੇ ਪਾਰ ਤੇ ਪਰ੍ਹਾਂ ਹੈ। ਇਸ ਬਜ਼ੁਰਗ ਕਲਾਕਾਰ ਦੀਆਂ ਗੱਲਾਂ ਨੂੰ ਸੁਣਨ ਦਾ ਅੱਜ ਕੱਲ੍ਹ ਦੇ 'ਕਲਾਕਾਰਾਂ' ਕੋਲ ਵਿਹਲ ਕਿੱਥੇ ਹੈ! ਪਰ ਜਿਨ੍ਹਾਂ ਨੂੰ ਇਨ੍ਹਾਂ ਗੱਲਾਂ ਦੀ ਕਦਰ ਹੈ ਉਹ ਇਹ ਗੱਲਾਂ ਵਾਰ-ਵਾਰ ਕਰਨਗੇ, ਵਾਰ-ਵਾਰ ਦੁਹਰਾਉਣਗੇ ਅਤੇ ਉਨ੍ਹਾਂ ਨੂੰ ਇਹ ਗੱਲਾਂ ਲਗਾਤਾਰ ਕਰਦੇ ਹੀ ਰਹਿਣਾ ਚਾਹੀਦਾ ਹੈ। ਮੈਂ ਵੀ ਉਸਦੀਆਂ ਗੱਲਾਂ ਅਤੇ ਗਾਇਕੀ ਦੇ ਕਦਰਦਾਨਾਂ ਵਿਚੋਂ ਇੱਕ ਰਿਹਾ ਹਾਂ। ਚੰਗੇ ਬੰਦਿਆਂ ਦੀਆਂ ਚੰਗੀਆਂ ਗੱਲਾਂ ਜਦੋਂ ਵੀ ਕੀਤੀਆਂ ਜਾਣ, ਚੰਗੀ ਗੱਲ ਹੀ ਹੁੰਦੀ ਹੈ।

# ਮੁਸ਼ਕ ਮਾਰਦੇ ਸਵੈਟਰ ਦੀ ਅਸਲੀਅਤ..!

ਨਿੱਕੇ ਹੁੰਦਿਆਂ ਤੋਂ ਮੇਰੀ ਇੱਕ ਅਜੀਬ ਜਿਹੀ ਆਦਤ ਹੋਇਆ ਕਰਦੀ...ਜਿੰਨੀਆਂ ਮਰਜ਼ੀ ਝਿੜਕਾਂ ਪੈ ਜਾਣ ਕਦੀ ਕਿਸੇ ਸਹਾਮਣੇ ਰੋਈ ਨਹੀਂ ਸਾਂ...ਬੱਸ ਸਭ ਕੁਝ ਅੰਦਰ ਹੀ ਡੱਕ ਕੇ ਰੱਖਦੀ ਫੇਰ ਜਦੋਂ ਮੌਕਾ ਮਿਲਦਾ ਤਾਂ 'ਕੱਲੀ ਕਮਰੇ ਵਿਚ ਬੰਦ ਹੋ ਕੇ ਰੱਜ ਕੇ ਗੁਬਾਰ ਕੱਢ ਲੈਂਦੀ..!

ਹਰਪ੍ਰੀਤ ਸਿੰਘ ਜਵੰਦਾ

ਐਮ.ਐਡ ਮਗਰੋਂ ਪਹਿਲੀ ਪੋਸਟਿੰਗ ਐਨ ਬਾਰਡਰ ਕੋਲ ਵੱਸੇ ਪਿੰਡ ਵਿਚ ਹੋ ਗਈ ਤਾਂ ਘਰੋਂ ਏਨੀ ਦੂਰ ਬੈਠੀ ਦਾ ਕਈ ਵੇਰ ਰੋਣ ਨਿਕਲ ਜਾਇਆ ਕਰੇ...ਫੇਰ ਵਾਹਿਗੁਰੂ ਅਗੇ ਅਰਦਾਸ ਕਰਦੀ ਕਿ ਕਦੋਂ ਛੇ ਮਹੀਨੇ ਪੂਰੇ ਹੋਣ ਤੇ ਕਦੋ ਆਪਣੇ ਸ਼ਹਿਰ ਪਰਤ ਜਾਵਾਂ..!

ਵੈਸੇ ਤਾਂ ਇਥੇ ਸਕੂਲ ਦੇ ਸਾਰੇ ਬੱਚੇ ਹੀ ਇੰਝ ਦੇ ਸਨ ਪਰ ਤੀਜੀ ਜਮਾਤ ਦਾ ਉਹ ਮੁੰਡਾ ਬੜਾ ਹੀ ਅਜੀਬ ਸੀ। ਜਦੋਂ ਵੀ ਕਾਪੀ ਚੈੱਕ ਕਰਵਾ ਕੇ ਜਾਂਦਾ ਤਾਂ ਮਗਰੋਂ ਉਸਦੇ ਕੱਪੜਿਆਂ ਕੋਲੋਂ ਆਉਂਦੀ ਅਜੀਬ ਜਿਹੀ ਮੁਸ਼ਕ ਨਾਲ ਮੈਨੂੰ ਛਿੱਕਾਂ ਛਿੜ ਜਾਂਦੀਆਂ, ਖਾਸ ਕਰਕੇ ਰੰਗ-ਬਰੰਗੇ ਅੱਧੀ ਬਾਂਹ ਦੇ ਸਵੈਟਰ ਕੋਲੋਂ ਤਾਂ ਇੰਝ ਲੱਗਦਾ ਜਿਵੇਂ ਬੇਹੋਸ਼ ਹੋ ਕੇ ਹੀ ਡਿੱਗ ਪਵਾਂਗੀ।

ਅਕਸਰ ਉਸ ਨੂੰ ਜਾਣ-ਬੁੱਝ ਕੇ ਹੀ ਸਭ ਤੋਂ ਮਗਰੋਂ ਬੁਲਾਉਂਦੀ ਤੇ ਫੇਰ ਛੇਤੀ ਨਾਲ ਫਾਰਗ ਕਰ ਕੇ ਵਾਪਿਸ ਤੋਰ ਦਿਆ ਕਰਦੀ।

ਇੱਕ ਦਿਨ ਮੇਰੀ ਤਬੀਅਤ ਥੋੜਾ ਢਿੱਲੀ ਸੀ। ਉਸਦਾ ਗਲ ਪਾਇਆ ਸਵੈਟਰ ਵੇਖ ਉਸ ਨੂੰ ਜਾਣ-ਬੁੱਝ ਕੇ ਹੀ ਨਜ਼ਰ-ਅੰਦਾਜ਼ ਜਿਹਾ ਕੀਤਾ...ਆਪਣੇ ਕੋਲ ਸੱਦਿਆ ਹੀ ਨਹੀਂ..!

ਘੜੀ ਕੁ ਮਗਰੋਂ ਹੀ ਉਹ ਪੈਂਟ ਝਾੜਦਾ ਉਠ ਖਲੋਤਾ। ਫ਼ਿਕਰਮੰਦੀ ਦੇ ਆਲਮ ਵਿਚ ਆਖਣ ਲੱਗਾ, 'ਮੈਡਮ ਜੀ ਮੇਰੀ ਕਾਪੀ ਰਹਿ ਗਈ ਏ..!'

ਫੇਰ ਮਜਬੂਰਨ ਸੱਦਣਾ ਪਿਆ। ਕਾਪੀ ਵਾਪਿਸ ਫੜਾਉਂਦੀ ਹੋਈ ਨੇ ਪੁੱਛ ਹੀ ਲਿਆ ਕਿ ਓਏ ਤੂੰ ਨਹਾਉਂਦਾ ਕਿਉਂ ਨਹੀਂ?

ਨੀਵੀਂ ਪਾ ਲਈ...ਆਖਣ ਲੱਗਾ, 'ਜੀ ਬਾਪੂ ਰੋਜ਼ ਸਵੇਰੇ ਉਠਾ ਆਲੂ ਪੁੱਟਣ ਆਪਣੇ ਨਾਲ ਲੈ ਜਾਂਦਾ ਤੇ ਫੇਰ ਓਥੋਂ ਸਿੱਧਾ ਹੀ ਸਕੂਲੇ ਆਉਣਾ ਪੈਂਦਾ...ਰਾਹ ਵਿਚ ਕਿੱਕਰ ਦੀ ਦਾਤਣ ਕਰਨ ਮਗਰੋਂ ਹੱਥ ਮੂੰਹ ਵੀ ਰਾਹ ਵਿਚ ਪੈਂਦੀ ਕੱਸੀ ਵਿਚੋਂ ਹੀ ਧੋਣਾ ਪੈਂਦਾ..!'

ਗਲ ਪਾਏ ਸਵੈਟਰ ਵੱਲ ਇਸ਼ਾਰਾ ਕਰਦਾ ਦੱਸਣ ਲੱਗਾ, 'ਜੀ ਇਹ ਵੀ ਮੇਰੀ ਮਾਂ ਰਾਤ ਨੂੰ ਨਵੀਂ ਸੂਈ ਬੱਕਰੀ ਦੇ ਲੇਲੇ ਨੂੰ ਪਵਾ ਦਿੰਦੀ ਏ...ਆਖਦੀ ਜੇ ਇਹ ਠੰਢ ਨਾਲ ਮਰ ਗਿਆ ਤਾਂ ਬੱਕਰੀ ਦੁੱਧੋਂ ਨੱਸ ਜਾਊ ਤੇ ਫੇਰ ਚਾਹ ਕਾਹਦੀ ਬਣਾਉਣੀ ਏ..!'

'ਸਕੂਲੋਂ ਮੁੜਦੇ ਹੋਏ ਨੂੰ ਰਾਹ ਵਿਚੋਂ ਘਾਹ ਦੀ ਪੰਡ ਵੱਢ ਘਰੇ ਖੜਨੀ ਪੈਂਦੀ ਏ...ਕਈ ਵੇਰ ਜਦੋਂ ਰਾਹ ਵਿਚ ਲੁਕਾਈ ਦਾਤਰੀ ਗਵਾਚ ਜਾਵੇ ਤਾਂ ਘਰੋਂ ਬੜੀ ਕੁੱਟ ਪੈਂਦੀ ਏ..!'

ਜਿਸਨੂੰ ਅੱਜ ਤਕ ਮੈਂ ਗੂੰਗਾ ਹੀ ਸਮਝਦੀ ਆਈ ਸਾਂ ਅੱਜ ਬੋਲੀ ਜਾ ਰਿਹਾ ਸੀ...ਲਗਾਤਾਰ...ਬਿਨਾ ਰੁਕੇ...ਇੱਕੋ ਸਾਹੇ...ਸ਼ਾਇਦ ਅੱਜ ਅਗਲੀਆਂ-ਪਿਛਲੀਆਂ ਸਾਰੀਆਂ ਗਲਤ-ਫਹਿਮੀਆਂ ਦੂਰ ਕਰ ਦੇਣਾ ਚਾਹੁੰਦਾ ਸੀ...ਸਦਾ ਲਈ...ਤਾਂ ਕਿ ਨਜ਼ਰ-ਅੰਦਾਜ਼ੀ ਵਾਲਾ ਹਰ ਰੋਜ਼ ਸੀਨੇ ਖੁੱਬਦਾ ਤਿੱਖਾ ਖੰਜਰ ਹਮੇਸ਼ਾਂ ਲਈ ਹੀ ਖੂਬਣੋਂ ਬੰਦ ਹੋ ਜਾਵੇ..!

ਅਖੀਰ ਮੈਨੂੰ ਸੁਣਨਾ ਬੰਦ ਹੋ ਗਿਆ ਤੇ ਫੇਰ ਘੜੀ ਕੁ ਮਗਰੋਂ ਦਿਸਣਾ ਵੀ...ਕਿਉਂਕਿ ਮੈਂ ਰੋ ਪਈ ਸਾਂ...ਪਹਿਲੀ ਵੇਰ ਅੱਜ 'ਕੱਲੀ ਨਹੀਂ, ਸਗੋਂ ਸਾਰੀ ਜਮਾਤ ਸਾਹਮਣੇ ਰੋਈ...ਫੇਰ ਘੜੀ ਕੁ ਮਗਰੋਂ ਉਹ ਵੀ ਰੋ ਪਿਆ..!

ਮੇਰੇ ਹੰਝੂਆਂ ਵਿਚੋਂ ਤਾਂ ਇੱਕ ਪਛਤਾਵੇ ਦੀ ਝਲਕ ਸੀ, ਪਰ ਉਸਦੇ ਕੋਇਆਂ ਵਿਚੋਂ ਵਗਦੇ ਹੋਏ ਦਰਿਆ ਵਿਚੋਂ ਇੱਕ ਵੱਖਰੀ ਖੁਸ਼ੀ ਦੀ..!

ਉਹ ਖੁਸ਼ੀ ਜਿਹੜੀ ਦੁਨੀਆਂ ਨੂੰ ਇੱਕ ਅਸਲੀਅਤ ਸਮਝਾਉਣ ਮਗਰੋਂ ਅੱਜ ਉਸਦੀ ਰੂਹ ਵਿਚ ਸਮੋਅ ਗਈ ਸੀ...ਮੁਸ਼ਕ ਮਾਰਦੇ ਸਵੈਟਰ ਦੀ ਅਸਲੀਅਤ..!

## ਜ਼ਿੰਦਗੀ ਦੇ ਰੰਗ...

*(ਸਫਾ 16 ਦਾ ਬਾਕੀ)*

ਮੈਂ ਯੂਨੀਵਰਸਿਟੀ ਪੜ੍ਹਿਆਰਾਂ ਦੇ ਨਾਲ-ਨਾਲ ਉਸਤਾਦਾਂ ਦੀ ਸਿਆਸਤ ਵਿਚ ਵੀ ਹਿੱਸਾ ਪਾਉਣਾ ਸ਼ੁਰੂ ਕਰ ਦਿੱਤਾ। ਉਸ ਵੇਲੇ ਮੇਰੇ ਸਮੇਤ ਕੋਈ 135 ਉਸਤਾਦ ਐਡਹਾਕ 'ਤੇ ਕੰਮ ਕਰ ਰਹੇ ਸਨ। ਉਨ੍ਹਾਂ ਵਿਚੋਂ ਕੁਝ ਅਜਿਹੇ ਵੀ ਸਨ ਜਿਨ੍ਹਾਂ ਨੂੰ ਦਸ-ਦਸ ਸਾਲ ਪੜ੍ਹਾਉਂਦਿਆਂ ਹੋ ਗਏ ਸਨ ਤੇ ਉਨ੍ਹਾਂ ਨੂੰ ਪੱਕਿਆਂ ਨਹੀਂ ਕੀਤਾ ਜਾ ਰਿਹਾ ਸੀ। ਮੈਂ ਉਨ੍ਹਾਂ ਨੂੰ ਪੱਕਿਆਂ ਕਰਵਾਉਣ ਦਾ ਝੰਡਾ ਚੁੱਕ ਲਿਆ ਤੇ ਅਕੈਡਮਿਕ ਸਟਾਫ ਐਸੋਸੀਏਸ਼ਨ (ਏ.ਐਸ.ਏ.)ਅੰਦਰ ਕਰਾਰਦਾਦਾਂ ਮਨਜ਼ੂਰ ਕਰਵਾਕੇ ਇੰਨੀ ਖੱਪ ਪਾਈ ਕਿ ਸਾਰੇ ਉਸਤਾਦ ਹੜਤਾਲ ਕਰਨ ਲਈ ਤਿਆਰ ਹੋ ਗਏ। ਯੂਨੀਵਰਸਿਟੀ ਦੀ ਤਾਰੀਖ ਵਿਚ ਇਹ ਪਹਿਲਾ ਮੌਕਾ ਸੀ ਕਿ ਉਸਤਾਦ ਹੜਤਾਲ ਕਰ ਰਹੇ ਸਨ। ਮੁਸਤਫਾ ਖੱਰ ਗਵਰਨਰ ਹੁੰਦਿਆਂ ਯੂਨੀਵਰਸਿਟੀ ਦਾ ਚਾਂਸਲਰ ਵੀ ਸੀ। ਉਨ੍ਹਾਂ ਨੇ ਮੈਨੂੰ ਅਤੇ ਏ.ਐਸ.ਏ. ਦੇ ਉਸ ਵੇਲੇ ਦੇ ਸਦਰ ਪ੍ਰੋ. ਸ਼ਾਮੀ ਨੂੰ ਹੜਤਾਲ ਤੋਂ ਇੱਕ ਰਾਤ ਪਹਿਲਾਂ ਗਵਰਨਰ ਹਾਊਸ ਸੱਦਿਆ।

ਪ੍ਰੋ. ਸ਼ਾਮੀ ਸ਼ੋਅਬਾ ਕੈਮੀਕਲ ਟੈਕਨਾਲੋਜੀ ਦੇ ਹੈੱਡ ਸਨ, ਬਾਅਦ ਵਿਚ ਉਹ ਨਵੇਂ ਬਣੇ ਹਾਇਰ ਐਜੂਕੇਸ਼ਨ ਕਮਿਸ਼ਨ (ਐਚ.ਈ.ਸੀ.) ਦੇ ਪਹਿਲੇ ਚੇਅਰਮੈਨ ਵੀ ਬਣੇ। ਗਵਰਨਰ ਹਾਊਸ ਵਿਚ ਸਾਡੇ ਨਾਲ ਗੱਲਬਾਤ ਹਨੀਫ ਰਾਮੇ ਹੋਰਾਂ ਕੀਤੀ ਜਿਹੜੇ ਉਦੋਂ ਪੰਜਾਬ ਦੇ ਵਜ਼ੀਰ ਮੁਆਸ਼ਿਆਤ ਸਨ। ਹਨੀਫ ਰਾਮੇ ਹੋਰਾਂ ਨੂੰ ਇਹ ਪਤਾ ਸੀ ਕਿ ਅਸੀਂ ਦੋਹੀਂ ਖੱਬੇ ਪੱਖ ਦੇ ਹਾਂ, ਇਸ ਲਈ ਉਨ੍ਹਾਂ ਕਿਹਾ ਕਿ ਐਡਹਾਕ ਉਸਤਾਦਾਂ ਵਿਚੋਂ ਖੱਬੇ ਪੱਖ ਦੇ ਦਸ-ਬਾਰਾਂ ਉਸਤਾਦ ਹਨ, ਬਾਕੀ ਸਾਰੇ ਜਮਾਤੀਏ ਨੇ; ਅਸੀਂ ਤੁਹਾਡੇ ਦਸ-ਬਾਰਾਂ ਬੰਦਿਆਂ ਨੂੰ ਪੱਕਾ ਕਰ ਦੇਨੇ ਹਾਂ, ਤੁਸੀਂ ਬਾਕੀਆਂ ਦਾ ਖਹਿੜਾ ਛੱਡ ਦਿਓ। ਮੈਂ ਕਿਹਾ ਕਿ ਇੰਝ ਤਾਂ ਨਹੀਂ ਹੋ ਸਕਦਾ ਕਿਉਂ ਜੇ ਅਸੀਂ ਟਰੇਡ ਯੂਨੀਅਨ ਦੇ ਮੁੱਢਲੇ ਅਸੂਲ 'ਤੇ ਚਲਦਿਆਂ ਸਾਰਿਆਂ ਨੂੰ ਪੱਕਾ ਕਰਵਾਉਣ ਤੋਂ ਘੱਟ ਕੋਈ ਗੱਲ ਨਹੀਂ ਕਰਾਂਗੇ। ਹਨੀਫ ਰਾਮੇ ਹੋਰਾਂ ਇਹ ਦਲੀਲ ਵੀ ਦਿੱਤੀ ਕਿ ਜੇ ਤੁਸੀਂ ਸਾਰਿਆਂ ਨੂੰ ਪੱਕਾ ਕਰਵਾ ਦਿੱਤਾ ਤਾਂ ਤੁਹਾਡੇ ਖਿਲਾਫ ਹਮੇਸ਼ਾ ਕਈ ਜਮਾਤੀਆਂ ਦਾ ਪੱਕਾ ਇਤਿਹਾਦ ਬਣ ਜਾਣਾ ਹੈ। ਅਸੀਂ ਨਾ ਮੰਨੇ ਤਾਂ ਉਨ੍ਹਾਂ ਨੂੰ ਸਭਨਾਂ ਨੂੰ ਪੱਕਾ ਕਰਨਾ ਪੈ ਗਿਆ।

ਹਨੀਫ ਰਾਮੇ ਹੋਰਾਂ ਦੀ ਗੱਲ ਸੱਚੀ ਸਾਬਤ ਹੋਈ, ਸਾਡੇ ਖੱਬੇ ਪੱਖ ਦੇ ਖਿਲਾਫ ਜਮਾਤੀਆਂ ਦਾ ਵੱਡਾ ਇਤਿਹਾਦ ਬਣ ਗਿਆ। ਮੈਂ ਏ.ਐਸ.ਏ. ਦਾ ਜਨਰਲ ਸੈਕਟਰੀ ਦਾ ਇਲੈਕਸ਼ਨ ਵੀ ਲੜਿਆ। ਮੇਰੇ ਮੁਕਾਬਲੇ ਫਿਜ਼ਿਕਸ ਦੇ ਮੁਜਾਹਿਦ ਕਾਮਰਾਨ ਸਨ ਜਿਨ੍ਹਾਂ ਨੂੰ ਪੱਕਾ ਵੀ ਮੈਂ ਕਰਾਇਆ ਸੀ ਤੇ ਜਿਹੜੇ ਕਈ ਚਿਰ ਮਗਰੋਂ ਕਈ ਸਾਲ ਵਾਈਸ ਚਾਂਸਲਰ ਵੀ ਰਹੇ। ਮੈਂ ਇਸ ਲਈ ਚਾਰ ਪੰਜ ਵੋਟਾਂ ਤੋਂ ਹਾਰ ਗਿਆ ਜੋ ਖੱਬੇ ਪੱਖ ਦੇ ਪ੍ਰੋਫੈਸਰਾਂ ਨੇ ਮੇਰੇ ਹੱਕ ਵਿਚ ਕੋਈ ਮੁਹਿੰਮ ਨਹੀਂ ਚਲਾਈ ਤੇ ਜੋ ਕੁਝ ਕੀਤਾ, ਉਹ ਮੈਂ ਆਪ ਹੀ ਕੀਤਾ।

ਮੈਂ ਫਲਸਫਾ ਡਿਪਾਰਟਮੈਂਟ ਵਿਚ ਹੀ ਸਾਂ, ਇੱਕ ਵਾਰੀ ਸਾਲਾਨਾ ਇਕੱਠ ਤੇ ਪ੍ਰੋ. ਐਰਿਕ ਸਪਰੀਨ ਸਾਹਿਬ ਨੂੰ ਉਚੇਚੇ ਪ੍ਰਾਹੁਣੇ ਦੇ ਤੌਰ 'ਤੇ ਸੱਦਿਆ ਗਿਆ। ਉਨ੍ਹਾਂ ਬਹੁਤ ਹੀ ਠੁਕਵੀਂ ਤਕਰੀਰ ਕੀਤੀ ਤੇ ਸਾਰਿਆਂ ਮੁੰਡੇ-ਕੁੜੀਆਂ ਨੂੰ ਉਨ੍ਹਾਂ ਦੀਆਂ ਗੱਲਾਂ ਤੋਂ ਬੜਾ ਚਾਨਣ ਮਿਲਿਆ ਪਰ ਡਿਪਾਰਟਮੈਂਟ ਵਿਚ ਫੈਸਲਾਬਾਦ ਦਾ ਜਮਾਤੀਆ ਮੁੰਡਾ ਫੈਰੋਜ਼ ਸੀ ਜਿਹੜਾ ਭੰਡੀ ਪਵਾਉਣ ਦੇ ਬਹਾਨੇ ਲੱਭ ਰਿਹਾ ਸੀ। ਅਖੀਰ ਗਾਉਣ ਵਜਾਵਣ ਦੇ ਪ੍ਰੋਗਰਾਮ ਵਿਚ ਪਤਾ ਨਹੀਂ ਕੀ ਹੋਇਆ, ਉਸ ਨੇ ਇਲਜ਼ਾਮ ਲਾ ਕੇ ਦੁਹਾਈ ਪਾ ਦਿੱਤੀ ਕਿ ਇੱਥੇ ਤਬਲੇ 'ਤੇ ਅਜ਼ਾਨ ਪੜ੍ਹੀ ਗਈ ਹੈ। ਉਸ ਨੇ ਹੋਰ ਜਮਾਤੀਏ ਮੁੰਡੇ ਵੀ ਇਕੱਠੇ ਕਰ ਲਏ ਤੇ ਉਥੇ ਵੱਡਾ ਫਸਾਦ ਪੈ ਗਿਆ।

ਉਨ੍ਹਾਂ ਹੀ ਦਿਨਾਂ ਵਿਚ ਮੈਂ ਕੁਝ ਚਿਰ ਪ੍ਰੋ. ਅਬਦੁਲ ਮਤੀਨ ਨਾਲ ਵੀ ਉਨ੍ਹਾਂ ਦੇ ਘਰ ਰਿਹਾ ਜਿੱਥੇ ਮੁਤਹਿਦਾ ਮਜ਼ਦੂਰ ਮਜਲਿਸ ਅਮਲ ਦੇ ਲੀਡਰ ਤਾਰਿਕ ਲਤੀਫ ਅਤੇ ਤਾਰਿਕ ਮਸਊਦ ਵੀ ਆਉਂਦੇ ਰਹਿੰਦੇ ਸਨ। ਮੇਰੀ ਲਖਤ ਪਾਸ਼ਾ ਨਾਲ ਵੀ ਉਥੇ ਹੀ ਪਹਿਲੀ ਵਾਰ ਮਿਲਣੀ ਹੋਈ ਸੀ। ਉਦੋਂ ਉਹ ਚਰਸ ਪੀ ਛੱਡਦੇ ਸਨ ਤੇ ਕੋਈ ਖਾਸ ਕੰਮ ਨਹੀਂ ਸਨ ਕਰ ਰਹੇ ਪਰ ਬਾਅਦ ਵਿਚ ਉਨ੍ਹਾਂ ਪੰਜਾਬੀ ਪ੍ਰਚਾਰ ਕਮੇਟੀ (ਜ਼ੁਬੈਰ ਅਹਿਮਦ ਇਹਦੇ ਕਨਵੀਨਰ ਸਨ) 'ਲੋਕ ਰਹੱਸ' ਅਤੇ 'ਲੋਕ ਸੁਜਾਗ' ਬਣਾ ਕੇ ਬੜਾ ਕੰਮ ਕੀਤਾ ਤੇ ਨਸ਼ਿਆਂ 'ਤੇ ਰੋਕ ਲਾ ਦਿੱਤੀ। ਮੈਂ ਤਾਰਿਕ ਲਤੀਫ ਹੋਰਾਂ ਨੂੰ ਕਿਹਾ ਕਿ ਮੈਂ ਵੀ ਉਨ੍ਹਾਂ ਨਾਲ ਮਜ਼ਦੂਰ ਸਿਆਸਤ ਵਿਚ ਹੱਥ ਪਵਾਉਣਾ ਚਾਹੁੰਨਾ ਪਰ ਉਨ੍ਹਾਂ ਮੈਨੂੰ ਕਿਹਾ ਕਿ ਮਜ਼ਦੂਰ ਯੂਨੀਅਨਾਂ ਦਾ ਸਾਰਾ ਕੰਮ ਦਵਾਨੀ-ਚੁਆਨੀ ਦਿਵਾਉਣ ਦਾ ਹੈ ਤੇ ਮੇਰੇ ਵਰਗੇ ਬੰਦੇ ਨੂੰ ਇਸ ਵਿਚ ਬਹੁਤਾ ਵੇਲਾ ਨਹੀਂ ਲਵਾਉਣਾ ਚਾਹੀਦਾ।

ਗੱਲ ਬੜੀ ਸਿਆਣੀ ਸੀ ਪਰ ਮੈਂ ਅੜਿਆ ਰਿਹਾ ਤੇ ਮੁਤਹਿਦਾ ਮਜ਼ਦੂਰ ਮਜਲਿਸ ਅਮਲ ਦੇ ਫਿਰੋਜ਼ਪੁਰ ਦੇ ਵਹਦਤ ਕਾਲੋਨੀ ਮੋੜ ਦੇ ਲਾਗੇ ਦਫਤਰ ਵਿਚ ਹਰ ਹਫਤੇ ਜਾ ਕੇ ਮਜ਼ਦੂਰਾਂ ਦਾ ਸਟੱਡੀ ਸਰਕਲ ਲੈਂਦਾ ਰਿਹਾ। ਕੁਝ ਹੀ ਚਿਰ ਮਗਰੋਂ ਪੁਲਿਸ ਨੇ ਛਾਪਾ ਮਾਰ ਕੇ ਮਤੀਨ ਦੇ ਘਰੋਂ ਬੰਬਾਂ ਦੀ ਬੋਰੀ ਫੜ ਲਈ ਤੇ ਮਤੀਨ ਨੂੰ ਪੁਲਿਸ ਨੇ ਫੜ ਕੇ ਗਾਇਬ ਕਰ ਦਿੱਤਾ। ਬਾਅਦ ਵਿਚ ਪਤਾ ਲੱਗਿਆ ਕਿ ਉਹ ਬੰਬ ਕੋਟ ਲੱਖਪਤ ਵਿਚ ਵਿਰੋਧੀ ਮਜ਼ਦੂਰ ਯੂਨੀਅਨ ਦੇ ਖਿਲਾਫ ਵਰਤਣ ਲਈ ਰੱਖੇ ਗਏ ਸਨ। ਮੈਨੂੰ ਇਸ ਬਾਰੇ ਕੋਈ ਪਤਾ ਸੁਰ ਨਹੀਂ ਸੀ, ਤੇ ਸ਼ਾਇਦ ਇਸੇ ਲਈ ਪੁਲਿਸ ਨੇ ਮੈਨੂੰ ਕੁਝ ਪੁੱਛਿਆ ਦੱਸਿਆ ਨਹੀਂ। ਮੇਰਾ ਖਿਆਲ ਸੀ ਕਿ ਮੁਤਹਿਦਾ ਮਜ਼ਦੂਰ ਮਜਲਿਸ ਅਮਲ ਦਿਆਂ ਲੀਡਰਾਂ ਮੇਰੇ ਨਾਲ ਹੱਥ ਕੀਤਾ ਤੇ ਮੈਂ ਉਹ ਮਕਾਨ ਛੱਡ ਦਿੱਤਾ।

## ਮੇਰੀ ਫਿਲਮੀ ਆਤਮ-ਕਥਾ





ਬਲਰਾਜ ਸਾਹਨੀ

# ਚਿੱਤਰਕਾਰ ਨੰਦ ਲਾਲ ਬੋਸ ਦਾ ਸਬਕ

*ਬਹੁਤ ਘੱਟ ਲੋਕਾਂ ਨੂੰ ਪਤਾ ਹੋਵੇਗਾ ਕਿ ਅਦਾਕਾਰ ਬਲਰਾਜ ਸਾਹਨੀ (1 ਮਈ 1913-13 ਅਪਰੈਲ 1973) ਲਿਖਾਰੀ ਵੀ ਸੀ। ਉਸ ਨੇ ਆਪਣੇ ਫਿਲਮੀ ਰੁਝੇਵਿਆਂ ਵਿਚੋਂ ਲਿਖਣ ਲਈ ਸਮਾਂ ਕੱਢਿਆ ਅਤੇ ਪੰਜਾਬੀ ਸਾਹਿਤ ਜਗਤ ਦੀ ਝੋਲੀ ਵਾਰਤਕ ਦੀਆਂ ਕਈ ਕਿਤਾਬਾਂ ਪਾਈਆਂ। ਅਦਾਕਾਰੀ ਦੀ ਦੁਨੀਆ ਵਿਚ ਆਉਣ ਤੋਂ ਪਹਿਲਾਂ ਉਹ ਸ਼ਾਂਤੀ ਨਿਕੇਤਨ ਵਿਚ ਅੰਗਰੇਜ਼ੀ ਪੜ੍ਹਾਉਂਦਾ ਹੁੰਦਾ ਸੀ। ਇਥੇ ਹੀ ਉਸ ਨੂੰ ਰਾਬਿੰਦਰਨਾਥ ਟੈਗੋਰ ਤੋਂ ਸਬਕ ਮਿਲਿਆ ਕਿ ਕੋਈ ਵੀ ਬੰਦਾ ਆਪਣੀ ਮਾਂ-ਬੋਲੀ ਵਿਚ ਹੀ ਆਪਣੇ ਵਿਚਾਰ ਆਹਲਾ ਢੰਗ ਨਾਲ ਪ੍ਰਗਟ ਕਰ ਸਕਦਾ ਹੈ। ਅਸੀਂ ਆਪਣੇ ਪਾਠਕਾਂ ਨਾਲ ਉਸ ਦੀ ਲੰਮੀ ਅਤੇ ਦਿਲਚਸਪ ਲਿਖਤ 'ਮੇਰੀ ਫਿਲਮੀ ਆਤਮ-ਕਥਾ' ਸਾਂਝੀ ਕਰ ਰਹੇ ਹਾਂ।*

*ਬਲਰਾਜ ਸਾਹਨੀ ਅਤੇ ਉਸ ਦੀ ਪਤਨੀ ਦਮਯੰਤੀ, ਚੀਨ ਦੇ ਪੀਪਲਜ਼ ਥੇਟਰ ਤੋਂ ਬਹੁਤ ਪ੍ਰਭਾਵਿਤ ਹੋਏ। ਬੀ.ਸੀ.ਸੀ. ਦਾ ਪ੍ਰਤੀਨਿਧ ਮੰਡਲ ਜਿਹੜਾ ਚੀਨ ਗਿਆ ਸੀ, ਆਪਣੇ ਨਾਲ ਬਹੁਤ ਸਾਰਾ ਚੀਨੀ ਸੰਗੀਤ ਵੀ ਰਿਕਾਰਡ ਕਰਕੇ ਲਿਆਇਆ ਸੀ। ਇਸ ਵਿਚ ਬਹੁਤ ਸਾਰਾ ਹਿੱਸਾ 'ਚੀਨੀ ਪੀਪਲਜ਼ ਥੇਟਰ' ਦੇ ਕਲਾਕਾਰਾਂ ਦਾ ਸੀ। ਇਸ ਥੇਟਰ ਦੀ ਲੋੜ ਅਤੇ ਲੋਕਾਂ ਦੀ ਚੇਤਨਾ ਜਾਗਰਤ ਕਰਨ ਵਾਲਾ ਤਜਰਬਾ ਬਲਰਾਜ ਸਾਹਨੀ ਨੇ ਆਪਣੇ ਕਾਲਜ ਵਿਚ ਨੋਰਾ ਰਿਚਰਡ ਨੂੰ ਕਰਦਿਆਂ ਦੇਖਿਆ ਸੀ। ਨੋਰਾ ਰਿਚਰਡ ਨੇ ਪੇਂਡੂ ਜੀਵਨ ਦੀਆਂ ਝਾਕੀਆਂ ਬੜੇ ਯਥਾਰਥ ਨਾਲ ਪੇਸ਼ ਕੀਤੀਆਂ ਸਨ। ਕੋਈ ਵਡੇ ਸੈੱਟ ਨਹੀਂ ਸਨ ਲਾਏ, ਕੋਈ ਸਟੇਜੀ ਅਡੰਬਰ ਨਹੀਂ ਸੀ। ਅਜਿਹੇ ਨਾਟਕਾਂ ਦਾ ਰਾਵਲਪਿੰਡੀ ਦੇ ਰੇਲ ਮਜ਼ਦੂਰਾਂ ਅਤੇ ਉਹਨਾਂ ਦੇ ਪਰਵਾਰਾਂ ਉਪਰ ਡੂੰਘਾ ਪ੍ਰਭਾਵ ਪਿਆ ਸੀ। ਹੁਣ ਪੜ੍ਹੋ ਅੱਗੇ...*








*ਖੱਬਿਓਂ: ਫਿਲਮ 'ਹਕੀਕਤ' ਵਿਚ ਬਲਰਾਜ ਸਾਹਨੀ, ਬਰਨਾਰਡ ਸ਼ਾਅ ਦੇ ਨਾਟਕ 'ਆਰਮਜ਼ ਐਂਡ ਦਿ ਮੈਨ' ਦਾ ਮੁਖੜਾ ਅਤੇ ਚਿੱਤਰਕਾਰ ਨੰਦ ਲਾਲ ਬੋਸ।*

ਏਸੇ ਤਰ੍ਹਾਂ ਦੀ ਘਟਨਾ ਇਕ ਵਾਰੀ ਸ਼ਾਂਤੀਨਿਕੇਤਨ ਵਿਚ ਵੀ ਹੋਈ ਸੀ, ਅਤੇ ਮਹਾਨ ਚਿਤਰਕਾਰ ਨੰਦ ਲਾਲ ਬੋਸ ਕੋਲੋਂ ਮੈਨੂੰ ਇਕ ਵਡਮੁੱਲੀ ਸਿੱਖਿਆ ਮਿਲੀ ਸੀ। ਇਸ ਪ੍ਰਸੰਗ ਵਿਚ ਉਸ ਦਾ ਜ਼ਿਕਰ ਵੀ ਮੈਂ ਕਰਨਾ ਚਾਹਾਂਗਾ।

ਸ਼ਾਂਤੀਨਿਕੇਤਨ ਦੇ ਇਕ ਵਿਦਿਆਰਥੀ ਨੇ ਬਰਨਾਰਡ ਸ਼ਾਹ ਦੇ ਨਾਟਕ 'ਆਰਮਜ਼ ਐਂਡ ਦਿ ਮੈਨ' ਦਾ ਹਿੰਦੀ ਵਿਚ ਤਰਜਮਾ ਕੀਤਾ। ਮੈਨੂੰ ਉਹ ਤਰਜਮਾ ਪਸੰਦ ਆਇਆ, ਅਤੇ ਮੈਂ ਉਹਨੂੰ ਸਟੇਜ ਉਤੇ ਖੇਡਣ ਦਾ ਫੈਸਲਾ ਕਰ ਲਿਆ। ਰਿਹਰਸਲਾਂ ਤਾਂ ਮੈਂ ਕਰਦਾ ਚਲਾ ਗਿਆ ਪਰ ਬਾਕੀ ਟੈਕਨੀਕਲ ਗੱਲਾਂ ਵਲ ਮੈਂ ਧਿਆਨ ਨਾ ਦਿਤਾ, ਕਿਉਂਕਿ ਮੈਨੂੰ ਉਹਨਾਂ ਦਾ ਕੋਈ ਗਿਆਨ ਹੀ ਨਹੀਂ ਸੀ। ਮੈਂ ਸੋਚਿਆ, ਜਦੋਂ ਖੇਡਣ ਦਾ ਦਿਨ ਨੇੜੇ ਆਵੇਗਾ, ਵੇਖਿਆ ਜਾਵੇਗਾ। ਅਖੀਰ, ਉਹ ਦਿਨ ਸਿਰ ਉਤੇ ਆ ਹੀ ਪਹੁੰਚਿਆ, ਅਤੇ ਜਦੋਂ ਕਿਰਦਾਰਾਂ ਦੀਆਂ ਪੋਸ਼ਾਕਾਂ ਅਤੇ ਦੂਜੀ ਸਟੇਜ-ਸਮੱਗਰੀ ਦੀ ਲਿਸਟ ਬਣੀ ਤਾਂ ਮੇਰਾ ਕਲੇਜਾ ਬੈਠ ਗਿਆ - ਕਿਤਨੀਆਂ ਹੀ ਫੌਜੀ ਵਰਦੀਆਂ ਚਾਹੀਦੀਆਂ ਸਨ, ਅਤੇ ਬੰਦੂਕਾਂ, ਪਿਸਤੌਲ, ਕਾਰਤੂਸ ਟੂੰਗਣ ਵਾਲੀਆਂ ਪੇਟੀਆਂ, ਗੋਡੇ ਤੀਕਰ ਆਉਣ ਵਾਲੇ ਬੂਟ, ਹੈਲਮੈਟ, ਅਤੇ ਖੌਰੇ ਹੋਰ ਕੀ ਕੀ।

ਇਕ ਅਧਿਆਪਕ ਸਾਥੀ ਨੇ ਤਜਵੀਜ਼ ਦਿੱਤੀ ਕਿ ਫੌਰਨ ਕਿਸੇ ਨੂੰ ਇਹ ਚੀਜ਼ਾਂ ਕਿਰਾਏ ਉਤੇ ਲੈ ਆਉਣ ਲਈ ਕਲਕੱਤੇ ਭੇਜ ਦਿੱਤਾ ਜਾਏ ਪਰ ਕਿਰਾਇਆ ਘੱਟ ਤੋਂ ਘੱਟ ਸੌ ਰੁਪਿਆ ਤਾਂ ਜ਼ਰੂਰ ਹੀ ਲੱਗੇਗਾ। ਉਹ ਸੌ ਰੁਪਿਆ ਅਸੀਂ ਕਿਥੋਂ ਲਿਆਉਂਦੇ? ਸਾਡੇ ਕੋਲ ਤਾਂ ਦਸ ਰੁਪਏ ਵੀ ਨਹੀਂ ਸਨ?

ਖਬਰ ਮਿਲੀ ਕਿ ਟੀਕਮਗੜ੍ਹ ਦੇ ਹਿੰਦੀ ਪ੍ਰੇਮੀ ਮਹਾਰਾਜਾ ਸਾਹਬ ਸ਼ਾਂਤੀਨਿਕੇਤਨ ਪਧਾਰੇ ਹੋਏ ਹਨ, ਅਤੇ ਗੈਸਟ ਹਾਊਸ ਵਿਚ ਨਿਵਾਸ ਕੀਤਾ ਹੋਇਆ ਹੈ। ਮੈਂ ਉਹਨਾਂ ਤੋਂ ਜਾ ਕੇ ਸੌ ਰੁਪਏ ਮੰਗ ਲਿਆਇਆ। ਮੈਨੂੰ ਨਹੀਂ ਸੀ ਪਤਾ ਕਿ ਇਸ ਤਰ੍ਹਾਂ ਪਰਾਹੁਣਿਆਂ ਕੋਲੋਂ ਚੰਦਾ ਮੰਗਣ ਦੀ ਸ਼ਾਂਤੀਨਿਕੇਤਨ ਵਿਚ ਸਖਤ ਮਨਾਹੀ ਹੈ। ਗੱਲ ਬਾਹਰ ਨਿਕਲ ਗਈ। ਅਧਿਅਖਸ਼ ਜੀ ਨੇ ਮੈਨੂੰ ਆਪਣੇ ਦਫਤਰ ਬੁਲਾ ਕੇ ਸਖਤ ਡਾਂਟਿਆ ਅਤੇ ਮੰਗ ਕੀਤੀ ਕਿ ਮੈਂ ਫੌਰਨ ਪੈਸੇ ਵਾਪਸ ਕਰ ਆਵਾਂ। ਮੈਨੂੰ ਵੀ ਗੁੱਸਾ ਆ ਗਿਆ। ਮੈਂ ਕਿਹਾ, "ਨਾ ਤਾਂ ਤੁਸੀਂ ਆਪ ਸਾਡੀ ਕੋਈ ਮਦਦ ਕਰਦੇ ਹੋ, ਅਤੇ ਜੇ ਅਸੀਂ ਮਜਬੂਰਨ ਕਿਸੇ ਕੋਲੋਂ ਮਦਦ ਮੰਗੀਏ ਤਾਂ ਗੁੱਸਾ ਕਰਦੇ ਹੋ। ਕੀ ਤੁਸੀਂ ਇਹੋ ਚਾਹੁੰਦੇ ਹੋ ਕਿ ਸਾਡਾ ਨਾਟਕ ਨਾ ਹੋਵੇ?"

ਅਧਿਅਖਸ਼ ਖਾਮੋਸ਼ ਰਹੇ। ਮੈਂ ਬਾਹਰ ਆ ਕੇ ਐਲਾਨ ਕਰ ਦਿਤਾ ਕਿ ਨਾਟਕ ਨਹੀਂ ਹੋਵੇਗਾ।

ਥੋੜ੍ਹੀ ਦੇਰ ਬਾਅਦ ਜਦੋਂ ਮੈਂ ਸਾਂਝੇ ਕਿਚਨ ਵਿਚੋਂ ਰੋਟੀ ਖਾ ਕੇ ਬਾਹਰ ਨਿਕਲ ਰਿਹਾ ਸਾਂ ਤਾਂ ਵੇਖਿਆ ਮਾਸਟਰ ਮੋਸ਼ਾਏ (ਨੰਦ ਲਾਲ ਬੋਸ) ਮੇਰੀ ਉਡੀਕ ਵਿਚ ਖੜ੍ਹੇ ਸਨ। ਉਹ ਮੈਨੂੰ ਕੋਲ ਬੁਲਾ ਕੇ ਗੰਭੀਰਤਾ ਨਾਲ ਕਹਿਣ ਲਗੇ, "ਮੈਂ ਸੁਣਿਆਂ ਏਂ, ਨਾਟਕ ਦਾ ਐਲਾਨ ਕਰਕੇ ਤੂੰ ਉਹਨੂੰ ਕੈਂਸਲ ਕਰ ਦਿਤਾ ਏ। ਕੀ ਇਹ ਠੀਕ ਏ?"

"ਹਾਂ ਜੀ।" ਮੈਂ ਕਿਹਾ।

"ਪਰ ਇਸ ਤਰ੍ਹਾਂ ਤਾਂ ਸ਼ਾਂਤੀਨਿਕੇਤਨ ਵਿਚ ਅੱਜ ਤੀਕਰ ਕਦੇ ਨਹੀਂ ਹੋਇਆ।"

ਮੈਨੂੰ ਫੇਰ ਗੁੱਸਾ ਆ ਗਿਆ। ਮੈਨੂੰ ਜਾਪਿਆ, ਜਿਵੇਂ ਉਹ ਵੀ ਮੇਰੀ ਲਾਚਾਰੀ ਦਾ ਮਜ਼ਾਕ ਉਡਾ ਰਹੇ ਹਨ ਪਰ ਉਹਨਾਂ ਬੜੇ ਠਰੰਮੇ ਨਾਲ ਕਿਹਾ, "ਆ ਮੇਰੇ ਨਾਲ ਕਲਾ ਭਵਨ। ਤੈਨੂੰ ਜਿਹੜੀਆਂ-ਜਿਹੜੀਆਂ ਚੀਜ਼ਾਂ ਦੀ ਲੋੜ ਏ, ਅਸੀਂ ਮੁਹੱਈਆ ਕਰ ਦਿਆਂਗੇ।"

ਮੈਨੂੰ ਵਿਸ਼ਵਾਸ ਨਾ ਆਇਆ। ਭਲਾ ਉਹ ਮੈਨੂੰ ਫੌਜੀ ਵਰਦੀਆਂ, ਬੰਦੂਕਾਂ ਅਤੇ ਪਿਸਤੌਲ ਕਿੱਥੋਂ ਕੱਢ ਕੇ ਦੇਣਗੇ? ਪਰ ਉਹ ਇਕ ਮਹਾਨ ਕਲਾਕਾਰ ਸਨ, ਮੈਂ ਉਹਨਾਂ ਦੀ ਅਵੱਗਿਆ ਵੀ ਨਹੀਂ ਸੀ ਕਰ ਸਕਦਾ। ਮੈਂ ਚੁੱਪ-ਚਾਪ ਉਹਨਾਂ ਨਾਲ ਤੁਰ ਪਿਆ। ਕਲਾ ਭਵਨ ਪਹੁੰਚ ਕੇ ਮੈਂ ਉਹਨਾਂ ਨੂੰ ਆਪਣੀ ਫਹਿਰਿਸਤ ਸੁਣਾ ਦਿਤੀ।

"ਫੌਜੀ ਵਰਦੀਆਂ? ਕਿਸ ਕਿਸਮ ਦੀਆਂ ਫੌਜੀ ਵਰਦੀਆਂ?" ਉਹ ਕਹਿਣ ਲੱਗੇ।

"ਕੋਈ ਵੀ ਫੌਜੀ ਵਰਦੀਆਂ ਮਿਲ ਜਾਣ, ਕੰਮ ਚਲ ਜਾਏਗਾ।"

"ਪਰ ਬਰਨਾਰਡ ਸ਼ਾਹ ਦਾ ਨਾਟਕ ਤਾਂ ਸਰਬੀਆ ਦੇਸ਼ ਬਾਰੇ ਹੈ। ਤੈਨੂੰ ਤਾਂ ਸਰਬੀਅਨ ਫੌਜੀ ਵਰਦੀਆਂ, ਹੈਲਮੈਟ ਆਦਿ ਚਾਹੀਦੇ ਹੋਣਗੇ।"

ਮੈਨੂੰ ਉਹ ਫੇਰ ਮਜ਼ਾਕ ਕਰਦੇ ਜਾਪੇ।

"ਮੈਨੂੰ ਕੀ ਪਤਾ ਸਰਬੀਅਨ ਵਰਦੀਆਂ ਕਿਹੋ ਜਿਹੀਆਂ ਹੁੰਦੀਆਂ ਨੇ, ਕੋਈ ਵੀ ਵਰਦੀਆਂ ਹੋਣ, ਕੰਮ ਚਲ ਜਾਏਗਾ।" ਮੈਂ ਖਿਝ ਕੇ ਕਿਹਾ।

"ਨਹੀਂ। ਅਸੀਂ ਤੈਨੂੰ ਸਰਬੀਅਨ ਫੌਜੀ ਵਰਦੀਆਂ ਹੀ ਦਿਆਂਗੇ।" ਇਹ ਕਹਿ ਕੇ ਉਹ ਅਲਮਾਰੀ ਵਿਚੋਂ ਇਕ ਵੱਡੀ ਸਾਰੀ ਕਿਤਾਬ ਕੱਢ ਲਿਆਏ ਜਿਸ ਵਿਚ ਹਰ ਮੁਲਕ ਦੇ ਫੌਜੀ ਸਿਪਾਹੀਆਂ ਦੀਆਂ ਰੰਗੀਨ ਤਸਵੀਰਾਂ ਛਾਪੀਆਂ ਹੋਈਆਂ ਸਨ। ਸਰਬੀਅਨ ਸਿਪਾਹੀਆਂ ਅਤੇ ਅਫਸਰਾਂ ਦੀਆਂ ਤਸਵੀਰਾਂ ਵੀ ਨਿਕਲ ਆਈਆਂ। ਹੁਣ ਮੈਨੂੰ ਮਾਸਟਰ ਮੋਸ਼ਾਏ ਦੀਆਂ ਗੱਲਾਂ ਉਤੇ ਕੁਝ-ਕੁਝ ਇਤਬਾਰ ਹੋਣਾ ਸ਼ੁਰੂ ਹੋਇਆ।

"ਦੋ ਦਿਨਾਂ ਬਾਅਦ ਆਵੀਂ। ਅਸੀਂ ਤੈਨੂੰ ਸਾਰੀਆਂ ਚੀਜ਼ਾਂ ਦੇ ਦਿਆਂਗੇ।"

ਉਸੇ ਦਿਨ ਮਾਸਟਰ ਮੋਸ਼ਾਏ ਨੇ ਸਾਰੇ ਕਲਾ ਭਵਨ ਦੇ ਮੁੰਡੇ-ਕੁੜੀਆਂ ਨੂੰ ਏਸ ਕੰਮ 'ਤੇ ਲਾ ਦਿੱਤਾ। ਮਿੱਟੀ ਅਤੇ ਸੀਮਿੰਟ ਰਲਾ ਕੇ ਹੈਲਮੈਟਾਂ ਬਣਾ ਦਿੱਤੀਆਂ ਗਈਆਂ, ਗੱਤੇ ਅਤੇ ਟਿਸ਼ੂ ਪੇਪਰ ਦੇ ਲੰਮੇ ਬੂਟ, ਪੇਟੀਆਂ, ਪਿਸਤੌਲਾਂ ਆਦਿ। ਵਿਦਿਆਰਥੀਆਂ ਕੋਲੋਂ ਖਾਕੀ ਬਰਸਾਤੀ ਕੋਟ ਮੰਗ-ਮੰਗ ਕੇ ਖੌਰੇ ਉਹਨਾਂ ਦਾ ਕੀ-ਕੀ ਰੂਪ ਬਦਲਿਆ ਗਿਆ। ਦੋ ਦਿਨਾਂ ਅੰਦਰ ਸਾਰਾ ਸਾਮਾਨ ਤਿਆਰ ਸੀ। ਜਦੋਂ ਅਸਾਂ ਉਹ ਨਾਟਕ ਖੇਡਿਆ ਤਾਂ ਆਪ ਗੁਰੂਦੇਵ ਟੈਗੋਰ ਨੇ ਰੱਜ-ਰੱਜ ਕੇ ਪ੍ਰਸੰਸਾ ਕੀਤੀ।


ਨਾਟਕ ਦੇ ਅੰਤ ਪਿਛੋਂ ਮੈਂ ਵੇਖਿਆ, ਮਾਸਟਰ ਮੋਸ਼ਾਏ ਫੇਰ ਉਸੇ ਤਰ੍ਹਾਂ ਹਾਲ ਦੇ ਬਾਹਰ ਮੇਰੀ ਉਡੀਕ ਵਿਚ ਖੜ੍ਹੇ ਸਨ, ਜਿਵੇਂ ਦੋ ਦਿਨ ਪਹਿਲਾਂ ਕਿਚਨ ਤੋਂ ਬਾਹਰ ਮਿਲੇ ਸਨ। ਹੁਣ ਮੈਂ ਖੁਸ਼ੀ-ਖੁਸ਼ੀ ਉਹਨਾਂ ਕੋਲ ਗਿਆ ਤੇ ਉਹਨਾਂ ਦਾ ਬੜਾ ਧੰਨਵਾਦ ਕੀਤਾ। ਉਹ ਮੁਸਕਰਾ ਕੇ ਕਹਿਣ ਲਗੇ, "ਇਕ ਗੱਲ ਹਮੇਸ਼ਾ ਯਾਦ ਰਖੀਂ। ਹਜ਼ਾਰ ਰੁਪਏ ਖਰਚ ਕਰ ਕੇ ਕੋਈ ਬੁੱਧੂ ਵੀ ਨਾਟਕ ਖੇਡ ਸਕਦਾ ਏ। ਕਲਾਕਾਰ ਉਹ ਹੈ ਜੋ ਉਹੀ ਨਾਟਕ ਦਸ ਰੁਪਏ ਵਿਚ ਖੇਡ ਕੇ ਦਿਖਾ ਦੇਵੇ।" ਕਈ ਵਾਰੀ ਮੈਂ ਸੋਚਦਾ ਹਾਂ ਕਿ ਕਿਤਨਾ ਖੁਸ਼ਕਿਸਮਤ ਹਾਂ ਮੈਂ, ਜਿਸ ਨੂੰ ਇਤਨੇ ਮਹਾਨ ਵਿਅਕਤੀਆਂ ਦੇ ਨੇੜੇ ਹੋਣ ਅਤੇ ਉਹਨਾਂ ਤੋਂ ਸਿੱਖਿਆ ਲੈਣ ਦਾ ਮੌਕਾ ਮਿਲਿਆ।

ਚੀਨ ਦੇ ਪੀਪਲਜ਼ ਥੇਟਰ ਦੇ ਹਾਲ ਪੜ੍ਹ ਕੇ ਨੋਰਾ ਰਿਚਰਡ ਅਤੇ ਨੰਦ ਲਾਲ ਬੋਸ ਦੀ ਸਿੱਖਿਆ ਮੁੜ ਚੇਤੇ ਆਈ। ਦਿਲ ਵਿਚ ਰੀਝਾਂ ਜਾਗੀਆਂ - ਕਾਸ਼, ਜੇ ਕਦੇ ਸਾਡੇ ਦੇਸ਼ ਵਿਚ ਵੀ ਇਹੋ ਜਿਹੇ ਪੀਪਲਜ਼ ਥੇਟਰ ਦੀ ਲਹਿਰ ਟੁਰ ਪਏ! ਕਿਤਨਾ ਸੁਆਦ ਆਏ ਇਹੋ ਜਿਹੇ ਨਾਟਕ ਮੰਡਲ ਵਿਚ ਕੰਮ ਕਰਕੇ।

ਉਸ ਵੇਲੇ ਮੈਨੂੰ ਕਿਵੇਂ ਖਿਆਲ ਆ ਸਕਦਾ ਸੀ ਕਿ ਬੰਬਈ ਵਿਚ ਖਵਾਜਾ ਅਹਿਮਦ ਅੱਬਾਸ ਅਤੇ ਕਲਕੱਤੇ ਵਿਚ ਬਿਨਾਏ ਰਾਏ ਅਤੇ ਸ਼ੰਭੂ ਮਿਤਰਾਂ ਵਰਗੇ ਲੋਕ ਹੂਬਹੂ ਏਸੇ ਤਰ੍ਹਾਂ ਦੇ ਥੇਟਰ ਦੀ ਸਥਾਪਨਾ ਕਰ ਰਹੇ ਸਨ, ਅਤੇ ਇਕ ਦਿਨ ਮੈਂ ਤੇ ਦਮੋ ਵੀ ਉਹਨਾਂ ਦੇ ਸਾਥੀ ਜਾਂ ਬਣਾਂਗੇ?

1944 ਦੇ ਸ਼ੁਰੂ ਵਿਚ ਜਰਮਨੀ ਦੀ ਹਾਰ ਯਕੀਨੀ ਹੋ ਗਈ। ਸਮੁੰਦਰੀ ਰਾਹ ਖੁੱਲ੍ਹਣ ਲੱਗ ਪਏ, ਅਤੇ ਅਸੀਂ ਮਈ ਮਹੀਨੇ ਲੰਡਨ ਤੋਂ ਦੇਸ ਵਲ ਰਵਾਨਾ ਹੋ ਗਏ। ਬੀ.ਬੀ.ਸੀ. ਦੇ ਉੱਚ ਅਧਿਕਾਰੀਆਂ ਨੇ ਸਾਨੂੰ ਚੰਗੇ ਸਰਟੀਫਿਕੇਟ ਦੇਣੇ ਚਾਹੇ ਪਰ ਅਸਾਂ ਨਿਮਰਤਾ ਪੂਰਵਕ ਇਨਕਾਰ ਕਰ ਦਿਤਾ। ਭਾਵੇਂ ਰੇਡੀਓ ਦੀ ਤੇ ਭਾਵੇਂ ਕੋਈ ਹੋਰ, ਹਿੰਦੁਸਤਾਨ ਜਾ ਕੇ ਸਰਕਾਰੀ ਨੌਕਰੀ ਕਰਨ ਦਾ ਸਾਡਾ ਉੱਕਾ ਕੋਈ ਇਰਾਦਾ ਨਹੀਂ ਸੀ! ਅਸਾਂ ਇਕ ਆਜ਼ਾਦ ਦੇਸ਼ ਵਿਚ ਰਹਿ ਕੇ ਆਜ਼ਾਦੀ ਦਾ ਸੁਆਦ ਚੱਖਿਆ ਸੀ। ਉਸ ਆਜ਼ਾਦੀ ਨੂੰ ਅਸੀਂ ਕਿਸੇ ਹਾਲ ਵੀ ਗਿਰਵੀ ਰੱਖਣਾ ਨਹੀਂ ਸਾਂ ਚਾਹੁੰਦੇ ਪਰ ਫਿਰ ਦੇਸ ਜਾ ਕੇ ਕਰਾਂਗੇ ਕੀ? ਇਸ ਸਵਾਲ ਦਾ ਵੀ ਸਾਡੇ ਕੋਲ ਕੋਈ ਜੁਆਬ ਨਹੀਂ ਸੀ। ਰਹਿ-ਰਹਿ ਕੇ ਸ਼ਾਂਤੀਨਿਕੇਤਨ ਹੀ ਅੱਖਾਂ ਦੇ ਸਾਹਮਣੇ ਆਉਂਦਾ ਸੀ। ਦਿਲ ਕਰਦਾ ਸੀ ਕਿ ਉਥੇ ਹੀ ਵਾਪਸ ਚਲੇ ਜਾਈਏ। ਉਥੇ ਅਸਾਂ ਬਹੁਤ ਹੀ ਪਿਆਰੇ ਦਿਨ ਗੁਜ਼ਾਰੇ ਸਨ ਪਰ ਉਥੇ ਸਾਨੂੰ ਹੁਣ ਕੋਈ ਵਾਪਸ ਲਏਗਾ ਵੀ? **(ਚੱਲਦਾ)**

# ਅਦਾਕਾਰਾ ਦੀਪਿਕਾ ਪਾਦੂਕੋਨ ਦੇ ਪੰਦਰਾਂ ਸਾਲ



ਅਦਾਕਾਰਾ ਦੀਪਿਕਾ ਪਾਦੂਕੋਨ ਨੂੰ ਹਿੰਦੀ ਸਿਨੇ ਜਗਤ ਵਿਚ ਕੰਮ ਕਰਦਿਆਂ 15 ਵਰ੍ਹੇ ਮੁਕੰਮਲ ਹੋ ਗਏ ਹਨ। ਪਹਿਲਾਂ ਮਾਡਲ ਰਹੀ ਦੀਪਿਕਾ ਨੇ 2007 ਵਿਚ ਫਿਲਮ 'ਓਮ ਸ਼ਾਂਤੀ ਓਮ' ਨਾਲ ਫਿਲਮ ਜਗਤ ਵਿਚ ਪੈਰ ਧਰਿਆ ਸੀ। ਹੁਣ ਤੱਕ ਦੀਪਿਕਾ ਨੇ 'ਲਵ ਆਜਕਲ', 'ਕੌਕਟੇਲ', 'ਪੀਕੂ', 'ਗਲੀਓਂ ਕੀ ਰਾਸਲੀਲਾ- ਰਾਮ ਲੀਲਾ' ਅਤੇ 'ਪਦਮਾਵਤ' ਵਰਗੀਆਂ ਹਿੱਟ ਫਿਲਮਾਂ ਕੀਤੀਆਂ ਹਨ। ਆਪਣੇ ਫਿਲਮੀ ਸਫਰ ਬਾਰੇ ਗੱਲ ਕਰਦਿਆਂ ਅਦਾਕਾਰਾ ਦੀਪਿਕਾ ਪਾਦੂਕੋਨ ਨੇ ਕਿਹਾ, "ਮੈਨੂੰ ਬਹੁਤ ਕੁਝ ਸਿੱਖਣ, ਸਮਝਣ, ਅੱਗੇ ਵਧਣ ਅਤੇ ਆਪਣੇ ਕੰਮ ਵਿਚ ਹੋਰ ਨਿਖਾਰ ਲਿਆਉਣ ਦੇ ਮੌਕੇ ਮਿਲੇ ਹਨ। ਮੇਰੀ ਇੱਛਾ ਹੈ ਕਿ ਮੇਰਾ ਇਹ ਸਫਰ ਇੰਜ ਹੀ ਜਾਰੀ ਰਹੇ।" ਦੀਪਿਕਾ ਨੇ 2006 ਵਿਚ ਕੰਨੜ ਫਿਲਮ 'ਐਸ਼ਵਰਿਆ' ਰਾਹੀਂ ਅਦਾਕਾਰੀ ਸ਼ੁਰੂ ਕੀਤੀ ਸੀ।

2018 ਵਿਚ ਅਦਾਕਾਰਾ ਨੇ ਆਪਣੀ ਪ੍ਰੋਡਕਸ਼ਨ ਕੰਪਨੀ 'ਕਾ ਪ੍ਰੋਡਕਸ਼ਨਜ਼' ਵੀ ਸ਼ੁਰੂ ਕੀਤੀ ਜਿਸ ਦੇ ਬੈਨਰ ਹੇਠ ਹੁਣ ਤੱਕ 'ਛਪਾਕ' (2020) ਅਤੇ '82' (2021) ਬਣਾਈਆਂ ਹਨ। ਦੀਪਿਕਾ ਪਾਦੂਕੋਨ ਨੇ ਇੱਕ ਸੰਸਥਾ 'ਲਿਵ ਲਵ ਲਾਫ ਫਾਊਂਡੇਸ਼ਨ' ਵੀ ਬਣਾਈ ਹੈ ਜੋ ਭਾਰਤ ਵਿਚ ਮਾਨਸਿਕ ਤੰਦਰੁਸਤੀ ਦੇ ਮਹੱਤਵ ਬਾਰੇ ਜਾਗਰੂਕ ਕਰਦੀ ਹੈ। 36 ਸਾਲਾ ਅਦਾਕਾਰਾ ਨੇ ਹਾਲੀਵੁੱਡ ਫਿਲਮ 'ਰਿਟਰਨ ਆਫ ਜ਼ੈਂਡਰ ਕੇਜ' (2017) ਵਿਚ ਵੀ ਕੰਮ ਕੀਤਾ ਹੈ। ਉਸ ਨੇ ਆਪਣਾ ਤਜਰਬਾ ਸਾਂਝਾ ਕਰਦਿਆਂ ਕਿਹਾ, "ਮੈਂ ਕਦੇ ਵੀ ਫਿਲਮ ਦੇ ਸੈੱਟ 'ਤੇ ਇਹ ਸੋਚ ਕੇ ਨਹੀਂ ਗਈ ਕਿ ਮੈਂ ਇੰਨੀਆਂ ਫਿਲਮਾਂ ਕਰ ਚੁੱਕੀ ਹਾਂ ਤੇ ਮੈਨੂੰ ਬਹੁਤ ਕੁਝ ਪਤਾ ਹੈ। ਮੇਰੀ ਕੋਸ਼ਿਸ਼ ਹੁੰਦੀ ਹੈ ਕਿ ਹਰ ਵਾਰ ਸੈੱਟ 'ਤੇ ਮੌਜੂਦ ਨਵੇਂ ਨਿਰਦੇਸ਼ਕ, ਨਵੇਂ ਅਦਾਕਾਰਾਂ ਅਤੇ ਨਵੇਂ ਲੋਕਾਂ ਤੋਂ ਕੁਝ ਨਾ ਕੁਝ ਸਿੱਖਿਆ ਜਾਵੇ।"

ਉਹ ਆਖਦੀ ਹੈ ਕਿ ਕਿਸੇ ਵੀ ਅਦਾਕਾਰ ਲਈ ਇਹ ਬਹੁਤ ਜ਼ਰੂਰੀ ਹੁੰਦਾ ਹੈ ਕਿ ਉਹ ਆਪਣੇ ਪਿਛਲੇ ਤਜਰਬੇ ਦਾ ਵੀ ਲਾਭ ਲੈ ਸਕੇ ਅਤੇ ਹਰ ਫਿਲਮ ਵਿਚ ਕਿਸੇ ਨਵੇਂ ਅਦਾਕਾਰ ਵਾਂਗ ਕੁਝ ਨਵਾਂ ਸਿੱਖਣ ਦੀ ਰੀਝ ਨਾਲ ਕੰਮ ਕਰੇ। ਹਰ ਅਦਾਕਾਰ ਨੂੰ ਇਨ੍ਹਾਂ ਦੋਵਾਂ ਵਿਚਾਲੇ ਸੰਤੁਲਨ ਬਣਾਉਣਾ ਆਉਣਾ ਚਾਹੀਦਾ ਹੈ। ਅਦਾਕਾਰ ਲਈ ਸਭ ਤੋਂ ਭਿਆਨਕ ਚੀਜ਼ ਖੜੋਤ ਹੁੰਦੀ ਹੈ।"

ਜ਼ਿਕਰਯੋਗ ਹੈ ਕਿ ਦੀਪਿਕਾ ਪਾਦੂਕੋਨ ਦੀ ਨਵੀਂ ਫਿਲਮ 'ਗਹਿਰਾਈਆਂ' 11 ਫਰਵਰੀ ਨੂੰ ਆ ਰਹੀ ਹੈ ਜਿਸ ਵਿਚ ਸਿਧਾਂਤ ਚਤੁਰਵੇਦੀ, ਅਨੰਨਿਆ ਪਾਂਡੇ ਅਤੇ ਧੈਰਿਆ ਕਰਵਾ ਮੁੱਖ ਭੂਮਿਕਾਵਾਂ ਵਿਚ ਹਨ। ਫਿਲਮ ਵਿਚ ਨਸੀਰੂਦੀਨ ਸ਼ਾਹ ਅਤੇ ਰਜਤ ਕਪੂਰ ਦੀਆਂ ਭੂਮਿਕਾਵਾਂ ਵੀ ਹਨ। ਇਸ ਫਿਲਮ ਦਾ ਨਿਰਦੇਸ਼ਨ ਸ਼ਕੁਨ ਬਤਰਾ ਨੇ ਕੀਤਾ ਹੈ ਅਤੇ ਇਸ ਦੇ ਨਿਰਮਾਤਾ ਹੀਰੂ ਯਸ਼ ਜੌਹਰ, ਕਰਨ ਜੌਹਰ, ਅਪੂਰਵਾ ਮਹਿਤਾ ਅਤੇ ਸ਼ਕੁਨ ਬਤਰਾ ਹਨ।

ਇਹ ਫਿਲਮ ਅਜਿਹੀ ਕੁੜੀ ਦੀ ਕਹਾਣੀ ਹੈ ਜੋ ਬਹੁਤ ਅਕਾਂਖਿਆਵਾਨ ਹੈ, ਜੋ ਬੜਾ ਕੁਝ ਕਰਨਾ ਚਾਹੁੰਦੀ ਹੈ ਪਰ ਉਹ ਜ਼ਿੰਦਗੀ ਦੇ ਅਜਿਹੇ ਮੋੜ 'ਤੇ ਪੁੱਜ ਜਾਂਦੀ ਹੈ ਜਿੱਥੇ ਉਸ ਦਾ ਪਿਆਰ ਅਤੇ ਨੌਕਰੀ ਦਾਅ 'ਤੇ ਲੱਗ ਜਾਂਦੇ ਹਨ। ਇਸ ਤੋਂ ਬਾਅਦ ਦੀ ਕਹਾਣੀ ਬਹੁਤ ਵਧੀਆਂ ਢੰਗ ਨਾਲ ਬੁਣੀ ਗਈ ਹੈ। ਇਸ ਫਿਲਮ ਵਿਚ ਛੇ ਗਾਣੇ ਵੀ ਸ਼ਾਮਿਲ ਕੀਤੇ ਗਏ ਹਨ ਜੋ ਲੋਤਿਕਾ ਝਾਅ, ਸਵੇਰਾ ਮਹਿਤਾ, ਸ਼ਾਲਮਲੀ ਖੋਲਗੜੇ, ਕਬੀਰਟ ਕਤਪਲੀਆ, ਮੋਹਿਤ ਚੌਹਾਨ, ਸਰਵੇਸ਼ ਸ੍ਰੀਵਾਸਤਵ ਨੇ ਗਾਏ ਹਨ ਅਤੇ ਇਨ੍ਹਾਂ ਨੂੰ ਸਰੋਤਿਆਂ ਦਾ ਖੂਬ ਹੁੰਗਾਰਾ ਮਿਲਿਆ ਹੈ।

ਊਚ ਤੇ ਊਚ ਨਾਮਦੇਉ ਸਮਦਰਸੀ ਰਵਿਦਾਸ ਠਾਕੁਰ ਬਣਿ ਆਈ॥

(ਗੁਰੂ ਅਰਜਨ ਦੇਵ ਜੀ)

# ਆਪਣੇ ਵਿਚਾਰਾਂ ਨਾਲ ਸੰਪੂਰਨ ਸੰਸਾਰ ਵਿਚ ਸਮਾਜਿਕ ਏਕਤਾ ਤੇ ਸਮਾਨਤਾ ਦਾ ਸੁਨੇਹਾ ਦੇਣ ਵਾਲੇ ਮਹਾਨ ਸੰਤ, ਦਰਸ਼ਨ-ਸ਼ਾਸ਼ਤਰੀ, ਕਵੀ ਅਤੇ ਸਮਾਜ ਸੁਧਾਰਕ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ 645ਵੇਂ ਆਗਮਨ ਪੁਰਬ ਦੀ ਸਮੂਹ ਲੋਕਾਈ ਨੂੰ ਲੱਖ ਲੱਖ ਵਧਾਈ



ਗੁਰੂ ਰਵਿਦਾਸ ਜੀ ਨੇ ਸਮਾਜਿਕ ਬੁਰਾਈਆਂ ਨੂੰ ਦੂਰ ਕਰਨ ਵਿਚ ਮਹੱਤਵਪੂਰਨ ਭੂਮਿਕਾ ਨਿਭਾਈ ਤੇ ਸਮਾਜ ਵਿਚ ਚੱਲ ਰਹੇ ਕਰਮ-ਕਾਂਡਾਂ ਦਾ ਵਿਰੋਧ ਕੀਤਾ। ਉਨ੍ਹਾਂ ਨੇ ਇਕੋ ਪਰਮਾਤਮਾ ਦੀ ਭਗਤੀ ਕਰਨ ਦਾ ਸੰਦੇਸ਼ ਦਿੱਤਾ। ਉਨ੍ਹਾਂ ਦੀਆਂ ਸਿੱਖਿਆਵਾਂ ਹਮੇਸ਼ਾ ਸਾਡਾ ਮਾਰਗਦਰਸ਼ਨ ਕਰਦੀਆਂ ਰਹਿਣਗੀਆਂ।

## ਸੁਮਨ ਤੇ ਲੋਈ ਪਰਿਵਾਰ ਸ਼ਿਕਾਗੋ

## ਫੋਨ: 612-567-1165